ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 16
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 16 January, 2026) ਸ਼ੁੱਕਰਵਾਰ, 16 ਜਨਵਰੀ, 2026, 3 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

### ਪੰਜਾਬ ਦੇ ਸਕੂਲ ਹੁਣ ਖੁੱਲ੍ਹਣਗੇ 10 ਵਜੇ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਵਿੱਚ ਪੈ ਰਹੀ ਠੰਢ ਅਤੇ ਸੰਘਣੀ ਧੁੰਦ ਨੂੰ ਵੇਖਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ। ਹੁਣ, ਪ੍ਰਾਇਮਰੀ ਸਕੂਲ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਖੁੱਲ੍ਹਣਗੇ, ਜਦੋਂ ਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3:20 ਵਜੇ ਤੱਕ ਖੁੱਲ੍ਹਣਗੇ। ਇਹ ਨਵਾਂ ਸਮਾਂ 21 ਜਨਵਰੀ, 2026 ਤੱਕ ਲਾਗੂ ਰਹੇਗਾ। ਬੈਂਸ ਨੇ ਸਕੂਲ ਮੁਖੀਆਂ ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਡੀ.ਈ.ਓ.) ਨੂੰ ਸੂਬੇ ਭਰ ਦੇ ਸਾਰੇ ਸਰਕਾਰੀ, ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਨਿੱਜੀ ਸਕੂਲਾਂ ਵਿੱਚ ਇਸ ਸੋਧੇ ਹੋਏ ਸਮੇਂ ਦੇ ਲਾਗੂਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਏ ਮੁੱਖ ਮੰਤਰੀ

## ਤਖ਼ਤ ਸਾਹਿਬ ਦੀ ਸਰਵਉੱਚਤਾ 'ਚ ਪੂਰਨ ਵਿਸ਼ਵਾਸ, ਚੁਣੌਤੀ ਦੇਣ ਦੀ ਨਾ ਹਿੰਮਤ ਹੈ ਅਤੇ ਨਾ ਹੀ ਔਕਾਤ: ਭਗਵੰਤ ਸਿੰਘ ਮਾਨ

ਬਬਲੂ ਮਹਾਜਨ



ਅੰਮਿਤਸਰ, 15 ਜਨਵਰੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਨੰਗੇ ਪੈਰੀਂ ਅਰਦਾਸ ਕਰਦੇ ਹੋਏ ਇਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਤਮਸਤਕ ਹੋਏ।

ਮੁੱਖ ਮੰਤਰੀ ਨੇ ਅੱਜ ਆਪਣਾ ਪੂਰਾ ਦਿਨ ਸਿੱਖਾਂ ਦੇ ਸਰਵਉੱਚ ਅਸਥਾਨ ਨੂੰ ਸਮਰਪਿਤ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਜਥੇਦਾਰ ਸਾਹਿਬ ਅੱਗੇ ਪੇਸ਼ ਹੋ ਕੇ ਆਪਣੇ ਪਹਿਲੇ ਬਿਆਨਾਂ ਬਾਰੇ ਵਿਸਥਾਰ ਵਿੱਚ ਸਪੱਸ਼ਟੀਕਰਨ ਦਿੱਤਾ। ਉਨ੍ਹਾਂ ਨੇ ਮੁੜ ਦੁਹਰਾਇਆ ਕਿ ਉਹ ਇਕ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਵਿੱਚ ਪੂਰਨ ਵਿਸ਼ਵਾਸ ਰੱਖਦੇ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਫੈਸਲਾ ਸਿਰ ਮੱਥੇ ਸਵਿਕਾਰ ਕਰਦੇ ਹਨ ਅਤੇ ਇਸ ਪਾਵਨ ਅਸਥਾਨ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਜਾਂ ਕਮਜ਼ੋਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੇਸ਼ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਜਥੇਦਾਰ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਨਿੱਜੀ ਤੌਰ 'ਤੇ ਪੇਸ਼ ਹੋਏ ਹਨ। ਉਨ੍ਹਾਂ ਕਿਹਾ, ਜਥੇਦਾਰ ਸਾਹਿਬ ਦੇ ਹੁਕਮਾਂ 'ਤੇ ਮੈਂ ਇੱਥੇ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਇਆ ਹਾਂ ਅਤੇ ਚੁੱਕੇ ਗਏ ਸਵਾਲਾਂ ਦੇ ਜਵਾਬ ਵਿੱਚ ਆਪਣਾ ਸਪੱਸ਼ਟੀਕਰਨ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਮੁੱਚੇ ਸਿੱਖ ਭਾਈਚਾਰੇ ਦੀ ਸਰਵਉੱਚ ਸੰਸਥਾ ਹੈ ਅਤੇ ਮੇਰੇ ਲਈ ਵੀ ਸਰਵਉੱਚ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਉਨ੍ਹਾਂ ਦਾ ਬਿਆਨ ਦਰਜ ਕਰ ਲਿਆ ਹੈ ਅਤੇ ਸਿੰਘ ਸਾਹਿਬਾਨ ਨਾਲ ਵਿਚਾਰ-ਚਰਚਾ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰੇਕ ਫੈਸਲੇ ਪ੍ਰਤੀ ਪੂਰਨ ਸਤਿਕਾਰ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਮੈਂ ਜਥੇਦਾਰ ਸਾਹਿਬ ਦੇ ਹਰੇਕ ਫੈਸਲੇ ਦੀ ਪਾਲਣਾ ਕਰਾਂਗਾ। ਅੱਜ ਇੱਥੇ ਪੇਸ਼ ਹੋਣ ਨਾਲ ਮੇਰੇ ਮਨ ਨੂੰ ਬਹੁਤ ਸਕੂਨ, ਅੰਦਰੂਨੀ ਸ਼ਾਂਤੀ ਅਤੇ ਸੰਤੁਸ਼ਟੀ ਮਿਲੀ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਸਰਕਾਰ ਦਰਮਿਆਨ ਕਿਸੇ ਵੀ ਕਥਿਤ ਟਕਰਾਅ ਬਾਰੇ ਵਿਰੋਧੀ ਤਾਕਤਾਂ ਵੱਲੋਂ ਘੜੇ ਜਾ ਰਹੇ ਬਿਰਤਾਂਤ ਨੂੰ ਮੁੱਢੋਂ ਨਕਾਰਦਿਆਂ ਇਨ੍ਹਾਂ ਨੂੰ 'ਬੇਬੁਨਿਆਦ ਅਤੇ ਝੂਠਾ' ਕਰਾਰ ਦਿੱਤਾ। (ਬਾਕੀ ਸਫਾ 2 'ਤੇ)

## ਮੁੱਖ ਮੰਤਰੀ ਦੇ ਸਪੱਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਵਿਚਾਰਾਂਗੇ: ਜਥੇ. ਗੜਗੱਜ

ਬਬਲੂ ਮਹਾਜਨ

ਅੰਮਿਤਸਰ, 15 ਜਨਵਰੀ :ਪਿਛਲੇ ਸਮੇਂ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਯਾਦਾ ਤੇ ਸਰਬਉੱਚਤਾ, ਗੁਰੂ ਕੀ ਗੋਲਕ ਵਿਰੁੱਧ ਵਾਰ-ਵਾਰ ਇਤਰਾਜ਼ਯੋਗ ਟਿੱਪਣੀਆਂ ਕਰਨ ਅਤੇ ਸਿੱਖ ਗੁਰੂ ਸਾਹਿਬਾਨ ਤੇ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਅਤਿ-ਇਤਰਾਜ਼ਯੋਗ ਗਤੀਵਿਧੀ ਕਰਦਿਆਂ ਦੀ ਸਾਹਮਣੇ ਆਈ ਵੀਡੀਓ ਦੇ ਮਾਮਲਿਆਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣਾ ਸਪੱਸ਼ਟੀਕਰਨ ਦੇਣ ਲਈ ਪੁੱਜੇ। ਇਸ ਮੌਕੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਕੱਤਰੇਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸਨਮੁਖ ਪੇਸ਼ ਹੋਏ। ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਵੀ ਮੌਜੂਦ ਸਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸ. ਭਗਵੰਤ ਸਿੰਘ ਮਾਨ ਪਾਸੋਂ ਉਨ੍ਹਾਂ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਵਿੱਚ ਲੱਗੇ ਵੱਖ-ਵੱਖ ਦੋਸ਼ਾਂ ਦਾ ਇੱਕ-ਇੱਕ ਕਰਕੇ ਸਪੱਸ਼ਟੀਕਰਨ ਲਿਆ ਗਿਆ ਹੈ। ਇਸ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਉਨ੍ਹਾਂ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਦੇ ਮਾਮਲਿਆਂ ਵਿੱਚ ਸੱਦਿਆ ਗਿਆ ਸੀ, ਜਿਸ ਉੱਤੇ ਉਨ੍ਹਾਂ ਨੇ (ਬਾਕੀ ਸਫਾ 2 'ਤੇ)

### ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 50ਵੀਂ ਕਾਨਵੋਕੇਸ਼ਨ 'ਚ ਰਾਸ਼ਟਰਪਤੀ ਵੱਲੋਂ ਸ਼ਿਰਕਤ

## ਮਹਿਲਾ ਸ਼ਕਤੀ ਦੇਸ਼ ਦੇ ਵਿਕਾਸ ਨੂੰ ਹੋਰ ਉੱਚਾਈਆਂ 'ਤੇ ਲਿਜਾਣ ਦੇ ਸਮਰੱਥ: ਦ੍ਰੋਪਦੀ ਮੁਰਮੂ

ਗੁਰਦਿਆਲ ਸਿੰਘ/ਬਬਲੂ ਮਹਾਜਨ



ਅੰਮਿਤਸਰ, 15 ਜਨਵਰੀ : ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੀ 50ਵੀਂ ਕਨਵੋਕੇਸ਼ਨ ਵੱਡੇ ਉਤਸ਼ਾਹ ਅਤੇ ਅਕਾਦਮਿਕ ਸ਼ਾਨ ਨਾਲ ਸਫਲਤਾਪੂਰਵਕ ਆਯੋਜਿਤ ਕੀਤੀ। ਇਹ ਇਤਿਹਾਸਕ ਅਕਾਦਮਿਕ ਜਸ਼ਨ ਗੋਲਡਨ ਜੁਬਲੀ ਕਨਵੈਨਸ਼ਨ ਸੈਂਟਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿਖੇ ਵੱਡੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਭਾਰਤ ਦੀ ਮਾਨਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪ੍ਰੇਰਨਾਦਾਇਕ ਸੰਬੋਧਨ ਨਾਲ ਵਿਦਿਆਰਥੀਆਂ ਨੂੰ ਰਾਸ਼ਟਰ ਸੇਵਾ, ਨਵੀਨਤਾ ਅਤੇ ਨੈਤਿਕ ਮੁੱਲਾਂ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ। ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਇਸ ਮੌਕੇ ਮੰਚ ਉੱਪਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮਾਨਯੋਗ ਰਾਸ਼ਟਰਪਤੀ ਅਤੇ ਗਵਰਨਰ ਪੰਜਾਬ ਸਮੇਤ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੀ 56 ਸਾਲਾਂ ਦੀ ਗੌਰਵਮਈ ਵਿਰਾਸਤ, ਅਕਾਦਮਿਕ ਪ੍ਰਾਪਤੀਆਂ ਅਤੇ ਸਿੱਖਿਆ, ਖੋਜ ਤੇ ਨਵੀਨਤਾ ਵਿੱਚ ਉੱਤਮਤਾ ਪ੍ਰਤੀ ਵਚਨਬੱਧਤਾ ਬਾਰੇ ਵਿਸਥਾਰ ਨਾਲ ਦੱਸਿਆ। (ਬਾਕੀ ਸਫਾ 2 'ਤੇ)

## ਵਿਭਿੰਨਤਾ ਨੂੰ ਭਾਰਤ ਨੇ ਲੋਕਤੰਤਰ ਦੀ ਤਾਕਤ ਬਣਾਇਆ: ਮੋਦੀ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 15 ਜਨਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਨੇ ਵਿਭਿੰਨਤਾ ਨੂੰ ਆਪਣੇ ਲੋਕਤੰਤਰ ਦੀ ਤਾਕਤ ਬਣਾਇਆ ਹੈ ਅਤੇ ਦੁਨੀਆ ਨੂੰ ਦਿਖਾਇਆ ਹੈ ਕਿ ਲੋਕਤੰਤਰੀ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਇਸਦੇ ਵਿਕਾਸ ਨੂੰ ਸਥਿਰਤਾ, ਗਤੀ ਅਤੇ ਪੈਮਾਨਾ ਪ੍ਰਦਾਨ ਕਰਦੀਆਂ ਹਨ। ਰਾਸ਼ਟਰਮੰਡਲ ਸੰਸਦੀ ਦੇਸ਼ਾਂ (ਸੀਐਸਪੀਓਸੀ) ਦੇ ਸਪੀਕਰਾਂ ਅਤੇ ਪ੍ਰਧਾਨਗੀ ਅਧਿਕਾਰੀਆਂ ਦੇ 28ਵੇਂ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਪੀਐੱਮ ਮੋਦੀ ਨੇ ਇਹ ਵੀ ਕਿਹਾ ਕਿ ਭਾਰਤੀ ਲੋਕਤੰਤਰ ਇੱਕ ਵੱਡੇ ਰੁੱਖ ਵਾਂਗ ਹੈ, ਜਿਸ ਦੀਆਂ ਜੜ੍ਹਾਂ ਡੂੰਘੀਆਂ ਹਨ।

ਉਨ੍ਹਾਂ ਕਿਹਾ, 'ਜਦੋਂ ਭਾਰਤ ਨੂੰ ਆਜ਼ਾਦੀ ਮਿਲੀ, ਤਾਂ ਬਹੁਤ ਸਾਰੇ ਲੋਕਾਂ ਨੂੰ ਸ਼ੱਕ ਸੀ ਕਿ ਕੀ ਦੇਸ਼ ਦੀ ਵਿਸ਼ਾਲ ਵਿਭਿੰਨਤਾ ਦੇ ਵਿਚਕਾਰ ਲੋਕਤੰਤਰ ਬਚੇਗਾ। ਹਾਲਾਂਕਿ, ਇਹੀ ਵਿਭਿੰਨਤਾ ਭਾਰਤੀ ਲੋਕਤੰਤਰ ਦੀ ਤਾਕਤ ਬਣ ਗਈ।' ਪ੍ਰਧਾਨ ਮੰਤਰੀ ਨੇ ਕਿਹਾ, 'ਇਹ ਸ਼ੱਕ ਸਨ ਕਿ ਜੇਕਰ ਲੋਕਤੰਤਰ ਜੜ੍ਹ ਫੜ ਲੈਂਦਾ ਹੈ, ਤਾਂ ਵੀ ਭਾਰਤ ਨੂੰ ਤਰੱਕੀ ਕਰਨਾ ਮੁਸ਼ਕਿਲ ਹੋਵੇਗਾ। ਇਨ੍ਹਾਂ ਸ਼ੱਕਾਂ ਦੇ ਉਲਟ, ਭਾਰਤ ਨੇ ਦਿਖਾਇਆ ਹੈ ਕਿ ਲੋਕਤੰਤਰੀ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਇਸਦੇ ਵਿਕਾਸ ਨੂੰ ਸਥਿਰਤਾ, ਪੈਮਾਨਾ ਅਤੇ ਗਤੀ ਪ੍ਰਦਾਨ ਕਰਦੀਆਂ ਹਨ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਬਹਿਸ, ਗੱਲਬਾਤ ਅਤੇ ਸਹਿਯੋਗੀ ਫੈਸਲੇ ਲੈਣ ਦੀ ਇੱਕ ਲੰਮੀ ਪਰੰਪਰਾ ਹੈ।

ਉਨ੍ਹਾਂ ਕਿਹਾ, 'ਭਾਰਤ ਵਿੱਚ ਲੋਕਤੰਤਰ ਦਾ ਅਰਥ ਹੈ ਆਖਰੀ ਪੜਾਅ 'ਤੇ ਸੇਵਾਵਾਂ ਦੀ ਪਹੁੰਚ।' ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਹਰ ਗਲੋਬਲ ਪਲੇਟਫਾਰਮ 'ਤੇ ਗਲੋਬਲ ਸਾਊਥ ਦੀਆਂ ਚਿੰਤਾਵਾਂ ਨੂੰ ਜ਼ੋਰਦਾਰ ਢੰਗ ਨਾਲ ਉਠਾ ਰਿਹਾ ਹੈ। (ਬਾਕੀ ਸਫਾ 2 'ਤੇ)

## ਅਨਿੰਦਿਤਾ ਮਿੱਤਰਾ ਪੰਜਾਬ ਦੇ ਨਵੇਂ ਮੁੱਖ ਚੋਣ ਅਧਿਕਾਰੀ ਨਿਯੁਕਤ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 15 ਜਨਵਰੀ : ਭਾਰਤ ਚੋਣ ਕਮਿਸ਼ਨ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਅਨਿੰਦਿਤਾ ਮਿੱਤਰਾ ਆਈ.ਏ.ਐੱਸ. ਨੂੰ ਪੰਜਾਬ ਦਾ ਨਵਾਂ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਹੈ। ਚੋਣ ਕਮਿਸ਼ਨ ਵੱਲੋਂ ਅੱਜ ਜਾਰੀ ਕੀਤੇ ਗਏ ਅਧਿਕਾਰਤ ਨੋਟੀਫਿਕੇਸ਼ਨ ਅਨੁਸਾਰ, ਉਹ ਸ੍ਰੀ ਸਿਬਿਨ ਸੀ. (ਆਈ.ਏ.ਐੱਸ.) ਦੀ ਥਾਂ ਇਹ ਅਹੁਦਾ ਸੰਭਾਲਣਗੇ। ਇਸ ਤੋਂ ਪਹਿਲਾਂ ਅਨਿੰਦਿਤਾ ਮਿੱਤਰਾ ਦੇ ਪਤੀ, ਆਈ.ਏ.ਐੱਸ. ਅਧਿਕਾਰੀ ਡਾ. ਐਸ. ਕਰੁਣਾ ਰਾਜੂ ਵੀ ਪੰਜਾਬ ਦੇ ਸੀ.ਈ.ਓ. ਦੇ ਅਹੁਦੇ 'ਤੇ ਰਹਿ ਚੁੱਕੇ ਹਨ। ਚੋਣ ਕਮਿਸ਼ਨ ਦੇ ਪ੍ਰਧਾਨ ਸਕੱਤਰ ਰਾਹੁਲ ਸ਼ਰਮਾ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਭੇਜੇ ਪੱਤਰ ਵਿੱਚ ਹਦਾਇਤ ਕੀਤੀ ਹੈ ਕਿ ਅਨਿੰਦਿਤਾ ਮਿੱਤਰਾ ਆਪਣਾ ਅਹੁਦਾ ਤੁਰੰਤ ਪ੍ਰਭਾਵ ਨਾਲ ਸੰਭਾਲਣ। ਕਮਿਸ਼ਨ ਨੇ ਇਸ ਨਿਯੁਕਤੀ ਬਾਰੇ ਪਾਲਣਾ ਰਿਪੋਰਟ ਇੱਕ ਹਫ਼ਤੇ ਦੇ ਅੰਦਰ ਭੇਜਣ ਦੇ ਨਿਰਦੇਸ਼ ਵੀ ਦਿੱਤੇ ਹਨ। ਨਿਯੁਕਤੀ ਦੀਆਂ ਸ਼ਰਤਾਂ ਤਹਿਤ, ਉਨ੍ਹਾਂ ਨੂੰ ਪੰਜਾਬ ਸਰਕਾਰ ਅਧੀਨ ਮੌਜੂਦਾ ਸਾਰੀਆਂ ਜ਼ਿੰਮੇਵਾਰੀਆਂ ਅਤੇ ਚਾਰਜਾਂ ਨੂੰ ਤੁਰੰਤ ਛੱਡਣਾ ਹੋਵੇਗਾ। ਨੋਟੀਫਿਕੇਸ਼ਨ ਮੁਤਾਬਕ, ਮੁੱਖ ਚੋਣ ਅਧਿਕਾਰੀ ਵਜੋਂ ਕੰਮ ਕਰਦਿਆਂ ਅਨਿੰਦਿਤਾ ਮਿੱਤਰਾ ਪੰਜਾਬ ਸਰਕਾਰ ਦੇ ਅਧੀਨ ਕੋਈ (ਬਾਕੀ ਸਫਾ 2 'ਤੇ)

## ਟਾਂਡਾ 'ਚ ਦਿਨ-ਦਿਹਾੜੇ ਗੋਲ਼ੀਆਂ ਨਾਲ ਭੁੰਨਿਆ ਦੁਕਾਨ 'ਤੇ ਬੈਠਾ ਵਿਅਕਤੀ

ਟਾਂਡਾ, 15 ਜਨਵਰੀ (ਚ.ਨ.ਸ.): ਪੰਜਾਬ ਵਿਚ ਇਕ ਵਾਰ ਫਿਰ ਗੋਲ਼ੀਆਂ ਚੱਲਣ ਦੀ ਖ਼ਬਰ ਸਾਹਮਣੇ ਆਈ ਹੈ। ਟਾਂਡਾ ਦੇ ਪਿੰਡ ਮਿਆਣੀ ਵਿਚ ਦੁਕਾਨ 'ਤੇ ਬੈਠੇ ਵਿਅਕਤੀ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਘਟਨਾ ਵਿਚ ਇਕ ਵਿਅਕਤੀ ਜ਼ਖ਼ਮੀ ਵੀ ਹੋਇਆ ਹੈ, ਜਿਸ ਨੂੰ ਜ਼ੇਰੇ ਇਲਾਜ ਲਈ ਟਾਂਡਾ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਮ੍ਰਿਤਕ ਦੀ ਪਛਾਣ ਬਲਵਿੰਦਰ ਸਿੰਘ ਸੱਤ ਕਰਤਾਰ ਵਜੋਂ ਹੋਈ ਹੈ, ਜੋਕਿ ਹਾਰਡਵੇਅਰ ਦੀ ਦੁਕਾਨ ਦਾ ਕੰਮ ਕਰਦਾ ਸੀ। ਮਿਲੀ ਜਾਣਕਾਰੀ ਮੁਤਾਬਕ ਬਲਵਿੰਦਰ ਸਿੰਘ ਆਪਣੀ ਦੁਕਾਨ 'ਤੇ ਮੌਜੂਦ ਸਨ ਅਤੇ ਇਸੇ ਦੌਰਾਨ ਅਣਪਛਾਤੇ ਹਮਲਾਵਰ ਮੋਟਰਾਈਕਲ 'ਤੇ ਆਉਂਦੇ ਹਨ, ਜਿਨ੍ਹਾਂ ਵੱਲੋਂ ਫਾਇਰਿੰਗ ਕੀਤੀ ਜਾਂਦੀ ਹੈ। ਇਸ ਘਟਨਾ ਵਿਚ ਉਨ੍ਹਾਂ ਦੀ ਮੌਤ ਹੋ ਗਈ ਜਦਕਿ ਲਖਵਿੰਦਰ ਸਿੰਘ ਵਾਸੀ ਮਿਆਣੀ ਵੀ (ਬਾਕੀ ਸਫਾ 2 'ਤੇ)

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅਹਿਮ ਮੀਟਿੰਗ ਅੱਜ

ਬਬਲੂ ਮਹਾਜਨ

ਅੰਮਿਤਸਰ, 15 ਜਨਵਰੀ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 16 ਜਨਵਰੀ 2026 ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਸਵੇਰੇ 11 ਵਜੇ ਹੋਵੇਗੀ। ਦਫ਼ਤਰ ਤੋਂ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਪਹਿਲਾਂ 12 ਜਨਵਰੀ ਨੂੰ ਬੁਲਾਈ ਗਈ ਸੀ, ਜੋ ਜ਼ਰੂਰੀ ਰੁਝੇਵਿਆਂ ਕਾਰਨ ਹੁਣ 16 ਜਨਵਰੀ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਪਹਿਲਾਂ ਭੇਜੇ ਗਏ ਏਜੰਡੇ ਤਹਿਤ ਰੁਟੀਨ ਅਨੁਸਾਰ ਵਿਚਾਰਾਂ ਕੀਤੀਆਂ ਜਾਣਗੀਆਂ। ਇਸ ਸਬੰਧ ਵਿੱਚ ਅੰਤ੍ਰਿੰਗ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

**328 ਪਾਵਨ ਸਰੂਪ ਮਾਮਲਾ ਰਹੇਗਾ ਕੇਂਦਰ ਵਿੱਚ**

ਜ਼ਿਕਰਯੋਗ ਹੈ ਕਿ ਇਸ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੇ ਵਿੱਚ ਅਹਿਮ ਮੁੱਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦਾ ਹੋਵੇਗਾ, ਜੋ ਕਿ ਸਮੇਂ ਦਾ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ। ਪਿਛਲੇ ਦਿਨੀ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਤੇ ਸਿੱਟ ਦਾ ਗਠਨ ਕੀਤਾ ਗਿਆ ਸੀ। ਜਿਸ ਨੇ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀ.ਏ ਕੋਹਲੀ ਨੂੰ ਗ੍ਰਿਫਤਾਰ ਕੀਤਾ ਤੇ ਉਸ ਤੋਂ ਬਾਅਦ ਈਸ਼ਰ ਸਿੰਘ ਦੀ ਰਿਪੋਰਟ (ਬਾਕੀ ਸਫਾ 2 'ਤੇ)

## ਪੰਜਾਬ ਯੂਥ ਕਾਂਗਰਸ ਪ੍ਰਧਾਨ ਲਈ ਵੋਟਾਂ ਦਾ ਐਲਾਨ, ਸ਼ਡਿਊਲ ਜਾਰੀ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਪੰਜਾਬ ਯੂਥ ਕਾਂਗਰਸ ਪ੍ਰਧਾਨ ਮੋਹਿਤ ਮਹਿੰਦਰਾ ਦੀ ਪ੍ਰਧਾਨਗੀ ਖਤਮ ਕਰ ਦਿੱਤੀ ਗਈ ਹੈ। ਯੂਥ ਕਾਂਗਰਸ ਨੇ ਵੋਟਾਂ ਦਾ ਐਲਾਨ ਕੀਤਾ ਹੈ ਅਤੇ ਸ਼ਡਿਊਲ ਜਾਰੀ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਸਮੇਂ ਤੋਂ ਪਹਿਲਾਂ ਮੋਹਿਤ ਮਹਿੰਦਰਾ ਦੀ ਪ੍ਰਧਾਨਗੀ ਖਤਮ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਨਾਮਜ਼ਦਗੀ 16 ਜਨਵਰੀ, 2026 (ਸਵੇਰੇ 9:00 ਵਜੇ) ਤੋਂ 23 ਜਨਵਰੀ, 2026 (ਸ਼ਾਮ 5:00 ਵਜੇ) ਤੱਕ ਹੋਵੇਗੀ। ਇਸ ਪ੍ਰਕਿਰਿਆ ਵਿੱਚ 18 ਸਾਲ ਤੋਂ 35 ਸਾਲ ਦੀ ਉਮਰ ਦੇ ਨੌਜਵਾਨ ਹਿੱਸਾ ਲੈਣ ਦੇ ਯੋਗ ਹੋਣਗੇ। ਜਨਮ ਮਿਤੀ ਕਟਆਫ 15 ਜਨਵਰੀ, 1990 ਤੋਂ 16 ਜਨਵਰੀ, 2008 ਤੱਕ ਹੈ। ਨਿਯਮਾਂ ਅਨੁਸਾਰ ਇਨ੍ਹਾਂ ਕਮੇਟੀਆਂ ਵਿੱਚ ਰਾਖਵੇਂਕਰਨ ਦੀਆਂ ਵਿਵਸਥਾਵਾਂ ਉਪਲਬਧ ਹਨ।

## ਯੂਰਪੀ ਸੰਘ ਦੇ ਸਿਖਰਲੇ ਆਗੂ ਗਣਤੰਤਰ ਦਿਵਸ ਪਰੇਡ ਲਈ ਹੋਣਗੇ ਮੁੱਖ ਮਹਿਮਾਨ

ਨਵੀਂ ਦਿੱਲੀ,, 15 ਜਨਵਰੀ (ਚ.ਨ.ਸ.): ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਵੀਰਵਾਰ ਨੂੰ ਕੀਤੇ ਐਲਾਨ ਮੁਤਾਬਕ ਯੂਰਪੀਅਨ ਸੰਘ ਦੇ ਦੋ ਸਿਖਰਲੇ ਆਗੂ ਐਂਟੋਨੀਓ ਕੋਸਟਾ ਤੇ ਉਰਸੁਲਾ ਵੌਨ ਡਰ ਲੀਏਨ ਭਾਰਤ ਦੇ 77ਵੇਂ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਹੋਣਗੇ। ਕੋਸਟਾ ਤੇ ਵੌਨ ਡਰ ਲੀਏਨ ਦਾ ਤਿੰਨ ਰੋਜ਼ਾ ਭਾਰਤ ਦੌਰਾ 25 ਜਨਵਰੀ ਤੋਂ ਸ਼ੁਰੂ ਹੋਵੇਗਾ ਤੇ ਉਨ੍ਹਾਂ ਦੀ ਇਸ ਫੇਰੀ ਦੌਰਾਨ ਦੋਵੇਂ ਧਿਰਾਂ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਭਾਰਤ-ਈਯੂ ਵਪਾਰ ਸਮਝੌਤੇ ਬਾਰੇ ਕੋਈ ਐਲਾਨ ਕਰ ਸਕਦੀਆਂ ਹਨ। ਭਾਰਤ ਤੇ ਯੂਰੋਪੀ ਯੂਨੀਅਨ ਸਾਲ 2004 ਤੋਂ ਰਣਨੀਤਕ ਭਾਈਵਾਲ ਹਨ। ਮੰਤਰਾਲੇ ਨੇ ਕਿਹਾ ਕਿ ਪਿਛਲੇ ਸਾਲ ਫਰਵਰੀ ਵਿਚ ਈਯੂ ਕਾਲਜ ਆਫ਼ ਕਮਿਸ਼ਨਰਜ਼ ਦੀ ਇਤਿਹਾਸਕ ਭਾਰਤ ਫੇਰੀ ਮਗਰੋਂ ਭਾਰਤ ਤੇ (ਬਾਕੀ ਸਫਾ 2 'ਤੇ)

## ਜਲੰਧਰ ਅਦਾਲਤ ਵੱਲੋਂ 'ਆਪ' ਵਿਧਾਇਕਾ ਆਤਿਸ਼ੀ ਦੀ ਵੀਡੀਓ ਨੂੰ ਸੋਸ਼ਲ ਮੀਡੀਆ ਤੋਂ ਹਟਾਉਣ ਦਾ ਹੁਕਮ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 15 ਜਨਵਰੀ :ਦਿੱਲੀ ਵਿਧਾਨ ਸਭਾ ਵੱਲੋਂ ਆਮ ਆਦਮੀ ਪਾਰਟੀ ਦੀ ਆਗੂ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੇ ਕਥਿਤ ਤੌਰ 'ਤੇ ਐਡਿਟ ਕੀਤੇ ਗਏ ਵੀਡੀਓ ਨੂੰ ਪਬਲਿਸ਼ ਕਰਨ ਦੇ ਦੋਸ਼ ਵਿੱਚ ਦਿੱਲੀ ਦੇ ਮੰਤਰੀ ਕਪਿਲ ਮਿਸ਼ਰਾ ਵਿਰੁੱਧ ਜਲੰਧਰ ਵਿੱਚ ਐੱਫ.ਆਈ.ਆਰ. ਦਰਜ ਕਰਵਾਈ ਗਈ ਸੀ। ਇਸ ਐੱਫ.ਆਈ.ਆਰ. ਦੇ ਮਾਮਲੇ ਵਿੱਚ ਦਿੱਲੀ ਵਿਧਾਨ ਸਭਾ ਦੇ ਸਪੀਕਰ ਵੱਲੋਂ ਜਲੰਧਰ ਦੀ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਸਮੇਤ ਪੰਜਾਬ ਪੁਲਿਸ ਦੇ 3 ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਸੀ ਅਤੇ ਲੈਬ ਦੀ ਰਿਪੋਰਟ ਮੰਗੀ ਗਈ ਸੀ। ਇਸ ਮਾਮਲੇ ਨੂੰ ਲੈ ਕੇ ਭਾਜਪਾ ਨੂੰ ਵੱਡਾ ਝਟਕਾ ਲੱਗਿਆ ਹੈ। ਇਸ ਮਾਮਲੇ 'ਚ ਜਲੰਧਰ ਅਦਾਲਤ ਵਿੱਚ ਸੁਣਵਾਈ ਹੋਈ, ਜਿੱਥੇ ਮਾਨਯੋਗ ਜੱਜ ਹਰਪ੍ਰੀਤ ਕੌਰ ਦੀ ਅਦਾਲਤ ਵਿੱਚ ਕੇਸ ਨੂੰ ਲੈ ਕੇ ਹੋਈ ਸੁਣਵਾਈ ਵਿੱਚ ਅਦਾਲਤ ਵੱਲੋਂ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀਡੀਓ ਹਟਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਅਦਾਲਤ ਦੇ ਹੁਕਮ ਅਨੁਸਾਰ ਜਿਸ ਵੀ ਅਕਾਊਂਟ ਤੋਂ ਵੀਡੀਓ ਪੋਸਟ ਹੋਇਆ, ਉਸ ਦੇ ਸਾਰੇ ਲਿੰਕ ਸੋਸ਼ਲ ਮੀਡੀਆ ਤੋਂ ਹਟਾਏ ਜਾਣ। ਕੋਰਟ ਵੱਲੋਂ ਇਹ ਵੀ ਕਿਹਾ ਗਿਆ ਕਿ ਫੋਰੈਂਸਿਕ ਜਾਂਚ ਵਿੱਚ ਵੀਡੀਓ ਐਡਿਟ ਕਰਨ ਦਾ ਮਾਮਲਾ ਪਾਇਆ ਗਿਆ ਹੈ, ਜਿਸ ਨੂੰ ਭਾਜਪਾ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

### ਦਿੱਲੀ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਵੱਲੋਂ ਆਤਿਸ਼ੀ ਨੂੰ ਨੋਟਿਸ

ਨਵੀਂ ਦਿੱਲੀ, 15 ਜਨਵਰੀ (ਚ.ਨ.ਸ.): ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਦਿੱਲੀ ਵਿਧਾਨ ਸਭਾ ਸਕੱਤਰੇਤ ਨੇ ਸਿੱਖ ਗੁਰੂਆਂ ਵਿਰੁੱਧ ਕਥਿਤ ਟਿੱਪਣੀ ਕਰਨ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਅਤੇ ਸਦਨ ਦੀ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਹੈ। ਜਾਰੀ ਕੀਤੇ ਗਏ ਸਰਕਾਰੀ ਪੱਤਰ ਅਨੁਸਾਰ, ਇਹ ਮਾਮਲਾ (ਬਾਕੀ ਸਫਾ 2 'ਤੇ)

## ਬਠਿੰਡਾ ਦੀ ਅਦਾਲਤ ਵੱਲੋਂ ਕੰਗਣਾ ਰਣੌਤ ਨੂੰ ਨਿੱਜੀ ਪੇਸ਼ੀ ਤੋਂ ਛੋਟ

### ਵੀ.ਸੀ. ਜ਼ਰੀਏ ਹੋਵੇਗੀ ਭਾਜਪਾ ਸੰਸਦ ਮੈਂਬਰ ਦੀ ਪੇਸ਼ੀ

ਚੜ੍ਹਦੀਕਲਾ ਬਿਊਰੋ



ਬਠਿੰਡਾ , 15 ਜਨਵਰੀ: ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਬਾਲੀਵੁੱਡ ਅਦਾਕਾਰਾ ਕੰਗਣਾ ਰਣੌਤ ਅੱਜ ਵੀਡੀਓ ਕਾਨਫ਼ਰੰਸਿੰਗ ਰਾਹੀਂ ਬਠਿੰਡਾ ਦੀ ਅਦਾਲਤ 'ਚ ਪੇਸ਼ ਹੋਏ। ਕਿਸਾਨ ਅੰਦੋਲਨ ਨਾਲ ਜੁੜੇ ਮਾਨਹਾਨੀ ਮਾਮਲੇ 'ਚ ਦੋਹਾਂ ਪੱਖਾਂ ਦੇ ਵਕੀਲਾਂ ਵਿਚਾਲੇ ਵਿਸਥਾਰ ਨਾਲ ਬਹਿਸ ਹੋਈ। ਸੁਣਵਾਈ ਉਪਰੰਤ ਅਦਾਲਤ ਨੇ ਮਾਣਹਾਨੀ ਮਾਮਲੇ 'ਚ ਕੰਗਣਾ ਰਣੌਤ ਨੂੰ ਨਿੱਜੀ ਪੇਸ਼ੀ ਤੋਂ ਛੂਟ ਦੇ ਦਿੱਤੀ ਹੈ। ਇਥੇ ਦੱਸ ਦੇਈਏ ਕਿ ਇਹ ਮਾਮਲਾ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਦੌਰਾਨ ਬਜ਼ੁਰਗ ਮਹਿਲਾ ਮਹਿੰਦਰ ਕੌਰ ਬਾਰੇ ਕੀਤੀ ਗਈ ਕਥਿਤ ਇਤਰਾਜ਼ਯੋਗ ਟਿੱਪਣੀ ਨਾਲ ਜੁੜਿਆ ਹੋਇਆ ਹੈ। ਵੀਡੀਓ ਕਾਨਫ਼ਰੰਸ ਰਾਹੀਂ ਹੋਈ ਪੇਸ਼ੀ ਦੌਰਾਨ ਕੰਗਨਾ ਰਣੌਤ ਵੱਲੋਂ ਪਹਿਲਾਂ ਦਾਇਰ ਕੀਤੀ ਗਈ ਨਿੱਜੀ ਪੇਸ਼ੀ ਤੋਂ ਛੋਟ ਦੀ ਅਰਜ਼ੀ 'ਤੇ ਅਦਾਲਤ ਵਿੱਚ ਲੰਬੀ ਬਹਿਸ ਹੋਈ। ਕੰਗਨਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਕੰਗਣਾ ਇਕ ਸੰਸਦ ਮੈਂਬਰ ਹਨ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਰੁਝੇਵਿਆਂ ਕਾਰਨ ਹਰ ਤਾਰੀਖ਼ 'ਤੇ ਨਿੱਜੀ ਤੌਰ 'ਤੇ ਪੇਸ਼ ਹੋਣਾ ਉਨ੍ਹਾਂ ਲਈ ਸੰਭਵ ਨਹੀਂ ਹੈ। (ਬਾਕੀ ਸਫਾ 2 'ਤੇ)

---

ਵਿਸ਼ੇਸ਼ ਮਹਿਮਾਨ ਸੰਪਾਦਕੀ

## ਧਰਮ ਅਤੇ ਸੱਤਾ: ਜਿੱਥੇ ਸਿੰਘਾਸਨ ਸਿਰ ਨਿਵਾਉਂਦੇ

ਪ੍ਰੋ.ਡਾ.ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਧਰਮ ਤੇ ਰਾਜ ਸੱਤਾ ਨੂੰ ਹਮੇਸ਼ਾ ਮਾਨਵੀ ਹਿਤਾਂ ਲਈ ਤੇ ਮਨੁੱਖਤਾ ਦੀ ਰਾਖੀ ਲਈ, ਸ਼ਾਂਤੀ ਲਈ ਤੇ ਅੱਗੇ ਵਧਣ ਲਈ ਇੱਕ ਦੂਸਰੇ ਦੇ ਪੂਰਕ ਵਜੋਂ ਦੇਖਿਆ ਜਾਂਦਾ ਹੈ ਪਰ ਧਾਰਮਿਕ ਅਕੀਦਾ ਤੇ ਧਰਮ ਸਰਵਉੱਚ ਹੈ। ਜਿੱਥੇ ਸ਼ਹੀਦਾਂ ਦੀ ਸ਼ਹਾਦਤ ਦੀ ਬਾਨਗੀ ਸ਼ੁਰੂ ਹੁੰਦੀ ਹੈ ਅਤੇ ਭਵਿੱਖ ਮਾਣਮੱਤੀਆਂ ਸ਼ਾਨਾਂ ਦੇ ਵਿੱਚ ਮੌਲਦਾ ਹੋਇਆ ਨਵੇਂ ਰਸਤਿਆਂ 'ਤੇ ਚੱਲਦਾ ਹੈ। ਇਹ ਸਿੱਖ ਧਰਮ ਦੀ ਸਰਵੋਚਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਨ ਬਾਨ ਸ਼ਾਨ ਵਿੱਚ ਹੈ।

ਆਪਣੇ ਇੱਕ ਹੋਰ ਸ਼ਾਹੀ ਅੰਦਾਜ਼ ਵਿੱਚ ਅੱਲਾਮਾ ਇਕਬਾਲ ਕਹਿੰਦੇ ਹਨ:
ਜਲਾਲ-ਏ-ਪਾਦਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ,
ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।

ਇਕਬਾਲ ਇੱਥੇ ਸਾਫ਼ ਕਹਿੰਦੇ ਹਨ ਕਿ ਜੇ ਸਿਆਸਤ ਧਰਮ ਦੀ ਨੈਤਿਕ ਰਾਹਨੁਮਾਈ ਤੋਂ ਵੱਖ ਹੋ ਜਾਵੇ, ਤਾਂ ਉਹ ਬਰਬਰਤਾ ਵਿੱਚ ਬਦਲ ਸਕਦੀ ਹੈ। ਪਰ ਇਕਬਾਲ ਦਾ ਧਰਮ ਅੰਧ ਵਿਸ਼ਵਾਸ ਨਹੀਂ, ਸੱਚ ਅਤੇ ਇਨਸਾਫ਼ ਦੀ ਰੂਹ ਹੈ।

ਹੁਣ ਅੱਜ ਦਾ ਸੰਕਟ ਅਤੇ ਸਵਾਲ ਇਹ ਹੈ ਕਿ ਅੱਜ ਦਾ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਧਰਮ ਸੱਤਾ ਨਾਲ ਚਲੇ ਜਾਂ ਨਾ ਚਲੇ—ਸਵਾਲ ਇਹ ਹੈ ਕਿ ਕਿਹੜਾ ਧਰਮ ਅਤੇ ਕਿਹੜੀ ਸੱਤਾ? ਜੇ ਧਰਮ ਮਨੁੱਖਤਾ, ਨਿਆਂ ਅਤੇ ਸੱਚ ਦੀ ਆਵਾਜ਼ ਹੈ, ਤਾਂ ਉਸਦੀ ਮੌਜੂਦਗੀ ਸੱਤਾ ਲਈ ਲਾਜ਼ਮੀ ਹੈ। ਪਰ ਜੇ ਧਰਮ ਸੱਤਾ ਦਾ ਹਥਿਆਰ ਬਣ ਜਾਵੇ, ਤਾਂ ਉਹ ਖੁਦ ਆਪਣੇ ਮਕਸਦ ਤੋਂ ਭਟਕ ਜਾਂਦਾ ਹੈ।

ਪੰਜਾਬੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹੱਤਤਾ ਇਸੀ ਵਿਚ ਹੈ ਕਿ ਉਹ ਸੱਤਾ ਦਾ ਸਾਥੀ ਨਹੀਂ, ਸੱਚ ਦਾ ਸਾਥੀ ਬਣੇ। ਇਤਿਹਾਸ ਨੇ ਸਾਨੂੰ ਸਿਖਾਇਆ ਹੈ ਕਿ ਜਿੱਥੇ ਧਰਮ ਨੇ ਸੱਤਾ ਦੇ ਅੱਗੇ ਝੁਕਣ ਤੋਂ ਇਨਕਾਰ ਕੀਤਾ, ਉੱਥੇ ਕੌਮਾਂ ਜਾਗਦੀਆਂ ਰਹੀਆਂ।

ਇਤਿਹਾਸ ਗਵਾਹ ਹੈ ਕਿ ਧਰਮ ਅਤੇ ਰਾਜਨੀਤੀ ਕਦੇ ਵੀ ਪੂਰੀ ਤਰ੍ਹਾਂ ਅਲੱਗ ਨਹੀਂ ਰਹੇ।

ਮਨੁੱਖੀ ਸਮਾਜ ਜਦੋਂ ਕਬੀਲਾਈ ਅਵਸਥਾ ਤੋਂ ਨਿਕਲ ਕੇ ਰਾਜ ਦੀ ਸੰਰਚਨਾ ਵੱਲ ਵਧਿਆ, ਉੱਥੇ ਹੀ ਧਰਮ ਨੇ ਨੈਤਿਕ ਨਿਯਮ, ਆਚਰਨ ਅਤੇ ਨਿਆਂ ਦੀ ਦਿਸ਼ਾ ਨਿਰਧਾਰਿਤ ਕਰਨੀ ਸ਼ੁਰੂ ਕਰ ਦਿੱਤੀ। ਰਾਜ ਨੇ ਤਾਕਤ ਹਾਸਲ ਕੀਤੀ, ਪਰ ਧਰਮ ਨੇ ਉਸ ਤਾਕਤ ਨੂੰ ਮਾਨਵਿਕ ਬਣਾਉਣ ਦੀ ਕੋਸ਼ਿਸ਼ ਕੀਤੀ। ਇਹੀ ਟਕਰਾਅ—ਅਤੇ ਇਹੀ ਸੰਤੁਲਨ—ਸਭਿਆਚਾਰਾਂ ਦੀ ਨੀਂਹ ਬਣਿਆ ਹੈ।

ਪੱਛਮੀ ਸੰਸਾਰ ਵਿੱਚ ਰੋਮਨ ਕਲੀਸਾ ਅਤੇ ਸਾਮਰਾਜ ਵਿਚਲਾ ਸੰਘਰਸ਼ ਹੋਵੇ ਜਾਂ ਇਸਲਾਮੀ ਖ਼ਿਲਾਫ਼ਤ ਦਾ, ਉਹ ਧਾਰਮਿਕ-ਰਾਜਨੀਤਿਕ ਮਾਡਲ, ਭਾਰਤੀ ਉਪਮਹਾਂਦੀਪ ਵਿੱਚ ਰਾਜਾ-ਧਰਮ ਦੀ ਪਰੰਪਰਾ ਹੋਵੇ—ਹਰ ਥਾਂ ਧਰਮ ਨੇ ਸੱਤਾ ਨੂੰ ਸਿਰਫ਼ ਸ਼ਕਤੀ ਨਹੀਂ, ਜ਼ਿੰਮੇਵਾਰੀ ਵਜੋਂ ਵੇਖਣ ਲਈ ਮਜਬੂਰ ਕੀਤਾ। ਭਾਰਤ ਵਿੱਚ ਰਾਜ ਧਰਮ ਸਿਰਫ਼ ਸ਼ਬਦ ਨਹੀਂ ਸੀ; ਇਹ ਰਾਜ ਕਰਨ ਦੀ ਨੈਤਿਕ ਸ਼ਰਤ ਸੀ।

ਪੰਜਾਬੀ ਪਰਿਪੇਖ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਸਭ ਦੇ ਲਈ ਸਰਵਉੱਚ ਸਥਾਨ ਹੈ। ਪੰਜਾਬ ਦੇ ਇਤਿਹਾਸ ਵਿੱਚ ਧਰਮ ਅਤੇ ਸੱਤਾ ਦਾ ਰਿਸ਼ਤਾ ਹੋਰ ਵੀ ਵੱਖਰਾ ਅਤੇ ਉੱਚਾ ਰਿਹਾ ਹੈ। ਸਿੱਖ ਧਰਮ ਨੇ ਧਰਮ ਨੂੰ ਸੰਨਿਆਸ ਨਹੀਂ, ਸੰਘਰਸ਼ ਬਣਾਇਆ। ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾਈ ਰਚਨਾ ਤੱਕ, ਧਰਮ ਨੇ ਸੱਤਾ ਨੂੰ ਲਲਕਾਰਿਆ, ਨਾ ਕਿ ਉਸਦੀ ਚਾਕਰੀ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ—ਇਹ ਸਿਰਫ਼ ਇੱਕ ਧਾਰਮਿਕ ਅਸਥਾਨ ਨਹੀਂ, ਸਗੋਂ ਸਿੱਖ ਰਾਜਨੀਤਿਕ-ਨੈਤਿਕ ਚੇਤਨਾ ਦਾ ਕੇਂਦਰ ਹੈ। ਇੱਥੇ ਧਰਮ ਸੱਤਾ ਦੇ ਸਾਹਮਣੇ ਖੜ੍ਹਾ ਹੁੰਦਾ ਹੈ, ਸੱਤਾ ਦੇ ਹੇਠ ਨਹੀਂ। ਇੱਥੇ ਫ਼ੈਸਲੇ ਸਿੰਘਾਸਨ ਦੇ ਹੱਕ ਵਿੱਚ ਨਹੀਂ, ਸੱਚ ਦੇ ਹੱਕ ਵਿੱਚ ਹੁੰਦੇ ਹਨ। ਇਤਿਹਾਸ ਵਿੱਚ ਅਨੇਕਾਂ ਵਾਰ ਰਾਜੇ, ਮਹਾਰਾਜੇ ਅਤੇ ਹਾਕਮ ਇਸ ਤਖ਼ਤ ਅੱਗੇ ਨਤਮਸਤਕ ਹੋਏ—ਕਿਉਂਕਿ ਇੱਥੇ ਤਾਕਤ ਨਹੀਂ, ਤਿਆਗ ਬੋਲਦਾ ਹੈ।

ਅੱਜ ਜਦੋਂ ਅਸੀਂ ਵੇਖਦੇ ਹਾਂ ਕਿ ਸੱਤਾ ਧਰਮ ਦੇ ਦਰਬਾਰ ਵਿੱਚ ਸਿਰ ਝੁਕਾਉਂਦੀ ਹੈ, ਤਾਂ ਇਹ ਕਿਸੇ ਧਾਰਮਿਕ ਅਧਿਕਾਰ ਦੀ ਜਿੱਤ ਨਹੀਂ, ਸਗੋਂ ਨੈਤਿਕਤਾ ਦੀ ਯਾਦ ਦਿਵਾਉਣ ਵਾਲਾ ਪਲ ਹੁੰਦਾ ਹੈ। ਪਰ ਜਦੋਂ ਧਰਮ ਹੀ ਸੱਤਾ ਦੀ ਭਾਸ਼ਾ ਬੋਲਣ ਲੱਗ ਪਏ, ਤਾਂ ਉਹ ਆਪਣੀ ਆਤਮਿਕ ਉਚਾਈ ਗੁਆ ਬੈਠਦਾ ਹੈ—ਇਹੀ ਸਭ ਤੋਂ ਵੱਡਾ ਖ਼ਤਰਾ ਹੈ।

ਅੰਤਰਰਾਸ਼ਟਰੀ ਨਿਆਇਕ ਦਰਸ਼ਟੀਕੋਣ ਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਧਰਮ ਅਤੇ ਸੱਤਾ ਦੇ ਰਿਸ਼ਤੇ ਨੂੰ ਨਿਆਂ ਦੀ ਕਸੌਟੀ 'ਤੇ ਪਰਖਿਆ ਗਿਆ ਹੈ। ਅੰਤਰਰਾਸ਼ਟਰੀ ਅਦਾਲਤਾਂ ਅਤੇ ਮਨੁੱਖੀ ਅਧਿਕਾਰਾਂ ਦੇ ਚਾਰਟਰਾਂ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਰਾਜ ਕਿਸੇ ਇੱਕ ਧਰਮ ਦਾ ਪ੍ਰਚਾਰਕ ਨਹੀਂ, ਸਗੋਂ ਸਭ ਧਰਮਾਂ ਦੀ ਆਜ਼ਾਦੀ ਦਾ ਰੱਖਵਾਲਾ ਹੈ। ਧਰਮ ਦਾ ਹੱਕ ਹੈ—ਅੰਤਰ ਆਤਮਾ ਤੱਕ; ਸੱਤਾ ਦਾ ਹੱਕ ਹੈ—ਕਾਨੂੰਨ ਤੱਕ ਹੈ।

ਅੰਤਰਰਾਸ਼ਟਰੀ ਕਾਨੂੰਨ ਇਹ ਮੰਨਦਾ ਹੈ ਕਿ ਜਦੋਂ ਰਾਜ ਧਰਮ ਨੂੰ ਹਥਿਆਰ ਬਣਾਉਂਦਾ ਹੈ, ਉੱਥੇ ਅਕਸਰ ਅਲਪਸੰਖਿਆਕਾਂ ਦੇ ਅਧਿਕਾਰ ਖੇਤਰ ਬਦਲ ਜਾਂਦੇ ਹਨ। ਇਸ ਲਈ ਨਿਆਂ ਦੀ ਦ੍ਰਿਸ਼ਟੀ ਇਹ ਨਹੀਂ ਕਿ ਧਰਮ ਰਾਜ ਕਰੇ ਜਾਂ ਰਾਜ ਧਰਮ ਕਰੇ—ਸਗੋਂ ਇਹ ਕਿ ਦੋਵਾਂ ਵਿਚਕਾਰ ਇੱਕ ਸਪਸ਼ਟ, ਨੈਤਿਕ ਹੱਦ ਹੋਵੇ।

ਉਰਦੂ ਸ਼ਾਹੀ ਸ਼ਾਇਰੀ ਦੀ ਆਵਾਜ਼ ਵਿਚ ਉਰਦੂ-ਫ਼ਾਰਸੀ ਸ਼ਾਇਰੀ ਨੇ ਵੀ ਧਰਮ ਅਤੇ ਤਖ਼ਤ ਦੇ ਟਕਰਾਅ ਨੂੰ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਮਿਰਜ਼ਾ ਗ਼ਾਲਿਬ ਦੀ ਲਾਈਨ ਯਾਦ ਆਉਂਦੀ ਹੈ:
ਬਸ ਕਿ ਦੁਸ਼ਵਾਰ ਹੈ ਹਰ ਕਾਮ ਕਾ ਆਸਾਂ ਹੋਨਾ,
ਆਦਮੀ ਕੋ ਭੀ ਮਯੱਸਰ ਨਹੀਂ ਇਨਸਾਂ ਹੋਨਾ।

ਇਹ ਸ਼ੇਅਰ ਸੱਤਾ ਲਈ ਚੇਤਾਵਨੀ ਹੈ—ਤਾਕਤ ਹਾਸਲ ਕਰਨਾ ਆਸਾਨ ਹੋ ਸਕਦਾ ਹੈ, ਪਰ ਇਨਸਾਫ਼ਪਸੰਦ ਰਹਿਣਾ ਸਭ ਤੋਂ ਔਖਾ ਹੈ।

ਅੱਜ ਪੰਜਾਬ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹੱਤਤਾ ਇਸੀ ਵਿਚ ਹੈ ਕਿ ਉਹ ਸੱਤਾ ਦਾ ਸਾਥੀ ਨਹੀਂ, ਸੱਚ ਦਾ ਸਾਥੀ ਬਣੇ। ਇਤਿਹਾਸ ਨੇ ਸਾਨੂੰ ਸਿਖਾਇਆ ਹੈ ਕਿ ਜਿੱਥੇ ਧਰਮ ਨੇ ਸੱਤਾ ਦੇ ਅੱਗੇ ਝੁਕਣ ਤੋਂ ਇਨਕਾਰ ਕੀਤਾ, ਉੱਥੇ ਕੌਮਾਂ ਜਾਗਦੀਆਂ ਰਹੀਆਂ।

ਅੱਜ ਧਰਮ ਅਤੇ ਸੱਤਾ ਦਾ ਰਿਸ਼ਤਾ ਮਾਲਕ-ਨੌਕਰ ਦਾ ਨਹੀਂ, ਸਗੋਂ ਅੰਤਰ ਆਤਮਾ ਅਤੇ ਕਾਨੂੰਨ ਦਾ ਹੈ। ਧਰਮ ਦਾ ਕੰਮ ਹੈ—ਸੱਤਾ ਨੂੰ ਆਇਨਾ ਦਿਖਾਉਣਾ; ਸੱਤਾ ਦਾ ਕੰਮ ਹੈ—ਧਰਮ ਦੀ ਆਜ਼ਾਦੀ ਦੀ ਰੱਖਿਆ ਕਰਨੀ। ਜਦੋਂ ਦੋਵੇਂ ਆਪਣੀ ਹੱਦ ਵਿੱਚ ਰਹਿੰਦੇ ਹਨ, ਤਦ ਹੀ ਸਮਾਜ ਨਿਆਂਪੂਰਕ ਬਣਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵੀ ਸਾਨੂੰ ਇਹੀ ਸਿਖਾਉਂਦਾ ਹੈ ਕਿ ਸੱਚ ਅੱਗੇ ਸਿੰਘਾਸਨ ਵੀ ਛੋਟਾ ਹੁੰਦਾ ਹੈ ਅਤੇ ਸ਼ਾਇਰੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਤਾਕਤ ਦਾ ਅਸਲ ਇਮਤਿਹਾਨ—ਨਤਮਸਤਕ ਹੋਣਾ ਜਾਣਨਾ ਹੈ। ਲੋਕ ਹਿੱਤ ਵਿੱਚ ਇਹ ਅੱਜ ਸਭ ਤੋਂ ਜ਼ਰੂਰੀ ਹੋ ਗਿਆ ਹੈ ਇਹਨਾਂ ਘਟਨਾਵਾਂ ਤੋਂ ਬਾਅਦ ਇਹ ਇਤਿਹਾਸ ਵਿੱਚ ਇਕ ਨਵਾਂ ਦਿਨ ਹੋਏਗਾ। ਸਮੂਹ ਪੰਜਾਬੀਆਂ ਦੀ ਬਿਹਤਰੀ ਤੇ ਚੰਗੇ ਭਵਿੱਖ ਦੀ ਆਸ ਧਾਰਮਿਕ ਨਿਰਦੇਸ਼ ਵਿੱਚ ਸੱਤਾ ਦਾ ਹੰਕਾਰ ਘੱਟ ਹੋਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਨੈਤਿਕ ਸੋਚ ਅੱਗੇ ਵੱਧਣ ਲਈ ਪੀੜ੍ਹੀਆਂ ਤੱਕ ਸਹਾਈ ਬਣੇ।

ਜੀਵੇ ਪੰਜਾਬ॥

## ਪੰਜਾਬ-ਹਰਿਆਣਾ ਵਿੱਚ ਠੰਢ ਜਾਰੀ, ਕਸ਼ਮੀਰ ਵਾਦੀ 'ਚ ਤਾਪਮਾਨ ਵਧਿਆ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 15 ਜਨਵਰੀ: ਪੰਜਾਬ ਤੇ ਹਰਿਆਣਾ 'ਚ ਠੰਢ ਹੋਰ ਵਧਦੀ ਜਾ ਰਹੀ ਹੈ। ਕੁਝ ਇਲਾਕਿਆਂ 'ਚ ਤਾਂ ਤਾਪਮਾਨ ਆਮ ਨਾਲੋਂ ਕਾਫੀ ਘੱਟ ਰਿਹਾ ਅਤੇ ਕਈ ਖੇਤਰਾਂ ਵਿੱਚ ਜ਼ੀਰੋ ਡਿਗਰੀ ਦੇ ਨੇੜੇ ਪਹੁੰਚ ਗਿਆ। ਦੂਜੇ ਪਾਸੇ ਕਸ਼ਮੀਰ ਵਿੱਚ ਰਾਤ ਦਾ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਹੈ। ਹਾਲ ਹੀ ਦੀਆਂ ਰਿਪੋਰਟਾਂ ਅਨੁਸਾਰ ਹਿਸਾਰ ਸਭ ਤੋਂ ਠੰਢਾ ਰਿਹਾ, ਜਿੱਥੇ ਤਾਪਮਾਨ ਮਨਫੀ 0.2 ਡਿਗਰੀ ਰਿਕਾਰਡ ਕੀਤਾ। ਮੌਸਮ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪਿਛਲੇ ਕੁਝ ਸਾਲਾਂ ਵਿੱਚ ਹਿਸਾਰ ਵਿੱਚ ਜ਼ੀਰੋ ਤੋਂ ਵੀ ਘੱਟ ਤਾਪਮਾਨ ਰਿਹਾ। ਕਈ ਥਾਵਾਂ ਤੇ ਧੁੰਦ ਕਾਰਨ ਦਿਸਣ ਹੱਦ ਕਾਫ਼ੀ ਘੱਟ ਰਹੀ ਅਤੇ ਹਰਿਆਣਾ ਦੇ ਕੁਝ ਥਾਵਾਂ 'ਤੇ ਵੀ ਤਾਪਮਾਨ ਪਿਛਲੇ ਦਿਨਾਂ ਤੋਂ (ਬਾਕੀ ਸਫਾ 2 'ਤੇ)

# ਭਾਰਤੀ ਸੈਨਾ ਦਾ ਅਦੁੱਤੀ ਸਾਹਸ, ਸਰਬਉੱਚ ਬਲੀਦਾਨ ਅਤੇ ਅਟੁੱਟ ਵਚਨਬੱਧਤਾ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰੱਖਿਆ ਕਰਦਾ ਹੈ : ਰਾਜਨਾਥ ਸਿੰਘ

## ਸਰਕਾਰ ਆਧੁਨਿਕ, ਆਤਮ-ਨਿਰਭਰ ਅਤੇ ਭਵਿੱਖ ਲਈ ਤਿਆਰ ਸੈਨਾ ਦੇ ਨਿਰਮਾਣ ਲਈ ਵਚਨਬੱਧ

ਨਵੀਂ ਦਿੱਲੀ, 15 ਜਨਵਰੀ (ਚ.ਨ.ਸ.) : ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਨੇ 15 ਜਨਵਰੀ, 2026 ਨੂੰ ਭਾਰਤੀ ਸੈਨਾ ਦਿਵਸ ਦੇ ਗੌਰਵਪੂਰਨ ਮੌਕੇ 'ਤੇ ਭਾਰਤੀ ਸੈਨਾ ਦੇ ਵੀਰ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ ਹਨ। ਐਕਸ 'ਤੇ ਇੱਕ ਪੋਸਟ ਵਿੱਚ, ਰਕਸ਼ਾ ਮੰਤਰੀ ਨੇ ਕਿਹਾ ਕਿ ਰਾਸ਼ਟਰ ਭਾਰਤੀ ਸੈਨਾ ਦੇ ਅਦੁੱਤੀ ਸਾਹਸ, ਸਰਬਉੱਚ ਬਲੀਦਾਨ ਅਤੇ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰੱਖਿਆ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਸਲਾਮ ਕਰਦਾ ਹੈ। ਸ਼੍ਰੀ ਰਾਜਨਾਥ ਸਿੰਘ ਨੇ ਕਿਹਾ ਕਿ ਸਰਹੱਦਾਂ 'ਤੇ ਹਮੇਸ਼ਾ ਚੌਕਸੀ ਅਤੇ ਸੰਕਟ ਸਮੇਂ ਅਟਲ ਰਹਿਣ ਵਾਲੀ ਭਾਰਤੀ ਸੈਨਾ ਨੇ ਆਪਣੀ ਪੇਸ਼ੇਵਾਰਤਾ, ਅਨੁਸ਼ਾਸਨ ਅਤੇ ਮਨੁੱਖੀ



ਸੇਵਾ ਰਾਹੀਂ ਆਲਮੀ ਸਨਮਾਨ ਹਾਸਲ ਕੀਤਾ ਹੈ। ਉਨ੍ਹਾਂ ਨੇ ਆਧੁਨਿਕ, ਆਤਮ-ਨਿਰਭਰ ਅਤੇ ਭਵਿੱਖ ਲਈ ਤਿਆਰ ਸੈਨਾ ਦੇ ਨਿਰਮਾਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਕਿਹਾ ਕਿ ਇੱਕ ਅਹਿਸਾਨਮੰਦ ਰਾਸ਼ਟਰ ਆਪਣੇ ਸੈਨਿਕਾਂ ਪ੍ਰਤੀ ਮਾਣ ਅਤੇ ਸਨਮਾਨ ਨਾਲ ਇਕਜੁੱਟਤਾ ਨਾਲ ਖੜ੍ਹਾ ਹੈ।ਬਾਅਦ ਵਿੱਚ ਦਿਨ ਵਿੱਚ, ਰਕਸ਼ਾ ਮੰਤਰੀ ਜੈਪੁਰ ਵਿੱਚ ਸੈਨਾ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣਗੇ।

### ਸੁਪਰੀਮ ਕੋਰਟ ਨੇ ਪਟੀਸ਼ਨ 'ਤੇ ਫੈਸਲਾ ਰਾਖਵਾਂ ਰੱਖਿਆ

# ਇਲਾਜ ਕਰਵਾਉਂਦੇ ਵਿਕਿਆ ਘਰ; ਕੋਮਾਂ 'ਚ ਪਏ ਪੁੱਤ ਲਈ ਪਿਤਾ ਨੇ ਮੰਗੀ ਮੌਤ

ਨਵੀਂ ਦਿੱਲੀ, 15 ਜਨਵਰੀ (ਚ.ਨ.ਸ.): ਇੱਕ ਪਿਤਾ ਅਤੇ ਪਰਿਵਾਰਕ ਮੈਂਬਰਾਂ ਨੇ ਆਪਣੇ ਪੁੱਤ ਲਈ ਇੱਛਾ ਮੌਤ ਦੀ ਮੰਗ ਕਰਦੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਦਾਖਲ ਕੀਤੀ ਹੈ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪੁੱਤਰ ਪਿਛਲੇ 12 ਸਾਲਾਂ ਤੋਂ ਤਕਲੀਫ਼ ਝੱਲ ਰਿਹਾ ਹੈ, ਉਹ ਆਪਣੇ ਦਿਲ 'ਤੇ ਪੱਥਰ ਰੱਖ ਕੇ ਕੁਦਰਤ ਦੀ ਹੋਣੀ ਨੂੰ ਮੰਨਣ ਲਈ ਤਿਆਰ ਹਨ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਵੀਰਵਾਰ ਨੂੰ ਉਸ ਪਿਤਾ ਦੀ ਪਟੀਸ਼ਨ 'ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ, ਜਿਸ ਦਾ 31 ਸਾਲਾ ਪੁੱਤਰ ਪਿਛਲੇ 12 ਸਾਲਾਂ ਤੋਂ ਵੱਧ ਸਮੇਂ ਤੋਂ ਕੋਮਾਂ ਵਿੱਚ ਹੈ ਅਤੇ ਉਸ ਨੇ ਆਪਣੇ ਪੁੱਤਰ ਲਈ ਨਕਲੀ ਜੀਵਨ ਰੱਖਿਆ ਪ੍ਰਣਾਲੀ (ਲਾਈਫ ਸਪੋਰਟ) ਨੂੰ ਵਾਪਸ ਲੈ ਕੇ ਪੈਸਿਵ ਯੂਥਨੇਸ਼ੀਆ (ਇੱਛਾ ਮੌਤ) ਦੀ ਮੰਗ ਕੀਤੀ ਹੈ।ਹਰੀਸ਼ ਰਾਣਾ ਨਾਮ ਦਾ ਇਹ ਵਿਅਕਤੀ 2013 ਵਿੱਚ ਇੱਕ ਇਮਾਰਤ ਦੀ ਚੌਥੀ ਮੰਜ਼ਿਲ ਤੋਂ ਡਿੱਗਣ ਕਾਰਨ ਸਿਰ ਵਿੱਚ ਲੱਗੀ ਗੰਭੀਰ ਸੱਟ ਦਾ ਸ਼ਿਕਾਰ ਹੋ ਗਿਆ ਸੀ ਅਤੇ ਉਹ ਪਿਛਲੇ 12 ਸਾਲਾਂ ਤੋਂ ਵੱਧ ਸਮੇਂ ਤੋਂ ਨਕਲੀ ਸਹਾਇਤਾ ਪ੍ਰਣਾਲੀ 'ਤੇ ਹੈ।

ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਈ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਅਤੇ ਪਿਤਾ ਅਸ਼ੋਕ ਰਾਣਾ ਦੀ ਪ੍ਰਤੀਨਿਧਤਾ ਕਰ ਰਹੀ ਵਕੀਲ ਰਸ਼ਮੀ ਨੰਦਾਕੁਮਾਰ ਦੀਆਂ ਦਲੀਲਾਂ ਲਗਪਗ ਇੱਕ ਘੰਟੇ ਤੱਕ ਸੁਣੀਆਂ। ਪੈਸਿਵ ਯੂਥਨੇਸ਼ੀਆ ਇੱਕ ਅਜਿਹਾ ਕੰਮ ਹੈ, ਜਿਸ ਵਿੱਚ ਮਰੀਜ਼ ਨੂੰ ਜ਼ਿੰਦਾ ਰੱਖਣ ਲਈ ਜ਼ਰੂਰੀ ਜੀਵਨ ਰੱਖਿਆ ਪ੍ਰਣਾਲੀ ਜਾਂ ਇਲਾਜ ਨੂੰ ਰੋਕ ਕੇ ਜਾਂ ਵਾਪਸ ਲੈ ਕੇ ਉਸ ਨੂੰ ਜਾਣਬੁੱਝ ਕੇ ਮਰਨ ਦਿੱਤਾ ਜਾਂਦਾ ਹੈ। ਸੁਣਵਾਈ ਦੌਰਾਨ ਅਦਾਲਤ ਨੇ ਪਰਿਵਾਰ ਵੱਲੋਂ ਇੱਕ 'ਨਿਰੰਤਰ ਅਤੇ ਚੰਗੀ ਤਰ੍ਹਾਂ ਵਿਚਾਰਿਆ ਗਿਆ' ਫੈਸਲਾ ਲੈਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪਟੀਸ਼ਨਕਰਤਾ ਦੇ ਵਕੀਲ ਨੇ ਸੁਝਾਅ ਦਿੱਤਾ ਕਿ ਹਸਪਤਾਲਾਂ ਨੂੰ ਉਨ੍ਹਾਂ ਡਾਕਟਰਾਂ ਨੂੰ ਨਾਮਜ਼ਦ ਕਰਨਾ ਚਾਹੀਦਾ ਹੈ ਜੋ ਮੈਡੀਕਲ ਬੋਰਡਾਂ ਦਾ ਹਿੱਸਾ ਹੋਣਗੇ ਜਦੋਂ ਪਰਿਵਾਰਕ ਮੈਂਬਰ ਜੀਵਨ ਰੱਖਿਆ ਪ੍ਰਣਾਲੀ ਵਾਪਸ ਲੈਣ ਦੀ ਇੱਛਾ ਨਾਲ ਅੱਗੇ ਆਉਂਦੇ ਹਨ। ਨੰਦਾਕੁਮਾਰ ਨੇ ਅਦਾਲਤ ਨੂੰ ਬੇਨਤੀ ਵੀ ਕੀਤੀ ਕਿ ਉਹ ਆਪਣੇ ਫੈਸਲੇ ਵਿੱਚ 'ਪੈਸਿਵ ਯੂਥਨੇਸ਼ੀਆ' ਸ਼ਬਦ ਦੀ ਬਜਾਏ 'ਜੀਵਨ-ਨਿਰੰਤਰ ਇਲਾਜ ਨੂੰ ਵਾਪਸ ਲੈਣਾ/ਰੋਕਣਾ' ਸ਼ਬਦ ਦੀ ਵਰਤੋਂ ਕਰੇ। 13 ਜਨਵਰੀ ਨੂੰ ਸੁਪਰੀਮ ਕੋਰਟ ਦੇ ਜੱਜਾਂ ਨੇ ਨਿੱਜੀ ਤੌਰ 'ਤੇ ਰਾਣਾ ਦੇ ਮਾਪਿਆਂ ਅਤੇ ਉਸਦੇ ਛੋਟੇ ਭਰਾ ਨਾਲ ਮੁਲਾਕਾਤ ਕੀਤੀ ਸੀ, ਜਿਨ੍ਹਾਂ ਨੇ ਕਿਹਾ ਸੀ ਕਿ ਉਹ ਨਹੀਂ ਚਾਹੁੰਦੇ ਕਿ ਹਰੀਸ਼ ਹੁਣ ਹੋਰ ਦੁੱਖ ਝੱਲੇ।

ਬੈਂਚ ਨੇ ਆਪਣੇ ਹੁਕਮ ਵਿੱਚ ਨੋਟ ਕੀਤਾ ਸੀ ਕਿ ਪਰਿਵਾਰ ਨੇ ਆਪਣੇ ਤਰੀਕੇ ਨਾਲ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਲੱਗਭੱਗ 12 ਸਾਲਾਂ ਤੋਂ ਦਿੱਤੇ ਜਾ ਰਹੇ ਡਾਕਟਰੀ ਇਲਾਜ ਨੂੰ ਬੰਦ ਕਰ ਦਿੱਤਾ ਜਾਵੇ ਅਤੇ ਕੁਦਰਤ ਨੂੰ ਆਪਣਾ ਰਾਹ ਅਪਣਾਉਣ ਦਿੱਤਾ ਜਾਵੇ, ਕਿਉਂਕਿ ਜੇਕਰ ਇਲਾਜ ਨਾਲ ਕੋਈ ਫਰਕ ਨਹੀਂ ਪੈ ਰਿਹਾ ਤਾਂ ਹਰੀਸ਼ ਨੂੰ ਬਿਨਾਂ ਕਿਸੇ ਕਾਰਨ ਤਕਲੀਫ਼ ਦੇਣ ਦਾ ਕੋਈ ਮਤਲਬ ਨਹੀਂ ਹੈ।ਅਦਾਲਤ ਨੇ ਇਸ ਤੋਂ ਪਹਿਲਾਂ ਏਮਜ਼ ਦਿੱਲੀ ਦੇ ਡਾਕਟਰਾਂ ਦੇ ਇੱਕ ਸੈਕੰਡਰੀ ਮੈਡੀਕਲ ਬੋਰਡ ਦੁਆਰਾ ਦਾਇਰ ਹਰੀਸ਼ ਦੀ ਮੈਡੀਕਲ ਰਿਪੋਰਟ ਦਾ ਅਧਿਐਨ ਕੀਤਾ ਅਤੇ ਇਸ ਨੂੰ ਇੱਕ 'ਦੁਖਦਾਈ' ਰਿਪੋਰਟ ਦੱਸਿਆ, ਜਿਸ ਵਿੱਚ ਉਸਦੇ ਠੀਕ ਹੋਣ ਦੀ ਸੰਭਾਵਨਾ ਨੂੰ ਨਾ-ਮਾਤਰ ਦੱਸਿਆ ਗਿਆ ਸੀ।

ਸੁਪਰੀਮ ਕੋਰਟ ਦੇ 2023 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਜਿਹੀ ਸਥਿਤੀ ਵਿੱਚ ਜੀਵਨ ਰੱਖਿਆ ਪ੍ਰਣਾਲੀ ਹਟਾਉਣ ਲਈ ਮਾਹਰ ਰਾਏ ਵਾਸਤੇ ਪ੍ਰਾਇਮਰੀ ਅਤੇ ਸੈਕੰਡਰੀ ਮੈਡੀਕਲ ਬੋਰਡ ਬਣਾਉਣੇ ਪੈਂਦੇ ਹਨ। ਹਰੀਸ਼ ਰਾਣਾ, ਜੋ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਸੀ, 2013 ਵਿੱਚ ਆਪਣੀ ਪੇਇੰਗ-ਗੈਸਟ ਰਿਹਾਇਸ਼ ਦੀ ਚੌਥੀ ਮੰਜ਼ਿਲ ਤੋਂ ਡਿੱਗ ਗਿਆ ਸੀ ਅਤੇ ਉਹ ਪੂਰੀ ਤਰ੍ਹਾਂ ਬਿਸਤਰੇ 'ਤੇ ਹੈ।ਇਸ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਨੇ ਪੈਸਿਵ ਯੂਥਨੇਸ਼ੀਆ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਰਾਣਾ ਵੈਂਟੀਲੇਟਰ 'ਤੇ ਨਹੀਂ ਸੀ ਬਲਕਿ ਫੂਡ ਪਾਈਪ ਰਾਹੀਂ ਖਾਣਾ ਲੈ ਰਿਹਾ ਸੀ, ਪਰ ਸੁਪਰੀਮ ਕੋਰਟ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਉਹ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਅਜਿਹੀ ਹਾਲਤ ਵਿੱਚ ਹੈ ਅਤੇ ਉਸ ਦੇ ਬਜ਼ੁਰਗ ਮਾਪਿਆਂ ਲਈ ਇਲਾਜ ਦਾ ਖਰਚਾ ਚੁੱਕਣਾ ਮੁਸ਼ਕਲ ਹੋ ਰਿਹਾ ਹੈ, ਜਿਨ੍ਹਾਂ ਨੇ ਆਪਣਾ ਘਰ ਤੱਕ ਵੇਚ ਦਿੱਤਾ ਹੈ।

# ਪਹਿਲੇ ਸਫ਼ੇ ਦੀ ਬਾਕੀ

### ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਿਮਾਣੇ ਸਿੱਖ ਵਜੋਂ

ਉਨ੍ਹਾਂ ਕਿਹਾ, 'ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਥਾਰਟੀ ਨੂੰ ਚੁਣੌਤੀ ਦੇਣ ਜਾਂ ਕਮਜ਼ੋਰ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਜੋ ਕਿ ਸਮੁੱਚੇ ਸਿੱਖ ਭਾਈਚਾਰੇ ਲਈ ਸਰਵਉੱਚ ਹੈ। ਮੇਰੀ ਸਰਕਾਰ ਸਿਰਫ ਪੰਜਾਬ ਦੀ ਤਰੱਕੀ ਅਤੇ ਇਸ ਦੇ ਲੋਕਾਂ ਦੀ ਭਲਾਈ 'ਤੇ ਕੇਂਦਰਿਤ ਹੈ।

ਖੁਦ ਨੂੰ ਪੰਜਾਬ ਦਾ ਸੇਵਾਦਾਰ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਕਿਹਾ, ਮੈਂ ਸੂਬੇ ਦੀ ਚੜ੍ਹਦੀ ਕਲਾ ਲਈ ਰੋਜ਼ਾਨਾ ਅਰਦਾਸ ਕਰਦਾ ਹਾਂ। ਮੇਰਾ ਸਿਰ ਹਮੇਸ਼ਾ ਹਰ ਧਾਰਮਿਕ ਸਥਾਨ ਅੱਗੇ ਝੁਕਦਾ ਹੈ। ਇਹ ਅਸੰਭਵ ਹੈ ਕਿ ਮੇਰਾ ਕੋਈ ਵੀ ਕੰਮ ਸੂਬੇ ਜਾਂ ਇਸ ਦੇ ਲੋਕਾਂ ਦੇ ਵਿਰੁੱਧ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਦੇ ਨੁਮਾਇੰਦੇ ਦੇ ਤੌਰ 'ਤੇ ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ 25,000 ਤੋਂ 30,000 ਪੰਨਿਆਂ ਦੀਆਂ ਸ਼ਿਕਾਇਤਾਂ ਸੌਂਪੀਆਂ ਹਨ। ਉਨ੍ਹਾਂ ਕਿਹਾ, ਇਹ ਸ਼ਿਕਾਇਤਾਂ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਦਰਸਾਉਂਦੀਆਂ ਹਨ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿੱਚ ਕਈ ਤਰ੍ਹਾਂ ਦੀਆਂ ਬੇਨਿਯਮੀਆਂ ਨੂੰ ਉਜਾਗਰ ਕੀਤਾ ਹੈ। ਮੈਂ ਜਥੇਦਾਰ ਸਾਹਿਬ ਨੂੰ ਨਿਮਰਤਾ ਨਾਲ ਬੇਨਤੀ ਕੀਤੀ ਹੈ ਕਿ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਕਰਵਾਈ ਜਾਵੇ, ਕਿਉਂਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਇਨ੍ਹਾਂ ਨਾਲ ਜੁੜੀਆਂ ਹੋਈਆਂ ਹਨ। ਸੰਸਥਾਵਾਂ ਹਮੇਸ਼ਾ ਸਰਵਉੱਚ ਹੁੰਦੀਆਂ ਹਨ, ਪਰ ਉਨ੍ਹਾਂ ਦੇ ਮੁਖੀ ਗਲਤੀ ਕਰ ਸਕਦੇ ਹਨ। ਅਜਿਹੇ ਵਿਅਕਤੀਆਂ ਪ੍ਰਤੀ ਉਨ੍ਹਾਂ ਦੇ ਮਾੜੇ ਕੰਮਾਂ ਲਈ ਕਿਸੇ ਵੀ ਤਰ੍ਹਾਂ ਦੀ ਨਰਮੀ ਨਹੀਂ ਵਰਤਣੀ ਚਾਹੀਦੀ।

ਮੁੱਖ ਮੰਤਰੀ ਨੇ ਕਿਹਾ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਉਨ੍ਹਾਂ ਨੂੰ ਸਿਰ ਮੱਥੇ ਪ੍ਰਵਾਨ ਹੈ, ਕਿਉਂਕਿ ਇਹ ਸਿੱਖਾਂ ਦੀ ਸਰਵਉੱਚ ਸੰਸਥਾ ਹੈ। ਮੈਂ ਤੇ ਮੇਰਾ ਪਰਿਵਾਰ ਸਰਵਉੱਚ ਸੰਸਥਾ ਦੇ ਹੁਕਮਾਂ ਦੀ ਪਾਲਣਾ ਕਰਦਾ ਹੈ।ਉਨ੍ਹਾਂ ਕਿਹਾ ਕਿ ਉਹ ਜਥੇਦਾਰ ਸਾਹਿਬ ਦੇ ਧੰਨਵਾਦੀ ਹਨ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਿਆਦਾ ਅਤੇ ਗੁਰਦੁਆਰਾ ਐਕਟ ਨਾਲ ਸਬੰਧਤ ਦੋ ਕੀਮਤੀ ਕਿਤਾਬਾਂ ਦਿੱਤੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਸਰੂਪਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਟੀਮ ਦੇ ਗਠਨ ਬਾਰੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਫੈਸਲੇ ਦੇ ਪਿੱਛੇ ਕੋਈ ਸਿਆਸੀ ਮਨਸ਼ਾ ਨਹੀਂ ਹੈ। ਉਨ੍ਹਾਂ ਕਿਹਾ, ਐਸ.ਆਈ.ਟੀ. ਦੀ ਜਾਂਚ ਲਾਪਤਾ ਸਰੂਪਾਂ ਦਾ ਪਤਾ ਲਾਉਣ ਲਈ ਹੈ। ਐਸ.ਆਈ.ਟੀ. ਦੀ ਜ਼ਿੰਮੇਵਾਰੀ ਸਿਰਫ ਲਾਪਤਾ ਸਰੂਪਾਂ ਦਾ ਪਤਾ ਲਾਉਣ ਤੱਕ ਸੀਮਿਤ ਕੀਤੀ ਗਈ ਹੈ ਤਾਂ ਕਿ ਉਨ੍ਹਾਂ ਦੀ ਦੁਰਵਰਤੋਂ ਨਾ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਦਖ਼ਲ ਦੇਣ ਦੀ ਬੇਨਤੀ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਗੁੰਮ ਹੋਏ ਸਰੂਪਾਂ ਦਾ ਪਤਾ ਲਾਉਣ ਲਈ ਉਨ੍ਹਾਂ ਦੁਆਰਾ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸਰੂਪ ਨੂੰ ਦਿੱਤਾ ਗਿਆ ਵਿਲੱਖਣ ਕੋਡ (ਯੂਨੀਕ ਕੋਡ) ਪ੍ਰਦਾਨ ਕਰਨ ਲਈ ਆਦੇਸ਼ ਜਾਰੀ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਅਤੇ ਸੂਬਾ ਸਰਕਾਰ ਪਾਵਨ ਸਰੂਪਾਂ ਦਾ ਪਤਾ ਲਾਏਗੀ ਅਤੇ ਇਸ ਦੀਆਂ ਥਾਵਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਜਾਣੂੰ ਕਰਵਾਏਗੀ ਤਾਂ ਕਿ ਰਹਿਤ ਮਰਿਆਦਾ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ ਕਿ ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਪਤਾ ਲੱਗਾ ਹੈ, ਉਨ੍ਹਾਂ ਧਾਰਮਿਕ ਥਾਵਾਂ ਦੀ ਇਮਾਰਤ ਅੰਦਰ ਪ੍ਰਵੇਸ਼ ਨਾ ਕੀਤਾ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਕਿ ਸਾਲ 1998 ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਿੰਟਿੰਗ ਕਈ ਥਾਵਾਂ 'ਤੇ ਕੀਤੀ ਜਾਂਦੀ ਸੀ।

### ਮੁੱਖ ਮੰਤਰੀ ਦੇ ਸਪੱਸ਼ਟੀਕਰਨ ਨੂੰ ਪੰਜ ਸਿੰਘ ਸਾਹਿਬਾਨ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਸਮਰਪਣ ਭਾਵ ਨਾਲ ਪ੍ਰਵਾਨ ਕਰਦਿਆਂ ਇਹ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਵੱਲੋਂ ਬੀਤੇ ਸਮੇਂ ਕੁਝ ਗਲਤ ਬਿਆਨੀਆਂ ਹੋਈਆਂ ਹਨ ਅਤੇ ਉਨ੍ਹਾਂ ਸਬੰਧੀ ਸਾਹਮਣੇ ਆਈ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਲਈ ਸਹਿਮਤੀ ਵੀ ਪ੍ਰਗਟਾਈ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਪੰਜਾਬ ਸੂਬੇ ਦੇ ਮੁਖੀ ਵਜੋਂ ਇੱਕ ਸੰਵਿਧਾਨਕ ਅਹੁਦੇ ਉੱਤੇ ਬੈਠੇ ਹਨ, ਜਿਸ ਨੂੰ ਸੰਭਾਲਣ ਲਈ ਉਨ੍ਹਾਂ ਨੇ ਸਹੁੰ ਚੁੱਕਣ ਵੇਲੇ ਧਰਮ ਨਿਰਪੱਖ ਰਹਿਣ ਦਾ ਪ੍ਰਣ ਕੀਤਾ ਹੈ। ਉਨ੍ਹਾਂ ਕਿਹਾ ਕਿ ਇੱਕ ਮੁੱਖ ਮੰਤਰੀ ਸੂਬੇ ਅੰਦਰ ਮੌਜੂਦ ਹਰ ਧਰਮ ਦਾ ਤਰਜਮਾਨ ਹੁੰਦਾ ਹੈ ਅਤੇ ਸ. ਭਗਵੰਤ ਸਿੰਘ ਵੱਲੋਂ ਬੀਤੇ ਸਮੇਂ ਸਿੱਖ ਧਰਮ ਦੀਆਂ ਰਵਾਇਤਾਂ, ਦਸਵੰਧ ਦੇ ਸਿਧਾਂਤ ਗੁਰੂ ਕੀ ਗੋਲਕ, ਮਰਯਾਦਾ, ਸਿਧਾਂਤਾਂ ਅਤੇ ਅੰਦਰੂਨੀ ਮਾਮਲਿਆਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਉਚਿਤ ਨਹੀਂ ਹਨ, ਜੋ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰਦੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਗੱਲ ਤੋਂ ਵਰਜਿਆ ਗਿਆ ਹੈ ਕਿ ਉਹ ਅਗਾਂਹ ਤੋਂ ਸਿੱਖ ਰਵਾਇਤਾਂ, ਗੁਰੂ ਕੀ ਗੋਲਕ, ਮਰਯਾਦਾ, ਸਿਧਾਂਤਾਂ ਅਤੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਬਾਰੇ ਇਸ ਤਰ੍ਹਾਂ ਨਾ ਬੋਲਣ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜੋ ਵੀ ਸਪੱਸ਼ਟੀਕਰਨ ਦਿੱਤਾ ਹੈ ਉਸ ਨੂੰ ਦਰਜ ਕਰ ਲਿਆ ਗਿਆ ਹੈ, ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮਦਨ ਅਤੇ ਖਰਚਿਆਂ ਨਾਲ ਸਬੰਧਤ ਚਿੱਠੀਆਂ ਦਾ ਰਿਕਾਰਡ ਪ੍ਰਕਾਸ਼ਿਤ ਕਰਨ ਵਾਲੇ ਮਾਸਿਕ ਗੁਰਦੁਆਰਾ ਗਜ਼ਟ ਰਸਾਲੇ ਦੀ ਕਾਪੀ ਵੀ ਵਿਸ਼ੇਸ਼ ਤੌਰ ਉੱਤੇ ਦਿੰਦਿਆਂ ਆਖਿਆ ਕਿ ਉਹ ਇਨ੍ਹਾਂ ਇਤਿਹਾਸਕ ਦਸਤਾਵੇਜ਼ਾਂ ਨੂੰ ਜ਼ਰੂਰ ਪੜ੍ਹਨ ਅਤੇ ਸਮਝਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਇਹ ਗੱਲ ਮੰਨੀ ਹੈ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਬਾਰੇ ਜਾਣਕਾਰੀ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਬਿਨਾਂ ਜਾਣਕਾਰੀ ਮਰਯਾਦਾ ਦੇ ਸਬੰਧ ਵਿੱਚ ਕੁਝ ਨਹੀਂ ਬੋਲਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਨਾਲ ਸਬੰਧਤ ਸਾਹਮਣੇ ਆਈ ਵੀਡੀਓ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਆਖਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੀ ਤਰਫ਼ੋਂ ਕੋਈ ਦੋ ਫੋਰੈਂਸਿਕ ਲੈਬਾਂ ਦੱਸਣ ਜਿੱਥੋਂ ਵੀਡੀਓ ਦੀ ਜਾਂਚ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਤਰਫ਼ੋਂ ਸੁਝਾਈ ਜਾਣ ਵਾਲੀ ਲੈਬਾਂ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਪਣੇ ਤੌਰ ਉੱਤੇ ਵੀ ਮੁੱਖ ਮੰਤਰੀ ਦੀ ਇਤਰਾਜ਼ਯੋਗ ਵੀਡੀਓ ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਵੀ ਰਿਪੋਰਟ ਸਾਹਮਣੇ ਆਵੇਗੀ। ਉਸ ਨੂੰ ਖ਼ਾਲਸਾ ਪੰਥ ਦੇ ਸਨਮੁਖ ਰੱਖ ਕੇ, ਅਗਲਾ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿਉਂਕਿ ਵੀਡੀਓ ਵਾਲਾ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਕਿਸੇ ਦੀ ਵੀ ਕਿਰਦਾਰਕੁਸ਼ੀ ਨਹੀਂ ਹੋਣੀ ਚਾਹੀਦੀ ਇਸ ਲਈ ਇਸਦੀ ਦੀ ਫੋਰੈਂਸਿਕ ਜਾਂਚ ਜ਼ਰੂਰੀ ਹੈ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਸਰਬਉੱਚ ਅਸਥਾਨ ਹੈ ਜਿੱਥੋਂ ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖੀ ਜਾਂਦੀ ਅਤੇ ਜੋ ਵੀ ਇੱਥੇ ਨਿਮਰਤਾ ਨਾਲ ਆਉਂਦਾ ਹੈ ਉਸ ਦੀ ਗੱਲ ਸੁਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਵਿਚਾਰ ਗੋਸ਼ਟੀ ਨਾਲ ਜੋੜਿਆ ਹੈ, ਜਿਸ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਕਾਰਜ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਬਹੁਤ ਹੀ ਚੰਗੇ ਮਾਹੌਲ ਵਿੱਚ ਸਾਰੀ ਗੱਲਬਾਤ ਹੋਈ ਹੈ ਅਤੇ ਉਹ ਆਪਣਾ ਪੱਖ ਰੱਖ ਕੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਰਾਜ ਸੱਤਾ ਵਿੱਚ ਉੱਚ ਅਹੁਦਿਆਂ ਉੱਤੇ ਬੈਠਾ ਆਗੂ ਸਿੱਖ ਰਵਾਇਤਾਂ ਤੇ ਮਰਯਾਦਾ ਵਿਰੁੱਧ ਕੋਈ ਐਸੀ ਗਲਤੀ ਕਰੇ ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜਦੀ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹ ਫ਼ਰਜ਼ ਹੈ ਕਿ ਇਸ ਦਾ ਗੰਭੀਰ ਨੋਟਿਸ ਲੈ ਕੇ ਸਬੰਧਤ ਕੋਲੋਂ ਇਸ ਸਬੰਧੀ ਪੁੱਛਗਿੱਛ ਕੀਤੀ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਇਸ ਸੰਜੀਦਾ ਮਾਮਲੇ ਉੱਤੇ ਕਿਸੇ ਤਰ੍ਹਾਂ ਦੀ ਵੀ ਕਾਹਲੀ ਨਹੀਂ ਕਰਨੀ ਚਾਹੀਦੀ ਅਤੇ ਬਿਨਾਂ ਸਹੀ ਤੱਥਾਂ ਦੇ ਕੋਈ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਵੀ ਸਭ ਨੂੰ ਇਹ ਆਦੇਸ਼ ਕੀਤਾ ਜਾ ਚੁੱਕਾ ਹੈ ਇਸ ਮਾਮਲੇ ਉੱਤੇ ਕਿਸੇ ਤਰ੍ਹਾਂ ਦੀ ਵੀ ਸਿਆਸਤ ਨਾ ਕੀਤੀ ਜਾਵੇ ਅਤੇ ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਇਸ ਦਾ ਗੰਭੀਰ ਨੋਟਿਸ ਲਿਆ ਜਾਵੇਗਾ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਆਪਣੀ ਪੇਸ਼ੀ ਮੌਕੇ ਮੁੱਖ ਮੰਤਰੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਸਬੰਧੀ ਕੁਝ ਦਸਤਾਵੇਜ਼ ਦਿੱਤੇ ਗਏ ਹਨ ਜੋ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਨੇ ਪ੍ਰਾਪਤ ਕਰ ਲਏ ਹਨ ਅਤੇ ਇਨ੍ਹਾਂ ਦੀ ਘੋਖ ਉਪਰੰਤ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਜਾਵੇਗਾ।

### ਮਹਿਲਾ ਸ਼ਕਤੀ ਦੇਸ਼ ਦੇ ਵਿਕਾਸ ਨੂੰ ਹੋਰ ਉੱਚਾਈਆਂ

ਇਸ ਯਾਦਗਾਰ ਮੌਕੇ ਯੂਨੀਵਰਸਿਟੀ ਵੱਲੋਂ ਦੋ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਆਨਰੇਰੀ ਡਾਕਟਰੇਟ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਹਨਾਂ ਵਿੱਚ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ (ਦੂਰਦਰਸ਼ੀ ਉਦਯੋਗਪਤੀ ਅਤੇ ਸਮਾਜ ਸੇਵੀ), ਜਿਨ੍ਹਾਂ ਨੇ ਸਮਾਜ ਅਤੇ ਰਾਸ਼ਟਰ ਨਿਰਮਾਣ ਵਿੱਚ ਅਸਾਧਾਰਨ ਯੋਗਦਾਨ ਪਾਇਆ ਅਤੇ ਸ੍ਰੀ ਜਸਵੀਰ ਗਿੱਲ, ਸੀ.ਈ.ਓ., ਅਲਰਟ ਐਂਟਰਪ੍ਰਾਈਜ਼ ਇੰਕ., ਕੈਲੀਫੋਰਨੀਆ (ਯੂ.ਐੱਸ.ਏ.), ਜਿਨ੍ਹਾਂ ਨੇ ਟੈਕਨਾਲੋਜੀ ਖੇਤਰ ਵਿੱਚ ਵਿਸ਼ਵ ਪੱਧਰੀ ਅਗਵਾਈ ਕੀਤੀ। ਇਸ ਮੌਕੇ 17 ਮੈਡਲ, 176 ਯੂ.ਜੀ./ਪੀ.ਜੀ. ਡਿਗਰੀਆਂ ਅਤੇ 258 ਪੀਐਚ.ਡੀ. ਡਿਗਰੀਆਂ ਵੰਡੀਆਂ ਗਈਆਂ। ਇਸ ਮੌਕੇ ਵਿਸ਼ੇਸ਼ ਹਸਤੀਆਂ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ,ਐਮਪੀ ਗੁਰਜੀਤ ਸਿੰਘ ਔਜਲਾ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਮੈਨੂੰ ਅੱਜ ਉਸ ਯੂਨੀਵਰਸਿਟੀ ਵਿਚ ਆਉਣ ਦਾ ਮੌਕਾ ਮਿਲਿਆ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਸਥਾਪਿਤ ਹੋਈ ਸੀ ਅਤੇ ਗੁਰੂ ਜੀ ਦੀਆਂ ਸਦੀਵੀ ਸਿੱਖਿਆਵਾਂ ਅੱਜ ਵੀ ਇਸਦਾ ਸਥਾਈ ਮਾਰਗਦਰਸ਼ਕ ਹਨ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਾਡੀ ਸਾਂਝੀ ਵਿਰਾਸਤ ਦੱਸਿਆ ਅਤੇ ਕਿਹਾ ਕਿ ਇਹਨਾਂ ਨੂੰ ਰੋਜ਼ਾਨਾ ਜੀਵਨ ਵਿੱਚ ਅਮਲ ਵਿਚ ਲਿਆ ਕੇ ਅਸੀਂ ਅਨੇਕ ਸਮਾਜਿਕ ਰੋਗਾਂ ਦਾ ਇਲਾਜ ਲੱਭ ਸਕਦੇ ਹਾਂ।

ਰਾਸ਼ਟਰਪਤੀ ਨੇ ਯਾਦ ਕਰਵਾਇਆ ਕਿ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਲਈ ਬਰਾਬਰੀ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਸਰਗਰਮ ਯਤਨਾਂ 'ਤੇ ਵਿਸ਼ੇਸ਼ ਮਾਣ ਪ੍ਰਗਟ ਕੀਤਾ, ਜੋ ਇਸ ਸਮਾਗਮ ਵਿੱਚ ਔਰਤ ਵਿਦਿਆਰਥਣਾਂ ਵੱਲੋਂ ਡਿਗਰੀਆਂ ਅਤੇ ਪੁਰਸਕਾਰ ਲੈਣ ਵਿੱਚ ਉਨ੍ਹਾਂ ਦੀ ਮਜ਼ਬੂਤ ਮੌਜੂਦਗੀ ਵਿੱਚ ਸਪੱਸ਼ਟ ਦਿਖਾਈ ਦਿੱਤਾ। ਉਨ੍ਹਾਂ ਜ਼ੋਰ ਦਿੱਤਾ ਕਿ ਔਰਤਾਂ ਨੂੰ ਬੇਝਿਜਕ ਵਿਸ਼ਵਾਸ ਨਾਲ ਅੱਗੇ ਵਧਣ ਲਈ ਸਸ਼ਕਤ ਬਣਾਉਣਾ ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਜੀਵਨਤਾ ਲਈ ਜ਼ਰੂਰੀ ਹੈ ਅਤੇ ਸਾਰਿਆਂ ਨੂੰ ਇਸ ਮੁਹਿੰਮ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ। ਉਨ੍ਹਾਂ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਇਸ ਦੀ ਸਫਲਤਾ ਦਾ ਸਿਹਰਾ ਅਧਿਆਪਕਾਂ, ਵਿਦਿਆਰਥੀਆਂ ਅਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੂੰ ਦਿੱਤਾ। ਉਨ੍ਹਾਂ ਵਿਦਆਰਥਣਾਂ ਦੀ ਵੱਧ ਗਿਣਤੀ ਅਤੇ ਉਨ੍ਹਾਂ ਦੀ ਵਧੀਆ ਪ੍ਰਦਰਸ਼ਨ 'ਤੇ ਵਿਸ਼ੇਸ਼ ਖੁਸ਼ੀ ਜ਼ਾਹਰ ਕੀਤੀ।

ਰਾਸ਼ਟਰਪਤੀ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਰਸਮੀ ਸਿੱਖਿਆ ਪੂਰੀ ਹੋਣ ਤੋਂ ਬਾਅਦ ਉਹ ਵੱਖ-ਵੱਖ ਰਾਹਾਂ 'ਤੇ ਚੱਲਣਗੇ - ਕੁਝ ਸਰਕਾਰੀ ਜਾਂ ਨਿੱਜੀ ਖੇਤਰ ਵਿੱਚ ਯੋਗਦਾਨ ਪਾਉਣਗੇ, ਕੁਝ ਉੱਚ ਅਧਿਐਨ ਜਾਂ ਖੋਜ ਵਿੱਚ ਜਾਣਗੇ, ਜਦਕਿ ਬਹੁਤ ਸਾਰੇ ਆਪਣੇ ਉੱਦਮ ਜਾਂ ਸਿੱਖਿਆ ਖੇਤਰ ਵਿੱਚ ਕਰੀਅਰ ਅਪਣਾਉਣਗੇ। ਹਰ ਖੇਤਰ ਵਿੱਚ ਵਿਸ਼ੇਸ਼ ਯੋਗਤਾਵਾਂ ਦੀ ਲੋੜ ਹੈ ਪਰ ਕੁਝ ਸਦੀਵੀ ਗੁਣ ਹਰ ਥਾਂ ਸਫਲਤਾ ਲਈ ਜ਼ਰੂਰੀ ਹਨ - ਜਿਵੇਂ ਜੀਵਨ ਭਰ ਸਿੱਖਣਾ, ਚੁਣੌਤੀਆਂ ਵਿੱਚ ਵੀ ਨੈਤਿਕਤਾ, ਇਮਾਨਦਾਰੀ ਅਤੇ ਸੱਚਾਈ ਪ੍ਰਤੀ ਅਟੱਲ ਵਚਨਬੱਧਤਾ, ਬਦਲਾਅ ਨੂੰ ਖੁੱਲ੍ਹੇ ਦਿਲ ਨਾਲ ਕਬੂਲਣ ਦੀ ਹਿੰਮਤ, ਅਸਫਲਤਾਵਾਂ ਤੋਂ ਸਿੱਖ ਕੇ ਅੱਗੇ ਵਧਣ ਦਾ ਸੰਕਲਪ, ਸਹਿਯੋਗ ਅਤੇ ਟੀਮ ਵਰਕ, ਸਮੇਂ ਅਤੇ ਸਰੋਤਾਂ ਦਾ ਬੁੱਧੀਮਤਾ ਨਾਲ ਪ੍ਰਬੰਧਨ ਅਤੇ ਆਪਣੀ ਵਿਦਵਤਾ ਤੇ ਪ੍ਰਤਿਭਾ ਨੂੰ ਸਿਰਫ਼ ਨਿੱਜੀ ਲਾਭ ਲਈ ਨਹੀਂ ਸਗੋਂ ਸਮਾਜ ਅਤੇ ਦੇਸ਼ ਦੇ ਵੱਡੇ ਹਿੱਤ ਲਈ ਵਰਤਣਾ। ਉਨ੍ਹਾਂ ਕਿਹਾ ਕਿ ਇਹ ਗੁਣ ਉਨ੍ਹਾਂ ਨੂੰ ਸਿਰਫ਼ ਸ਼ਾਨਦਾਰ ਪੇਸ਼ੇਵਰ ਨਹੀਂ ਸਗੋਂ ਜ਼ਿੰਮੇਵਾਰ ਨਾਗਰਿਕ ਵੀ ਬਣਾਉਣਗੇ।

ਰਾਸ਼ਟਰਪਤੀ ਨੇ ਯਾਦ ਕਰਵਾਇਆ ਕਿ ਸਿੱਖਿਆ ਸਿਰਫ਼ ਰੁਜ਼ਗਾਰ ਲਈ ਨਹੀਂ ਸਗੋਂ ਸਮਾਜ ਅਤੇ ਰਾਸ਼ਟਰ ਦੀ ਤਰੱਕੀ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੈ। ਵਿਦਿਆਰਥੀਆਂ 'ਤੇ ਉਸ ਸਮਾਜ ਦਾ ਬਹੁਤ ਵੱਡਾ ਕਰਜ਼ ਹੈ ਜਿਸ ਨੇ ਉਨ੍ਹਾਂ ਦੀ ਪਰਵਰਿਸ਼ ਕੀਤੀ ਅਤੇ ਇਸ ਨੂੰ ਚੁਕਾਉਣ ਦਾ ਇੱਕ ਅਰਥਪੂਰਨ ਤਰੀਕਾ ਉਹ ਲੋਕਾਂ ਨੂੰ ਸਹਾਇਤਾ ਕਰਨਾ ਹੈ ਜੋ ਆਪਣੇ ਸਮਾਜਿਕ ਤੇ ਹੋਰ ਤਰੱਕੀ ਵਿੱਚ ਪਿੱਛੇ ਰਹਿ ਗਏ ਹਨ।

ਉਨ੍ਹਾਂ ਪਿਛਲੇ ਦਹਾਕੇ ਵਿੱਚ ਭਾਰਤ ਦੀ ਤਕਨੀਕੀ ਨਵੀਨਤਾ ਅਤੇ ਉੱਦਮੀ ਭਾਵਨਾ ਦੀ ਅਸਾਧਾਰਨ ਤਰੱਕੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਅਗਰੀਟੈਕ ਤੋਂ ਲੈ ਕੇ ਆਰਟੀਫਿਸ਼ੀਅਲ ਇੰਟੈਲੀਜੈਂਸ, ਡਿਫੈਂਸ ਤੋਂ ਲੈ ਕੇ ਸਪੇਸ ਐਕਸਪਲੋਰੇਸ਼ਨ ਤੱਕ ਸਟਾਰਟਅੱਪ ਮੌਕੇ ਨੌਜਵਾਨਾਂ ਲਈ ਖੁੱਲ੍ਹੇ ਹਨ। ਉਨ੍ਹਾਂ ਉੱਚ ਸਿੱਖਿਆ ਸੰਸਥਾਵਾਂ ਨੂੰ ਅੱਗੇ ਵਧਾਉਣ ਲਈ ਅਪੀਲ ਕੀਤੀ ਕਿ ਉਹ ਅਤਿ-ਆਧੁਨਿਕ ਖੋਜ, ਅਕੈਡਮੀ ਅਤੇ ਉਦਯੋਗ ਵਿਚਕਾਰ ਸੰਬੰਧ ਮਜ਼ਬੂਤ ਕਰਨ ਅਤੇ ਸਮਾਜਿਕ ਜ਼ਰੂਰਤਾਂ ਨੂੰ ਹੱਲ ਕਰਨ ਵਾਲੀਆਂ ਨਵੀਨਤਾਵਾਂ ਨੂੰ ਉਤਸ਼ਾਹਿਤ ਕਰਨ।

ਰਾਸ਼ਟਰਪਤੀ ਨੇ ਪੰਜਾਬ ਵਿੱਚ ਵੱਧ ਰਹੀ ਨਸ਼ਿਆਂ ਦੀ ਗੰਭੀਰ ਸਮੱਸਿਆ 'ਤੇ ਚਿੰਤਾ ਜ਼ਾਹਰ ਕੀਤੀ ਜੋ ਨੌਜਵਾਨ ਪੀੜ੍ਹੀ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾ ਰਹੀ ਹੈ ਅਤੇ ਸਮਾਜਿਕ, ਆਰਥਿਕ ਤੇ ਨੈਤਿਕ ਬਣਤਰ ਨੂੰ ਖੋਖਲਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸਦਾ ਸਥਾਈ ਹੱਲ ਲੱਭਣਾ ਜ਼ਰੂਰੀ ਹੈ ਅਤੇ ਇਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

ਰਾਸ਼ਟਰਪਤੀ ਨੇ ਜ਼ੋਰ ਦਿੱਤਾ ਕਿ ਅਗਲੇ ਦੋ ਦਹਾਕੇ 'ਵਿਕਸਿਤ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਨਿਰਣਾਇਕ ਹਨ ਅਤੇ ਭਾਰਤ ਦਾ ਭਵਿੱਖ ਵਿਗਿਆਨਕ ਉਤਸੁਕਤਾ, ਜ਼ਿੰਮੇਵਾਰੀ ਅਤੇ ਨਿਰਸਵਾਰਥ ਸੇਵਾ ਨਾਲ ਭਰਪੂਰ ਨੌਜਵਾਨਾਂ 'ਤੇ ਨਿਰਭਰ ਹੈ। ਉਨ੍ਹਾਂ ਸਿੱਖਿਆ ਸੰਸਥਾਵਾਂ ਨੂੰ ਇਹਨਾਂ ਆਦਰਸ਼ਾਂ ਨੂੰ ਆਪਣੇ ਪਾਠਕ੍ਰਮ ਅਤੇ ਵਾਤਾਵਰਣ ਵਿੱਚ ਡੂੰਘਾਈ ਨਾਲ ਸਮਾਉਣ ਦੀ ਅਪੀਲ ਕੀਤੀ ਅਤੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਆਪਣੇ ਕਰੀਅਰ ਨੂੰ ਅਜਿਹੇ ਢੰਗ ਨਾਲ ਚੁਣਨ ਲਈ ਪ੍ਰੇਰਿਤ ਕੀਤਾ ਕਿ ਹਰ ਕੰਮ ਦੇਸ਼ ਦੀ ਮਜ਼ਬੂਤੀ ਅਤੇ ਮਾਨਵਤਾ ਦੇ ਮੁੱਢਲੇ ਸਿਧਾਂਤਾਂ ਨੂੰ ਵਧਾਏ।

ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਇਸ ਗੋਲਡਨ ਜੁਬਲੀ ਕਾਨਵੋਕੇਸ਼ਨ ਨੂੰ ਸਿੱਖਿਆ ਖੇਤਰ ਲਈ ਵੱਡੀ ਖੁਸ਼ਕਿਸਮਤੀ ਦੱਸਿਆ ਕਿ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣਾ ਸਮਰਪਣ, ਪ੍ਰਤਿਭਾ ਅਤੇ ਸਥਿਰਤਾ ਨਾਲ ਗ੍ਰੈਜੂਏਟਸ ਨੂੰ ਅਸੀਸਾਂ ਦਿੱਤੀਆਂ। ਉਨ੍ਹਾਂ ਰਾਸ਼ਟਰਪਤੀ ਦੀ ਮੌਜੂਦਗੀ ਵਿੱਚ ਖਾਸ ਕਰਕੇ ਔਰਤਾਂ (ਜੋ ਹੁਣ ਉੱਚ ਸਿੱਖਿਆ ਵਿੱਚ ਪੁਰਸ਼ਾਂ ਤੋਂ ਵੱਧ ਰਹੀਆਂ ਹਨ) ਦੀਆਂ ਪ੍ਰਾਪਤੀਆਂ ਨੂੰ ਸਨਮਾਨਿਤ ਹੋਣ 'ਤੇ ਖੁਸ਼ੀ ਜ਼ਾਹਿਰ ਕੀਤੀ ਅਤੇ ਦੇਸ਼ ਦੀਆਂ ਧੀਆਂ ਦੇ ਯੋਗਦਾਨ 'ਤੇ ਮਾਣ ਪ੍ਰਗਟ ਕੀਤਾ। ਉਨ੍ਹਾਂ ਯੂਨੀਵਰਸਿਟੀ ਇਤਿਹਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਦੇ ਪਹਿਲੇ ਰਾਸ਼ਟਰਪਤੀ ਸ੍ਰੀ ਵੀ.ਵੀ. ਗਿਰੀ ਵੱਲੋਂ ਯੂਨੀਵਰਸਿਟੀ ਦਾ ਨੀਹ ਪੱਥਰ ਰੱਖਿਆ ਗਿਆ ਸੀ ਅਤੇ ਅੱਜ 50ਵੀਂ ਕਾਨਵੋਕੇਸ਼ਨ ਮੌਕੇ ਮੌਜੂਦਾ ਮਾਨਯੋਗ ਰਾਸ਼ਟਰਪਤੀ ਸਾਡੇ ਹਾਜ਼ਰ ਹਨ, ਇਹ ਵੀ ਇੱਕ ਇਤਿਹਾਸਕ ਪਲ ਹੈ। ਉਨ੍ਹਾਂ ਯੂਨੀਵਰਸਿਟੀ ਦੇ 50 ਸਾਲਾਂ ਦੇ ਸਫਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਨੇ ਹੁਣ ਤਕ 16 ਲੱਖ ਗਰੈਜੂਏਟ ਤੇ 13 ਲੱਖ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਅਤੇ 3900 ਪੀਐਚ.ਡੀ. ਹੋਲਡਰ ਸ਼ਾਮਲ ਹਨ ਜੋ ਦੇਸ਼-ਵਿਦੇਸ਼ ਵਿੱਚ ਸੇਵਾ ਕਰ ਰਹੇ ਹਨ।

ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮਾਨਯੋਗ ਰਾਸ਼ਟਰਪਤੀ, ਰਾਜਪਾਲ ਅਤੇ ਸਾਰੇ ਵਿਸ਼ੇਸ਼ ਮਹਿਮਾਨਾਂ ਦੀ ਮੌਜੂਦਗੀ ਨੂੰ ਯੂਨੀਵਰਸਿਟੀ ਦਾ ਮਾਨ ਵਧਾਉਣ ਵਾਲਾ ਦੱਸਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ ਦੀਆਂ ਪ੍ਰਮੁੱਖ ਪਬਲਿਕ ਯੂਨੀਵਰਸਿਟੀਆਂ ਵਿੱਚੋਂ ਇੱਕ ਬਣ ਚੁੱਕੀ ਹੈ ਜਿਸ ਨੂੰ ਕੈਟੇਗਰੀ-1 ਸਟੇਟਸ ਅਤੇ ਨੈਕ ਦਾ ਸਭ ਤੋਂ ਉੱਚਾ ਸਕੋਰ 3.85 (ਏ++) ਪ੍ਰਾਪਤ ਹੈ। ਯੂਨੀਵਰਸਿਟੀ ਨੇ ਏ.ਆਈ. ਅਧਾਰਿਤ ਅਤੇ ਨੌਕਰੀ-ਅਧਾਰਿਤ ਪ੍ਰੋਗਰਾਮ, ਸਕਿੱਲ ਵਿਕਾਸ, ਉੱਦਮੀ ਸਿੱਖਿਆ, 50 ਤੋਂ ਵੱਧ ਸਟਾਰਟਅੱਪਸ, ਡਿਜੀਟਲ ਬੁਨਿਆਦੀ ਢਾਂਚਾ, ਈ-ਆਫਿਸ, ਈ.ਆਰ.ਪੀ., ਓਪਨ ਐਂਡ ਡਿਸਟੈਂਸ ਲਰਨਿੰਗ ਅਤੇ ਅੰਤਰਰਾਸ਼ਟਰੀ ਸਹਿਯੋਗ ਵਧਾਏ ਹਨ। ਸਮਾਜਿਕ ਜ਼ਿੰਮੇਵਾਰੀ ਅਧੀਨ ਗ੍ਰੀਨ ਕੈਂਪਸ, ਜਾਨਵਰਾਂ ਦੀ ਭਲਾਈ ਅਤੇ ਗ੍ਰਾਮੀਣ/ਸਰਹੱਦੀ ਖੇਤਰਾਂ ਦੇ ਵਿਦਿਆਰਥੀਆਂ ਲਈ 5% ਅਤਿਰਿਕਤ ਰਾਖਵਾਂਕਰਨ ਵਰਗੇ ਉਪਰਾਲੇ ਕੀਤੇ ਹਨ।

ਉਨ੍ਹਾਂ ਕਿਹਾ ਕਿ ਇਸ ਸੰਸਥਾ ਦੀ ਅਸਲ ਪਛਾਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਵਿੱਚ ਸਮਾਈ ਅਧਿਆਤਮਕ ਵਿਰਾਸਤ ਹੈ ਜੋ ਸਿੱਖਿਆ ਵਿੱਚ ਨਿਮਰਤਾ ਅਤੇ ਦਇਆ ਨੂੰ ਜ਼ਰੂਰੀ ਬਣਾਉਂਦੀ ਹੈ।ਗਿਆਨ ਬਿਨਾਂ ਨਿਮਰਤਾ ਅਤੇ ਵਿਦਵਤਾ ਬਿਨਾਂ ਦਇਆ ਅਧੂਰੀ ਹੈ। ਉਨ੍ਹਾਂ ਕਿਹਾ ਕਿ ਪ੍ਰਸਿੱਧ ਕਵੀ ਸੁਰਜੀਤ ਪਾਤਰ ਦੇ ਹਵਾਲੇ ਨਾਲ ਕਿਹਾ ਕਿ ਸਿੱਖਿਆ ਸਿਰਫ਼ ਡਿਗਰੀਆਂ ਵੰਡਣ ਤੱਕ ਸੀਮਤ ਨਹੀਂ ਸਗੋਂ ਬਿਹਤਰ ਇਨਸਾਨ ਬਣਾਉਣ ਲਈ ਹੈ।

ਇਸ ਮੌਕੇ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਡਿਗਰੀਆਂ ਅਤੇ ਮੈਡਲ ਤਕਸੀਮ ਕੀਤੇ ਗਏ। ਸਮਾਗਮ ਵਿੱਚ ਪ੍ਰੋ. ਐਚ.ਐੱਸ. ਸੈਣੀ (ਡੀਨ ਅਕੈਡਮਿਕ ਅਫੇਅਰਜ਼), ਪ੍ਰੋ. ਕੇ.ਐੱਸ. ਚਾਹਲ (ਰਜਿਸਟਰਾਰ), ਸੀਨੀਅਰ ਅਧਿਕਾਰੀ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਮਹਿਮਾਨ ਸ਼ਾਮਲ ਹੋਏ। ਮਾਣਯੋਗ ਰਾਸ਼ਟਰਪਤੀ ਨੇ ਮੈਰਿਟ ਵਾਲੇ ਵਿਦਿਆਰਥੀਆਂ ਨੂੰ ਗੋਲਡ ਮੈਡਲ ਵੰਡੇ ਅਤੇ ਉਨ੍ਹਾਂ ਦੀ ਉੱਤਮਤਾ, ਸਮਰਪਣ ਅਤੇ ਅਟੱਲਤਾ ਦਾ ਜਸ਼ਨ ਮਨਾਇਆ। ਇਹ ਗੋਲਡਨ ਜੁਬਲੀ ਕਨਵੋਕੇਸ਼ਨ ਸਮਾਗਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ, ਖੋਜ ਨਵੀਨਤਾ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਇਸ ਨੂੰ ਦੇਸ਼ ਦੀਆਂ ਅਗਲੀਆਂ ਯੂਨੀਵਰਸਿਟੀਆਂ ਵਿੱਚ ਮਜ਼ਬੂਤੀ ਨਾਲ ਸਥਾਪਿਤ ਕਰਦਾ ਹੈ।

### ਵਿਭਿੰਨਤਾ ਨੂੰ ਭਾਰਤ ਨੇ ਲੋਕਤੰਤਰ

ਮੋਦੀ ਨੇ ਕਿਹਾ, 'ਆਪਣੀ ਜੀ20 ਪ੍ਰਧਾਨਗੀ ਦੌਰਾਨ ਵੀ, ਭਾਰਤ ਨੇ ਗਲੋਬਲ ਸਾਊਥ ਦੀਆਂ ਤਰਜੀਹਾਂ ਨੂੰ ਗਲੋਬਲ ਏਜੰਡੇ ਦੇ ਕੇਂਦਰ ਵਿੱਚ ਰੱਖਿਆ।' ਇਸ ਕਾਨਫਰੰਸ ਵਿੱਚ ਲੱਗਭੱਗ 60 ਸਪੀਕਰ ਅਤੇ ਪ੍ਰੀਜ਼ਾਈਡਿੰਗ ਅਫਸਰ ਹਿੱਸਾ ਲੈ ਰਹੇ ਹਨ, ਜੋ 14 ਤੋਂ 16 ਜਨਵਰੀ ਤੱਕ ਸੰਵਿਧਾਨ ਭਵਨ (ਪੁਰਾਣਾ ਸੰਸਦ ਭਵਨ) ਦੇ ਸੈਂਟਰਲ ਹਾਲ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ। ਕਈ ਮੌਜੂਦਾ ਸੰਸਦੀ ਮੁੱਦਿਆਂ 'ਤੇ ਚਰਚਾ ਕੀਤੀ ਜਾ ਰਹੀ ਹੈ, ਜਿਸ ਵਿੱਚ ਮਜ਼ਬੂਤ ਲੋਕਤੰਤਰੀ ਸੰਸਥਾਵਾਂ ਨੂੰ ਬਣਾਈ ਰੱਖਣ ਵਿੱਚ ਸਪੀਕਰ ਅਤੇ ਪ੍ਰਧਾਨਗੀ ਅਧਿਕਾਰੀ ਦੀ ਭੂਮਿਕਾ ਸ਼ਾਮਲ ਹੈ। ਕਾਨਫਰੰਸ ਵਿੱਚ ਸੰਸਦੀ ਕੰਮ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਵਰਤੋਂ, ਸੰਸਦ ਮੈਂਬਰਾਂ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵ, ਸੰਸਦ ਦੀ ਜਨਤਕ ਸਮਝ ਨੂੰ ਵਧਾਉਣ ਲਈ ਨਵੀਆਂ ਰਣਨੀਤੀਆਂ ਅਤੇ ਵੋਟਿੰਗ ਤੋਂ ਇਲਾਵਾ ਨਾਗਰਿਕਾਂ ਦੀ ਭਾਗੀਦਾਰੀ ਵਧਾਉਣ ਵਰਗੇ ਮੁੱਦਿਆਂ 'ਤੇ ਵੀ ਚਰਚਾ ਕੀਤੀ ਜਾ ਰਹੀ ਹੈ।

### ਬਠਿੰਡਾ ਦੀ ਅਦਾਲਤ ਵੱਲੋਂ ਕੰਗਣਾ

ਇਹ ਵੀ ਕਿਹਾ ਗਿਆ ਕਿ ਉਹ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੁੰਦੀ ਰਹੇਗੀ।ਇਸ ਦੌਰਾਨ ਸ਼ਿਕਾਇਤਕਰਤਾ ਮਹਿੰਦਰ ਕੌਰ ਦੇ ਵਕੀਲ ਰਘੁਬੀਰ ਸਿੰਘ ਬਹਿਣੀਵਾਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਕੰਗਨਾ ਰਣੌਤ ਜਾਣਬੁੱਝ ਕੇ ਨਿੱਜੀ ਪੇਸ਼ੀ ਤੋਂ ਬਚ ਰਹੀ ਹੈ ਅਤੇ ਇਸ ਨਾਲ ਮਾਮਲੇ ਦੀ ਸੁਣਵਾਈ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪਿਛਲੇ ਚਾਰ ਸਾਲਾਂ ਤੋਂ ਲਟਕ ਰਿਹਾ ਹੈ ਅਤੇ ਪੀੜਤ ਪੱਖ ਲਗਾਤਾਰ ਇਨਸਾਫ਼ ਲਈ ਸੰਘਰਸ਼ ਕਰ ਰਿਹਾ ਹੈ। ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੰਗਨਾ ਰਣੌਤ ਦੀ ਨਿੱਜੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਨੂੰ ਸਵੀਕਾਰ ਕਰ ਲਿਆ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕੰਗਨਾ ਅਗਲੀਆਂ ਸੁਣਵਾਈਆਂ ਵਿੱਚ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਹੋ ਸਕੇਗੀ। ਅਦਾਲਤ ਨੂੰ ਦੱਸਿਆ ਗਿਆ ਕਿ ਮਾਮਲੇ ਵਿੱਚ ਪਹਿਲਾਂ ਹੀ ਕੁਝ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ ਅਤੇ ਸਬੂਤ ਵੀ ਪੇਸ਼ ਹੋ ਚੁੱਕੇ ਹਨ। ਸ਼ਿਕਾਇਤ ਕਰਤਾ ਪੱਖ ਦਾ ਦੋਸ਼ ਹੈ ਕਿ ਕਿਸਾਨ ਅੰਦੋਲਨ ਦੌਰਾਨ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇਕ ਪੋਸਟ ਰਾਹੀਂ ਕੰਗਣਾ ਰਣੌਤ ਨੇ ਮਹਿੰਦਰ ਕੌਰ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਸੀ, ਜਿਸ ਨਾਲ ਉਨ੍ਹਾਂ ਦੀ ਸਮਾਜਿਕ ਇੱਜ਼ਤ ਪ੍ਰਭਾਵਿਤ ਹੋਈ। ਹੁਣ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਦੀ ਤਾਰੀਖ਼ 27 ਜਨਵਰੀ ਤੈਅ ਕੀਤੀ ਹੈ। ਅਗਲੀ ਤਾਰੀਖ਼ 'ਤੇ ਗਵਾਹਾਂ ਅਤੇ ਅੱਗੇ ਦੀ ਕਾਨੂੰਨੀ ਪ੍ਰਕਿਰਿਆ ਸਬੰਧੀ ਸੁਣਵਾਈ ਕੀਤੀ ਜਾਵੇਗੀ। ਇਸ ਦੌਰਾਨ ਮਹਿੰਦਰ ਕੌਰ ਨੇ ਇਕ ਵਾਰ ਫਿਰ ਕਿਹਾ ਕਿ ਉਹ ਇਨਸਾਫ਼ ਮਿਲਣ ਤੱਕ ਆਪਣੀ ਕਾਨੂੰਨੀ ਲੜਾਈ ਜਾਰੀ ਰੱਖਣਗੀਆਂ।

### ਪੰਜਾਬ-ਹਰਿਆਣਾ ਵਿੱਚ ਠੰਢ ਜਾਰੀ,

ਘੱਟ ਦਰਜ ਕੀਤਾ ਗਿਆ।ਪੰਜਾਬ ਦਾ ਬਠਿੰਡਾ ਸ਼ਹਿਰ 1.6 ਡਿਗਰੀ ਨਾਲ ਸਭ ਤੋਂ ਠੰਢਾ ਰਿਹਾ। ਚੰਡੀਗੜ੍ਹ 'ਚ ਵੀ ਤਾਪਮਾਨ 4.5 ਡਿਗਰੀ ਰਿਕਾਰਡ ਕੀਤਾ ਜੋ ਕਿ ਸਾਧਾਰਨ ਤਾਪਮਾਨ ਨਾਲੋਂ 4 ਡਿਗਰੀ ਘੱਟ ਸੀ।ਕਸ਼ਮੀਰ ਵਿੱਚ ਰਾਤ ਦੇ ਤਾਪਮਾਨ ਵਿੱਚ ਥੋੜ੍ਹਾ ਵਾਧਾ ਹੋਇਆ ਹੈ, ਪਰ ਪਾਰਾ ਹਾਲੇ ਵੀ ਜ਼ੀਰੋ ਡਿਗਰੀ ਤੋਂ ਹੇਠਾਂ ਹੈ। ਸ੍ਰੀਨਗਰ ਵਿੱਚ ਰਾਤ ਦਾ ਤਾਪਮਾਨ ਮਨਫੀ 3.9 ਡਿਗਰੀ ਸੈਲਸੀਅਸ ਰਿਹਾ, ਜੋ ਪਿਛਲੇ ਦਿਨ ਦੇ ਮਨਫੀ 5.2 ਡਿਗਰੀ ਤੋਂ ਵੱਧ ਹੈ।

### ਅਨਿੰਦਿਤਾ ਮਿੱਤਰਾ ਪੰਜਾਬ ਦੇ ਨਵੇਂ

ਹੋਰ ਵਾਧੂ ਚਾਰਜ ਨਹੀਂ ਲੈ ਸਕਣਗੇ। ਹਾਲਾਂਕਿ, ਉਨ੍ਹਾਂ ਨੂੰ ਸੂਬਾ ਸਕੱਤਰੇਤ ਵਿੱਚ ਚੋਣ ਵਿਭਾਗ ਦੇ ਇੰਚਾਰਜ ਸਰਕਾਰ ਦੇ ਸਕੱਤਰ ਵਜੋਂ ਨਾਮਜ਼ਦ ਕੀਤਾ ਜਾਵੇਗਾ। ਇਹ ਨਿਯੁਕਤੀ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਤਿੰਨ ਆਈ.ਏ.ਐੱਸ. ਅਧਿਕਾਰੀਆਂ ਦੇ ਪੈਨਲ 'ਤੇ ਵਿਚਾਰ ਕਰਨ ਤੋਂ ਬਾਅਦ, ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 13-ਏ (1) ਤਹਿਤ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਇਸ ਸਬੰਧੀ ਨੋਟੀਫਿਕੇਸ਼ਨ ਨੂੰ ਪੰਜਾਬ ਸਟੇਟ ਗਜ਼ਟ ਦੇ ਅਗਲੇ ਅੰਕ ਵਿੱਚ ਪ੍ਰਕਾਸ਼ਿਤ ਕਰਨ ਲਈ ਵੀ ਕਿਹਾ ਹੈ।

### ਟਾਂਡਾ 'ਚ ਦਿਨ-ਦਿਹਾੜੇ ਗੋਲ਼ੀਆਂ ਨਾਲ ਭੁੰਨਿਆ

ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਟਾਂਡਾ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਅਗਲੇਰੀ ਜਾਨ ਪੜਤਾਲ ਸ਼ੁਰੂ ਕਰ ਦਿੱਤੀ ਹੈ। ਦਿਨ-ਦਿਹਾੜੇ ਪਿੰਡ ਮਿਆਣੀ ਵਿਚ ਹੋਈ ਇਸ ਵਾਰਦਾਤ ਨਾਲ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

### ਯੂਰਪੀ ਸੰਘ ਦੇ ਸਿਖਰਲੇ ਆਗੂ ਗਣਤੰਤਰ ਦਿਵਸ ਪਰੇਡ ਲਈ

ਯੂਰਪੀ ਸੰਘ ਦਰਮਿਆਨ ਦੁਵੱਲੇ ਰਿਸ਼ਤੇ ਮਜ਼ਬੂਤ ਤੇ ਵਸੀਹ ਹੋਏ ਹਨ।

ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਯੂਰਪੀਅਨ ਕੌਂਸਲ ਦੇ ਪ੍ਰਧਾਨ ਐਂਟੋਨੀਓ ਲੁਈਸ ਸੈਂਟੋਸ ਡੀ ਕੋਸਟਾ ਅਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵੌਨ ਡਰ ਲੀਏਨ 25 ਤੋਂ 27 ਜਨਵਰੀ ਤੱਕ ਭਾਰਤ ਦੇ ਸਰਕਾਰੀ ਦੌਰੇ 'ਤੇ ਹੋਣਗੇ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਵੇਂ ਯੂਰਪੀਅਨ ਆਗੂ 77ਵੇਂ ਗਣਤੰਤਰ ਦਿਵਸ ਸਮਾਗਮ ਵਿੱਚ ਮੁੱਖ ਮਹਿਮਾਨ ਹੋਣਗੇ। ਦੋਵੇਂ ਆਗੂ 27 ਜਨਵਰੀ ਨੂੰ 16ਵੇਂ ਭਾਰਤ-ਈਯੂ ਸੰਮੇਲਨ ਦੀ ਸਹਿ-ਪ੍ਰਧਾਨਗੀ ਵੀ ਕਰਨਗੇ।

### ਦਿੱਲੀ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ

6 ਜਨਵਰੀ, 2026 ਨੂੰ ਸਦਨ ਦੀ ਕਾਰਵਾਈ ਦੌਰਾਨ ਵਾਪਰਿਆ। ਉਸ ਦਿਨ ਸਦਨ ਵਿੱਚ ਪ੍ਰਦੂਸ਼ਣ ਦੇ ਮੁੱਦੇ 'ਤੇ ਚਰਚਾ ਹੋਣੀ ਸੀ ਪਰ ਦੋਸ਼ ਹੈ ਕਿ ਆਤਿਸ਼ੀ ਨੇ ਸਪੀਕਰ ਦੀਆਂ ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਸਦਨ ਦੀ ਮਰਿਆਦਾ ਦੀ ਉਲੰਘਣਾ ਕੀਤੀ। ਪੱਤਰ ਵਿੱਚ ਕਿਹਾ ਗਿਆ ਹੈ ਕਿ ਇਸ ਦੌਰਾਨ ਉਨ੍ਹਾਂ ਨੇ ਸਿੱਖ ਗੁਰੂਆਂ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਟਿੱਪਣੀਆਂ ਕੀਤੀਆਂ, ਜਿਸ ਕਾਰਨ ਸਦਨ ਵਿੱਚ ਭਾਰੀ ਹੰਗਾਮਾ ਹੋਇਆ ਅਤੇ ਕਾਰਵਾਈ ਵਿੱਚ ਵਿਘਨ ਪਿਆ। ਸਪੀਕਰ ਨੇ ਆਤਿਸ਼ੀ ਨੂੰ 8 ਜਨਵਰੀ ਨੂੰ ਸਦਨ ਵਿੱਚ ਹਾਜ਼ਰ ਹੋ ਕੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਸੀ, ਪਰ ਉਹ ਹਾਜ਼ਰ ਨਹੀਂ ਹੋਏ। ਇਸ ਦੇ ਨਤੀਜੇ ਵਜੋਂ, ਸਪੀਕਰ ਨੇ ਮਾਮਲੇ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਭੇਜ ਦਿੱਤਾ ਹੈ। ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਪਰਸਨ ਦੇ ਨਿਰਦੇਸ਼ਾਂ 'ਤੇ ਵਿਧਾਨ ਸਭਾ ਦੇ ਸਕੱਤਰ ਰਣਜੀਤ ਸਿੰਘ ਵੱਲੋਂ ਜਾਰੀ ਇਸ ਨੋਟਿਸ ਵਿੱਚ ਆਤਿਸ਼ੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਘਟਨਾ ਬਾਰੇ ਆਪਣਾ ਲਿਖਤੀ ਬਿਆਨ 19 ਜਨਵਰੀ, 2026 ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾਂ ਕਰਵਾਉਣ। ਇਸ ਮਾਮਲੇ ਨੇ ਦਿੱਲੀ ਦੀ ਸਿਆਸਤ ਵਿੱਚ ਨਵਾਂ ਵਿਵਾਦ ਛੇੜ ਦਿੱਤਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ 'ਤੇ ਸਿਆਸੀ ਘਮਾਸਾਨ ਤੇਜ਼ ਹੋਣ ਦੀ ਸੰਭਾਵਨਾ ਹੈ।

### ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ

ਅਨੁਸਾਰ ਦੋਸ਼ੀ ਪਾਏ ਗਏ 16 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਜਗ੍ਹਾ-ਜਗ੍ਹਾ 'ਤੇ ਛਾਪੇਮਾਰੀ ਕੀਤੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕੀਤਾ ਤੇ ਪਾਵਨ ਸਰੂਪਾਂ ਸਬੰਧੀ ਰਿਕਾਰਡ ਮੁਹੱਈਆ ਕਰਵਾਉਣ ਲਈ ਕਿਹਾ ਗਿਆ। ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਰਿਕਾਰਡ ਦੇਣ ਤੋਂ ਇੰਨਕਾਰ ਕਰ ਦਿੱਤਾ।ਜਿਸ ਉਪਰੰਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਇਸ ਮੁੱਦੇ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਅਧਿਕਾਰਕ ਤੌਰ 'ਤੇ ਸਿੱਟ ਦਾ ਸਹਿਯੋਗ ਕਰਨ ਲਈ ਆਦੇਸ਼ ਕੀਤਾ ਹੈ। ਇਸ ਲਈ ਕੱਲ੍ਹ ਦੀ ਮੀਟਿੰਗ ਵਿੱਚ ਇਹ ਮਾਮਲਾ ਬਹੁਤ ਅਹਿਮ ਰਹੇਗਾ ਜਿਸ ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਕੋਈ ਠੋਸ ਫੈਸਲਾ ਲੈਣਾ ਜ਼ਰੂਰੀ ਹੋਵੇਗਾ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਤੇ ਸਿੱਟ ਨੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ ਹੈ ਤੇ ਇਸ ਮਾਮਲੇ ਸੰਬੰਧੀ ਸਾਰੀ ਜਾਣਕਾਰੀ ਲਈ ਹੈ।

### ਆਈ-ਪੀਏਸੀ ਛਾਪੇਮਾਰੀ

# ਘਟਨਾ ਬਹੁਤ ਹੀ ਹੈਰਾਨ ਕਰਨ ਵਾਲੇ ਪੈਟਰਨ ਨੂੰ ਦਰਸਾਉਂਦੀ ਹੈ: ਈਡੀ

ਨਵੀਂ ਦਿੱਲੀ, 15 ਜਨਵਰੀ (ਪ੍ਰਤੀਨਿਧੀ):ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਵੀਰਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਪੱਛਮੀ ਬੰਗਾਲ ਸਰਕਾਰ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਆਈ-ਪੈਕ ਦੇ ਦਫਤਰ ਅਤੇ ਇਸ ਦੇ ਮੁਖੀ ਦੀ ਰਿਹਾਇਸ਼ 'ਤੇ ਜਾਂਚ ਅਤੇ ਤਲਾਸ਼ੀ ਮੁਹਿੰਮ ਵਿੱਚ ਕੀਤੀ ਗਈ 'ਦਖਲਅੰਦਾਜ਼ੀ ਅਤੇ ਰੁਕਾਵਟ' ਇੱਕ ਬਹੁਤ ਹੀ ਹੈਰਾਨ ਕਰਨ ਵਾਲੇ ਪੈਟਰਨ ਨੂੰ ਦਰਸਾਉਂਦੀ ਹੈ। ਈਡੀ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਵਿਪੁਲ ਪੰਚੋਲੀ ਦੇ ਬੈਂਚ ਨੂੰ ਦੱਸਿਆ ਕਿ ਅਤੀਤ ਵਿੱਚ ਵੀ ਜਦੋਂ ਵੀ ਸੰਵਿਧਾਨਕ ਅਧਿਕਾਰੀਆਂ ਨੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕੀਤੀ ਹੈ, ਮਮਤਾ ਬੈਨਰਜੀ ਨੇ ਉਸ ਵਿੱਚ ਦਖਲ ਦਿੱਤਾ ਹੈ।

ਮਹਿਤਾ ਨੇ ਦਲੀਲ ਦਿੱਤੀ ਕਿ ਅਜਿਹੀਆਂ ਕਾਰਵਾਈਆਂ ਨਾਲ ਕੇਂਦਰੀ ਬਲਾਂ ਦੇ ਹੌਸਲੇ ਪਸਤ ਹੋਣਗੇ ਅਤੇ ਰਾਜਾਂ ਨੂੰ ਲੱਗੇਗਾ ਕਿ ਉਹ ਕਿਤੇ ਵੀ ਦਾਖਲ ਹੋ ਕੇ ਚੋਰੀ ਕਰ ਸਕਦੇ ਹਨ ਅਤੇ ਫਿਰ ਧਰਨੇ 'ਤੇ ਬੈਠ ਸਕਦੇ ਹਨ; ਉਨ੍ਹਾਂ ਨੇ ਮੰਗ ਕੀਤੀ ਕਿ ਉੱਥੇ ਮੌਜੂਦ ਅਧਿਕਾਰੀਆਂ ਨੂੰ ਮੁਅੱਤਲ ਕਰਕੇ ਇੱਕ ਮਿਸਾਲ ਕਾਇਮ ਕੀਤੀ ਜਾਣੀ ਚਾਹੀਦੀ ਹੈ।


**ਉੱਤਰ ਰੇਲਵੇ**

**ਈ-ਆਕਸ਼ਨ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਈ-ਨੀਲਾਮੀ ਕੀਤੀ ਜਾਵੇਗੀ (ਟੇਬਲ ਅਨੁਸਾਰ)। ਜਿਸ ਦਾ ਵੇਰਵਾ ਵੈਬਸਾਈਟ IREPS ਉਤੇ ਮੌਜੂਦ ਹੈ। ਈ-ਨੀਲਾਮੀ ਲੀਜਿੰਗ ਦੀ ਬਿਆਨਾ ਰਾਸ਼ੀ, ਬੋਲੀ ਦੀ 5% ਹੋਵੇਗੀ ਅਤੇ ਬੋਲੀ, ਘਟ ਤੋਂ ਘਟ ਬੋਲੀ ਮੁੱਲ ਤੋਂ 0.2% ਵਧਾ ਕੇ ਲਗਾਉਣੀ ਹੋਵੇਗੀ।

ਨੀਲਾਮੀ ਕੈਟਲਾਗ ਨੰ: UMB-Ctg-01-26 ਰੇਟ ਯੂਨਿਟ : ਸਲਾਨਾ ਲਾਈਸੈਂਸ ਫੀਸ
ਨੀਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ: 28.01.2026 ਨੂੰ 12:00 ਵਜੇ

| ਲ. ਨੰ. | ਲਾਟ ਨੰ. ਅਤੇ ਵੇਰਵਾ | ਨੀਲਾਮੀ ਸਮਾਪਤ ਹੋਣ ਦੀ ਮਿਤੀ ਤੇ ਸਮਾਂ |
|---|---|---|
| 1. | Catg-UMB-MET-GMU-177-26-1 (ਖਾਨ ਪਾਨ-ਜਨਰਲ ਮਾਈਨਰ ਯੂਨਿਟ (ਜੀਐਮਯੂ) (ਆਕਾਰ 10 X 6') ਸਟਾਲ ਨੰ.-2 ਜਨਰਲ ਸ਼੍ਰੇਣੀ ਦੇ ਲਈ ਪਲੇਟਫਾਰਮ ਨੰਬਰ-1, ਮਲੇਰਕੋਟਲਾ (MET) ਰੇਲਵੇ ਸਟੇਸ਼ਨ ਉਤੇ। | 28.01.2026 ਨੂੰ 12:30 ਵਜੇ |
| 2. | Catg-UMB-BXC-GMU-176-26-1 (ਖਾਨ ਪਾਨ-ਜਨਰਲ ਮਾਈਨਰ ਯੂਨਿਟ (ਜੀਐਮਯੂ) (ਆਕਾਰ 10 X 6') ਸਟਾਲ ਨੰ.-2 ਜਨਰਲ ਸ਼੍ਰੇਣੀ ਦੇ ਲਈ ਪਲੇਟਫਾਰਮ ਨੰਬਰ-1, ਬਰਵਾਲਾ (BXC) ਰੇਲਵੇ ਸਟੇਸ਼ਨ ਉਤੇ। | 28.01.2026 ਨੂੰ 12:40 ਵਜੇ |
| 3. | Catg-UMB-ANSB-SMU-163-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (ਐਸਐਮਯੂ) (ਆਕਾਰ 10 X 6') ਸਟਾਲ ਨੰ.-02 ਹੋਰ ਪਿਛੜਾ ਵਰਗ (ਓਬੀਸੀ) ਕਲਾਸ ਦੇ ਲਈ ਪਲੇਟਫਾਰਮ ਨੰਬਰ-01, ਆਨੰਦਪੁਰ ਸਾਹਿਬ (ANSB) ਰੇਲਵੇ ਸਟੇਸ਼ਨ ਉਤੇ। | 28.01.2026 ਨੂੰ 12:50 ਵਜੇ |

ਨੀਲਾਮੀ ਕੈਟਲਾਗ ਨੰ.: UMB-Mix-04-26 ਰੇਟ ਯੂਨਿਟ : ਸਲਾਨਾ ਲਾਈਸੈਂਸ ਫੀਸ
ਨੀਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ: 29.01.2026 ਨੂੰ 12:00 ਵਜੇ

| ਲ. ਨੰ. | ਲਾਟ ਨੰ. ਅਤੇ ਵੇਰਵਾ | ਨੀਲਾਮੀ ਸਮਾਪਤ ਹੋਣ ਦੀ ਮਿਤੀ ਤੇ ਸਮਾਂ |
|---|---|---|
| 1. | Catg-UMB-BTI-SMU-175-25-1 (ਖਾਨ ਪਾਨ-ਸਪੈਸ਼ਲ ਮਾਈਨਰ ਯੂਨਿਟ (ਐਸਐਮਯੂ) (ਆਕਾਰ 2.51 x 3.42 ਵਰਗ ਮੀਟਰ) ਸਟਾਲ ਨੰਬਰ-01, ਅਨੁਸੂਚਿਤ ਜਾਤੀ (ਐਸਸੀ) ਸ਼੍ਰੇਣੀ ਦੇ ਲਈ ਸਰਕੂਲੇਅਿੰਗ ਖੇਤਰ ਦੇ ਬਠਿੰਡਾ (BTI) ਰੇਲਵੇ ਸਟੇਸ਼ਨ ਉਤੇ। | 29.01.2026 ਨੂੰ 12:30 ਵਜੇ |
| 2. | HyB-OnB-132321-26-1 (Hybrid NFR-On-board Hybdrid) ਟ੍ਰੇਨ ਨੰਬਰ 52459 / 52460 ਵਿਚ ਕਾਲਕਾ-ਸ਼ਿਮਲਾ ਨੈਰੋ ਗੇਜ ਰੇਲ ਸੇਕਸ਼ਨ ਦੇ ਵਿਚ ਅੰਬਾਲਾ ਡਵੀਜਨ ਦੇ ਅਧਿਕਾਰ ਖੇਤਰ ਵਿਚ 3 ਸਾਲ ਦੇ ਸਮੇਂ ਦੇ ਲਈ ਵਖ-ਵਖ ਖਾਨਪਾਨ ਵਸਤੂਆਂ (ਖਾਦ ਪਦਾਰਥ, ਅਰੇਟੇਡ ਡ੍ਰਿਕ ਅਤੇ ਪੀਡਬਲਯੂ ਆਈਟਮ ਸਮੇਤ) ਦੀ ਟ੍ਰੇ ਸਾਈਡ ਵੇਂਡਿੰਗ। | 29.01.2026 ਨੂੰ 12:50 ਵਜੇ |

165/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

### ਦਿੱਲੀ ਦੀ ਸਾਬਕਾ ਮੁੱਖ ਮੰਤਰੀ ਦੀ ਫਰਜ਼ੀ ਵੀਡੀਓ ਦਾ ਮਾਮਲਾ

# ਭਾਜਪਾ 'ਭਾਰਤੀ ਝੂਠਾ ਪਾਰਟੀ' ਬਣੀ, ਉਨ੍ਹਾਂ ਦੀ ਸਿਆਸੀ ਸਿਰਫ਼ ਝੂਠ ਤੇ ਫਰਜ਼ੀ ਪ੍ਰਚਾਰ 'ਤੇ ਟਿਕੀ ਹੋਈ ਹੈ : ਅਮਨ ਅਰੋੜਾ



ਜਲੰਧਰ/ਚੰਡੀਗੜ੍ਹ, 15 ਜਨਵਰੀ (ਅੰਮ੍ਰਿਤਪਾਲ ਸਿੰਘ): ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੱਡਾ ਝਟਕਾ ਦਿੰਦਿਆਂ ਜਲੰਧਰ ਦੀ ਇੱਕ ਅਦਾਲਤ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਆਗੂ ਆਤਿਸ਼ੀ ਨਾਲ ਸਬੰਧਤ ਫਰਜ਼ੀ ਵੀਡੀਓ ਮਾਮਲੇ ਵਿੱਚ ਵੱਡਾ ਹੁਕਮ ਜਾਰੀ ਕੀਤਾ ਹੈ। ਫੋਰੈਂਸਿਕ ਰਿਪੋਰਟ ਦੇ ਅਧਾਰ 'ਤੇ, ਜਿਸ ਵਿੱਚ ਸਾਬਤ ਹੋਇਆ ਕਿ ਵੀਡੀਓ ਨਾਲ ਛੇੜਛਾੜ ਕੀਤੀ ਗਈ ਸੀ ਅਤੇ ਇਹ ਫਰਜ਼ੀ ਸੀ, ਅਦਾਲਤ ਨੇ ਇਸ ਨੂੰ ਸਾਰੇ ਪ੍ਰਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਤੁਰੰਤ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਦੇ ਇਸ ਫ਼ੈਸਲੇ ਨਾਲ ਭਾਜਪਾ ਦਾ ਝੂਠ ਅਤੇ ਨਫ਼ਰਤ ਦੀ ਰਾਜਨੀਤੀ ਸਿੱਧੇ ਤੌਰ 'ਤੇ ਬੇਨਕਾਬ ਹੋਈ ਹੈ। ਅਦਾਲਤ ਨੇ ਫੇਸਬੁੱਕ, ਇੰਸਟਾਗ੍ਰਾਮ, 'X' ਤੇ ਟੈਲੀਗ੍ਰਾਮ ਨੂੰ 24 ਘੰਟਿਆਂ ਦੇ ਅੰਦਰ ਇਸ ਫਰਜ਼ੀ ਅਤੇ ਛੇੜਛਾੜ ਕੀਤੀ ਵੀਡੀਓ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ। ਗਲਤ ਜਾਣਕਾਰੀ ਦੇ ਫੈਲਾਅ ਵਿਰੁੱਧ ਸਖ਼ਤ ਰੁਖ ਅਖਤਿਆਰ ਕਰਦਿਆਂ ਅਦਾਲਤ ਨੇ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸਾਈਬਰ ਕ੍ਰਾਈਮ ਵਿਭਾਗ ਤੋਂ ਜਾਣਕਾਰੀ ਮਿਲਣ 'ਤੇ ਅਜਿਹੀ ਕਿਸੇ ਵੀ ਵੀਡੀਓ ਨੂੰ ਤੁਰੰਤ ਹਟਾਇਆ ਜਾਵੇ।

ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਅਜਿਹੀ ਫਰਜ਼ੀ ਸਮੱਗਰੀ ਦੇ ਪ੍ਰਸਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਦਾਲਤ ਦੇ ਹੁਕਮਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਇਕ ਵਾਰ ਫਿਰ ਭਾਜਪਾ ਦੇ ਝੂਠ, ਫਰੇਬ ਤੇ ਗਲਤ ਇਰਾਦੇ ਪੂਰੀ ਤਰ੍ਹਾਂ ਬੇਨਕਾਬ ਹੋ ਗਏ ਹਨ। ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਦੌਰਾਨ, ਭਾਜਪਾ ਨੇ ਸਾਡੇ ਸੀਨੀਅਰ ਆਗੂ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਜੀ ਦਾ ਨਾਂ ਵਿਧਾਨ ਸਭਾ 'ਚ ਸਾਡੇ ਸਤਿਕਾਰਯੋਗ ਗੁਰੂਆਂ ਦੀ ਕਥਿਤ ਬੇਅਦਬੀ ਨਾਲ ਜੋੜ ਕੇ ਸਰੇਆਮ ਝੂਠ ਫੈਲਾਉਣ ਦੀ ਕੋਸ਼ਿਸ਼ ਕੀਤੀ। ਇਹ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਜਾਣਬੁੱਝ ਕੇ ਫਿਰਕੂ ਸਦਭਾਵਨਾ ਨੂੰ ਵਿਗਾੜਨ ਦੀ ਇੱਕ ਸੋਚੀ-ਸਮਝੀ ਸਾਜ਼ਿਸ਼ ਸੀ। ਅਰੋੜਾ ਨੇ ਅੱਗੇ ਕਿਹਾ ਕਿ ਪਹਿਲਾਂ ਵੀ ਫੋਰੈਂਸਿਕ ਜਾਂਚ ਵਿੱਚ ਸਪੱਸ਼ਟ ਤੌਰ 'ਤੇ ਸਾਬਤ ਹੋਇਆ ਸੀ ਕਿ ਕਪਿਲ ਮਿਸ਼ਰਾ ਤੇ ਹੋਰ ਭਾਜਪਾ ਆਗੂਆਂ ਦੇ ਨਾਲ-ਨਾਲ ਕਾਂਗਰਸ ਦੇ ਕੁਝ ਆਗੂਆਂ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਪੂਰੀ ਤਰ੍ਹਾਂ ਫਰਜ਼ੀ ਸੀ। ਹੁਣ ਅਦਾਲਤ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਵੀਡੀਓਜ਼ ਫਰਜ਼ੀ, ਧੋਖਾਧੜੀ ਤੇ ਕੁਝ ਵੀ ਨਹੀਂ ਸਗੋਂ ਗੁਮਰਾਹ ਕਰਨ ਵਾਲੀਆਂ ਹਨ ਤੇ ਇਨ੍ਹਾਂ ਨੂੰ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਹਟਾਉਣ ਦਾ ਹੁਕਮ ਦਿੱਤਾ ਹੈ।

ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ 'ਆਪ' ਪੰਜਾਬ ਦੇ ਪ੍ਰਧਾਨ ਨੇ ਕਿਹਾ ਕਿ ਅਦਾਲਤ ਦੇ ਹੁਕਮਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ ਸਸਤੀ, ਨੀਵੇਂ ਪੱਧਰ ਦੀ ਅਤੇ ਫਰੇਬ ਵਾਲੀ ਰਾਜਨੀਤੀ 'ਤੇ ਟਿਕੀ ਹੋਈ ਹੈ। ਅਮਨ ਅਰੋੜਾ ਨੇ ਕਿਹਾ ਕਿ ਇਹ ਸਪੱਸ਼ਟ ਤੌਰ 'ਤੇ ਸਾਬਤ ਕਰਦਾ ਹੈ ਕਿ ਆਪਣੀ ਖ਼ਤਮ ਹੋ ਚੁੱਕੀ ਰਾਜਨੀਤੀ ਨੂੰ ਜ਼ਿੰਦਾ ਰੱਖਣ ਲਈ ਭਾਜਪਾ ਕਿਸੇ ਵੀ ਪੱਧਰ ਤੱਕ ਡਿੱਗ ਸਕਦੀ ਹੈ ਤੇ ਇਹ ਸਭ ਤੋਂ ਸ਼ਰਮਨਾਕ ਝੂਠ ਦਾ ਸਹਾਰਾ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹੁਣ 'ਭਾਰਤੀ ਜਨਤਾ ਪਾਰਟੀ' ਨਹੀਂ ਰਹੀ ਸਗੋਂ ਇਹ 'ਭਾਰਤੀ ਝੂਠਾ ਪਾਰਟੀ' ਵਿੱਚ ਬਦਲ ਗਈ ਹੈ, ਜਿਸ ਦਾ ਇੱਕੋ-ਇੱਕ ਏਜੰਡਾ ਪੰਜਾਬ ਵਿੱਚ ਆਪਣੀ ਗੁਆਚੀ ਸਿਆਸੀ ਜ਼ਮੀਨ ਮੁੜ ਹਾਸਲ ਕਰਨ ਲਈ ਝੂਠ ਬੋਲਣਾ, ਬਦਨਾਮ ਕਰਨਾ ਤੇ ਫਿਰਕੂ ਜ਼ਹਿਰ ਫੈਲਾਉਣਾ ਹੈ। ਉਨ੍ਹਾਂ ਨੇ ਫਰਜ਼ੀ ਵੀਡੀਓ ਨੂੰ ਸਾਂਝਾ ਕਰਨ ਅਤੇ ਇਸ ਦਾ ਪ੍ਰਚਾਰ ਕਰਨ ਵਾਲੇ ਸਾਰਿਆਂ ਤੋਂ ਬਿਨਾਂ ਸ਼ਰਤ ਜਨਤਕ ਮੁਆਫ਼ੀ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਦੇ ਨਾਲ-ਨਾਲ ਭਾਜਪਾ ਦੇ ਜਿਨ੍ਹਾਂ ਆਗੂਆਂ ਨੇ ਬੇਸ਼ਰਮੀ ਨਾਲ ਇਸ ਫਰਜ਼ੀ ਵੀਡੀਓ ਨੂੰ ਸਾਂਝਾ ਕੀਤਾ ਤੇ ਉਤਸ਼ਾਹਿਤ ਕੀਤਾ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਨੇ ਸਿਆਸੀ ਲਾਹੇ ਲਈ ਪੰਜਾਬੀਆਂ ਦੀ ਆਸਥਾ ਨਾਲ ਖੇਡਣ ਦੀ ਕੋਸ਼ਿਸ਼ ਕੀਤੀ। ਅਦਾਲਤ ਦੇ ਹੁਕਮਾਂ ਨੇ ਉਨ੍ਹਾਂ ਦੀ ਸਾਜ਼ਿਸ਼ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ।

# ਸੂਬਾ ਸਰਕਾਰ ਨੇ ਪੰਜਾਬ ਦੀਆਂ ਬੱਸ ਸੇਵਾਵਾਂ ਨੂੰ ਆਧੁਨਿਕ ਬਣਾਉਣ ਲਈ ਡਿਜੀਟਲ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਦੀ ਸ਼ੁਰੂਆਤ ਕਰਨ ਸਬੰਧੀ ਚੁੱਕਿਆ ਫ਼ੈਸਲਾਕੁੰਨ ਕਦਮ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਆਧੁਨਿਕ, ਨਾਗਰਿਕ ਪੱਖੀ ਪ੍ਰਸ਼ਾਸਨ ਵੱਲ ਆਪਣੇ ਨਿਰਣਾਇਕ ਕਦਮ ਜਾਰੀ ਰੱਖਦਿਆਂ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰੀ ਬੱਸ ਸੇਵਾਵਾਂ ਵਿੱਚ ਡਿਜੀਟਲ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਦੀ ਖਰੀਦ ਨੂੰ ਮਨਜ਼ੂਰੀ ਦੇ ਕੇ ਜਨਤਕ ਆਵਾਜਾਈ ਦੀ ਨੁਹਾਰ ਨੂੰ ਬਦਲਣ ਦੀ ਦਿਸ਼ਾ ਵਿੱਚ ਇੱਕ ਹੋਰ ਫੈਸਲਾਕੁੰਨ ਕਦਮ ਚੁੱਕਿਆ ਹੈ। ਇਹ ਪਹਿਲਕਦਮੀ ਨਾਗਰਿਕਾਂ ਲਈ ਰੋਜ਼ਾਨਾ ਜਨਤਕ ਸੇਵਾਵਾਂ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਤੇ ਸੁਵਿਧਾਜਨਕ ਬਣਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਨ ਪ੍ਰਤੀ ਸਰਕਾਰ ਦੀ ਤਰਜੀਹ ਨੂੰ ਦਰਸਾਉਂਦੀ ਹੈ। ਡਿਜੀਟਲ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਦੀ ਸ਼ੁਰੂਆਤ ਪੰਜਾਬ ਵਿੱਚ ਯਾਤਰੀਆਂ ਦੇ ਬੱਸ ਸੇਵਾਵਾਂ ਵਿੱਚ ਸਫ਼ਰ ਕਰਨ ਦੇ ਤਰੀਕਿਆਂ ਵਿੱਚ ਇੱਕ ਅਹਿਮ ਸੁਧਾਰ ਹੈ। ਇਸ ਸੁਧਾਰ ਸਦਕਾ, ਯਾਤਰੀ ਵੱਖ-ਵੱਖ ਡਿਜੀਟਲ ਭੁਗਤਾਨ ਵਿਕਲਪਾਂ ਦੀ ਵਰਤੋਂ ਕਰਕੇ ਟਿਕਟਾਂ ਖਰੀਦ ਸਕਣਗੇ, ਜਿਸ ਵਿੱਚ ਕਿਊ.ਆਰ. ਕੋਡ ਅਧਾਰਤ ਭੁਗਤਾਨ, ਯੂ.ਪੀ.ਆਈ. ਤੇ ਕਾਰਡ ਅਧਾਰਤ ਲੈਣ-ਦੇਣ, ਆਫਲਾਈਨ ਮੋਡ ਸ਼ਾਮਲ ਹਨ। ਇਸ ਸਿਸਟਮ ਨੂੰ ਉਡੀਕ ਸਮੇਂ ਨੂੰ ਘੱਟ ਕਰਨ, ਨਕਦੀ 'ਤੇ ਨਿਰਭਰਤਾ ਘਟਾਉਣ ਅਤੇ ਸਹੀ ਤੇ ਪੂਰੀ ਤਰ੍ਹਾਂ ਸੁਰੱਖਿਅਤ ਲੈਣ-ਦੇਣ ਰਾਹੀਂ ਯਾਤਰੀਆਂ ਲਈ ਇੱਕ ਸੁਚਾਰੂ ਯਾਤਰਾ ਅਨੁਭਵ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਨਵੀਂ ਟਿਕਟਿੰਗ ਪ੍ਰਣਾਲੀ ਰਾਹੀਂ ਸਰਕਾਰ ਯਾਤਰੀਆਂ ਦੀ ਸਹੂਲਤ ਤੇ ਯਾਤਰਾ ਸਬੰਧੀ ਯੋਜਨਾਬੰਦੀ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਇਹ ਮਸ਼ੀਨਾਂ ਜੀ.ਪੀ.ਐਸ. ਸਮਰੱਥ ਹੋਣਗੀਆਂ, ਜਿਸ ਨਾਲ ਬੱਸਾਂ ਦੀ ਲਾਈਵ ਟਰੈਕਿੰਗ, ਨੇੜਲੇ ਬੱਸ ਸਟਾਪਾਂ ਦੀ ਜਾਣਕਾਰੀ ਤੇ ਵੱਖ-ਵੱਖ ਰੂਟਾਂ 'ਤੇ ਉਪਲਬਧ ਬੱਸਾਂ ਬਾਰੇ ਅਸਲ-ਸਮੇਂ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਸੀਟਾਂ ਦੀ ਉਪਲਬਧਤਾ ਦਾ ਪਤਾ ਲਗਾਉਣ ਤੇ ਸਫ਼ਰ ਨੂੰ ਵਧੇਰੇ ਕੁਸ਼ਲ ਬਣਾਉਣ ਦੀ ਸਹੂਲਤ ਨਾਲ ਸਰਕਾਰੀ ਬੱਸ ਸੇਵਾਵਾਂ ਦੀ ਭਰੋਸੇਯੋਗਤਾ ਵਿੱਚ ਹੋਰ ਵਾਧਾ ਹੋਵੇਗਾ।

ਮਹੱਤਵਪੂਰਨ ਗੱਲ ਇਹ ਹੈ ਕਿ ਭਗਵੰਤ ਮਾਨ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਇਸ ਦੀਆਂ ਪ੍ਰਮੁੱਖ ਭਲਾਈ ਤਰਜੀਹਾਂ ਨਵੀਂ ਪ੍ਰਣਾਲੀ ਤਹਿਤ ਪੂਰੀ ਤਰ੍ਹਾਂ ਸੁਰੱਖਿਅਤ ਰਹਿਣ। ਸਰਕਾਰ ਦੀ ਨੀਤੀ ਅਨੁਸਾਰ, ਔਰਤਾਂ ਲਈ ਮੁਫ਼ਤ ਬੱਸ ਯਾਤਰਾ ਨਿਰਵਿਘਨ ਜਾਰੀ ਰਹੇਗੀ। ਮਹਿਲਾ ਯਾਤਰੀਆਂ ਨੂੰ ਮੁਫ਼ਤ ਯਾਤਰਾ ਦਾ ਲਾਭ ਲੈਣ ਲਈ ਸਮਾਰਟ ਕਾਰਡ ਜਾਰੀ ਕੀਤੇ ਜਾਣਗੇ, ਜੋ ਕਿ ਔਰਤਾਂ ਦੀ ਮਾਣ, ਸੁਰੱਖਿਆ ਤੇ ਆਉਣ-ਜਾਣ ਵਿੱਚ ਸੌਖ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹਨ। ਵਿਦਿਆਰਥੀਆਂ ਨੂੰ ਵੀ ਸਮਾਰਟ ਕਾਰਡ ਪ੍ਰਦਾਨ ਕੀਤੇ ਜਾਣਗੇ ਤੇ ਇਹਨਾਂ ਕਾਰਡਾਂ ਨੂੰ ਸਮਰਪਿਤ ਐਪਲੀਕੇਸ਼ਨ ਰਾਹੀਂ ਆਨਲਾਈਨ ਰੀਚਾਰਜ ਕੀਤਾ ਜਾ ਸਕਦਾ ਹੈ, ਜਿਸ ਨਾਲ ਨੌਜਵਾਨਾਂ ਲਈ ਆਉਣ-ਜਾਣ ਵਧੇਰੇ ਪਹੁੰਚਯੋਗ ਤੇ ਕਿਫਾਇਤੀ ਬਣ ਜਾਵੇਗਾ। ਇਸ ਪਹਿਲਕਦਮੀ ਤਹਿਤ ਪੇਸ਼ ਕੀਤਾ ਗਿਆ ਸਮਾਰਟ ਕਾਰਡ ਈਕੋਸਿਸਟਮ ਨਾਗਰਿਕਾਂ ਵਾਸਤੇ ਸਮਾਰਟ ਕਾਰਡਾਂ ਨੂੰ ਮੋਬਾਈਲ ਐਪ ਰਾਹੀਂ ਡਿਜੀਟਲ ਰੂਪ ਵਿੱਚ ਰੀਚਾਰਜ ਕੀਤਾ ਜਾ ਸਕਦਾ ਹੈ, ਜੋ ਕਿ ਜਨਤਕ ਆਵਾਜਾਈ ਨੂੰ ਆਧੁਨਿਕ ਡਿਜੀਟਲ ਬੁਨਿਆਦੀ ਢਾਂਚੇ ਨਾਲ ਜੋੜਨ ਤੇ ਯਾਤਰੀਆਂ ਨੂੰ ਬਿਹਤਰ ਅਨੁਭਵ ਪ੍ਰਦਾਨ ਕਰਨ ਪ੍ਰਤੀ ਸਰਕਾਰ ਦੇ ਯਤਨਾਂ ਨੂੰ ਦਰਸਾਉਂਦਾ ਹੈ।

ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪ੍ਰਬੰਧਕੀ ਤੇ ਪ੍ਰਸ਼ਾਸਨਿਕ ਦ੍ਰਿਸ਼ਟੀਕੋਣ ਤੋਂ, ਡਿਜੀਟਲ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਟਰਾਂਸਪੋਰਟ ਵਿਭਾਗ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣਗੀਆਂ। ਟਿਕਟਾਂ ਦੀ ਵਿਕਰੀ ਤੇ ਬੱਸਾਂ ਦੀ ਆਵਾਜਾਈ ਦੀ ਅਸਲ-ਸਮੇਂ ਦੀ ਨਿਗਰਾਨੀ ਨਾਲ ਮਾਲੀਏ 'ਚ ਪਾਰਦਰਸ਼ਤਾ ਵਧਾਏਗੀ, ਦਸਤੀ ਦਖਲਅੰਦਾਜ਼ੀ ਘਟੇਗੀ ਅਤੇ ਜਵਾਬਦੇਹੀ 'ਚ ਵਾਧਾ ਹੋਵੇਗਾ। ਸਹੀ ਡਿਜੀਟਲ ਡੇਟਾ ਦੀ ਉਪਲਬਧਤਾ ਬਿਹਤਰ ਯੋਜਨਾਬੰਦੀ, ਢੁਕਵੇਂ ਫੈਸਲੇ ਲੈਣ ਤੇ ਬੱਸਾਂ ਦੀ ਕੁਸ਼ਲ ਤਾਇਨਾਤੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ, ਜਿਸ ਨਾਲ ਮੌਜੂਦਾ ਫਲੀਟ ਵਿੱਚ ਹੋਰ ਸੁਧਾਰ ਹੋਵੇਗਾ ਅਤੇ ਸੇਵਾਵਾਂ ਦਾ ਵਿਸਥਾਰ ਸੰਭਵ ਹੋਵੇਗਾ।

ਟਰਾਂਸਪੋਰਟ ਮੰਤਰੀ ਨੇ ਕਿਹਾ, "ਨਾਗਰਿਕਾਂ ਨੂੰ ਇਸ ਤਕਨਾਲੋਜੀ ਪ੍ਰਦਾਨ ਕਰਕੇ, ਭਗਵੰਤ ਮਾਨ ਸਰਕਾਰ ਪਾਰਦਰਸ਼ਤਾ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਪ੍ਰਤੀ ਆਪਣੇ ਵਿਆਪਕ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕਰ ਰਹੀ ਹੈ। ਸਮਾਰਟ ਟਿਕਟਿੰਗ ਬੁਨਿਆਦੀ ਢਾਂਚੇ ਵੱਲ ਇਹ ਕਦਮ ਸੁਰੱਖਿਅਤ, ਕੁਸ਼ਲ ਅਤੇ ਤਕਨਾਲੋਜੀ-ਅਧਾਰਤ ਆਵਾਜਾਈ ਪ੍ਰਦਾਨ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ ਇਹ ਸਿਸਟਮ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਪੰਜਾਬ ਵਿੱਚ ਜਨਤਕ ਆਵਾਜਾਈ ਨੂੰ ਸਮਾਵੇਸ਼ੀ ਬਣਾਇਆ ਜਾਵੇ ਤੇ ਇਹ ਲੋਕਾਂ ਦੀ ਭਲਾਈ ਤੇ ਜ਼ਰੂਰਤਾਂ 'ਤੇ ਕੇਂਦ੍ਰਿਤ ਹੋਵੇ।"

# ਡਿਪਟੀ ਸਪੀਕਰ ਨੇ ਮੀਨਾਰ-ਏ-ਬੇਗ਼ਮਪੁਰਾ ਤੋਂ ਤਪ ਅਸਥਾਨ ਨੂੰ ਜੋੜਨ ਵਾਲੇ ਪੁਲ ਦਾ ਰੱਖਿਆ ਨੀਂਹ ਪੱਥਰ



ਚੰਡੀਗੜ੍ਹ/ਖੁਰਾਲਗੜ੍ਹ ਸਾਹਿਬ/ ਹੁਸ਼ਿਆਰਪੁਰ, 15 ਜਨਵਰੀ (ਚ.ਨ.ਸ.): ਸ੍ਰੀ ਗੁਰੂ ਰਵਿਦਾਸ ਸਾਹਿਬ ਨਾਲ ਸਬੰਧਤ ਇਤਿਹਾਸਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮੀਨਾਰ-ਏ-ਬੇਗਮਪੁਰਾ ਤੋਂ ਤਪ ਅਸਥਾਨ ਨੂੰ ਜੋੜਨ ਵਾਲੇ ਨਵੇਂ ਪੁਲ ਦਾ ਨੀਂਹ ਪੱਥਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਰੱਖਿਆ ਗਿਆ। ਇਸ ਮੌਕੇ ਡਿਪਟੀ ਸਪੀਕਰ ਰੋੜੀ ਨੇ ਦੱਸਿਆ ਕਿ ਇਹ ਪੁਲ ਪੰਜਾਬ ਸਰਕਾਰ ਵੱਲੋਂ ਪੌਣੇ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ, ਜੋ ਕਿ ਸਦੀਆਂ ਤੱਕ ਟਿਕਾਊ ਰਹੇਗਾ ਤੇ ਸੰਗਤਾਂ ਨੂੰ ਆਸਾਨ ਆਵਾਜਾਈ ਸਹੂਲਤ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਸ ਪੁਲ ਦੇ ਨਿਰਮਾਣ ਨੂੰ ਤੈਅ ਸਮਾਂ ਸੀਮਾ ਦੌਰਾਨ ਪੂਰੀ ਇਮਾਨਦਾਰੀ ਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਵਾਉਣਾ ਵੀ ਯਕੀਨੀ ਬਣਾਇਆ ਜਾਵੇਗਾ।

ਡਿਪਟੀ ਸਪੀਕਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਵੱਡੇ ਪੁਰਬ ਦੇ ਮੱਦੇਨਜ਼ਰ ਸਾਰੇ ਲੋੜੀਂਦੇ ਪ੍ਰਬੰਧ ਸਮਾਂ ਰਹਿੰਦੇ ਪੂਰੇ ਕਰਵਾਉਣੇ ਯਕੀਨੀ ਬਣਾਏ ਜਾਣਗੇ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਵੱਲੋਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਗਿਆ। ਇਸਦੇ ਨਾਲ ਹੀ ਬਾਬਾ ਸੁਖਦੇਵ ਸਿੰਘ ਤੇ ਬਾਬਾ ਨਰੇਸ਼ ਸਿੰਘ ਵੱਲੋਂ ਡਿਪਟੀ ਸਪੀਕਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਵੀ ਗਿਆ। ਇਸ ਨੀਂਹ ਪੱਥਰ ਸਮਾਗਮ ਦੌਰਾਨ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚਾਂ ਨੇ ਵੀ ਹਾਜ਼ਰੀ ਭਰੀ।

# ਬਰਿੰਦਰ ਕੁਮਾਰ ਗੋਇਲ ਵੱਲੋਂ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਲਈ 'ਆਪ' ਦੇ ਕੌਮੀ ਕੇਜਰੀਵਾਲ ਦਾ ਧੰਨਵਾਦ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਤੇ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਸਥਾਪਤ ਕਰਨ ਦੇ ਫ਼ੈਸਲੇ ਤੇ ਕਰਮਚਾਰੀਆਂ ਦੇ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਵੱਲੋਂ ਹਾਲ ਹੀ ਵਿੱਚ ਇਨ੍ਹਾਂ ਲੋਕ-ਪੱਖੀ ਤੇ ਕਰਮਚਾਰੀ-ਪੱਖੀ ਫ਼ੈਸਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਮੀਟਿੰਗ ਦੌਰਾਨ ਬਰਿੰਦਰ ਕੁਮਾਰ ਗੋਇਲ ਨੇ ਕਿਹਾ, "ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਸਥਾਪਤ ਕਰਨ ਦਾ ਫ਼ੈਸਲਾ ਇੱਕ ਲੋਕ-ਪੱਖੀ ਕਦਮ ਹੈ, ਜੋ ਆਮ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਯਕੀਨੀ ਬਣਾਉਣ ਦੇ ਨਾਲ-ਨਾਲ ਉੱਨਤ ਡਾਕਟਰੀ ਇਲਾਜ ਲਈ ਦੂਰ-ਦੁਰਾਡੇ ਦੇ ਸ਼ਹਿਰਾਂ 'ਤੇ ਉਨ੍ਹਾਂ ਦੀ ਨਿਰਭਰਤਾ ਨੂੰ ਘਟਾਏਗਾ।"



ਕੈਬਨਿਟ ਮੰਤਰੀ ਨੇ ਕਿਹਾ ਕਿ 440 ਬੈੱਡਾਂ ਤੇ 100 ਐਮ.ਬੀ.ਬੀ.ਐਸ. ਸੀਟਾਂ ਦੀ ਸਮਰੱਥਾ ਵਾਲਾ ਪ੍ਰਸਤਾਵਿਤ ਮੈਡੀਕਲ ਕਾਲਜ ਮਾਲਵਾ ਖੇਤਰ ਵਿੱਚ ਜਨਤਕ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰੇਗਾ ਤੇ ਡਾਕਟਰੀ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਨੌਜਵਾਨਾਂ ਲਈ ਬਿਹਤਰ ਮੌਕੇ ਪੈਦਾ ਕਰੇਗਾ। ਕਰਮਚਾਰੀਆਂ ਦੀ ਭਲਾਈ ਸਬੰਧੀ ਲਏ ਗਏ ਫ਼ੈਸਲੇ 'ਤੇ ਚਾਨਣਾ ਪਾਉਂਦਿਆਂ ਬਰਿੰਦਰ ਕੁਮਾਰ ਗੋਇਲ ਨੇ ਕਿਹਾ, "ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਦੇ ਸਟਾਫ ਨੂੰ ਸਰਕਾਰੀ ਵਿਭਾਗਾਂ ਵਿੱਚ ਐਡਜਸਟ ਕਰਨ ਸਬੰਧੀ ਕੈਬਨਿਟ ਦੀ ਪ੍ਰਵਾਨਗੀ ਇੱਕ ਸਪੱਸ਼ਟ ਸੰਦੇਸ਼ ਹੈ ਕਿ ਸੂਬਾ ਸਰਕਾਰ ਆਪਣੇ ਕਰਮਚਾਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਤੇ ਸਰਕਾਰ ਨੇ ਸਮੇਂ ਸਿਰ ਦਖ਼ਲ ਦੇ ਕੇ ਉਨ੍ਹਾਂ ਦੀ ਨੌਕਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ।"

ਉਨ੍ਹਾਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਨਤਕ ਸਿਹਤ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਤੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲਹਿਰਾਗਾਗਾ ਵਿਖੇ ਮੈਡੀਕਲ ਕਾਲਜ ਦੀ ਸਥਾਪਨਾ ਨਾਲ ਖੇਤਰ ਦੇ ਲੱਖਾਂ ਲੋਕਾਂ ਨੂੰ ਲਾਭ ਹੋਵੇਗਾ ਅਤੇ ਕਰਮਚਾਰੀਆਂ ਦੇ ਮਸਲੇ ਦਾ ਹੱਲ ਕਰਨਾ ਇਹ ਦਰਸਾਉਂਦਾ ਹੈ ਕਿ ਸਰਕਾਰ ਵੱਲੋਂ ਬਿਨਾਂ ਦੇਰੀ ਦੇ ਨਿਆਂ ਅਤੇ ਰਾਹਤ ਪ੍ਰਦਾਨ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

# ਮੋਹਾਲੀ ਜੰਗਲਾਤ ਮੰਡਲ ਦੀ ਪਹਿਲਕਦਮੀ ਸਦਕਾ ਸਿਸਵਾਂ-ਮਿਰਜ਼ਾਪੁਰ ਜੰਗਲ ਖੇਤਰ ਬਣਿਆ ਈਕੋ-ਟੂਰਿਜ਼ਮ ਦਾ ਧੁਰਾ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਮੋਹਾਲੀ ਜੰਗਲਾਤ ਡਿਵੀਜ਼ਨ (ਮੰਡਲ) ਵੱਲੋਂ ਸਿਸਵਾਂ-ਮਿਰਜ਼ਾਪੁਰ ਜੰਗਲ ਖੇਤਰ ਵਿੱਚ ਵਾਤਾਵਰਣ ਸੁਰੱਖਿਆ ਤੇ ਈਕੋ-ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਨੂੰ ਲੋਕਾਂ ਵੱਲੋਂ ਬਹੁਤ ਹੀ ਉਤਸ਼ਾਹਪੂਰਵਕ ਸਹਿਯੋਗ ਮਿਲ ਰਿਹਾ ਹੈ। ਸਿਸਵਾਂ ਤੋਂ ਮਿਰਜ਼ਾਪੁਰ ਨੇਚਰ ਟ੍ਰੈਕ, ਜੋ ਲਗਭਗ 5 ਕਿਲੋਮੀਟਰ ਲੰਮਾ ਹੈ ਅਤੇ ਇਸਨੂੰ ਪੂਰਾ ਕਰਨ ਵਿੱਚ ਤਕਰੀਬਨ 1.5 ਘੰਟੇ ਲੱਗਦੇ ਹਨ, ਕੁਦਰਤੀ ਸੁੰਦਰਤਾ, ਹਰੇ-ਭਰੇ ਜੰਗਲਾਤੀ ਦ੍ਰਿਸ਼ਾਂ, ਸੁੰਦਰ ਦ੍ਰਿਸ਼ਟਿਕੋਣਾਂ ਤੇ ਵਾਚ ਟਾਵਰਾਂ ਕਰਕੇ ਲੋਕਾਂ ਵਿੱਚ ਬਹੁਤ ਮਕਬੂਲ ਬਣ ਚੁੱਕਾ ਹੈ। ਸਿਸਵਾਂ ਡੈਮ ਵਿਖੇ ਬੋਟਿੰਗ ਦੀ ਸਹੂਲਤ, ਸੁਚੱਜੀਆਂ ਕੈਂਟੀਨ ਸੇਵਾਵਾਂ ਅਤੇ ਤਿੰਨ ਈਕੋ-ਹੱਟਾਂ ਸੈਲਾਨੀਆਂ ਨੂੰ ਸ਼ਾਨਦਾਰ ਅਨੁਭਵ ਪ੍ਰਦਾਨ ਕਰ ਰਹੀਆਂ ਹਨ। ਇਹ ਸਾਰੀਆਂ ਸਹੂਲਤਾਂ ਲੋਕਾਂ ਵਿੱਚ ਕਾਫ਼ੀ ਪ੍ਰਸਿੱਧ ਹੋ ਰਹੀਆਂ ਹਨ। ਇਸ ਤੋਂ ਇਲਾਵਾ, ਡਿਵੀਜ਼ਨ ਵੱਲੋਂ ਹੋਰ ਨੇਚਰ ਟ੍ਰੇਲ ਅਤੇ ਟ੍ਰੈਕਿੰਗ ਰੂਟ ਤਿਆਰ ਕੀਤੇ ਜਾ ਰਹੇ ਹਨ, ਜੋ ਛੇਤੀ ਹੀ ਲੋਕਾਂ ਲਈ ਖੋਲ੍ਹੇ ਜਾਣਗੇ।

25 ਦਸੰਬਰ ਨੂੰ ਸਿਸਵਾਂ ਡੈਮ ਵਿਖੇ ਇੱਕ ਸਫ਼ਲ ਨੇਚਰ ਅਵੇਅਰਨੈੱਸ ਕੈਂਪ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪਹਿਲਾਂ ਸਾਈਕਲਿੰਗ ਇਵੈਂਟ ਤੇ ਫਿਰ ਟ੍ਰੈਕਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਖ਼ਾਸ ਤੌਰ 'ਤੇ ਚੰਡੀਗੜ੍ਹ ਦੇ ਨਿਵਾਸੀਆਂ ਵੱਲੋਂ ਵੱਡੀ ਗਿਣਤੀ ਵਿੱਚ ਭਾਗ ਲਿਆ ਗਿਆ। ਇਸਦੇ ਨਾਲ-ਨਾਲ ਸਕੂਲ ਦੇ ਬੱਚਿਆਂ ਦੀ ਨਿਯਮਿਤ ਸਿੱਖਿਆਤਮਕ ਯਾਤਰਾ ਵੀ ਸਿਸਵਾਂ ਨੇਚਰ ਅਵੇਅਰਨੈੱਸ ਕੈਂਪ ਵਿੱਚ ਕਰਵਾਈ ਜਾ ਰਹੀ ਹੈ, ਤਾਂ ਜੋ ਨਵੀਂ ਪੀੜ੍ਹੀ ਵਿੱਚ ਵਾਤਾਵਰਣ ਸੰਭਾਲ ਦੀ ਭਾਵਨਾ ਵਿਕਸਿਤ ਕੀਤੀ ਜਾ ਸਕੇ। ਮੋਹਾਲੀ ਜੰਗਲਾਤ ਡਿਵੀਜ਼ਨ ਵੱਲੋਂ ਕੁਦਰਤ ਦੀ ਸੁਰੱਖਿਆ, ਜ਼ਿੰਮੇਵਾਰ ਈਕੋ-ਟੂਰਿਜ਼ਮ, ਵਾਤਾਵਰਣ ਸਿੱਖਿਆ ਤੇ ਸਮੁਦਾਇਕ ਭਾਗੀਦਾਰੀ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।



ਇਸ ਤੋਂ ਇਲਾਵਾ ਜੰਗਲਾਤ ਉੱਤੇ ਨਿਰਭਰ ਪਿੰਡਾਂ ਦੇ ਲੋਕਾਂ ਨੂੰ ਹੁਨਰਮੰਦ ਬਣਾਉਣ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ। ਸਮੁਦਾਇਕ ਵਿਕਾਸ ਦੇ ਤਹਿਤ ਸਿਸਵਾਂ, ਗੋਚਰ ਅਤੇ ਨਾਢਾ ਪਿੰਡਾਂ ਦੇ ਸਵੈ-ਸਹਾਇਤਾ ਸਮੂਹਾਂ ਨੂੰ ਅਚਾਰ ਬਣਾਉਣਾ, ਬਿਊਟੀ ਪਾਰਲਰ, ਕੱਪੜੇ ਦੇ ਬੈਗ ਬਣਾਉਣਾ, ਟੇਲਰਿੰਗ ਆਦਿ ਵਰਗੀਆਂ ਹੁਨਰਮੰਦ ਸਿਖਲਾਈਆਂ ਦਿੱਤੀਆਂ ਜਾ ਰਹੀਆਂ ਹਨ, ਤਾਂ ਜੋ ਪਿੰਡਾਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ। ਸਿਸਵਾਂ ਪਿੰਡ ਦੀ ਜੰਗਲਾਤ ਕਮੇਟੀ ਵੱਲੋਂ ਸਮੁਦਾਇਕ ਸੇਵਾ ਦੀ ਪਹਿਲ ਕਰਦੇ ਹੋਏ ਹਾਲ ਹੀ ਵਿੱਚ ਭਾਂਡੇ ਵੀ ਵੰਡੇ ਗਏ ਹਨ।

# ਵਿਜੀਲੈਂਸ ਵੱਲੋਂ ਠੇਕਾ ਅਧਾਰਤ ਕਰਮਚਾਰੀ 4000 ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਡਾਇਰੈਕਟਰ, ਲੈਂਡ ਰਿਕਾਰਡ ਵਿਭਾਗ, ਪੰਜਾਬ ਦੇ ਦਫ਼ਤਰ ਵਿਖੇ ਤਾਇਨਾਤ ਠੇਕਾ ਅਧਾਰਤ ਕਰਮਚਾਰੀ ਪਰਵੇਸ਼ ਨੂੰ ਸ਼ਿਕਾਇਤਕਰਤਾ ਕੋਲੋਂ ਉਸ ਦੀ ਜ਼ਮੀਨ ਦੇ ਰਿਕਾਰਡ ਪ੍ਰਦਾਨ ਕਰਨ ਬਦਲੇ 4000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਨੂੰ ਪਿੰਡ ਛੋਕਰਾ, ਤਹਿਸੀਲ ਦਸੂਹਾ, ਜ਼ਿਲ੍ਹਾ ਐਸਬੀਐਸ ਨਗਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਪਤਨੀ ਨੇ ਦਸੂਹਾ ਦੀ ਅਦਾਲਤ ਵਿੱਚ ਸਿਵਲ ਮੁਕੱਦਮਾ ਦਾਇਰ ਕੀਤਾ ਸੀ ਜਿਸ ਵਿੱਚ ਉਸ ਨੇ 12 ਏਕੜ ਜੱਦੀ ਜ਼ਮੀਨ ਵਿੱਚ ਆਪਣੇ ਕਾਨੂੰਨੀ ਹਿੱਸੇ ਦੀ ਮੰਗ ਕੀਤੀ ਸੀ। ਇਸ ਸਬੰਧੀ, ਜ਼ਮੀਨ ਦੀ ਮਲਕੀਅਤ ਸਾਬਤ ਕਰਨ ਲਈ ਜਮ੍ਹਾਂਬੰਦੀ, ਜ਼ਮੀਨ ਦੀ ਅਲਾਟਮੈਂਟ ਤੇ ਜਮ੍ਹਾਂ ਰਿਕਾਰਡ ਦੀਆਂ ਪ੍ਰਮਾਣਿਤ ਕਾਪੀਆਂ ਦੀ ਲੋੜ ਸੀ।

ਉਸਨੇ ਰਿਕਾਰਡ ਪ੍ਰਦਾਨ ਕਰਨ ਲਈ 10,000 ਰੁਪਏ ਤੇ ਅਨੁਵਾਦ ਦੇ ਕੰਮ ਲਈ 12,000 ਰੁਪਏ ਸਮੇਤ ਕੁੱਲ 22,000 ਰੁਪਏ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਦੋਸ਼ੀ ਪਰਵੇਸ਼ ਨੂੰ ਪਹਿਲਾਂ ਵੀ ਵੱਖ-ਵੱਖ ਤਰੀਕਾਂ 'ਤੇ ਗੂਗਲ ਪੇਅ ਤੇ ਨਕਦੀ ਰਾਹੀਂ 18,000 ਰੁਪਏ ਦੀ ਰਕਮ ਅਦਾ ਕੀਤੀ ਹੈ। ਉਸਨੇ ਅੱਗੇ ਕਿਹਾ ਕਿ ਇਸ ਤੋਂ ਬਾਅਦ ਵੀ ਪਰਵੇਸ਼ ਨੇ 4,000 ਰੁਪਏ ਹੋਰ ਲੈਣ ਦੀ ਮੰਗ ਕੀਤੀ।

ਬੁਲਾਰੇ ਨੇ ਅੱਗੇ ਕਿਹਾ ਕਿ ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਵਿਦੇਸ਼ ਮੰਤਰਾਲੇ ਵੱਲੋਂ ਬਿਨਾਂ ਕਾਰਨ ਦੱਸੇ ਯੂ.ਕੇ. ਦਾ ਦੌਰਾ ਰੱਦ ਕਰਨਾ ਬੇਹੱਦ ਮੰਦਭਾਗਾ ਤੇ ਨਿੰਦਣਯੋਗ : ਸੰਜੀਵ ਅਰੋੜਾ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਪੰਜਾਬ ਦੇ ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਵੱਲੋਂ ਬਿਨਾਂ ਕੋਈ ਕਾਰਨ ਦੱਸੇ ਯੂਨਾਈਟਿਡ ਕਿੰਗਡਮ ਦੇ ਅਧਿਕਾਰਤ ਨਿਵੇਸ਼ ਆਊਟਰੀਚ ਦੌਰੇ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਨਾ ਬੇਹੱਦ "ਮੰਦਭਾਗਾ ਅਤੇ ਨਿੰਦਣਯੋਗ" ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਫੈਸਲੇ ਨੇ ਪੰਜਾਬ ਦੇ ਵਿਸ਼ਵਵਿਆਪੀ ਨਿਵੇਸ਼ ਨੂੰ ਆਕਰਸ਼ਿਤ ਕਰਨ ਤੇ ਆਪਣੇ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨ ਦੇ ਯਤਨਾਂ 'ਤੇ ਮਾੜਾ ਪ੍ਰਭਾਵ ਪਾਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿਦੇਸ਼ ਮੰਤਰਾਲਾ (ਐਮ.ਈ.ਏ.) ਉਨ੍ਹਾਂ ਦੇ ਵਿਦੇਸ਼ ਦੌਰੇ ਨੂੰ ਰੋਕਣ ਲਈ ਕੋਈ ਢੁਕਵਾਂ ਸਪੱਸ਼ਟੀਕਰਨ ਦੇਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਾਪਾਨ ਅਤੇ ਦੱਖਣੀ ਕੋਰੀਆ ਦੇ ਪਹਿਲਾਂ ਕੀਤੇ ਦੌਰਿਆਂ ਦੌਰਾਨ ਨਿਵੇਸ਼ਕਾਂ ਨੇ ਸੂਬੇ ਵਿੱਚ ਡੂੰਘੀ ਦਿਲਚਸਪੀ ਦਿਖਾਈ ਸੀ। ਸੰਜੀਵ ਅਰੋੜਾ ਨੇ ਕਿਹਾ ਕਿ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਵਿਸ਼ਵਵਿਆਪੀ ਪਹੁੰਚ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਆਪਣੇ ਫੈਸਲੇ 'ਤੇ ਤੁਰੰਤ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਭਾਰਤ ਸਰਕਾਰ ਦਾ ਇਹ ਕਦਮ



ਪੰਜਾਬ ਦੀਆਂ ਆਰਥਿਕ ਸੰਭਾਵਨਾਵਾਂ ਨੂੰ ਨੁਕਸਾਨ ਪਹੁੰਚਾਏਗਾ, ਪਰ ਸੂਬਾ ਸਰਕਾਰ ਪੰਜਾਬ ਦੀ ਤਰੱਕੀ ਲਈ ਅਣਥੱਕ ਯਤਨ ਕਰਨ ਤੋਂ ਪਿੱਛੇ ਨਹੀਂ ਹਟੇਗੀ। ਇੱਕ ਬਿਆਨ ਵਿੱਚ, ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਯੂਨਾਈਟਿਡ ਕਿੰਗਡਮ ਅਤੇ ਇਜ਼ਰਾਈਲ ਦੇ ਪ੍ਰਸਤਾਵਿਤ ਅਧਿਕਾਰਤ ਦੌਰੇ ਨੂੰ ਰੱਦ ਕਰਨ ਦਾ ਕੋਈ ਢੁਕਵਾਂ ਜਾਂ ਸਪੱਸ਼ਟ ਕਾਰਨ ਨਹੀਂ ਦੱਸਿਆ। ਉਨ੍ਹਾਂ ਕਿਹਾ, "ਪਹਿਲਾਂ, ਅਸੀਂ ਇਸ ਰੱਦ ਕਰਨ ਦਾ ਸਹੀ ਕਾਰਨ ਜਾਣਨਾ ਚਾਹੁੰਦੇ ਹਾਂ। ਜੇਕਰ ਇਹ ਫੈਸਲਾ ਸਿਆਸੀ ਕਾਰਨਾਂ ਕਰਕੇ ਲਿਆ ਗਿਆ ਹੈ ਤਾਂ ਇਹ ਬਹੁਤ ਹੀ ਨਿੰਦਣਯੋਗ ਤੇ ਮੰਦਭਾਗਾ ਹੈ।"

ਪੰਜਾਬ ਦੇ ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਨੇ ਅੱਗੇ ਕਿਹਾ ਕਿ ਸਾਡੇ ਜਾਪਾਨ ਤੇ ਦੱਖਣੀ ਕੋਰੀਆ ਦੇ ਦੌਰੇ ਸਫ਼ਲ ਰਹੇ, ਜਿਸ ਨਾਲ ਪੰਜਾਬ ਵਿੱਚ ਨਿਵੇਸ਼ਕਾਂ ਦੀ ਡੂੰਘੀ ਦਿਲਚਸਪੀ ਦੇਖਣ ਨੂੰ ਮਿਲੀ ਹੈ। ਇਹ ਨਿਵੇਸ਼ ਨਾ ਸਿਰਫ਼ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰ ਰਹੇ ਹਨ, ਸਗੋਂ ਦੇਸ਼ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਵੀ ਯੋਗਦਾਨ ਪਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਦੇਸ਼ ਮੰਤਰਾਲੇ ਦਾ ਫੈਸਲਾ ਪੰਜਾਬ ਦੇ ਆਰਥਿਕ ਵਿਕਾਸ 'ਤੇ ਮਾੜਾ ਪ੍ਰਭਾਵ ਪਾਵੇਗਾ, ਪਰ ਅਸੀਂ ਪਿੱਛੇ ਨਹੀਂ ਹਟਾਂਗੇ ਅਤੇ ਸੂਬੇ ਦੀ ਤਰੱਕੀ ਲਈ ਕੰਮ ਕਰਨ ਤੋਂ ਨਹੀਂ ਝਿਜਕਾਂਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਕਈ ਵਿਦੇਸ਼ੀ ਅਤੇ ਭਾਰਤੀ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨਾ ਚਾਹੁੰਦੀਆਂ ਹਨ ਅਤੇ ਪੰਜਾਬ ਨਿਵੇਸ਼ਕਾਂ ਦਾ ਪਸੰਦੀਦਾ ਸਥਾਨ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ। ਇਸ ਮਕਸਦ ਲਈ ਅਸੀਂ ਵਿਸ਼ਵਵਿਆਪੀ ਪਹੁੰਚ ਕਰ ਰਹੇ ਹਾਂ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮਿਲ ਸਕਣ ਜਿਸ ਨਾਲ ਪੰਜਾਬ ਦੀ ਆਰਥਿਕ ਖੁਸ਼ਹਾਲੀ ਦਾ ਰਾਹ ਪੱਧਰਾ ਹੋਵੇਗਾ। ਉਨ੍ਹਾਂ ਭਾਰਤ ਸਰਕਾਰ ਨੂੰ ਵਿਦੇਸ਼ ਯਾਤਰਾ ਲਈ ਪ੍ਰਵਾਨਗੀ ਰੱਦ ਕਰਨ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਵੀ ਕੀਤੀ। ਪੰਜਾਬ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਰਾਜ ਨੂੰ ਭਾਰਤ ਸਰਕਾਰ ਵੱਲੋਂ ਕਾਰੋਬਾਰ ਵਿੱਚ ਆਸਾਨੀ ਲਈ ਸਭ ਤੋਂ ਵਧੀਆ ਰਾਜਾਂ ਵਿੱਚੋਂ ਇੱਕ ਹੋਣ ਲਈ ਸਨਮਾਨਿਤ ਵੀ ਕੀਤਾ ਗਿਆ ਹੈ ਅਤੇ ਸਟਾਰਟ ਅੱਪ ਪਹਿਲਕਦਮੀਆਂ ਵਿੱਚ ਵੀ ਉੱਤਮਤਾ ਲਈ ਮਾਨਤਾ ਦੇਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਲ 2022 ਤੋਂ ਹੁਣ ਤੱਕ 1.5 ਲੱਖ ਕਰੋੜ ਰੁਪਏ ਤੋਂ ਵੱਧ ਨਿਵੇਸ਼ ਪ੍ਰਾਪਤ ਹੋਇਆ ਹੈ ਅਤੇ ਇਸ ਨਾਲ 5.2 ਲੱਖ ਰੋਜ਼ਗਾਰ ਦੇ ਮੌਕੇ ਪੈਦਾ ਹੋਏ ਹਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 320ਵੇਂ ਦਿਨ 40.1 ਕਿਲੋ ਹੈਰੋਇਨ ਸਮੇਤ 84 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 15 ਜਨਵਰੀ (ਚ.ਨ.ਸ.): ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ 320ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 263 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕਰਕੇ 58 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 320 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 44,630 ਹੋ ਗਈ ਹੈ।

ਇਹਨਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 40.1 ਕਿਲੋਗ੍ਰਾਮ ਹੈਰੋਇਨ, 609 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 2060 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 56 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 263 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 280 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ- ਇਨਫੋਰਸਮੈਂਟ, ਡੀ-ਅਡਿਕਸ਼ਨ ਤੇ ਪ੍ਰੀਵੈਂਸ਼ਨ (ਈਡੀਪੀ)-ਲਾਗੂ ਕੀਤੀ ਗਈ ਹੈ ਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 24 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਸਰਕਾਰ ਤੇ ਸਥਾਨਕ ਮੀਡੀਆ ਦੇ ਵਿਚਾਲੇ ਤਾਲਮੇਲ ਉਤਸ਼ਾਹਿਤ ਕਰਨ ਲਈ 'ਵਾਰਤਾਲਾਪ' ਅੱਜ

ਚੰਡੀਗੜ੍ਹ/ਅੰਬਾਲਾ, 15 ਜਨਵਰੀ (ਅੰਮ੍ਰਿਤਪਾਲ ਸਿੰਘ): ਸੂਚਨਾ ਤੇ ਪ੍ਰਸਾਰਣ ਮੰਤਰਾਲੇ, ਭਾਰਤ ਸਰਕਾਰ ਦੇ ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀਆਈਬੀ), ਚੰਡੀਗੜ੍ਹ ਦੁਆਰਾ ਐਡੀਸ਼ਨਲ ਡਾਇਰੈਕਟਰ ਜਨਰਲ ਵਿਵੇਕ ਵੈਭਵ ਦੀ ਅਗਵਾਈ ਹੇਠ, 16 ਜਨਵਰੀ ਨੂੰ ਸਥਾਨਕ ਪੱਤਰਕਾਰਾਂ ਲਈ ਅੰਬਾਲਾ ਦੇ ਪੰਚਾਇਤ ਭਵਨ ਵਿਖੇ ਇੱਕ ਮੀਡੀਆ ਵਰਕਸ਼ਾਪ, "ਵਾਰਤਾਲਾਪ" ਦਾ ਆਯੋਜਨ ਕੀਤਾ ਜਾਵੇਗਾ। ਪੀਆਈਬੀ ਚੰਡੀਗੜ੍ਹ ਦੇ ਮੀਡੀਆ ਅਤੇ ਸੰਚਾਰ ਅਧਿਕਾਰੀ ਅਹਿਮਦ ਖਾਨ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਰਾਜੇਂਦਰ ਚੌਧਰੀ ਦੀ ਪ੍ਰਧਾਨਗੀ ਹੇਠ ਮੀਡੀਆ ਵਰਕਸ਼ਾਪ, "ਵਾਰਤਾਲਾਪ" ਦਾ ਆਯੋਜਨ ਕੀਤਾ ਜਾਵੇਗਾ। ਇਸ ਵਾਰਤਾਲਾਪ ਵਿੱਚ ਡਿਪਟੀ ਕਮਿਸ਼ਨਰ ਅਜੈ ਸਿੰਘ ਤੋਮਰ ਮੁੱਖ ਮਹਿਮਾਨ ਹੋਣਗੇ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਵਿਰਾਟ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਵਾਰਤਾਲਾਪ ਦਾ ਉਦੇਸ਼ ਸਥਾਨਕ ਮੀਡੀਆ ਅਤੇ ਸਰਕਾਰ ਦੇ ਦਰਮਿਆਨ ਤਾਲਮੇਲ ਸਥਾਪਿਤ ਕਰਨਾ ਹੈ, ਜਿਸ ਨਾਲ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦੇ ਪ੍ਰਭਾਵਸ਼ਾਲੀ ਸੰਚਾਰ ਨੂੰ ਯਕੀਨੀ ਬਣਾਇਆ ਜਾ ਸਕੇ।

ਖਾਨ ਨੇ ਦੱਸਿਆ ਕਿ ਇਸ ਵਾਰਤਾਲਾਪ ਵਿੱਚ, ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਦੇ ਏ.ਡੀ.ਜੀ ਰਾਜੇਂਦਰ ਚੌਧਰੀ, ਵਿਕਸਿਤ ਭਾਰਤ ਜੀ ਰਾਮ ਜੀ ਐਕਟ 2025 ਅਤੇ ਗ੍ਰਾਮੀਣ ਵਿਕਾਸ ਦੀਆਂ ਯੋਜਨਾਵਾਂ ਬਾਰੇ ਪੱਤਰਕਾਰਾਂ ਨੂੰ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨਗੇ। ਇਸ ਮੌਕੇ 'ਤੇ ਵੱਖ-ਵੱਖ ਵਿਸ਼ਿਆਂ 'ਤੇ ਅਧਿਕਾਰੀਆਂ ਤੇ ਪੱਤਰਕਾਰਾਂ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਵਾਰਤਾਲਾਪ ਦੇ ਦੌਰਾਨ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਲੋਕ ਭਲਾਈ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਮੀਡੀਆ ਵਰਕਸ਼ਾਪ ਸਥਾਨਕ ਮੀਡੀਆ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨੂੰ ਦੂਰ ਕਰਨ ਬਾਰੇ ਤਰਜੀਹੀ ਤੌਰ 'ਤੇ ਧਿਆਨ ਦੇਣ ਦੇ ਨਾਲ-ਨਾਲ ਵੱਖ-ਵੱਖ ਵਿਸ਼ਿਆਂ 'ਤੇ ਇੰਟਰਐਕਟਿਵ ਸੈਸ਼ਨਾਂ ਲਈ ਇੱਕ ਪਲੈਟਫਾਰਮ ਪ੍ਰਦਾਨ ਕਰਦਾ ਹੈ। ਇਸ ਮੌਕੇ 'ਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਭਾਰਤ ਸਰਕਾਰ ਦੁਆਰਾ ਪੱਤਰਕਾਰਾਂ ਲਈ ਭਲਾਈ ਯੋਜਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੰਮਕਾਰ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾਂ ਨੇ ਦੱਸਿਆ ਕਿ ਸਥਾਨਕ ਮੀਡੀਆ ਕਰਮੀਆਂ ਲਈ ਆਯੋਜਿਤ ਇਸ ਵਾਰਤਾਲਾਪ ਦੌਰਾਨ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਭਾਰਤ ਸਰਕਾਰ ਦੇ ਪੀਆਈਬੀ ਤੇ ਅਖ਼ਬਾਰਾਂ ਦੇ ਰਜਿਸਟ੍ਰੇਸ਼ਨ ਦਫ਼ਤਰ (ਪੀਆਰਜੀਆਈ) ਤੇ ਹੋਰ ਮੀਡੀਆ ਯੂਨਿਟਾਂ ਦੇ ਕੰਮਕਾਰ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਵਾਰਤਾਲਾਪ ਰਾਹੀਂ, ਪੱਤਰਕਾਰ ਆਪਣੇ ਲੇਖਾਂ ਵਿੱਚ ਸਰਕਾਰ ਦੀਆਂ ਪਹਿਲਕਦਮੀਆਂ ਨੂੰ ਸ਼ਾਮਲ ਕਰਨ ਲਈ ਮਹਤਵਪੂਰਣ ਇਨਪੁਟਸ ਪ੍ਰਾਪਤ ਕਰਨਗੇ, ਇਹ ਯਕੀਨੀ ਬਣਾਉਂਦੇ ਹੋਏ ਕਿ ਜਨਤਾ ਇਨ੍ਹਾਂ ਯੋਜਨਾਵਾਂ ਤੋਂ ਵੱਡੇ ਪੱਧਰ 'ਤੇ ਲਾਭ ਪ੍ਰਾਪਤ ਕਰੇਗੀ। ਇਹ ਸਮਾਗਮ ਮੀਡੀਆ ਅਤੇ ਸਰਕਾਰ ਦੇ ਦਰਮਿਆਨ ਸਹਿਯੋਗ ਨੂੰ ਉਤਸ਼ਾਹਿਤ ਕਰਨ ਤੇ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ।

# ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪਿਤਾ ਤੋਂ ਵੱਖ ਹੋਏ ਮੁੰਡੇ ਤੋਂ ਮਹੀਨਿਆਂ ਤੱਕ ਬੰਧੂਆ ਮਜ਼ਦੂਰੀ ਕਰਵਾਏ ਜਾਣ ਦਾ ਲਿਆ ਨੋਟਿਸ

ਬਹਾਦੁਰਗੜ੍ਹ, 15 ਜਨਵਰੀ (ਅੰਮ੍ਰਿਤਪਾਲ ਸਿੰਘ): ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ-ਐੱਨ.ਐੱਚ.ਆਰ.ਸੀ. ਨੇ ਬਿਹਾਰ ਦੇ ਕਿਸ਼ਨਗੰਜ ਜ਼ਿਲ੍ਹੇ ਦੇ ਇੱਕ 15 ਸਾਲਾ ਮੁੰਡੇ ਦੇ ਹਰਿਆਣਾ ਦੇ ਬਹਾਦੁਰਗੜ੍ਹ ਰੇਲਵੇ ਸਟੇਸ਼ਨ 'ਤੇ ਆਪਣੇ ਪਿਤਾ ਤੋਂ ਵੱਖ ਹੋਣ ਤੋਂ ਬਾਅਦ ਮਹੀਨਿਆਂ ਤੱਕ ਬੰਧੂਆ ਮਜ਼ਦੂਰੀ ਕਰਾਏ ਜਾਣ ਸਬੰਧੀ ਮੀਡੀਆ ਰਿਪੋਰਟ ਦਾ ਖੁਦ ਨੋਟਿਸ ਲਿਆ ਹੈ। ਰਿਪੋਰਟ ਅਨੁਸਾਰ, ਮੁੰਡਾ ਰੇਲਵੇ ਸਟੇਸ਼ਨ 'ਤੇ ਪਾਣੀ ਲੈਣ ਲਈ ਟਰੇਨ ਤੋਂ ਉਤਰਿਆ ਪਰ ਭੀੜ ਕਾਰਨ ਚੜ੍ਹ ਨਾ ਸਕਿਆ। ਟਰੇਨ ਛੱਡ ਜਾਣ ਤੋਂ ਬਾਅਦ ਅੱਠ ਮਹੀਨਿਆਂ ਤੱਕ ਉਸ ਨੂੰ ਬੰਧੂਆ ਮਜ਼ਦੂਰੀ ਦੀ ਪੀੜਾ ਸਹਿਣੀ ਪਈ। ਆਖਰਕਾਰ, ਕੱਟੀ ਹੋਈ ਕੋਹਣੀ ਨਾਲ ਉਹ ਕਿਸੇ ਤਰ੍ਹਾਂ ਆਪਣੇ ਘਰ ਵਾਪਸ ਪਹੁੰਚਿਆ। ਸਮਾਚਾਰ ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਉਸ ਨੂੰ ਅਧਿਕਾਰੀਆਂ ਵੱਲੋਂ ਅਜੇ ਤੱਕ ਕੇਂਦਰੀ ਬੰਧੂਆ ਮਜ਼ਦੂਰ ਪੁਨਰਵਾਸ ਯੋਜਨਾ-2021 ਦੇ ਤਹਿਤ ਬੰਧੂਆ ਮਜ਼ਦੂਰੀ ਮੁਕਤੀ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਗਿਆ ਹੈ ਜੋ ਪੀੜਤ ਲਈ ਪੁਨਰਵਾਸ ਅਤੇ ਮੁਆਵਜ਼ੇ ਲਈ ਲਾਜ਼ਮੀ ਦਸਤਾਵੇਜ਼ ਹੈ।

ਕਮਿਸ਼ਨ ਨੇ ਕਿਹਾ ਕਿ ਜੇਕਰ ਮੀਡੀਆ ਰਿਪੋਰਟ ਦੇ ਤੱਥ ਸੱਚ ਹਨ, ਤਾਂ ਇਹ ਮਾਨਵ ਅਧਿਕਾਰ ਉਲੰਘਣ ਦਾ ਗੰਭੀਰ ਮੁੱਦਾ ਹੈ। ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਸਿਲਸਿਲੇ ਵਿੱਚ ਹਰਿਆਣਾ ਦੇ ਮੁੱਖ ਸਕੱਤਰ ਅਤੇ ਡੀਜੀਪੀ ਅਤੇ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਦੇ ਪੁਲਿਸ ਕਮਿਸ਼ਨਰ ਅਤੇ ਬਿਹਾਰ ਦੇ ਕਿਸ਼ਨਗੰਜ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਨੋਟਿਸ ਜਾਰੀ ਕਰ ਉਨ੍ਹਾਂ ਤੋਂ ਦੋ ਹਫ਼ਤਿਆਂ ਦੇ ਅੰਦਰ ਰਿਪੋਰਟ ਮੰਗੀ ਹੈ।

ਕਮਿਸ਼ਨ ਨੇ ਅਧਿਕਾਰੀਆਂ ਨੂੰ ਇਹ ਵੀ ਸੂਚਿਤ ਕਰਨ ਦਾ ਨਿਰਦੇਸ਼ ਦਿੱਤਾ ਕਿ ਪੀੜਤ ਨੂੰ ਕੋਈ ਮੁਆਵਜ਼ਾ ਅਤੇ ਦਿਵਿਆਂਗ ਵਿਅਕਤੀ ਅਧਿਨਿਯਮ, 2016 ਦੇ ਲਾਭ ਲਈ ਦਿਵਿਆਂਗਤਾ ਪ੍ਰਮਾਣ ਪੱਤਰ ਜਾਰੀ ਕੀਤਾ ਗਿਆ ਹੈ ਜਾਂ ਨਹੀਂ। 12 ਜਨਵਰੀ 2026 ਨੂੰ ਪ੍ਰਕਾਸ਼ਿਤ ਮੀਡੀਆ ਰਿਪੋਰਟ ਅਨੁਸਾਰ, ਟਰੇਨ ਛੱਡ ਜਾਣ ਤੋਂ ਬਾਅਦ ਮੁੰਡਾ ਦੋ ਦਿਨ ਤੱਕ ਰੇਲਵੇ ਸਟੇਸ਼ਨ 'ਤੇ ਰੁਕਿਆ ਰਿਹਾ। ਇਸ ਤੋਂ ਬਾਅਦ ਇੱਕ ਵਿਅਕਤੀ ਨੇ ਉਸ ਨੂੰ ਨੌਕਰੀ ਦਿਵਾਉਣ ਦੇ ਬਹਾਨੇ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਜ਼ਿਲ੍ਹੇ ਦੇ ਗ੍ਰੇਟਰ ਨੋਇਡਾ ਖੇਤਰ ਵਿੱਚ ਲੈ ਜਾ ਕੇ ਸਵੇਰੇ ਤੋਂ ਸ਼ਾਮ ਤੱਕ ਪਸ਼ੂ ਚਰਾਉਣ ਅਤੇ ਚਾਰਾ ਕੱਟਣ ਦਾ ਕੰਮ ਕਰਵਾਇਆ। ਉਸ ਨੂੰ ਲਗਾਤਾਰ ਸਰੀਰਕ ਤਸੀਹੇ ਦਿੱਤੇ ਗਏ। ਪੀੜਤ ਨੇ ਇਸ ਗੁਲਾਮੀ ਤੋਂ ਨਿਕਲ ਭੱਜਣ ਦੀ ਅਸਫਲ ਕੋਸ਼ਿਸ਼ ਕੀਤੀ, ਪਰ ਉਸ ਨੂੰ ਫੜ ਲਿਆ ਗਿਆ ਅਤੇ ਉਸ ਦੀ ਪਿੱਟਾਈ ਕੀਤੀ ਗਈ। ਸਮਾਚਾਰ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਸੇ ਦੌਰਾਨ ਚਾਰਾ ਕੱਟਣ ਵਾਲੀ ਮਸ਼ੀਨ ਵਿੱਚ ਪੀੜਤ ਦਾ ਖੱਬਾ ਹੱਥ ਫਸਣ ਕਾਰਨ ਕੋਹਣੀ ਤੋਂ ਕੱਟ ਗਿਆ। ਮਾਲਕ ਨੇ ਉਸ ਦਾ ਇਲਾਜ ਕਰਾਏ ਬਿਨਾਂ ਸੜਕ 'ਤੇ ਛੱਡ ਦਿੱਤਾ। ਇਸ ਤੋਂ ਬਾਅਦ ਕਿਸੇ ਅਗਿਆਤ ਵਿਅਕਤੀ ਨੇ ਉਸ ਨੂੰ ਹਰਿਆਣਾ ਦੇ ਨੂਹ ਜ਼ਿਲ੍ਹੇ ਦੇ ਇੱਕ ਹਸਪਤਾਲ ਵਿੱਚ ਪਹੁੰਚਾ ਦਿੱਤਾ, ਜਿੱਥੋਂ ਪੁਰਾਣੇ ਮਾਲਕ ਦੇ ਹੱਥਾਂ ਦੁਬਾਰਾ ਫੜੇ ਜਾਣ ਦੇ ਡਰ ਤੋਂ ਉਹ ਭੱਜ ਖੜ੍ਹਾ ਹੋਇਆ ਅਤੇ ਤਿੰਨ ਕਿਲੋਮੀਟਰ ਤੋਂ ਵੱਧ ਨੰਗੇ ਪੈਰ ਚੱਲਦਾ ਰਿਹਾ। ਉਦੋਂ ਦੋ ਸਰਕਾਰੀ ਅਧਿਆਪਕਾਂ ਦੀ ਉਸ 'ਤੇ ਨਜ਼ਰ ਪਈ ਅਤੇ ਮਾਮਲੇ ਦੀ ਸੂਚਨਾ ਹਰਿਆਣਾ ਦੇ ਬਹਾਦੁਰਗੜ੍ਹ ਸਥਿਤ ਰਾਜਕੀ ਰੇਲਵੇ ਪੁਲਿਸ -ਜੀ.ਆਰ.ਪੀ. ਨੂੰ ਦਿੱਤੀ ਗਈ। ਅੰਤ ਵਿੱਚ ਉਹ ਮੁੰਡਾ ਅਗਸਤ 2025 ਵਿੱਚ ਆਪਣੇ ਘਰ ਵਾਪਸ ਲੌਟ ਸਕਿਆ।

# ਗੋਸਲ ਵਿਧਾਨਸਭਾ ਹਲਕਾ ਮੋਹਾਲੀ ਟ੍ਰੇਡਰਜ਼ ਕਮਿਸ਼ਨ ਦੇ ਚੇਅਰਪਰਸਨ ਬਣੇ



ਐਸ ਏ ਐਸ ਨਗਰ, 15 ਜਨਵਰੀ (ਹਰਦੀਪ ਕੌਰ): ਪੰਜਾਬ ਸਰਕਾਰ ਵਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਟਰੇਡਰਜ਼ ਮਾਰਕੀਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਕਬਿੰਦਰ ਸਿੰਘ ਗੋਸਲ ਨੂੰ ਟ੍ਰੇਡਰਜ਼ ਕਮਿਸ਼ਨ, ਵਿਧਾਨਸਭਾ ਹਲਕਾ ਮੁਹਾਲੀ ਦਾ ਚੇਅਰਪਰਸਨ ਤੇ ਜਿਲ੍ਹਾ ਟ੍ਰੇਡਰਜ਼ ਕਮਿਸ਼ਨ ਐਸ ਏ ਐਸ ਨਗਰ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸਦੇ ਨਾਲ ਹੀ ਸਰਕਾਰ ਵਲੋਂ ਮਲਕੀਤ ਸਿੰਘ, ਰਾਜੇਸ਼ ਰਾਣਾ, ਅਮਿਤ ਕੁਮਾਰ, ਗੁਰਚਰਨ ਸਿੰਘ, ਅਸ਼ੋਕ ਕੁਮਾਰ, ਪਦਮ ਭੂਸ਼ਣ, ਜਸਪਾਲ ਸਿੰਘ, ਪੰਕਜ ਸ਼ਰਮਾ, ਮਗਨ ਲਾਲ, ਰਾਮ ਕੁਮਾਰ ਵਰਮਾ ਨੂੰ ਟ੍ਰੇਡਰਜ਼ ਕਮਿਸ਼ਨ ਵਿਧਾਨਸਭਾ ਹਲਕਾ ਮੁਹਾਲੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਇਸ ਦੌਰਾਨ ਮਾਰਕੀਟ ਕਮੇਟੀ ਮੁਹਾਲੀ ਦੇ ਚੇਅਰਮੈਨ ਗੋਵਿੰਦਰ ਮਿੱਤਲ ਵੱਲੋਂ ਅਕਬਿੰਦਰ ਸਿੰਘ ਗੋਸਲ ਨੂੰ ਟ੍ਰੇਡਰਜ਼ ਕਮਿਸ਼ਨ, ਵਿਧਾਨਸਭਾ ਹਲਕਾ ਮੁਹਾਲੀ ਦਾ ਚੇਅਰਪਰਸਨ ਨਿਯੁਕਤ ਕੀਤੇ ਜਾਣ ਤੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਟ੍ਰੇਡ ਵਿੰਗ ਜਿਲ੍ਹਾ ਮੁਹਾਲੀ ਦੇ ਪ੍ਰਧਾਨ ਤਰਲੋਚਨ ਸਿੰਘ ਬੈਦਵਾਣ, ਅਤੇ ਟ੍ਰੇਡਰਜ਼ ਕਮਿਸ਼ਨ ਵਿਧਾਨਸਭਾ ਹਲਕਾ ਮੁਹਾਲੀ ਦੇ ਮੈਂਬਰ ਜਸਪਾਲ ਸਿੰਘ, ਪਦਮ ਭੂਸ਼ਣ ਮੈਂਬਰ ਤੇ ਅਸ਼ੋਕ ਕੁਮਾਰ ਨੀਟਾ ਵੀ ਹਾਜ਼ਰ ਸਨ।

# ਅਨੁਸੂਚਿਤ ਜਾਤੀਆਂ ਲਈ 31.78 ਕਰੋੜ ਕੀਤੇ ਜਾਰੀ : ਡਾ. ਬਲਜੀਤ ਕੌਰ

ਚੰਡੀਗੜ੍ਹ, 15 ਜਨਵਰੀ (ਅੰਮ੍ਰਿਤਪਾਲ ਸਿੰਘ): ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਦੇ 6231 ਲਾਭਪਾਤਰੀਆਂ ਨੂੰ 31.78 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਨਾਲ ਸੂਬੇ ਭਰ ਦੇ ਹਜ਼ਾਰਾਂ ਗਰੀਬ ਪਰਿਵਾਰਾਂ ਨੂੰ ਸਿੱਧਾ ਆਰਥਿਕ ਸਹਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ ਅਤੇ ਅਸ਼ੀਰਵਾਦ ਸਕੀਮ ਇਸ ਵਚਨਬੱਧਤਾ ਦਾ ਸਪਸ਼ਟ ਪ੍ਰਤੀਕ ਹੈ, ਜੋ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਸਮੇਂ ਆਰਥਿਕ ਬੋਝ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ ਦੌਰਾਨ ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਪਟਿਆਲਾ, ਐਸ.ਬੀ.ਐਸ. ਨਗਰ, ਸੰਗਰੂਰ ਅਤੇ ਤਰਨਤਾਰਨ ਜ਼ਿਲ੍ਹਿਆਂ ਤੋਂ ਅਸ਼ੀਰਵਾਦ ਪੋਰਟਲ 'ਤੇ 6231 ਦਰਖ਼ਾਸਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਨੂੰ ਕਵਰ ਕਰਨ ਲਈ 31.78 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸਮਾਜਿਕ ਨਿਆਂ ਮੰਤਰੀ ਨੇ ਦੱਸਿਆ ਕਿ ਇਸ ਰਾਸ਼ੀ ਨਾਲ ਫਰੀਦਕੋਟ ਦੇ 155, ਫਿਰੋਜ਼ਪੁਰ ਦੇ 242, ਸ੍ਰੀ ਫਤਿਹਗੜ੍ਹ ਸਾਹਿਬ ਦੇ 124, ਫਾਜ਼ਿਲਕਾ ਦੇ 1647, ਗੁਰਦਾਸਪੁਰ ਦੇ 226 ਅਤੇ ਜਲੰਧਰ ਦੇ 70 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਸੇ ਤਰ੍ਹਾਂ ਕਪੂਰਥਲਾ ਦੇ 615, ਲੁਧਿਆਣਾ ਦੇ 2498, ਪਟਿਆਲਾ ਦੇ 178, ਐਸ.ਬੀ.ਐਸ. ਨਗਰ ਦੇ 152, ਸੰਗਰੂਰ ਦੇ 117 ਅਤੇ ਤਰਨਤਾਰਨ ਦੇ 207 ਲਾਭਪਾਤਰੀਆਂ ਨੂੰ ਵੀ ਇਸ ਸਕੀਮ ਅਧੀਨ ਲਾਭ ਪਹੁੰਚਾਇਆ ਗਿਆ ਹੈ।



ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਘੱਟ ਆਮਦਨੀ ਵਾਲੇ ਪਰਿਵਾਰਾਂ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਜੋ ਉਹਨਾਂ ਦੇ ਪਰਿਵਾਰਾਂ ਨੂੰ ਵਿਆਹ ਸਮੇਂ ਆਰਥਿਕ ਤੌਰ 'ਤੇ ਸਹਾਰਾ ਮਿਲ ਸਕੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾਂ ਤੋਂ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ। ਯੋਗ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੀ ਹੱਕਦਾਰ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਡੀ.ਬੀ.ਟੀ. (Direct Benefit Transfer) ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ, ਤਾਂ ਜੋ ਪਾਰਦਰਸ਼ਤਾ ਅਤੇ ਤੇਜ਼ੀ ਯਕੀਨੀ ਬਣਾਈ ਜਾ ਸਕੇ। ਡਾ. ਬਲਜੀਤ ਕੌਰ ਨੇ ਕਿਹਾ ਕਿ ਮਾਨ ਸਰਕਾਰ ਦੀ ਇਹ ਸਪਸ਼ਟ ਕੋਸ਼ਿਸ਼ ਹੈ ਕਿ ਕੋਈ ਵੀ ਯੋਗ ਪਰਿਵਾਰ ਸਰਕਾਰੀ ਭਲਾਈ ਸਕੀਮਾਂ ਤੋਂ ਵੰਚਿਤ ਨਾ ਰਹੇ ਅਤੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਮੁੱਖ ਧਾਰਾ ਨਾਲ ਜੋੜ ਕੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾਵੇ।

ਵਹਿ ਗੁਰੂ ਜੀ ਕਾ ਖ਼ਾਲਸਾ ਵਹਿ ਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
PUNJAB & SIND BANK
(A GOVT. OF INDIA UNDERTAKING)
ਜਿਥੇ ਸੇਵਾ ਹੀ ਜੀਵਨ ਹੈ

ਅੰਤਿਕਾ IV (ਨਿਯਮ 8 (1) ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਅਤੇ ਜ਼ਾਮਨ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈਆਂ ਮਿਤੀਆਂ ਨੂੰ ਕਰਜ਼ਦਾਰ ਅਤੇ ਜ਼ਾਮਨ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ/ਗਿਰਵੀਕਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਗਿਰਵੀਕਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ। ਕਰਜ਼ਦਾਰ/ਜ਼ਾਮਨਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਅਗਲੇਰੇ ਵਿਆਜ ਸਮੇਤ ਰਕਮ ਜਮ੍ਹਾਂ ਅਚਨਚੇਤੀ ਖਰਚਿਆਂ ਅਤੇ ਲਾਗਤਾਂ ਆਦਿ, ਮਨਫ਼ੀ ਵਸੂਲੀ, ਜੇਕਰ ਕੋਈ ਹੈ, ਸਮੇਤ ਰਕਮ ਦੇ ਲਈ **ਪੰਜਾਬ ਐਂਡ ਸਿੰਧ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਅਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਸੁਰੱਖਿਅਤ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ਾ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਐਸਐਮਈ ਜਲੰਧਰ<br>ਕਰਜ਼ਦਾਰ(ਾਂ) (1) ਮੈਸਰਜ਼ ਵਰਿਆਮ ਇਨਵੈਸਟਮੈਂਟਸ ਲਿਮਟਿਡ ਆਪਣੇ ਡਾਇਰੈਕਟਰਾਂ ਰਾਹੀਂ (ਜ਼ਾਮਨਾਂ) 1. ਗੁਰਚਰਨ ਸਿੰਘ ਪੁੱਤਰ ਨਿਰਮਲ ਸਿੰਘ 2. ਬਲਜਿੰਦਰ ਕੌਰ ਪਤਨੀ ਮਨਦੀਪ ਸਿੰਘ 3. ਬਿਰਾਦੇਸ਼ ਸਿੰਘ ਪੁੱਤਰ ਮਨਦੀਪ ਸਿੰਘ ਪਿੰਡ ਦੌਲਤਪੁਰ, ਡਾਕਖਾਨਾ-ਅਲਾਵਲਪੁਰ, ਜ਼ਿਲ੍ਹਾ ਜਲੰਧਰ। | 1. ਜ਼ਮੀਨ ਅਤੇ ਇਮਾਰਤ ਭਾਵ 01 ਕਨਾਲ ਮਾਪ ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ 552, ਹੱਦਬਸਤ ਨੰਬਰ 116, ਪਿੰਡ ਕਿਸ਼ਨਗੜ੍ਹ, ਤਹਿਸੀਲ - (ਆਦਮਪੁਰ) ਜਲੰਧਰ-1 ਵਿਖੇ ਸਥਿਤ ਹੈ, ਜੋ ਕਿ ਬਲਜਿੰਦਰ ਕੌਰ ਪਤਨੀ ਮਨਦੀਪ ਸਿੰਘ ਦੇ ਨਾਮ 'ਤੇ ਹੈ, ਟਰਾਂਸਫਰ-ਡੀਡ ਨੰਬਰ 720 ਮਿਤੀ 22/09/2005 ਦੁਆਰਾ ਗਿਰਵੀ ਰੱਖੀ ਗਈ ਹੈ ਜੋ ਕਿ ਐਸ.ਆਰ.-ਆਦਮਪੁਰ ਦੇ ਦਫ਼ਤਰ ਨਾਲ ਵਿਧੀਵਤ ਰਜਿਸਟਰਡ ਸੀ। | 11.11.2025 | 14.01.2026 | Rs. 80,36,169.69<br>(ਰੁਪਏ ਅੱਸੀ ਲੱਖ ਛੱਤੀ ਹਜ਼ਾਰ ਇੱਕ ਸੌ ਉਨੱਤਰ ਅਤੇ ਉਨੱਤਰ ਪੈਸੇ ਕੇਵਲ) ਜਿਸ ਵਿਚ 31.10.2025 ਤੱਕ ਲਾਗੂ ਵਿਆਜ ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਇਕੱਠੇ ਹੋਏ ਖਰਚੇ ਸ਼ਾਮਲ ਹਨ। |

ਮਿਤੀ : 16.01.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## ਸੰਪਾਦਕੀ

# ਦਰੁਸਤ ਫ਼ੈਸਲਾ

ਅੱਜ ਦੀ ਤੇਜ਼ ਰਫ਼ਤਾਰ ਅਤੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ, ਔਨਲਾਈਨ ਡਲਿਵਰੀ ਨਾ ਸਿਰਫ਼ ਰੁਜ਼ਗਾਰ ਦਾ ਇੱਕ ਮਹੱਤਵਪੂਰਨ ਸਰੋਤ ਬਣ ਗਈ ਹੈ, ਸਗੋਂ ਖਪਤਕਾਰਾਂ ਲਈ ਇੱਕ ਵੱਡਾ ਬਾਜ਼ਾਰ ਵੀ ਬਣ ਗਈ ਹੈ। ਇਸ ਵਿੱਚ ਬਹੁਤ ਤੇਜ਼ੀ ਆਈ ਹੈ, ਖਾਸ ਕਰਕੇ ਕੋਵਿਡ ਮਹਾਂਮਾਰੀ ਤੋਂ ਬਾਅਦ ਅਤੇ ਹੁਣ ਹਰ ਤਰ੍ਹਾਂ ਦੇ ਆਨ-ਡਿਮਾਂਡ ਉਤਪਾਦ ਮਿੰਟਾਂ ਵਿੱਚ ਘਰਾਂ ਤੱਕ ਪਹੁੰਚਾਏ ਜਾਂਦੇ ਹਨ। ਹਾਲਾਂਕਿ, ਤੁਰੰਤ ਡਲਿਵਰੀ ਦੀ ਦੌੜ ਨੇ ਔਨਲਾਈਨ ਕੰਪਨੀਆਂ ਦੇ ਕਰਮਚਾਰੀਆਂ 'ਤੇ ਦਬਾਅ ਅਤੇ ਉਨ੍ਹਾਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਨੂੰ ਵੀ ਵਧਾ ਦਿੱਤਾ ਹੈ। ਦੇਸ਼ ਭਰ ਵਿੱਚ ਸਮਾਨ ਦੀ ਡਲਿਵਰੀ ਕਰਦੇ ਸਮੇਂ ਸੜਕ ਹਾਦਸਿਆਂ ਵਿੱਚ ਲੋਕਾਂ ਦੇ ਮਰਨ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਇਹੀ ਕਾਰਨ ਹੈ ਕਿ ਕੇਂਦਰ ਸਰਕਾਰ ਨੇ ਹੁਣ ਕੰਪਨੀਆਂ ਦੇ ਦਸ ਮਿੰਟਾਂ ਵਿੱਚ ਸਮਾਨ ਦੀ ਡਲਿਵਰੀ ਕਰਨ ਦੇ ਦਾਅਵਿਆਂ 'ਤੇ ਪਾਬੰਦੀ ਲਗਾਉਣ ਦਾ ਹੁਕਮ ਦਿੱਤਾ ਹੈ। ਸਵਾਲ ਇਹ ਹੈ ਕਿ ਸਰਕਾਰ ਨੂੰ ਇਸ ਮਾਮਲੇ ਵਿੱਚ ਦਖਲ ਕਿਉਂ ਦੇਣਾ ਪਿਆ? ਕੀ ਇਹ ਸਬੰਧਤ ਕੰਪਨੀਆਂ ਦੀ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ? ਪਿਛਲੇ ਸਾਲ ਦੇ ਆਖਰੀ ਦਿਨ, 31 ਦਸੰਬਰ, 2025 ਨੂੰ, ਹੋਮ ਡਲਿਵਰੀ ਕਰਮਚਾਰੀਆਂ ਨੇ ਦੇਸ਼, ਸਮਾਜ ਅਤੇ ਸਰਕਾਰ ਦਾ ਧਿਆਨ ਆਪਣੀਆਂ ਸਮੱਸਿਆਵਾਂ ਵੱਲ ਖਿੱਚਣ ਲਈ ਹੜਤਾਲ ਕੀਤੀ ਸੀ। ਕੁਝ ਸਮੇਂ ਲਈ, ਔਨਲਾਈਨ ਮਾਰਕੀਟਪਲੇਸ ਦਾ ਸਮਰਥਨ ਕੀਤਾ ਜਾ ਰਿਹਾ ਹੈ, ਇਹ ਦਾਅਵਾ ਕਰਦੇ ਹੋਏ ਕਿ ਇਸ ਨੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਹਨ ਅਤੇ ਖਪਤਕਾਰਾਂ ਨੂੰ ਆਪਣੀ ਪਸੰਦ ਦਾ ਸਾਮਾਨ ਖਰੀਦਣ ਦਾ ਅਸਾਨ ਤਰੀਕਾ ਦਿੱਤਾ ਹੈ। ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਖੇਤਰ ਦੇ ਕਾਮਿਆਂ ਨੂੰ ਆਪਣੇ ਕੰਮ ਦੇ ਘੰਟੇ ਨਿਰਧਾਰਤ ਕਰਨ ਦੀ ਆਜ਼ਾਦੀ ਹੈ। ਪਰ ਕੀ ਉਨ੍ਹਾਂ ਕੋਲ ਸੱਚਮੁੱਚ ਕੰਮ ਕਰਨ ਦੀ ਆਜ਼ਾਦੀ ਹੈ? ਨਿਰਧਾਰਤ ਸਮੇਂ ਦੇ ਅੰਦਰ ਸਮਾਨ ਪਹੁੰਚਾਉਣ ਅਤੇ ਰੋਜ਼ਾਨਾ ਟੀਚਿਆਂ ਨੂੰ ਪੂਰਾ ਕਰਨ ਦਾ ਦਬਾਅ ਅਕਸਰ ਉਨ੍ਹਾਂ ਨੂੰ ਨਾ ਸਿਰਫ਼ ਮਾਨਸਿਕ ਬਲਕਿ ਸਰੀਰਕ ਪਰੇਸ਼ਾਨੀ ਦਾ ਕਾਰਨ ਬਣਦਾ ਹੈ। ਇਸ ਦਬਾਅ ਹੇਠ, ਸੜਕ 'ਤੇ ਤੇਜ਼ ਰਫ਼ਤਾਰ ਨਾਲ ਦੋਪਹੀਆ ਵਾਹਨ ਚਲਾਉਣਾ ਜਾਨ ਲਈ ਲਗਾਤਾਰ ਜੋਖਮ ਪੈਦਾ ਕਰਦਾ ਹੈ। ਇਸ ਲਈ, ਦਸ ਮਿੰਟ ਦੀ ਡਲਿਵਰੀ ਦੇ ਵਾਅਦਿਆਂ ਨੂੰ ਖਤਮ ਕਰਨਾ ਜ਼ਰੂਰੀ ਹੋ ਗਿਆ ਹੈ। 2022 ਲਈ ਨੀਤੀ ਆਯੋਗ ਦੀ ਰਿਪੋਰਟ ਦੇ ਅਨੁਸਾਰ, 2020 ਵਿੱਚ ਦੇਸ਼ ਭਰ ਵਿੱਚ ਔਨਲਾਈਨ ਡਲਿਵਰੀ ਕਰਮਚਾਰੀਆਂ ਦੀ ਗਿਣਤੀ ਲਗਭਗ 7.7 ਮਿਲੀਅਨ ਸੀ ਅਤੇ ਇਹ ਅੰਕੜਾ 2030 ਤੱਕ 23.5 ਮਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਔਨਲਾਈਨ ਬਾਜ਼ਾਰਾਂ ਨੇ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ, ਪਰ ਇਸਦੇ ਨਾਲ ਹੀ, ਸਬੰਧਤ ਕੰਪਨੀਆਂ ਵਿੱਚ ਮੁਕਾਬਲੇ ਨੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਕੰਮ ਦੇ ਦਬਾਅ ਲਈ ਵੀ ਖ਼ਤਰਾ ਪੈਦਾ ਕੀਤਾ ਹੈ। ਇਹ ਦੱਸਿਆ ਜਾ ਰਿਹਾ ਹੈ ਕਿ, ਸਰਕਾਰ ਦੇ ਆਦੇਸ਼ ਤੋਂ ਬਾਅਦ, ਔਨਲਾਈਨ ਕੰਪਨੀਆਂ ਨੇ ਆਪਣੇ ਪਲੇਟਫਾਰਮਾਂ ਤੋਂ ਆਪਣੇ ਦਸ ਮਿੰਟ ਦੀ ਡਿਲੀਵਰੀ ਦੇ ਦਾਅਵਿਆਂ ਨੂੰ ਹਟਾ ਦਿੱਤਾ ਹੈ। ਹਾਲਾਂਕਿ, ਕਿਸੇ ਹੋਰ ਰੂਪ ਵਿੱਚ ਅਜਿਹੀਆਂ ਕੋਸ਼ਿਸ਼ਾਂ ਨੂੰ ਦੁਹਰਾਉਣ ਤੋਂ ਰੋਕਣ ਲਈ ਸਰਕਾਰ ਨੂੰ ਇੱਕ ਨਿਗਰਾਨੀ ਪ੍ਰਣਾਲੀ ਸਥਾਪਤ ਕਰਨ ਦੀ ਲੋੜ ਹੈ। ਸਰਕਾਰ ਨੂੰ, ਸਬੰਧਤ ਔਨਲਾਈਨ ਪਲੇਟਫਾਰਮਾਂ ਦੇ ਸਹਿਯੋਗ ਨਾਲ, ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਾਰਜਬਲ ਦਾ ਇਹ ਹਿੱਸਾ ਇੱਕ ਸੁਰੱਖਿਅਤ ਵਾਤਾਵਰਣ ਵਿੱਚ ਵਿਕਾਸ ਅਤੇ ਸਮਾਜਿਕ ਗਤੀਸ਼ੀਲਤਾ ਲਈ ਇੱਕ ਪੌੜੀ ਦਾ ਪੱਥਰ ਬਣੇ, ਨਾਲ ਹੀ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਵੀ ਕਰੇ।

-ਜਗਜੀਤ ਸਿੰਘ ਦਰਦੀ

## ਸੱਤਾ ਨੇ ਧਰਮ ਅੱਗੇ ਸਿਰ ਝੁਕਾਇਆ

# ਸ੍ਰੀ ਅਕਾਲ ਤਖ਼ਤ ਸਾਹਿਬ ਪੰਜਾਬੀਆਂ ਲਈ ਸਰਵਉੱਚ ਤੇ ਆਸਥਾ ਦਾ ਸਥਾਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਮੁੱਖ ਮੰਤਰੀ ਦਾ ਸ਼੍ਰੀ ਅਕਾਲ ਤਖ਼ਤ ਸਾਹਮਣੇ ਪੇਸ਼ ਹੋਣਾ ਸ਼ਾਇਦ ਪੰਜਾਬ ਲਈ ਕੋਈ ਸਦਭਾਵਨਾ ਤੇ ਅਮਨ ਅਮਾਨ ਦਾ ਰਾਹ ਦਿਖਾਵੇ!**

**ਪੰਜਾਬ ਦੀ ਰਾਜਨੀਤੀ 'ਤੇ ਪ੍ਰਭਾਵ ਹੇਠ ਇਹ ਘਟਨਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡੀ ਤਬਦੀਲੀ ਲਿਆ ਸਕਦੀ ਹੈ। ਸੱਤਾ ਅਤੇ ਧਰਮ ਵਿਚਕਾਰ ਸੰਤੁਲਨ ਨੂੰ ਪਹਿਲੀ ਵਾਰ ਕਿਸੇ ਸਿਟਿੰਗ ਮੁੱਖ ਮੰਤਰੀ ਨੇ ਅਕਾਲ ਤਖਤ ਅੱਗੇ ਇੰਨੀ ਨਿਮਰਤਾ ਨਾਲ ਪੇਸ਼ ਹੋ ਕੇ ਆਪਣਾ ਪੱਖ ਰੱਖਿਆ। ਇਹ ਇੱਕ ਸੰਦੇਸ਼ ਹੈ ਕਿ ਰਾਜਨੀਤਿਕ ਸੱਤਾ ਧਾਰਮਿਕ ਅਥਾਰਟੀ ਤੋਂ ਉੱਪਰ ਨਹੀਂ। ਇਹ ਪੰਜਾਬ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਧਰਮ-ਰਾਜਨੀਤੀ ਦੇ ਟਕਰਾਅ ਨੂੰ ਕੁਝ ਹੱਦ ਤੱਕ ਘਟਾ ਸਕਦਾ ਹੈ। ਪਿਛਲੇ ਸਮੇਂ ਵਿੱਚ ਅਕਾਲੀ ਦਲ ਅਤੇ ਹੋਰ ਪਾਰਟੀਆਂ ਨੇ ਅਕਾਲ ਤਖਤ ਨੂੰ ਆਪਣੇ ਹੱਕ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ ਸੀ, ਪਰ ਇੱਥੇ ਉਲਟਾ ਹੋਇਆ - ਸੱਤਾ ਨੇ ਧਰਮ ਅੱਗੇ ਸਿਰ ਝੁਕਾਇਆ ਹੈ।**

ਬੀਤੇ ਕੱਲ੍ਹ 15 ਜਨਵਰੀ 2026 ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਨੰਗੇ ਪੈਰੀਂ ਪੇਸ਼ ਹੋਣਾ ਅਤੇ ਆਪਣਾ ਸਪੱਸ਼ਟੀਕਰਨ ਦੇਣਾ ਪੰਜਾਬ ਦੀ ਰਾਜਨੀਤੀ ਅਤੇ ਸਮਾਜਿਕ ਢਾਂਚੇ ਲਈ ਇੱਕ ਅਹਿਮ ਅਤੇ ਇਤਿਹਾਸਕ ਘਟਨਾ ਸਾਬਤ ਹੋਈ ਹੈ। ਇਹ ਮੌਕਾ ਨਾ ਸਿਰਫ਼ ਇੱਕ ਵਿਅਕਤੀਗਤ ਜਾਂ ਰਾਜਨੀਤਿਕ ਮਸਲੇ ਨੂੰ ਹੱਲ ਕਰਨ ਲਈ ਸੀ, ਸਗੋਂ ਇਹ ਪੰਜਾਬ ਵਿੱਚ ਧਰਮ ਅਤੇ ਸੱਤਾ ਵਿਚਕਾਰ ਚੱਲ ਰਹੇ ਸੰਘਰਸ਼, ਭਾਵਨਾਵਾਂ ਦੀ ਤੀਬਰਤਾ ਅਤੇ ਏਕਤਾ ਦੀ ਲੋੜ ਨੂੰ ਵੀ ਉਜਾਗਰ ਕਰਦਾ ਹੈ।

ਇਸ ਘਟਨਾ ਦੀ ਪਿਛੋਕੜ ਅਤੇ ਵੇਰਵੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 5 ਜਨਵਰੀ 2026 ਨੂੰ ਮੁੱਖ ਮੰਤਰੀ ਨੂੰ ਸੰਮਨ ਜਾਰੀ ਕੀਤਾ ਸੀ। ਮੁੱਖ ਦੋਸ਼ ਸਨ:ਸੋਸ਼ਲ ਮੀਡੀਆ 'ਤੇ ਵਾਇਰਲ ਇੱਕ ਵੀਡੀਓ ਜਿਸ ਵਿੱਚ ਕਥਿਤ ਤੌਰ 'ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਸ਼ਹੀਦ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਸਬੰਧਤ ਬੇਅਦਬੀ ਵਾਲੇ ਬਿਆਨ ਸਨ। ਗੁਰੂ ਕੀ ਗੋਲਕ (ਗੁਰਦੁਆਰਾ ਦਾਨ ਪੇਟੀ) ਅਤੇ ਦਸਵੰਧ ਵਰਗੇ ਸਿੱਖ ਸਿਧਾਂਤਾਂ ਬਾਰੇ ਕਥਿਤ ਨਿਰਾਦਰੀ ਵਾਲੇ ਬਿਆਨ। ਸਿੱਖ ਰਹਿਤ ਮਰਿਆਦਾ ਅਤੇ ਅਕਾਲ ਤਖਤ ਦੀ ਅਥਾਰਟੀ ਨੂੰ ਚੁਣੌਤੀ ਦੇਣ ਵਰਗੇ ਆਰੋਪ।

ਮੁੱਖ ਮੰਤਰੀ ਨੇ ਇਸ ਵੀਡੀਓ ਨੂੰ ਫਰਜ਼ੀ ਅਤੇ 19-ਜਨਰੇਟਿਡ ਦੱਸ ਕੇ ਫੋਰੈਂਸਿਕ ਜਾਂਚ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਨੰਗੇ ਪੈਰੀਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਿਆ, ਫਿਰ ਦੋ ਬੈਗ ਭਰ ਕੇ ਸਬੂਤ ਅਤੇ ਲਿਖਤੀ ਸਪੱਸ਼ਟੀਕਰਨ ਲੈ ਕੇ 40 ਮਿੰਟ ਤੱਕ ਪੇਸ਼ ਹੋਏ। ਬਾਹਰ ਆ ਕੇ ਉਨ੍ਹਾਂ ਨੇ ਸਾਫ਼ ਕਿਹਾ ਕਿ ਮੈਂ ਅਕਾਲ ਤਖ਼ਤ ਨੂੰ ਚੁਣੌਤੀ ਨਹੀਂ ਦਿੱਤੀ। ਮੇਰੇ ਕੋਲ ਨਾ ਹਿੰਮਤ ਹੈ ਨਾ ਅਧਿਕਾਰ। ਮੈਂ ਨਿਮਾਣੇ ਸਿੱਖ ਵਜੋਂ ਹਾਜ਼ਰ ਹੋਇਆ ਹਾਂ ਅਤੇ ਜਥੇਦਾਰ ਦੇ ਹਰ ਹੁਕਮ ਦੀ ਪਾਲਣਾ ਕਰਾਂਗਾ। ਜਥੇਦਾਰ ਨੇ ਵੀ ਸੰਤੁਲਿਤ ਰਵੱਈਆ ਅਪਣਾਇਆ ਅਤੇ ਕਿਹਾ ਕਿ ਅਕਾਲ ਤਖਤ ਕਿਸੇ ਨਾਲ ਨਫ਼ਰਤ ਨਹੀਂ ਰੱਖਦਾ। ਮਾਮਲੇ 'ਤੇ 5 ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਚਰਚਾ ਹੋਵੇਗੀ ਅਤੇ ਫੈਸਲਾ ਲਿਆ ਜਾਵੇਗਾ।

ਪੰਜਾਬ ਦੀ ਰਾਜਨੀਤੀ 'ਤੇ ਪ੍ਰਭਾਵ ਹੇਠ ਇਹ ਘਟਨਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵੱਡਾ ਤਬਦੀਲੀ ਲਿਆ ਸਕਦੀ ਹੈ। ਸੱਤਾ ਅਤੇ ਧਰਮ ਵਿਚਕਾਰ ਸੰਤੁਲਨ ਨੂੰ ਪਹਿਲੀ ਵਾਰ ਕਿਸੇ ਸਿਟਿੰਗ ਮੁੱਖ ਮੰਤਰੀ ਨੇ ਅਕਾਲ ਤਖਤ ਅੱਗੇ ਇੰਨੀ ਨਿਮਰਤਾ ਨਾਲ ਪੇਸ਼ ਹੋ ਕੇ ਆਪਣਾ ਪੱਖ ਰੱਖਿਆ। ਇਹ ਇੱਕ ਸੰਦੇਸ਼ ਹੈ ਕਿ ਰਾਜਨੀਤਿਕ ਸੱਤਾ ਧਾਰਮਿਕ ਅਥਾਰਟੀ ਤੋਂ ਉੱਪਰ ਨਹੀਂ। ਇਹ ਪੰਜਾਬ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਧਰਮ-ਰਾਜਨੀਤੀ ਦੇ ਟਕਰਾਅ ਨੂੰ ਕੁਝ ਹੱਦ ਤੱਕ ਘਟਾ ਸਕਦਾ ਹੈ। ਪਿਛਲੇ ਸਮੇਂ ਵਿੱਚ ਅਕਾਲੀ ਦਲ ਅਤੇ ਹੋਰ ਪਾਰਟੀਆਂ ਨੇ ਅਕਾਲ ਤਖਤ ਨੂੰ ਆਪਣੇ ਹੱਕ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ ਸੀ, ਪਰ ਇੱਥੇ ਉਲਟਾ ਹੋਇਆ - ਸੱਤਾ ਨੇ ਧਰਮ ਅੱਗੇ ਸਿਰ ਝੁਕਾਇਆ ਹੈ।

ਆਪ ਪਾਰਟੀ ਅਤੇ ਵਿਰੋਧੀਆਂ ਲਈ ਇਹ ਇੱਕ ਸਕਾਰਾਤਮਕ ਕਦਮ ਹੈ। ਮੁੱਖ ਮੰਤਰੀ ਨੇ ਆਪਣੀ ਨਿਮਰਤਾ ਨਾਲ ਪੰਥਕ ਭਾਵਨਾਵਾਂ ਨੂੰ ਸਤਿਕਾਰ ਦਿੱਤਾ ਅਤੇ ਵਿਰੋਧੀਆਂ (ਖਾਸ ਕਰਕੇ ਅਕਾਲੀ ਦਲ ਅਤੇ ਬੀਜੇਪੀ) ਵੱਲੋਂ ਫੈਲਾਏ ਜਾ ਰਹੇ ਨੈਰੇਟਿਵ ਨੂੰ ਕਮਜ਼ੋਰ ਕੀਤਾ। ਵਿਰੋਧੀ ਪਾਰਟੀਆਂ ਨੇ ਇਸ ਨੂੰ ਰਾਜਨੀਤਿਕ ਤੌਰ 'ਤੇ ਵਰਤਣ ਦੀ ਕੋਸ਼ਿਸ਼ ਕੀਤੀ ਸੀ, (ਜਿਵੇਂ ਬੀਜੇਪੀ ਵੱਲੋਂ ਪੁਰਾਣੀਆਂ ਵੀਡੀਓਆਂ ਨੂੰ ਉਭਾਰਨਾ), ਪਰ ਮੁੱਖ ਮੰਤਰੀ ਦੀ ਨਿਮਰਤਾ ਨੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬਹੁਤ ਹੱਦ ਤੱਕ ਨਾਕਾਮ ਕਰ ਦਿੱਤਾ। ਇਹ ਆਪ ਲਈ ਸਿੱਖ ਵੋਟਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦਾ ਮੌਕਾ ਵੀ ਬਣ ਸਕਦਾ ਹੈ।

ਪੰਥਕ ਏਕਤਾ ਅਤੇ ਵਿਵਾਦ ਵਿਚ ਕੁਝ ਪੰਥਕ ਜਥੇਬੰਦੀਆਂ ਅਤੇ ਵਿਦੇਸ਼ੀ ਸਿੱਖ ਗਰੁੱਪਾਂ (ਜਿਵੇਂ SFJ) ਨੇ ਇਸ ਨੂੰ ਅਜੇ ਵੀ ਗੰਭੀਰ ਮੰਨਿਆ ਅਤੇ ਸਖਤ ਕਾਰਵਾਈ ਦੀ ਮੰਗ ਕੀਤੀ। ਇਹ ਵਿਵਾਦ ਪੰਥ ਵਿੱਚ ਵੰਡ ਪੈਦਾ ਕਰ ਸਕਦਾ ਹੈ, ਪਰ ਜੇਕਰ 5 ਸਿੰਘ ਸਾਹਿਬਾਨ ਦਾ ਫੈਸਲਾ ਸੰਤੁਲਿਤ ਰਿਹਾ ਤਾਂ ਇਹ ਏਕਤਾ ਨੂੰ ਵਧਾਉਣ ਵਾਲਾ ਸਾਬਤ ਹੋ ਸਕਦਾ ਹੈ।

ਸਮਾਜਿਕ ਪ੍ਰਭਾਵ:ਪੰਜਾਬੀ ਸਮਾਜ ਵਿੱਚ ਧਰਮ ਅਜੇ ਵੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਇਸ ਘਟਨਾ ਨੇ ਕਈ ਪੱਧਰਾਂ 'ਤੇ ਅਸਰ ਪਾਇਆ:ਸਿੱਖ ਭਾਈਚਾਰੇ ਵਿੱਚ ਰਾਹਤ ਅਤੇ ਉਮੀਦ ਬਹੁਤ ਸਾਰੇ ਸਿੱਖਾਂ ਨੂੰ ਰਾਹਤ ਮਿਲੀ ਕਿ ਮੁੱਖ ਮੰਤਰੀ ਨੇ ਅਕਾਲ ਤਖਤ ਦੀ ਸਰਵਉੱਚਤਾ ਨੂੰ ਮੰਨਿਆ। ਇਹ ਸੰਦੇਸ਼ ਗਿਆ ਕਿ ਕੋਈ ਵੀ ਅਹੁਦਾ ਧਰਮ ਤੋਂ ਵੱਡਾ ਨਹੀਂ। ਇਹ ਪੰਜਾਬ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਮਸਲਿਆਂ 'ਤੇ ਰੋਕ ਲਗਾਉਣ ਵਾਲਾ ਕਦਮ ਹੈ।

ਸਮਾਜਿਕ ਏਕਤਾ ਅਤੇ ਅਮਨ ਲਈ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਤੋਂ ਧਾਰਮਿਕ ਤਣਾਅ, ਵੀਡੀਓਆਂ ਦੇ ਵਾਇਰਲ ਹੋਣ ਅਤੇ ਬੇਅਦਬੀ ਵਰਗੇ ਮੁੱਦੇ ਵਧੇ ਸਨ। ਇਹ ਘਟਨਾ ਅਤੇ ਮੁੱਖ ਮੰਤਰੀ ਦੀ ਨਿਮਰਤਾ ਨੇ ਤਣਾਅ ਘੱਟ ਕਰਨ ਵਿੱਚ ਮਦਦ ਕੀਤੀ ਹੈ। ਇਹ ਪੰਜਾਬ ਵਾਸੀਆਂ ਲਈ ਅਮਨ-ਸ਼ਾਂਤੀ ਅਤੇ ਸੰਵਾਦ ਦਾ ਸੁਨੇਹਾ ਬਣੀ। ਜੇਕਰ ਫੈਸਲਾ ਨਿਰਪੱਖ ਰਿਹਾ ਤਾਂ ਇਹ ਸਮਾਜ ਵਿੱਚ ਏਕਤਾ ਨੂੰ ਵਧਾਏਗਾ।


ਨੌਜਵਾਨਾਂ ਅਤੇ ਸੋਸ਼ਲ ਮੀਡੀਆ 'ਤੇ ਅਕਸਰ ਸੋਸ਼ਲ ਮੀਡੀਆ 'ਤੇ ਫੇਕ ਵੀਡੀਓਆਂ ਅਤੇ ਨੈਰੇਟਿਵ ਨੇ ਬਹੁਤ ਨੁਕਸਾਨ ਕੀਤਾ ਸੀ। ਇਸ ਘਟਨਾ ਨੇ ਲੋਕਾਂ ਨੂੰ ਸਿੱਖਿਆ ਦਿੱਤੀ ਕਿ ਫੇਕ ਨੈਰੇਟਿਵ ਨੂੰ ਚੈੱਕ ਕਰਨਾ ਜ਼ਰੂਰੀ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਰਾਜਨੀਤੀ ਲਈ ਵਰਤਣਾ ਗਲਤ ਹੈ।

ਅੱਜ ਉਮੀਦਾਂ ਹਨ ਕਿ ਇਹ ਘਟਨਾ ਪੰਜਾਬ ਲਈ ਇੱਕ ਸਕਾਰਾਤਮਕ ਸੰਕੇਤ ਹੈ। ਇਹ ਦੱਸਦੀ ਹੈ ਕਿ ਨਿਮਰਤਾ ਅਤੇ ਸੰਵਾਦ ਨਾਲ ਵੱਡੇ ਤੋਂ ਵੱਡੇ ਵਿਵਾਦ ਵੀ ਹੱਲ ਹੋ ਸਕਦੇ ਹਨ। ਰਾਜਨੀਤੀ ਨੂੰ ਧਰਮ ਤੋਂ ਉੱਪਰ ਉੱਠ ਕੇ ਲੋਕਾਂ ਦੀ ਭਲਾਈ ਲਈ ਵਰਤਣਾ ਚਾਹੀਦਾ ਹੈ। ਪੰਜਾਬ ਨੂੰ ਅੱਜ ਏਕਤਾ, ਵਿਕਾਸ, ਨਸ਼ੇ ਦੇ ਖਾਤਮੇ, ਰੁਜ਼ਗਾਰ ਅਤੇ ਕਿਸਾਨਾਂ ਦੀ ਭਲਾਈ ਦੀ ਲੋੜ ਹੈ।

ਅੱਜ ਜੇਕਰ ਇਸ ਘਟਨਾ ਤੋਂ ਸਭ ਪੱਖ ਸਿੱਖਣ ਅਤੇ ਅੱਗੇ ਵਧਣ ਤਾਂ ਪੰਜਾਬ ਨੂੰ ਨਵੀਂ ਸਿਹਤ ਅਤੇ ਖੁਸ਼ਹਾਲੀ ਮਿਲ ਸਕਦੀ ਹੈ। ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਹਮੇਸ਼ਾ ਬਣੀ ਰਹੇ ਅਤੇ ਪੰਜਾਬ ਵਿੱਚ ਅਮਨ, ਚੈਨ ਅਤੇ ਏਕਤਾ ਵਧੇ - ਇਹੀ ਅਸਲੀ ਉਮੀਦ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!

# ਭਗਵੰਤ ਮਾਨ ਵੱਲੋਂ ਜਥੇਦਾਰ ਨੂੰ ਦਿੱਤੇ ਕਾਲੇ ਬੈਗ ਅੰਦਰਲੇ ਸੱਚ

ਕਮਲਜੀਤ ਸਿੰਘ ਬਨਵੈਤ
98147 34035



- **ਸ਼੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਹਾਜ਼ਰ ਹੋਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤੇ ਦਾਅਵਿਆਂ ਵਿੱਚ ਦਿਸਿਆ ਫ਼ਰਕ**
- **ਮੁੱਖ ਮੰਤਰੀ ਮਾਨ ਮੁਕਤਸਰ ਦੀ ਸਿਆਸੀ ਕਾਨਫਰੰਸ ਵਿੱਚ ਲਾਪਤਾ ਸਰੂਪਾਂ ਵਿੱਚੋਂ 169 ਬਰਾਮਦ ਕਰਨ ਦ ਦਾਅਵੇ ਨਾਲ ਲਾ ਗਏ ਪੰਥਕ ਵੋਟ ਨੂੰ ਖੋਰਾ**
- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਲੇ ਨਹੀਂ ਸਹਿਮਤ ਮੁੱਖ ਮੰਤਰੀ ਮਾਨ ਦੇ ਦਾਅਵੇਨਾਲ, ਸਿਆਸੀ ਪੰਡਤ ਵੀ ਚਲਦੀ ਜਾਂਚ ਦੌਰਾਨ ਅਜਿਹੇ ਦਾਅਵੇ ਨਾਲ ਨਹੀਂ ਰਜ਼ਾਮੰਦ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਭੇਟ ਕੀਤੇ ਇੱਕ ਕਾਲੇ ਬੈਗ ਨੇ ਕਈ ਚਿਰ ਪਹਿਲਾਂ ਚਰਚਾ ਵਿੱਚ ਰਹੇ ਕਾਲੇ ਬੈਗ ਦਾ ਚੇਤਾ ਕਰਵਾ ਦਿੱਤਾ ਹੈ। ਉਸ ਬੈਗ ਦੀ ਚਰਚਾ ਕਈ ਚਿਰ ਪਹਿਲਾਂ ਖ਼ਤਮ ਹੋ ਗਈ ਸੀ ਜਦ ਕਿ ਮੁੱਖ ਮੰਤਰੀ ਵੱਲੋਂ ਜਥੇਦਾਰ ਨੂੰ ਦਿੱਤੇ ਕਾਲੇ ਬੈਗ ਦੀ ਚਰਚਾ ਸ਼ੁਰੂ ਹੋਈ ਹੈ। ਦੋਹਾਂ ਬੈਗਾਂ ਦਾ ਸਫਰ ਸਿਆਸੀ ਅਤੇ ਪੰਥ ਹਲਕਿਆਂ ਵਿੱਚ ਹੈ ਬੜਾ ਮਹੱਤਵਪੂਰਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਹਾਜ਼ਰ ਹੋਏ। ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਹਨਾਂ ਨੂੰ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਤਲਬ ਕੀਤਾ ਗਿਆ ਸੀ। ਜਥੇਦਾਰ ਵੱਲੋਂ ਉਹਨਾਂ ਨੂੰ ਪਹਿਲਾਂ 15 ਜਨਵਰੀ ਨੂੰ ਸਵੇਰੇ 10 ਵਜੇ ਪੇਸ਼ ਹੋਣ ਦਾ ਸੁਨੇਹਾ ਲਾਇਆ ਗਿਆ ਪਰ ਪਿੱਛੋਂ ਉਹਨਾਂ ਨੇ ਸਮਾਂ ਬਾਅਦ ਦੁਪਹਿਰ ਦਾ ਕਰ ਦਿੱਤਾ। ਭਗਵੰਤ ਸਿੰਘ ਮਾਨ ਬੀਤੇ ਕੱਲ ਹੀ ਅੰਮ੍ਰਿਤਸਰ ਪਹੁੰਚ ਗਏ ਸਨ, ਇਸ ਲਈ ਉਹ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ 11 ਵਜੇ ਹਾਜ਼ਰ ਹੋ ਗਏ। ਸੂਤਰ ਦਾਆਵਾ ਕਰਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਮੁੱਖ ਮੰਤਰੀ ਦਫ਼ਤਰ ਵਿੱਚ ਸਮੇਂ ਨੂੰ ਲੈ ਕੇ ਆਪਸੀ ਗਿਟਮਿਟ ਹੋ ਗਈ ਸੀ।

ਹੁਣ ਤੱਕ ਸਾਹਮਣੇ ਆਈ ਜਾਣਕਾਰੀ ਮੁਤਾਬਕ ਮੁੱਖ ਮੰਤਰੀ ਸ਼੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਅੰਦਰ 45 ਮਿੰਟ ਲਈ ਹਾਜ਼ਰ ਰਹੇ। ਜਿਵੇਂ ਕਿ ਉਹਨਾਂ ਨੇ ਪਹਿਲਾਂ ਦਾਅਵਾ ਕੀਤਾ ਸੀ ਉਹ ਉਸੇ ਤਰ੍ਹਾਂ ਆਪਣੇ ਬਿਆਨਾਂ ਨਾਲ ਸਬੰਧਤ ਸਬੂਤ ਕਾਲੇ ਬੈਗ ਵਿੱਚ ਲੈ ਕੇ ਗਏ। ਇਹ ਕਾਲਾ ਬੈਗ ਜਥੇਦਾਰ ਅਕਾਲ ਤਖ਼ਤ ਦੇ ਹਵਾਲੇ ਕਰ ਦਿੱਤਾ ਗਿਆ ਹੈ। ਕਾਲਾ ਬੈਗ ਖੋਲ੍ਹਣ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਭਗਵੰਤ ਸਿੰਘ ਮਾਨ ਨੇ ਆਪਣੇ ਬਿਆਨਾਂ ਦੀ ਸਪੋਰਟ ਵਿੱਚ ਕਿਹੜੇ ਕਿਹੜੇ ਸਬੂਤ ਦਿੱਤੇ ਹਨ।

ਮੁੱਖ ਮੰਤਰੀ ਦੀ ਪੇਸ਼ੀ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੜਗੱਜ ਦੀ ਮੀਡੀਆ ਨਾਲ ਗੱਲਬਾਤ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਉਹਨਾਂ ਨੇ ਇੱਕ ਵੱਡਾ ਦਾਅਵਾ ਕੀਤਾ ਹੈ ਕਿ ਮੁੱਖ ਮੰਤਰੀ ਨੇ ਇਹ ਮੰਨਿਆ ਕਿ ਉਹਨਾਂ ਨੂੰ ਸਿੱਖ ਰਹਿਤ ਮਰਿਆਦਾ ਬਾਰੇ ਵਧੇਰੇ ਜਾਣਕਾਰੀ ਨਹੀਂ ਹੈ। ਇਸ ਕਰਕੇ ਉਨ੍ਹਾਂ ਨੂੰ ਜ਼ਾਬਤੇ ਵਿੱਚ ਰਹਿ ਕੇ ਬੋਲਣਾ ਚਾਹੀਦਾ ਸੀ। ਜਥੇਦਾਰ ਇਹ ਵੀ ਦਾਅਵਾ ਕਰਦੇ ਹਨ ਕਿ ਮੁੱਖ ਮੰਤਰੀ ਨੇ ਅੱਗੇ ਤੋਂ ਧਾਰਮਿਕ ਮਾਮਲਿਆਂ ਵਿੱਚ ਬਿਆਨਬਾਜ਼ੀ ਨਾ ਕਰਨ ਦਾ ਭਰੋਸਾ ਦਿੱਤਾ ਹੈ। ਉਹਨਾਂ ਨੇ ਨਾਲ ਹੀ ਕਿਹਾ ਕਿ ਮੁੱਖ ਮੰਤਰੀ ਦੀ ਪੇਸ਼ੀ ਬੜੇ ਸੁਖਾਵੇਂ ਮਾਹੌਲ ਵਿੱਚ ਰਹੀ ਹੈ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਸਕੱਤਰੇਤ ਤੋਂ ਬਾਹਰ ਆ ਕੇ ਅਜਿਹੀ ਕਿਸੇ ਗੱਲ ਦਾ ਜ਼ਿਕਰ ਨਹੀਂ ਕਰਦੇ ਹਨ ਸਗੋਂ ਉਹਨਾਂ ਨੇ ਤਾਂ ਇਹ ਕਿਹਾ ਕਿ ਗੁਰਦੁਆਰਿਆਂ ਦੀਆਂ ਗੋਲਕਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਵਿਵਾਦਾਂ ਦੇ ਜਿਹੜੇ ਸਬੂਤ ਉਹਨਾਂ ਕੋਲ ਸਨ ਉਹ ਜਥੇਦਾਰਾਂ ਦੇ ਹਵਾਲੇ ਕਰ ਆਏ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਚੱਲ ਰਹੀ ਵੀਡੀਓ ਬਾਰੇ ਕਿਹਾ ਕਿ ਉਹ ਜਥੇਦਾਰ ਸਾਹਿਬ ਨੂੰ ਕਹਿ ਆਏ ਹਨ ਕਿ ਉਹ ਜਿਸ ਮਰਜ਼ੀ ਫਰੈਂਸਿਕ ਲੈਬ ਤੋਂ ਵੀਡੀਓ ਦੀ ਜਾਂਚ ਕਰਵਾ ਲੈਣ। ਦੂਜੇ ਬੰਨੇ ਜਥੇਦਾਰ ਦਾ ਕਹਿਣਾ ਹੈ ਕਿ ਉਹਨਾਂ ਨੇ ਭਗਵੰਤ ਸਿੰਘ ਮਾਨ ਨੂੰ ਆਪਣੀ ਮਰਜ਼ੀ ਦੀ ਦੋ ਵੀਡੀਓ ਲੈਬ ਤੋਂ ਜਾਂਚ ਕਰਾਉਣ ਦੀ ਖੁੱਲ੍ਹ ਦਿੱਤੀ ਹੈ।

ਦੋਹਾਂ ਧਿਰਾਂ ਨੇ ਇੱਕ ਗੱਲ ਜ਼ਰੂਰ ਸਾਂਝੀ ਕਹੀ ਹੈ ਕਿ ਜਥੇਦਾਰ ਅਕਾਲ ਤਖ਼ਤ ਨੇ ਉਹਨਾਂ ਵੱਲੋਂ ਪੇਸ਼ ਕੀਤੇ ਸਬੂਤਾਂ ਨੂੰ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿੱਚ ਵਿਚਾਰ ਕੇ ਅਗਲਾ ਸੁਨੇਹਾ ਲਾਉਣਾ ਹੈ। ਜਥੇਦਾਰ ਅਤੇ ਮੁੱਖ ਮੰਤਰੀ ਵੱਲੋਂ ਮੀਡੀਆ ਨਾਲ ਕੀਤੀ ਅੱਡ ਅੱਡ ਗੱਲਬਾਤ ਵਿੱਚ ਦਾਅਵਿਆਂ ਤੇ ਵਾਅਦਿਆਂ ਵਿੱਚ ਅੰਤਰ ਜ਼ਰੂਰ ਦਿਸ ਰਿਹਾ ਹੈ। ਕੁੱਲ ਮਿਲਾ ਕੇ ਜਿਵੇਂ ਪਹਿਲਾਂ ਦੋਵੇਂ ਧਿਰਾਂ ਤਲਖ਼ੀ ਵਿੱਚ ਨਜ਼ਰ ਆ ਰਹੀਆਂ ਸਨ, ਮੀਟਿੰਗ ਜ਼ਰੂਰ ਸੁਖਾਵੇਂ ਮਾਹੌਲ ਵਿੱਚ ਸਿਰੇ ਚੜ੍ਹ ਗਈ ਹੈ। ਮੁੱਖ ਮੰਤਰੀ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਮੰਨਦੇ ਹਨ ਅਤੇ ਉਹ ਪੇਸ਼ੀ ਵੀ ਇੱਕ ਨਿਮਾਣੇ ਸਿੱਖ ਵਜੋਂ ਭੁਗਤ ਕੇ ਆਏ ਹਨ।

ਭਗਵੰਤ ਸਿੰਘ ਮਾਨ ਚੌਥੇ ਮੁੱਖ ਮੰਤਰੀ ਹਨ, ਜਿਨ੍ਹਾਂ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਉੱਤੇ ਤਲਬ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਭੀਮ ਸਿੰਘ ਸੱਚਰ, ਸੁਰਜੀਤ ਸਿੰਘ ਬਰਨਾਲਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਤਲਬ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੇਸ਼ੀ ਥੋੜੀ ਹੱਟਵੀਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਦੀ ਥਾਂ ਸਕੱਤਰੇਤ ਵਿੱਚ ਪਈ ਹੈ।

ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੱਜ ਪੇਸ਼ ਹੋਣ ਤੋਂ ਪਹਿਲਾਂ 14 ਜਨਵਰੀ ਨੂੰ ਮੁਕਤਸਰ ਵਿਖੇ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ 328 ਲਾਪਤਾ ਪਾਵਨ ਸਰੂਪਾਂ ਵਿੱਚੋਂ 169 ਤੱਕ ਪਹੁੰਚ ਕਰਨ ਦਾ ਦਾਅਵਾ ਕੀਤਾ ਸੀ। ਉਹਨਾਂ ਨੇ ਕਿਹਾ ਸੀ ਕਿ ਇਹ ਸਰਕਾਰ ਦੀ ਪ੍ਰਾਪਤੀ ਨਹੀਂ ਸਗੋਂ ਉਹਨਾਂ ਦਾ ਫਰਜ਼ ਸੀ। ਦੂਜੇ ਬੰਨੇ ਸ਼੍ਰੋਮਣੀ ਕਮੇਟੀ ਦਾਅਵਾ ਕਰਨ ਲੱਗੀ ਹੈ ਕਿ ਮੁੱਖ ਮੰਤਰੀ ਵੱਲੋਂ ਦਿੱਤਾ ਬਿਆਨ ਹਾਲੇ ਅੱਧਾ ਅਧੂਰਾ ਹੈ। ਇਸ ਦੇ ਨਾਲ ਹੀ ਸਿਆਸੀ ਮਾਹਿਰ ਮੁੱਖ ਮੰਤਰੀ ਵੱਲੋਂ ਇੱਕ ਸਿਆਸੀ ਕਾਨਫਰੰਸ ਦੌਰਾਨ ਖੇਡੀ ਰਾਜਨੀਤਿਕ ਖੇਡ ਦੀ ਇਹ ਕਹਿ ਕੇ ਆਲੋਚਨਾ ਕਰ ਰਹੇ ਹਨ ਕਿ ਉਹਨਾਂ ਨੂੰ ਸਿੱਟ ਦੀ ਜਾਂਚ 'ਤੇ ਚਲਦਿਆਂ ਅਜਿਹੀ ਕਾਹਲ ਨਹੀਂ ਸੀ ਕਰਨੀ ਚਾਹੀਦੀ। ਮੁੱਖ ਮੰਤਰੀ ਨੇ ਕੱਲ ਦੇ ਬਿਆਨ ਨਾਲ ਪੰਥਕ ਵੋਟ ਨੂੰ ਖੋਰਾ ਲਾਉਣ ਲਈ ਟਿਕਾਣੇ ਸੱਟ ਮਾਰੀ ਲੱਗਦੀ ਹੈ।

ਮੁੱਖ ਮੰਤਰੀ ਮਾਨ ਬਰਗਾੜੀ ਕਾਂਡ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਣ ਸਮੇਤ ਬੇਅਦਬੀ ਦੀਆਂ ਘਟਨਾਵਾਂ ਨੂੰ ਅਕਾਲੀ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਅਗਲੀਆਂ ਚੋਣਾਂ ਵਿੱਚ ਇਹ ਮੁੱਦਾ ਫਿਰ ਉਭਾਰਨ ਦੀ ਤਾਕ ਵਿੱਚ ਦਿਸਦੇ ਹਨ। ਬਿਨਾਂ ਸ਼ੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਕਾਰਨ ਅਕਾਲੀਆਂ ਅਤੇ ਕਾਂਗਰਸ ਦੀਆਂ ਤਤਕਾਲੀ ਸਰਕਾਰਾਂ ਜਾਂਦੀਆਂ ਰਹੀਆਂ ਹਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੀ ਨਿਰਦੋਸ਼ ਨਹੀਂ ਕਿਹਾ ਜਾ ਸਕਦਾ। ਆਮ ਆਦਮੀ ਪਾਰਟੀ ਦੇ ਸੁਪਰੀਮੋ ਨੇ ਪਿਛਲੀਆਂ ਚੋਣਾਂ ਤੋਂ ਪਹਿਲਾਂ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ 24 ਘੰਟੇ ਦੇ ਅੰਦਰ ਅੰਦਰ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਵੇਗਾ ਪਰ ਚਾਰ ਸਾਲ ਤੋਂ ਵੱਧ ਸਮਾਂ ਬੀਤਣ 'ਤੇ ਵੀ ਅਜਿਹਾ ਕੀਤਾ ਜਾਣਾ ਤਾਂ ਇੱਕ ਪਾਸੇ ਰਿਹਾ ਸਗੋਂ ਬੇਅਦਬੀਆਂ ਨਾਲ ਜੁੜੇ ਅਦਾਲਤੀ ਕੇਸ ਵੀ ਪੰਜਾਬ ਤੋਂ ਬਾਹਰ ਚੰਡੀਗੜ੍ਹ ਵਿੱਚ ਤਬਦੀਲ ਕਰ ਦਿੱਤੇ ਗਏ ਹਨ। ਦੁੱਖ ਇਹ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਦਾ ਵਿਰੋਧ ਕਰਨ ਦੀ ਜ਼ਰੂਰਤ ਨਹੀਂ ਸਮਝੀ। ਅਗਲੀਆਂ ਚੋਣਾਂ ਵਿੱਚ ਬਿਨਾਂ ਸ਼ੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੇ ਨਾਲ ਨਾਲ ਲਾਪਤਾ 328 ਪਾਵਨ ਸਰੂਪਾਂ ਦਾ ਮਾਮਲਾ ਭਾਰੂ ਰਹਿਣਾ ਹੈ ਪਰ ਤਿੰਨੋ ਸਿਆਸੀ ਪਾਰਟੀਆਂ ਨੂੰ ਇਲਜ਼ਾਮਾਂ ਤੋਂ ਬਰੀ ਨਹੀਂ ਕੀਤਾ ਜਾ ਸਕਦਾ ਹੈ।

ਇੱਕ ਗੱਲ ਹੋਰ ਵੀ ਮੰਨ ਲੈਣੀ ਚਾਹੀਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ ਦੂਜੇ ਨੰਬਰ 'ਤੇ ਰਹਿਣ ਤੋਂ ਬਾਅਦ ਮੁੱਖ ਮੰਤਰੀ ਮਾਨ ਨੇ ਆਪਣੇ ਤੀਰ ਦਾ ਨਿਸ਼ਾਨਾ ਸੁਖਬੀਰ ਸਿੰਘ ਬਾਦਲ ਵੱਲ ਨੂੰ ਸਾਧ ਲਿਆ ਹੈ। ਹੁਣ ਉਹਨਾਂ ਨੂੰ ਸ਼ਾਇਦ ਮੁਕਾਬਲਾ ਕਾਂਗਰਸ ਨਾਲ ਨਹੀਂ ਸ਼੍ਰੋਮਣੀ ਅਕਾਲੀ ਦਲ ਨਾਲ ਲੱਗਦਾ ਹੋਵੇ। ਵੈਸੇ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਿਛਲੇ ਸਮੇਂ ਤੋਂ ਸਿਆਸਤ ਵਿੱਚ ਤੇਜ਼ੀ ਨਾਲ ਸਰਗਰਮ ਚੱਲ ਰਹੇ ਹਨ। ਪੰਜਾਬ ਵਿੱਚ ਆਏ ਹੜ੍ਹਾਂ ਵੇਲੇ ਉਨ੍ਹਾਂ ਨੇ ਜਿਹੜਾ ਕੰਮ ਕੀਤਾ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਬਿਨਾਂ ਸ਼ੱਕ ਉਸ ਨਾਲ ਸੁਖਬੀਰ ਦਾ ਕੱਦ ਵੀ ਉੱਚਾ ਹੋਇਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਉਸ ਵੇਲੇ ਉਕ ਗਈ ਸੀ। ਆਮ ਤੋਂ ਖ਼ਾਸ ਬਣੀ ਆਮ ਆਦਮੀ ਪਾਰਟੀ ਨੇ ਵੀ ਕਿਸਾਨਾਂ ਦੀ ਬਾਂਹ ਨੇੜੇ ਤੋਂ ਹੋ ਕੇ ਨਹੀਂ ਫੜੀ ਸੀ। ਇੱਕ ਹੋਰ ਵੀ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਪੰਜਾਬ ਦੇ ਲੋਕਾਂ ਨੇ ਜਿਸ ਬਦਲਾਅ ਨੂੰ ਇੱਕ ਤਰ੍ਹਾਂ ਨਾਲ ਨਕਾਰ ਦਿੱਤਾ ਸੀ ਹੁਣ ਨੇੜੇ ਲਾਉਣ ਲੱਗੇ ਹਨ। 300 ਯੂਨਿਟ ਮੁਫ਼ਤ ਬਿਜਲੀ ਦੇਣ ਤੋਂ ਬਾਅਦ 10 ਲੱਖ ਤੱਕ ਦੇ ਇਲਾਜ ਦੀ ਮੁਫ਼ਤ ਸਹੂਲਤ ਨੇ ਪਲਟਾ ਮਾਰਿਆ ਹੈ।

ਵਿਧਾਨ ਸਭਾ ਚੋਣਾਂ ਵਿੱਚ ਹਾਲੇ ਇੱਕ ਸਾਲ ਦਾ ਸਮਾਂ ਪਿਆ ਹੈ। ਸਿਆਸਤ ਵਿੱਚ ਤਿਲਕਣਬਾਜ਼ੀ ਦੀ ਖੇਡ ਹੈ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਲੋਕਾਂ ਦੀ ਜ਼ੁਬਾਨ 'ਤੇ ਕਾਂਗਰਸ ਸੀ ਪਰ ਅਕਾਲੀ ਦੁਬਾਰਾ ਸਰਕਾਰ ਬਣਾ ਗਏ ਸਨ। ਪਿਛਲੀਆਂ ਚੋਣਾਂ ਵੇਲੇ ਆਮ ਆਦਮੀ ਪਾਰਟੀ ਦੇ ਝਾੜੂ ਨਾਲ ਹੂੰਝਾ ਫੇਰਨ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਪਰ ਇੱਕ ਸਿਰੇ ਤੋਂ ਸਫ਼ਾਈ ਕਰ ਦਿੱਤੀ ਗਈ। ਦੁੱਖ ਤਾਂ ਇਹੋ ਮਾਰਦਾ ਹੈ ਕਿ ਚੋਣਾਂ ਸਿਰ 'ਤੇ ਹਨ ਪਰ ਕਿਸੇ ਵੀ ਪਾਰਟੀ ਕੋਲੇ ਪੰਜਾਬ ਦੇ ਮੁੱਦੇ ਨਹੀਂ। ਪੰਜਾਬ ਦੇ ਮਸਲਿਆਂ ਉੱਤੇ ਗੱਲ ਨਹੀਂ ਹੋ ਰਹੀ ਅਤੇ ਨਾ ਹੀ ਕਿਸੇ ਪਾਰਟੀ ਕੋਲ ਵਿਜ਼ਨ ਹੈ। ਗਰੰਟੀਆਂ ਤੇ ਦੂਸ਼ਣਬਾਜ਼ੀ ਦੇ ਸਿਰ 'ਤੇ ਮੁੜ ਫਿਰ ਚੋਣਾਂ ਜਿੱਤੀਆਂ ਜਾਣਗੀਆਂ ਤੇ ਵੋਟਰ ਵਿਚਾਰੇ ਹੋਰ ਵਿਚਾਰੇ ਬਣ ਕੇ ਰਹਿ ਜਾਣਗੇ।



ਪੀਯੂਸ਼ ਗੋਇਲ

# ਨਵੀਨਤਾ, ਸਮਾਵੇਸ਼ ਅਤੇ ਭਾਰਤ ਦੇ ਵਿਕਾਸ ਨੂੰ ਗਤੀ ਦਿੰਦੇ ਹਨ ਸਟਾਰਟਅੱਪਸ

ਸਟਾਰਟਅੱਪ ਇੰਡੀਆ ਪਹਿਲਕਦਮੀ ਪੂਰੇ ਦੇਸ਼ ਵਿੱਚ ਇੱਕ ਸੰਪੂਰਨ ਅਤੇ ਨਵੀਂ ਸੋਚ ਵਾਲੇ ਈਕੋਸਿਸਟਮ ਵਜੋਂ ਵਿਕਸਿਤ ਹੋਈ ਹੈ। ਇਹ ਨੌਜਵਾਨਾਂ ਦੀ ਉੱਦਮਸ਼ੀਲ ਊਰਜਾ ਨੂੰ ਰੁਜ਼ਗਾਰ ਸਿਰਜਣ ਅਤੇ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੀ ਦਿਸ਼ਾ ਵਿੱਚ ਲਗਾ ਕੇ, ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਵਿਕਸਿਤ ਭਾਰਤ 2047 ਦੇ ਮਿਸ਼ਨ ਨੂੰ ਸਾਕਾਰ ਕਰਨ ਦਾ ਰਾਹ ਤਿਆਰ ਕਰ ਰਹੀ ਹੈ।

ਭਾਰਤ ਵਿੱਚ ਅੱਜ ਦੁਨੀਆਂ ਦੇ ਸਭ ਨਾਲੋਂ ਵੱਡੇ ਸਟਾਰਟਅੱਪ ਈਕੋਸਿਸਟਮ ਵਿੱਚੋਂ ਇੱਕ ਮੌਜੂਦ ਹੈ। ਅੱਜ ਉੱਦਮਤਾ ਇੱਕ ਵਿਸ਼ਵਵਿਆਪੀ ਅੰਦੋਲਨ ਬਣ ਚੁੱਕੀ ਹੈ, ਜੋ ਕਿ ਭਾਰਤ ਦੇ ਆਰਥਿਕ ਦ੍ਰਿਸ਼ ਨੂੰ ਨਵਾਂ ਆਕਾਰ ਦੇ ਰਹੀ ਹੈ ਅਤੇ ਵਿਕਾਸ ਅਤੇ ਰੁਜ਼ਗਾਰ ਸਿਰਜਣਾ ਦਾ ਇੱਕ ਨਵਾਂ ਇੰਜਣ ਬਣ ਰਹੀ ਹੈ। ਇਹ ਪਰਿਵਰਤਨ ਰਾਤੋਂ-ਰਾਤ ਨਹੀਂ ਹੋਇਆ। ਜਦੋਂ ਪ੍ਰਧਾਨ ਮੰਤਰੀ ਨੇ 2015 ਵਿੱਚ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਲਾਲ ਕਿਲ੍ਹੇ ਦੀ ਫਸੀਲ ਤੋਂ ਸਟਾਰਟਅੱਪ ਇੰਡੀਆ ਦਾ ਐਲਾਨ ਕੀਤਾ ਤਾਂ ਉਨ੍ਹਾਂ ਨੇ ਇੱਕ ਸਪੱਸ਼ਟ ਅਤੇ ਖਾਹਿਸ਼ੀ ਦ੍ਰਿਸ਼ਟੀ ਰੱਖੀ ਕਿ ਉੱਦਮਸ਼ੀਲਤਾ ਦੇਸ਼ ਦੇ ਹਰ ਜ਼ਿਲ੍ਹੇ ਅਤੇ ਹਰ ਬਲਾਕ ਤੱਕ ਪਹੁੰਚੇ। 16 ਜਨਵਰੀ 2016 ਨੂੰ ਉਦਯੋਗ ਅਤੇ ਅੰਦਰੂਨੀ ਵਪਾਰ ਪ੍ਰਮੋਸ਼ਨ ਵਿਭਾਗ (ਡੀਪੀਆਈਆਈਟੀ) ਵੱਲੋਂ ਸ਼ੁਰੂ ਕੀਤੇ ਜਾਣ ਦੇ ਬਾਅਦ ਤੋਂ ਸਟਾਰਟਅੱਪ ਇੰਡੀਆ ਨੇ ਲੰਬਾ ਸਫ਼ਰ ਤੈਅ ਕੀਤਾ ਹੈ। ਸਟਾਰਟਅੱਪ ਦੇਸ਼ ਦੀ ਅਰਥਵਿਵਸਥਾ ਦੇ ਕਈ ਮਹੱਤਵਪੂਰਨ ਖੇਤਰਾਂ ਵਿੱਚ ਨਵੀਂ ਊਰਜਾ ਭਰ ਰਹੇ ਹਨ। ਆਈਟੀ ਸੇਵਾਵਾਂ, ਸਿਹਤ ਅਤੇ ਜੀਵਨ ਵਿਗਿਆਨ, ਸਿੱਖਿਆ, ਖੇਤੀਬਾੜੀ ਅਤੇ ਨਿਰਮਾਣ ਜਿਹੇ ਖੇਤਰਾਂ ਵਿੱਚ ਸਭ ਤੋਂ ਵੱਧ ਸਟਾਰਟਅੱਪ ਕਿਰਿਆਸ਼ੀਲ ਹਨ। ਇਸ ਤੋਂ ਇਲਾਵਾ, ਜਲਵਾਯੂ ਤਕਨੀਕ ਅਤੇ ਬੁਨਿਆਦੀ ਢਾਂਚੇ ਸਮੇਤ 50 ਤੋਂ ਵੱਧ ਹੋਰ ਉਦਯੋਗਾਂ ਵਿੱਚ ਵੀ ਨਵੇਂ ਉੱਦਮ ਸਾਹਮਣੇ ਆਏ ਹਨ। ਇਹ ਵਿਆਪਕਤਾ ਵੱਖ-ਵੱਖ ਖੇਤਰਾਂ ਵਿੱਚ ਨਵੀਨਤਾ ਅਤੇ ਮਜ਼ਬੂਤੀ ਨੂੰ ਦਰਸਾਉਂਦੀ ਹੈ, ਖਾਸ ਕਰਕੇ ਉਨ੍ਹਾਂ ਖੇਤਰਾਂ ਵਿੱਚ ਜੋ ਰਾਸ਼ਟਰੀ ਵਿਕਾਸ ਦੀਆਂ ਤਰਜੀਹਾਂ ਲਈ ਬਹੁਤ ਮਹੱਤਵਪੂਰਨ ਹਨ।

**ਨਵੀਨਤਾ ਅਤੇ ਏਆਈ:** ਪਿਛਲੇ ਇੱਕ ਦਹਾਕੇ ਵਿੱਚ ਇੱਕ ਵੱਡਾ ਬਦਲਾਅ ਨਵੀਨਤਾ ਅਤੇ ਡੂੰਘੀ ਤਕਨੀਕ 'ਤੇ ਵਧਦੇ ਧਿਆਨ ਵਜੋਂ ਦੇਖਿਆ ਗਿਆ ਹੈ। ਆਲਮੀ ਨਵੀਨਤਾ ਸੂਚਕਾਂਕ (ਗਲੋਬਲ ਇਨੋਵੇਟਿਵ ਇੰਡੈਕਸ) ਵਿੱਚ ਭਾਰਤ ਦਾ ਰੈਂਕ 2015 ਵਿੱਚ 81ਵੇਂ ਸਥਾਨ ਤੋਂ ਵੱਧ ਕੇ ਪਿਛਲੇ ਵਰ੍ਹੇ 38ਵੇਂ ਸਥਾਨ 'ਤੇ ਪਹੁੰਚ ਗਿਆ ਹੈ ਅਤੇ ਡੂੰਘੀ ਤਕਨੀਕ ਨਾਲ ਜੁੜੇ ਸਟਾਰਟਅੱਪਸ ਨੂੰ ਸਰਕਾਰ ਦਾ ਸਮਰਥਨ ਇਸ ਨੂੰ ਅੱਗੇ ਹੋਰ ਬਿਹਤਰ ਕਰੇਗਾ। ਪ੍ਰਧਾਨ ਮੰਤਰੀ ਦੀ ਡਿਜੀਟਲ ਇੰਡੀਆ ਪਹਿਲ ਦੇ ਅਧਾਰ 'ਤੇ ਆਈ ਸਟਾਰਟਅੱਪਸ ਦੀ ਸੰਖਿਆ ਤੇਜ਼ੀ ਨਾਲ ਵੱਧ ਰਹੀ ਹੈ।

ਡੂੰਘੀ ਤਕਨੀਕ ਵਾਲਾ ਰਾਸ਼ਟਰ ਬਣਾਉਣ ਦੇ ਪ੍ਰਧਾਨ ਮੰਤਰੀ ਦੇ ਵਿਜ਼ਨ ਦੇ ਤਹਿਤ ਰਿਸਰਚ ਨੈਸ਼ਨਲ ਰਿਸਰਚ ਫਾਉਂਡੇਸ਼ਨ ਦੀ ਸਥਾਪਨਾ ਕੀਤੀ ਗਈ ਹੈ ਅਤੇ ਇੰਡੀਆ ਏਆਈ ਮਿਸ਼ਨ ਅਤੇ ਰਿਸਰਚ ਡਿਵੈਲਪਮੈਂਟ ਐਂਡ ਇਨੋਵੇਸ਼ਨ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਭਾਰਤ ਦੇ ਸਟਾਰਟਅੱਪ ਏਅਰੋਨੌਟਿਕਸ, ਏਅਰੋਸਪੇਸ ਅਤੇ ਰੱਖਿਆ, ਰੋਬੋਟਿਕਸ, ਗ੍ਰੀਨ ਟੈਕਨੋਲੋਜੀ, ਇੰਟਰਨੈੱਟ ਆਫ ਥਿੰਗਸ ਅਤੇ ਸੈਮੀਕੰਡਕਟਰ ਜਿਹੇ ਖੇਤਰਾਂ ਵਿੱਚ ਵੀ ਨਵੀਨਤਾ ਕਰ ਰਹੇ ਹਨ। ਬੌਧਿਕ ਸੰਪਦਾ ਦੇ ਨਿਰਮਾਣ ਵਿੱਚ ਤੇਜ਼ ਵਾਧਾ ਇਸ ਪ੍ਰਵਿਰਤੀ ਨੂੰ ਹੋਰ ਮਜ਼ਬੂਤ ਕਰਦਾ ਹੈ। ਭਾਰਤੀ ਸਟਾਰਟਅੱਪਸ ਨੇ 16,400 ਤੋਂ ਵੱਧ ਨਵੀਆਂ ਪੇਟੈਂਟ ਐਪਲੀਕੇਸ਼ਨਾਂ ਦਾਖਲ ਕੀਤੀਆਂ ਹਨ, ਜੋ ਕਿ ਮੌਲਿਕ ਨਵੀਨਤਾ, ਲੰਬੇ ਸਮੇਂ ਦੀ ਵੈਲਿਊ ਕ੍ਰਿਏਸ਼ਨ ਅਤੇ ਆਲਮੀ ਮੁਕਾਬਲੇਬਾਜ਼ੀ 'ਤੇ ਵਧਦੇ ਫੋਕਸ ਨੂੰ ਦਰਸਾਉਂਦੀਆਂ ਹਨ।

**ਪੂਰੇ ਭਾਰਤ ਵਿੱਚ ਵਿਕਾਸ (ਆਲ ਇੰਡੀਆ ਡਿਵੈਲਪਮੈਂਟ)**:ਉੱਦਮਤਾ ਨੂੰ ਦੇਸ਼ ਭਰ ਵਿੱਚ ਮਿਲ ਰਿਹਾ ਸਮਰਥਨ ਵੀ ਓਨਾ ਹੀ ਮਹੱਤਵਪੂਰਨ ਹੈ। ਸਾਲ 2016 ਵਿੱਚ ਸਿਰਫ਼ ਚਾਰ ਰਾਜਾਂ ਵਿੱਚ ਸਟਾਰਟਅੱਪ ਨੀਤੀਆਂ ਸਨ, ਜਦਕਿ ਅੱਜ ਭਾਰਤ ਦੇ 30 ਤੋਂ ਵੱਧ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵਿਸ਼ੇਸ਼ ਸਟਾਰਟਅੱਪ ਢਾਂਚੇ ਮੌਜੂਦ ਹਨ। ਹੁਣ ਹਰ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਡੀਪੀਆਈਆਈਟੀ ਤੋਂ ਮਾਨਤਾ ਪ੍ਰਾਪਤ ਸਟਾਰਟਅੱਪ ਹਨ, ਜੋ ਸੰਸਥਾਗਤ ਸਮਰਥਨ ਦੀ ਮਜ਼ਬੂਤੀ ਅਤੇ ਜ਼ਮੀਨੀ ਪੱਧਰ ਦੀ ਭਾਗੀਦਾਰੀ ਨੂੰ ਦਰਸਾਉਂਦਾ ਹੈ।

ਹੁਣ ਤੱਕ 2 ਲੱਖ ਤੋਂ ਵੱਧ ਸਟਾਰਟਅੱਪਸ ਨੂੰ ਮਾਨਤਾ ਦਿੱਤੀ ਜਾ ਚੁੱਕੀ ਹੈ, ਜੋ ਨੀਤੀ-ਅਧਾਰਿਤ ਈਕੋਸਿਸਟਮ ਵਿਧੀ ਦੇ ਇੱਕ ਦਹਾਕੇ ਦੇ ਟਿਕਾਊ ਵਿਕਾਸ ਨੂੰ ਦਰਸਾਉਂਦਾ ਹੈ। ਸਿਰਫ਼ 2025 ਵਿੱਚ ਹੀ 49,400 ਤੋਂ ਵੱਧ ਸਟਾਰਟਅੱਪਸ ਨੂੰ ਮਾਨਤਾ ਮਿਲੀ, ਜੋ ਸਟਾਰਟਅੱਪਸ ਇੰਡੀਆ ਦੀ ਸ਼ੁਰੂਆਤ ਦੇ ਬਾਅਦ ਸਭ ਤੋਂ ਵੱਧ ਸਾਲਾਨਾ ਵਾਧਾ ਹੈ। ਸਮਾਵੇਸ਼ਨ ਇਸ ਪੂਰੀ ਯਾਤਰਾ ਦੀ ਇੱਕ ਮਜ਼ਬੂਤ ਨੀਂਹ ਰਿਹਾ ਹੈ। ਮਹਿਲਾ ਅਗਵਾਈ ਵਾਲੇ ਉੱਦਮ ਇੱਕ ਵੱਡੀ ਤਾਕਤ ਬਣ ਕੇ ਉਭਰੇ ਹਨ, ਜਿੱਥੇ 45 ਪ੍ਰਤੀਸ਼ਤ ਤੋਂ ਵੱਧ ਮਾਨਤਾ ਪ੍ਰਾਪਤ ਸਟਾਰਟਅੱਪਸ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਡਾਇਰੈਕਟਰ ਹੈ। ਇਸ ਤੋਂ ਇਲਾਵਾ, ਲਗਭਗ ਅੱਧੇ ਸਟਾਰਟਅੱਪ ਗੈਰ-ਮੈਟਰੋ ਸ਼ਹਿਰਾਂ ਵਿੱਚ ਸਥਿਤ ਹਨ, ਜੋ ਇਨੋਵੇਸ਼ਨ ਅਤੇ ਰੁਜ਼ਗਾਰ ਦੇ ਨਵੇਂ ਕੇਂਦਰ ਦੇ ਰੂਪ ਵਿੱਚ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਦੀ ਵਧਦੀ ਭੂਮਿਕਾ ਨੂੰ ਦਰਸਾਉਂਦੇ ਹਨ।

**ਲੋਕਲ ਤੋਂ ਗਲੋਬਲ:** ਜਿਵੇਂ-ਜਿਵੇ ਭਾਰਤੀ ਸਟਾਰਟਅੱਪਸ ਦਾ ਵਿਸਤਾਰ ਹੋ ਰਿਹਾ ਹੈ, ਪੂਰੀ ਦੁਨੀਆ ਉਨ੍ਹਾਂ ਦੇ ਬਜ਼ਾਰ ਬਣਦੀ ਜਾ ਰਹੀ ਹੈ। ਗਲੋਬਲ ਮਹੱਤਵ ਅਕਾਂਖਿਆਵਾਂ ਨੂੰ ਸਮਰਥਨ ਦੇਣ ਲਈ ਸਟਾਰਟਅੱਪ ਇੰਡੀਆ ਨੇ ਮਜ਼ਬੂਤ ਅੰਤਰਰਾਸ਼ਟਰੀ ਸਾਂਝੇਦਾਰੀਆਂ ਬਣਾਈਆਂ ਹਨ। ਹੁਣ 21 ਅੰਤਰਰਾਸ਼ਟਰੀ ਬ੍ਰਿਜ ਅਤੇ 2 ਰਣਨੀਤਕ ਗਠਬੰਧਨ ਮੌਜੂਦ ਹਨ, ਜੋ ਯੂਕੇ, ਜਪਾਨ, ਦੱਖਣੀ ਕੋਰੀਆ, ਸਵੀਡਨ ਅਤੇ ਇਜ਼ਰਾਈਲ ਸਮੇਤ ਪ੍ਰਮੁੱਖ ਅਰਥਵਿਵਸਥਾਵਾਂ ਵਿੱਚ ਬਜ਼ਾਰ ਤੱਕ ਪਹੁੰਚ, ਸਹਿਯੋਗ ਅਤੇ ਵਿਸਤਾਰ ਨੂੰ ਅਸਾਨ ਬਣਾਉਂਦੇ ਹਨ। ਇਨ੍ਹਾਂ ਪਹਿਲਕਦਮੀਆਂ ਤੋਂ ਹੁਣ ਤੱਕ 850 ਤੋਂ ਵੱਧ ਸਟਾਰਟਅੱਪਸ ਲਾਭਵੰਦ ਹੋ ਚੁੱਕੇ ਹਨ।

ਸਵੀਡਨ, ਸਵਿੱਟਜ਼ਰਲੈਂਡ, ਨਿਊਜ਼ੀਲੈਂਡ ਅਤੇ ਇਜ਼ਰਾਈਲ ਦੀ ਮੇਰੀ ਹਾਲੀਆ ਯਾਤਰਾਵਾਂ ਵਿੱਚ ਸਟਾਰਟਅੱਪਸ ਭਾਰਤ ਦੇ ਵਪਾਰਕ ਵਫ਼ਦਾਂ ਦਾ ਅਹਿਮ ਹਿੱਸਾ ਰਹੇ। ਇਨ੍ਹਾਂ ਯਤਨਾਂ ਨੇ ਗਲੋਬਲ ਪਲੈਟਫਾਰਮ 'ਤੇ ਭਾਰਤੀ ਨਵੀਨਤਾ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਦਿੱਤਾ, ਨਾਲ ਹੀ ਸਾਡੇ ਉੱਦਮੀਆਂ ਨੂੰ ਵਿਕਸਿਤ ਅਰਥਵਿਵਸਥਾਵਾਂ ਦੀ ਨਵੀਨਤਾ ਅਤੇ ਵਪਾਰਕ ਕਾਰਜ ਪ੍ਰਣਾਲੀਆਂ ਤੋਂ ਜਾਣੂ ਕਰਵਾਇਆ।

**ਸੁਧਾਰ ਅਤੇ ਬਜ਼ਾਰ ਤੱਕ ਪਹੁੰਚ:** ਇਸ ਵਿਕਾਸ ਨੂੰ ਸੰਭਵ ਬਣਾਉਣ ਵਿੱਚ ਕਾਰੋਬਾਰ ਕਰਨ ਵਿੱਚ ਅਸਾਨੀ ਸੁਧਾਰਣਾ ਇੱਕ ਮੁੱਖ ਅਧਾਰ ਰਿਹਾ ਹੈ। ਯੋਗ ਸਟਾਰਟਅੱਪਸ ਆਪਣੇ ਪਹਿਲੇ ਦਸ ਵਰ੍ਹਿਆਂ ਵਿੱਚੋਂ ਕਿਸੇ ਵੀ ਤਿੰਨ ਲਗਾਤਾਰ ਵਰ੍ਹਿਆਂ ਲਈ ਟੈਕਸ ਛੁੱਟੀ ਦਾ ਲਾਭ ਲੈ ਸਕਦੇ ਹਨ। ਹੁਣ ਤੱਕ 41,000 ਤੋਂ ਵੱਧ ਸਟਾਰਟਅੱਪਸ ਨੂੰ ਇਸ ਲਈ ਯੋਗ ਸਰਟੀਫਿਕੇਟ ਮਿਲ ਚੁੱਕੇ ਹਨ। 60 ਤੋਂ ਵੱਧ ਰੈਗੂਲੇਟਰੀ ਸੁਧਾਰਾਂ ਰਾਹੀਂ ਪਾਲਣਾ ਦਾ ਬੋਝ ਘੱਟ ਕੀਤਾ ਗਿਆ ਹੈ, ਪੂੰਜੀ ਜੁਟਾਉਣ ਨੂੰ ਅਸਾਨ ਬਣਾਇਆ ਗਿਆ ਹੈ ਅਤੇ ਘਰੇਲੂ ਸੰਸਥਾਗਤ ਨਿਵੇਸ਼ ਨੂੰ ਮਜ਼ਬੂਤ ਕੀਤਾ ਗਿਆ ਹੈ। ਏਂਜਲ ਟੈਕਸ ਨੂੰ ਸਮਾਪਤ ਕਰਨ ਅਤੇ ਵਿਕਲਪਿਕ ਨਿਵੇਸ਼ ਫੰਡਾਂ (ਏਟੀਐੱਫ) ਲਈ ਦੀਰਘਕਾਲੀ ਪੂੰਜੀ ਦੇ ਰਸਤੇ ਖੋਲ੍ਹਣ ਨਾਲ ਸਟਾਰਟਅੱਪਸ ਫੰਡਿੰਗ ਦਾ ਈਕੋਸਿਸਟਮ ਹੋਰ ਸਸ਼ਕਤ ਹੋਇਆ ਹੈ। ਬਜ਼ਾਰ ਤੱਕ ਪਹੁੰਚ ਨੂੰ ਤਰਜੀਹ ਦਿੱਤੀ ਗਈ ਹੈ।

ਸਰਕਾਰ ਈ-ਮਾਰਕਿਟਪਲੈਸ (ਜੈੱਮ) ਦੇ ਰਾਹੀਂ 35,700 ਤੋਂ ਵੱਧ ਸਟਾਰਟਅੱਪਸ ਨੂੰ ਜੋੜਿਆ ਗਿਆ ਹੈ, ਜਿਨ੍ਹਾਂ ਨੂੰ 51,200 ਕਰੋੜ ਤੋਂ ਵੱਧ ਕੀਮਤ ਦੇ ਪੰਜ ਲੱਖ ਤੋਂ ਵੱਧ ਆਰਡਰ ਮਿਲੇ ਹਨ। ਇਨ੍ਹਾਂ ਯਤਨਾਂ ਦੇ ਨਾਲ ਮਜ਼ਬੂਤ ਵਿੱਤੀ ਸਹਿਯੋਗ ਵੀ ਦਿੱਤਾ ਗਿਆ ਹੈ। ਸਟਾਰਟਅੱਪਸ ਲਈ ਫੰਡ ਆਫ ਫੰਡਸ ਯੋਜਨਾ ਦੇ ਤਹਿਤ ਵਿਕਲਪਿਕ ਨਿਵੇਸ਼ ਫੰਡਾਂ ਦੇ ਜ਼ਰੀਏ 25,500 ਕਰੋੜ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ, ਜਿਸ ਨਾਲ 1,300 ਤੋਂ ਵੱਧ ਉੱਦਮਾਂ ਨੂੰ ਲਾਭ ਮਿਲਿਆ ਹੈ। ਇਸ ਤੋਂ ਇਲਾਵਾ, ਸਟਾਰਟਅੱਪਸ ਲਈ ਕ੍ਰੈਡਿਟ ਗਰੰਟੀ ਯੋਜਨਾ ਦੇ ਤਹਿਤ 800 ਕਰੋੜ ਤੋਂ ਵੱਧ ਦੇ ਬਿਨਾਂ ਜ਼ਮਾਨਤ ਲੋਨ ਦੀ ਗਰੰਟੀ ਦਿੱਤੀ ਗਈ ਹੈ। 945 ਕਰੋੜ ਦੇ ਖਰਚੇ ਵਾਲੀ ਸਟਾਰਟਅੱਪ ਇੰਡੀਆ ਸੀਡ ਫੰਡ ਯੋਜਨਾ ਦੇ ਤਹਿਤ ਸਟਾਰਟਅੱਪਸ ਨੂੰ ਕਾਨਸੈਪਟ ਦੀ ਜਾਂਚ, ਪ੍ਰੋਟੋਟਾਈਪ ਵਿਕਾਸ, ਉਤਪਾਦ ਟਰੇਨਿੰਗ, ਬਜ਼ਾਰ ਵਿੱਚ ਪ੍ਰਵੇਸ਼ ਅਤੇ ਵਪਾਰੀਕਰਣ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

**ਸੱਭਿਆਚਾਰਕ ਬਦਲਾਅ:** ਭਾਰਤੀ ਸਟਾਰਟਅੱਪਸ ਨੇ ਦੇਸ਼ ਵਿੱਚ ਇੱਕ ਵੱਡਾ ਸੱਭਿਆਚਾਰਕ ਪਰਿਵਰਤਨ ਲਿਆਂਦਾ ਹੈ। ਪਹਿਲਾਂ ਬੱਚਿਆਂ ਨੂੰ ਮੁੱਖ ਤੌਰ 'ਤੇ ਸਰਕਾਰੀ ਨੌਕਰੀ, ਇੰਜੀਨੀਅਰਿੰਗ ਜਾਂ ਚਿਕਿਤਸਾ ਜਿਹੇ ਕੁਝ ਹੀ ਖੇਤਰਾਂ ਵਿੱਚ ਜਾਣ ਲਈ ਪ੍ਰੋਤਸ਼ਾਹਿਤ ਕੀਤਾ ਜਾਂਦਾ ਸੀ। ਅੱਜ ਕਈ ਯੁਵਾ ਨੌਕਰੀ ਲੱਭਣ ਵਾਲੇ ਨਹੀਂ, ਸਗੋਂ ਨੌਕਰੀ ਦੇਣ ਵਾਲੇ ਬਣਨ ਦਾ ਸੁਪਨਾ ਦੇਖ ਰਹੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਵੀ ਉੱਦਮਸ਼ੀਲ ਇੱਛਾਵਾਂ ਦਾ ਸਨਮਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਹੁਲਾਰਾ ਦਿੰਦੇ ਹਨ।

**ਅੰਤ ਵਿੱਚ ਭਾਰਤ ਦੀ ਸਟਾਰਟਅੱਪ ਯਾਤਰਾ:** ਸਾਡੇ ਯੁਵਾ ਉੱਦਮੀਆਂ 'ਤੇ ਵਿਸ਼ਵਾਸ, ਨੀਤੀ-ਅਧਾਰਿਤ ਵਿਕਾਸ ਅਤੇ ਦੁਨੀਆ ਲਈ ਨਵੀਨਤਾ ਕਰਨ ਦੀ ਭਾਰਤ ਦੀ ਸਮਰੱਥਾ ਦੀ ਕਹਾਣੀ ਹੈ। 2047 ਤੱਕ ਇੱਕ ਵਿਕਸਿਤ ਦੇਸ਼ ਬਣਨ ਦੇ ਆਪਣੇ ਟੀਚੇ ਵੱਲ ਵਧਦੇ ਹੋਏ, ਸਟਾਰਟਅੱਪਸ ਸਮ੍ਰਿੱਧ, ਸਮਾਵੇਸ਼ੀ ਅਤੇ ਗਲੋਬਲ ਪੱਧਰ 'ਤੇ ਮੁਕਾਬਲੇਬਾਜ਼ੀ ਭਾਰਤ ਦੇ ਨਿਰਮਾਣ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਰਹਿਣਗੇ।

**(ਲੇਖਕ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਹਨ)**

# 169 ਸਰੂਪਾਂ ਦੀ ਬਰਾਮਦਗੀ ਦਾ ਨਵਾਂ ਵਿਵਾਦ

ਬਘੇਲ ਸਿੰਘ ਧਾਲੀਵਾਲ
99142-58142

ਸਿੱਖ ਪੰਥ ਅੰਦਰ 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਦਾ ਮਾਮਲਾ ਬੇਹੱਦ ਸੰਵੇਦਨਸ਼ੀਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਜਾਬ ਸਰਕਾਰ ਦਰਮਿਆਨ ਇਸ ਮਾਮਲੇ 'ਤੇ ਤਣਾਅ ਵਾਲੀ ਸਥਿੱਤੀ ਬਣੀ ਹੋਈ ਹੈ। ਇਸਦਾ ਕਾਰਨ ਇਹ ਹੈ ਕਿ ਮੌਜੂਦਾ ਦੌਰ ਦੀ ਰਾਜਨੀਤੀ ਨੇ ਲੋਕ ਹਿਤਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਖਾਤਰ ਆਪਣਾ ਸਾਰਾ ਧਿਆਨ ਧਾਰਮਿਕ ਭਾਵਨਾਵਾਂ ਦਾ ਲਾਭ ਲੈਣ ਵੱਲ ਲਾਇਆ ਹੋਇਆ ਹੈ। ਇਹਦੇ ਵਿੱਚ ਕੋਈ ਵੀ ਧਿਰ ਪਿੱਛੇ ਨਹੀਂ ਹੈ। ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਸੱਤਾ ਦੇ ਬਿਆਨ ਸਿਰਫ਼ ਗਲਤ ਨਹੀਂ, ਖ਼ਤਰਨਾਕ ਹੋ ਚੁੱਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨਾਲ ਜੁੜੇ ਮਸਲੇ 'ਚ ਜੋ ਕੁਝ ਬੀਤੇ ਦਿਨਾਂ ਦੌਰਾਨ ਵਾਪਰਿਆ, ਉਹ ਸਿਰਫ਼ ਪ੍ਰਸ਼ਾਸਕੀ ਨਾਕਾਮੀ ਨਹੀਂ, ਇਹ ਸਿੱਖ ਆਸਥਾ ਨਾਲ ਸਿੱਧਾ ਟਕਰਾਅ ਬਣਦਾ ਦਿਖਾਈ ਦਿੰਦਾ ਹੈ ਅਤੇ ਜਦੋਂ ਸੱਤਾ ਗੁਰੂ ਨਾਲ ਟਕਰਾਅ ਲੈਂਦੀ ਹੈ, ਤਾਂ ਪੱਲੇ ਨਾਕਾਮੀਆਂ, ਬਦਨਾਮੀਆਂ ਅਤੇ ਅਖੀਰ ਪਤਨ ਤੱਕ ਗੱਲ ਪਹੁੰਚਣੀ ਸੁਭਾਵਿਕ ਹੈ। ਅਜਿਹਾ ਪਹਿਲਾਂ ਵੀ ਪਰਤੱਖ ਦੇਖਿਆ ਜਾਂਦਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ 328 ਗੁੰਮ ਹੋਏ ਸਰੂਪਾਂ ਦੀ ਜਾਂਚ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਐਡਵੋਕੇਟ ਈਸ਼ਰ ਸਿੰਘ ਦੀ ਅਗਵਾਈ ਵਿੱਚ ਬਣੀ ਜਾਂਚ ਕਮੇਟੀ ਦੁਆਰਾ ਕੀਤੀ ਗਈ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਸਮੇਤ ਸ਼੍ਰੋਮਣੀ ਕਮੇਟੀ ਦਾ ਇੱਕ ਅਤਿ ਮਹੱਤਵਪੂਰਨ ਵਿਅਕਤੀ ਸੀਏ ਸਤਿੰਦਰ ਸਿੰਘ ਕੋਹਲੀ ਦਾ ਨਾਮ ਵੀ ਸ਼ਾਮਲ ਸੀ, ਪਰ ਉਸ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਉਕਤ ਦੋਸ਼ੀ ਪਾਏ ਗਏ ਵਿਅਕਤੀਆਂ 'ਤੇ ਕੋਈ ਕਨੂੰਨੀ ਕਾਰਵਾਈ ਦੀ ਬਜਾਏ ਵਿਭਾਗੀ ਜਾਂਚ ਪੜਤਾਲ ਕਰਕੇ ਇਸ ਮਸਲੇ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਗਿਆ ਸੀ, ਪਰ ਸਿੱਖ ਸੰਗਤ ਵਿੱਚ ਇਹ ਰੋਸ ਬਰਕਰਾਰ ਰਿਹਾ ਸੀ ਕਿ ਦੋਸ਼ੀ ਪਾਏ ਗਏ ਵਿਅਕਤੀਆਂ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਗਈ। ਸੋ ਇਸ ਮਸਲੇ 'ਤੇ ਪੰਥਕ ਜਥੇਬੰਦੀਆਂ ਲੰਮਾ ਸਮਾਂ ਸੰਘਰਸ਼ ਵੀ ਕਰਦੀਆਂ ਰਹੀਆਂ ਅਤੇ ਹਾਈਕੋਰਟ ਤੱਕ ਵੀ ਗਈਆਂ ਸਨ, ਅਖੀਰ ਬੀਤੇ ਕੁੱਝ ਦਿਨ ਪਹਿਲਾਂ ਅਦਾਲਤ ਦੇ ਹੁਕਮਾਂ 'ਤੇ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ 'ਤੇ ਕਾਰਵਾਈ ਕਰਦਿਆਂ ਸਤਿੰਦਰ ਸਿੰਘ ਕੋਹਲੀ ਸਮੇਤ ਦੋ ਗਿਰਫਤਾਰੀਆਂ ਵੀ ਕੀਤੀਆਂ ਗਈਆਂ ਸਨ। ਇਸ ਤੋਂ ਉਪਰੰਤ ਸੂਬਾ ਸਰਕਾਰ ਨੇ ਇਸ ਮਾਮਲੇ ਤੋਂ ਸਿਆਸੀ ਲਾਭ ਲੈਣ ਲਈ ਮੰਚ ਦੇ ਰੂਪ 'ਚ ਵਰਤਣਾ ਸ਼ੁਰੂ ਕਰ ਦਿੱਤਾ। ਇਨਸਾਫ਼ ਪਿੱਛੇ ਰਹਿ ਗਿਆ ਅਤੇ ਸਿਆਸੀ ਦਾਅਵਿਆਂ ਦਾ ਸ਼ੋਰ ਅੱਗੇ ਆ ਗਿਆ। ਸ਼੍ਰੋਮਣੀ ਕਮੇਟੀ ਦੇ ਸੀ.ਏ. ਕੋਹਲੀ ਦੀ ਗ੍ਰਿਫ਼ਤਾਰੀ ਵੇਲੇ ਮੁਖ ਮੰਤਰੀ ਵੱਲੋਂ ਕੀਤੇ ਗਏ "ਵੱਡੇ ਖੁਲਾਸਿਆਂ" ਦੇ ਦਾਅਵੇ ਅੱਜ ਕਿੱਥੇ ਹਨ ? ਜਾਂਚ ਅੱਗੇ ਵਧੀ,ਪਰ ਕੁਝ ਵੀ ਅਜਿਹਾ ਸਾਹਮਣੇ ਨਹੀਂ ਆਇਆ ਜੋ ਸਰਕਾਰ ਦੇ ਦਾਅਵਿਆਂ ਨੂੰ ਸੱਚ ਸਾਬਤ ਕਰਨ ਦੇ ਯੋਗ ਹੋਵੇ ।ਨਾ ਕੋਈ ਵੱਡੀ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ, ਨਾ ਕੋਈ ਹੋਰ ਗ੍ਰਿਫਤਾਰੀ ਹੋ ਸਕੀ,ਉਕਤ ਦੋਵੇਂ ਦੋਸ਼ੀ ਜੁਡੀਸ਼ੀਅਲ ਹਿਰਾਸਤ ਵਿੱਚ ਭੇਜ ਦਿੱਤੇ ਗਏ। ਨਾ ਉਹ ਕਹਾਣੀ ਜਿਸਦਾ ਹੰਗਾਮਾ ਖੜ੍ਹਾ ਕੀਤਾ ਗਿਆ ਸੀ ਕਿਸੇ ਤਣ ਪੱਤਣ ਲੱਗ ਸਕੀ। ਇਹ ਨਾਕਾਮੀ ਨਹੀਂ, ਸਿੱਖ ਸੰਗਤ ਨਾਲ ਕੀਤਾ ਗਿਆ ਝੂਠਾ ਵਾਅਦਾ ਸੀ। ਜਦੋਂ ਹੁਣ ਇਹ ਮਾਮਲਾ ਸਰਕਾਰ ਨੂੰ ਹੱਥੋਂ ਨਿਕਲਦਾ ਜਾਪਿਆ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਮਾਮਲੇ 'ਤੇ ਬਣਾਈ ਐਸ. ਆਈ. ਟੀ. ਨੇ 169 ਸਰੂਪਾਂ ਦੇ ਬਰਾਮਦ ਹੋਣ ਦਾ ਬਿਆਨ ਦੇਕੇ ਇੱਕ ਨਵੀਂ ਚਰਚਾ ਨੂੰ ਹੀ ਜਨਮ ਨਹੀਂ ਦਿੱਤਾ ਬਲਕਿ ਇੱਕ ਨਵਾਂ ਵਿਵਾਦ ਮੁੱਲ ਲੈ ਲਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਿਸ ਡੇਰੇ ਦਾ ਜ਼ਿਕਰ ਕੀਤਾ ਹੈ, ਉਹ ਦੁਆਬੇ ਦਾ ਬਹੁਤ ਹੀ ਸਤਿਕਾਰਿਤ ਅਸਥਾਨ ਹੈ, ਦੂਰ ਦੂਰ ਤੱਕ ਦੀਆਂ ਸਿੱਖ ਸੰਗਤਾਂ ਵਿੱਚ "ਦਰਬਾਰ ਰਸੋਖਾਨਾ ਸਾਹਿਬ" ਸ੍ਰੀ ਹਜ਼ੂਰ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਨਾਮ ਨਾਲ ਸਤਿਕਾਰ ਦਿੰਦੀਆਂ ਹਨ। ਇਸ ਖੋਖਲੇ ਬਿਆਨ ਨੇ ਜਿੱਥੇ ਭਗਵੰਤ ਸਿੰਘ ਮਾਨ ਦੀ ਭਰੋਸੇਯੋਗਤਾ 'ਤੇ ਹੋਰ ਵੀ ਕਰੜੀ ਸੱਟ ਮਾਰੀ ਹੈ,ਓਥੇ ਇਸ ਅਸਥਾਨ ਪ੍ਰਤੀ ਸ਼ਰਧਾ ਰੱਖਦੀਆਂ ਸਿੱਖ ਸੰਗਤਾਂ ਵਿੱਚ ਤਿੱਖਾ ਰੋਸ ਵੀ ਜਾਗਿਆ ਹੈ। ਮੁੱਖ ਮੰਤਰੀ ਸਾਹਿਬ ਦਾ ਇਹ ਬਿਆਨ ਸਿਰਫ਼ ਗਲਤ ਨਹੀਂ,ਇਹ ਆਸਥਾ ਨੂੰ ਢਾਹ ਲਗਾਉਣ ਵਰਗਾ ਹੈ। ਮੁੱਖ ਮੰਤਰੀ ਵੱਲੋਂ ਇਹ ਸੰਕੇਤ ਦਿੱਤਾ ਗਿਆ ਕਿ ਉਕਤ ਅਸਥਾਨ 'ਤੇ ਪਾਏ ਗਏ 169 ਸਰੂਪਾਂ ਦਾ ਸਬੰਧ 328 ਗੁੰਮ ਹੋਏ ਸਰੂਪਾਂ ਨਾਲ ਹੋ ਸਕਦਾ ਹੈ। ਅੱਜ ਜਦੋਂ ਦੁਆਬੇ ਦੀ ਸੰਗਤ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਤੱਥ ਸਾਫ ਕਰ ਦਿੱਤੇ ਗਏ ਹਨ ਕਿ ਇਸ ਅਸਥਾਨ 'ਤੇ ਸੁਸ਼ੋਭਤ ਸ੍ਰੀ ਗੁਰੂ ਗਰੰਥ ਸਾਹਿਬ ਦੇ 169 ਸਰੂਪਾਂ ਦਾ ਗੁੰਮ ਹੋਏ ਸਰੂਪਾਂ ਨਾਲ ਦੂਰ-ਦੂਰ ਤੱਕ ਦਾ ਵਾ-ਵਾਸਤਾ ਨਹੀਂ ਹੈ, ਤਾਂ ਇਹ ਸਵਾਲ ਉਠਦਾ ਹੈ, ਕੀ ਇਹ ਬਿਆਨ ਅਗਿਆਨਤਾ ਵਿੱਚ ਦਿੱਤਾ ਗਿਆ ਸੀ ? ਜਾਂ ਫਿਰ ਜਾਣਬੁੱਝ ਕੇ ਭ੍ਰਮ ਪੈਦਾ ਕਰਨ ਲਈ ? ਪਰੰਤੂ ਇਹ ਦੋਵੇਂ ਹੀ ਸੰਦਰਭਾਂ ਵਿੱਚ ਮੁੱਖ ਮੰਤਰੀ ਦੇ ਰੁਤਬੇ ਦੇ ਅਨੁਕੂਲ ਨਹੀਂ ਹੈ। ਦੁਆਬੇ ਦੀ ਸੰਗਤ ਦਾ ਭਾਰੀ ਰੋਸ ਕਿਸੇ ਰਾਜਨੀਤਿਕ ਉਕਸਾਵੇ ਦਾ ਨਤੀਜਾ ਨਹੀਂ,ਬਲਕਿ ਇਹ ਅਸਥਾ 'ਤੇ ਲੱਗੀ ਚੋਟ ਦੀ ਕੁਦਰਤੀ ਪ੍ਰਤੀਕ੍ਰਿਆ ਹੈ। ਦਰਬਾਰ ਰਸੋਖਾਨਾ ਸਾਹਿਬ ਸ੍ਰੀ ਹਜ਼ੂਰ ਨਾਭ ਕੰਬਲ ਜੀ ਰਾਜਾ ਸਾਹਿਬ ਦੇ ਅਸਥਾਨ 'ਤੇ ਹੋਈ ਪ੍ਰੈਸ ਕਾਨਫਰੰਸ ਸਿਰਫ਼ ਸਫਾਈ ਨਹੀਂ ਸੀ, ਬਲਕਿ ਉਸਨੂੰ ਸੱਤਾ ਵਿਰੁੱਧ ਤੱਥਾਂ ਦੇ ਆਧਾਰ 'ਤੇ ਪੰਥਕ ਇਲਜ਼ਾਮਨਾਮਾ ਸਮਝਣਾ ਚਾਹੀਦਾ ਹੈ। ਸੰਗਤ ਨੇ ਮੁੱਖ ਮੰਤਰੀ ਦੇ ਬਿਆਨ ਨੂੰ ਖੁੱਲ੍ਹੇ ਤੌਰ 'ਤੇ ਝੂਠਾ, ਭਰਮ ਭੁਲੇਖੇ ਪੈਦਾ ਕਰਨ ਵਾਲਾ ਅਤੇ ਆਸਥਾ 'ਤੇ ਹਮਲਾ ਕਰਾਰ ਦਿੱਤਾ ਹੈ। ਪੰਜਾਬ ਦੇ ਸੁਹਿਰਦ ਬੁੱਧੀਜੀਵੀ ਵਰਗ ਦੀ ਆਵਾਜ਼ ਵੀ ਕੁੱਝ ਅਜਿਹਾ ਹੀ ਕਹਿੰਦੀ ਹੈ ਕਿ ਸਰਕਾਰ ਇਸ ਪੂਰੇ ਮਸਲੇ 'ਤੇ ਨਿਆਂ ਨਹੀਂ, ਸਿਆਸਤ ਕਰ ਰਹੀ ਹੈ। ਜਿੱਥੇ ਸੱਚ ਸਾਹਮਣੇ ਲਿਆਉਣਾ ਔਖਾ ਹੈ, ਉੱਥੇ ਬਿਆਨਾਂ ਨਾਲ ਧੂੰਆਂ ਪਾਇਆ ਜਾ ਰਿਹਾ ਹੈ। ਪਰ ਧਾਰਮਿਕ ਮਾਮਲੇ 'ਚ ਧੂੰਆਂ ਤੋਂ ਅੱਗ ਦੀ ਲਾਟ ਬਣਦਿਆਂ ਦੇਰ ਨਹੀਂ ਲੱਗਦੀ। ਇਸ ਤਰ੍ਹਾਂ ਦੇ ਗੈਰ-ਜ਼ੁੰਮੇਵਾਰ ਬਿਆਨ ਸਿੱਖ ਸੰਗਤ ਨੂੰ ਆਪਸ ਵਿੱਚ ਵੰਡਣ ਦਾ ਕੰਮ ਕਰਦੇ ਹਨ। ਇੱਕ ਅਸਥਾਨ ਨੂੰ ਸ਼ੱਕ ਦੇ ਘੇਰੇ 'ਚ ਲਿਆਉਣਾ ਅਤੇ ਬਿਨਾਂ ਸਬੂਤਾਂ ਦੇ ਅਜਿਹਾ ਸੰਕੇਤ ਦੇਣਾ ਬੇਹੱਦ ਖਤਰਨਾਕ ਸਿੱਧ ਹੋ ਸਕਦਾ ਹੈ। ਕੀ ਸਰਕਾਰ ਇਹ ਸਭ ਜਾਣਦੀ ਨਹੀਂ ? ਜਾਂ ਇਹ ਜਾਣਦੇ ਹੋਏ ਵੀ ਕੀਤਾ ਜਾ ਰਿਹਾ ਹੈ ? ਇਹ ਵਿਵਾਦ ਵੀ ਸ਼ਾਂਤ ਹੋਣਾ ਚਾਹੀਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕਿਸੇ ਵੀ ਸਰਕਾਰ ਲਈ ਰਾਜਨੀਤਿਕ ਹਥਿਆਰ ਨਹੀਂ ਹੋਣੇ ਚਾਹੀਦੇ ,ਇਹ ਸਿੱਖ ਕੌਮ ਦੀ ਰੂਹ ਨਾਲ ਜੁੜਿਆ ਬੇਹੱਦ ਸੰਵੇਦਨਸ਼ੀਲ ਮਾਮਲਾ ਹੈ। ਸਰਕਾਰ ਨੂੰ ਆਪਣਾ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ। ਜੇਕਰ ਸਿਟ ਦੁਆਰਾ ਸਰਕਾਰ ਨੂੰ ਗੁੰਮਰਾਹ ਕੀਤਾ ਗਿਆ ਹੈ,ਤਾਂ ਸਿੱਟ ਦੇ ਅਧਿਕਾਰੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ। ਹੁਣ ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਕੇ ਆਪਣੇ 'ਤੇ ਲੱਗੇ ਦੋਸ਼ਾਂ ਦੇ ਜਵਾਬ ਦੇ ਆਏ ਹਨ ਅਤੇ ਇਹ ਹਾਮੀ ਵੀ ਭਰ ਕੇ ਆਏ ਹਨ ਕਿ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਨਹੀਂ ਕਰਨਗੇ ਅਤੇ ਇਸ ਦੇ ਨਾਲ ਹੀ ਆਪਣੀਆਂ ਸ਼ਿਕਾਇਤਾਂ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੌਂਪ ਕੇ ਆਏ ਹਨ, ਜਿਸ ਦੀ ਪੜਤਾਲ ਕਰਨ ਦੀ ਹਾਮੀ ਸਿੰਘ ਸਾਹਿਬਾਨ ਨੇ ਵੀ ਭਰੀ ਹੈ,ਸੋ ਹੁਣ ਅਜਿਹੇ ਸੰਵੇਦਨਸ਼ੀਲ ਮਾਮਲਿਆਂ 'ਤੇ ਵੀ ਰਾਜਨੀਤੀ ਕਰਨ ਤੋਂ ਕਿਨਾਰਾ ਕਰਨ ਦੇ ਨਾਲ ਪੰਜਾਬ ਦੇ ਭਲੇ ਲਈ ਕੰਮ ਕਰਨੇ ਚਾਹੀਦੇ ਹਨ,ਤਾਂ ਕਿ ਪੰਜਾਬ ਦੀ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਕੁੱਝ ਬੂਰ ਪੈ ਸਕੇ।

## ਹੁਸ਼ਿਆਰਪੁਰ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ 21 ਨੂੰ

ਹੁਸ਼ਿਆਰਪੁਰ, 15 ਜਨਵਰੀ (ਚ.ਨ.ਸ.) : ਧੰਨ-ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇੱਕ ਮਹਾਨ ਅਲੌਕਿਕ ਗੁਰਮਤਿ ਸਮਾਗਮ ਗੁਰਦੁਆਰਾ ਸ਼ਹੀਦ ਸਿੰਘਾਂ, ਦਸ਼ਮੇਸ਼ ਨਗਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ 21 ਜਨਵਰੀ, ਦਿਨ ਬੁੱਧਵਾਰ ਨੂੰ ਸ਼ਾਮ 6:00 ਵਜੇ ਤੋਂ 7:00 ਵਜੇ ਤੱਕ ਆਯੋਜਿਤ ਕੀਤਾ ਜਾਵੇਗਾ। ਇਸ ਧਾਰਮਿਕ ਸਮਾਗਮ ਵਿੱਚ ਵਿਸ਼ੇਸ਼ ਤੌਰ @ਤੇ ਲੁਧਿਆਣੇ ਵਾਲੇ ਸੰਤ ਬਾਬਾ ਮਨਮੋਹਨ ਸਿੰਘ ਜੀ ਹਾਜ਼ਰੀ ਭਰਨਗੇ, ਜੋ ਆਪਣੇ ਰਸਭਿੰਨੇ ਕੀਰਤਨ ਰਾਹੀਂ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਸੰਤ ਬਾਬਾ ਰਣਜੀਤ ਸਿੰਘ ਜੀ ਨੇ ਦੱਸਿਆ ਕਿ ਸ਼ਹੀਦ ਬਾਬਾ ਦੀਪ ਸਿੰਘ ਜੀ ਮਾਰਗ @ਤੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਇਸ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ ਇਸ ਸਮਾਗਮ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਅਤੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰਨ।


ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮ. (ਪਹਿਲਾਂ ਇਕੁਇਟਾਸ ਫਾਈਨੈਂਸ ਲਿਮਿਟਡ ਵਜੋਂ ਜਾਣਿਆ ਜਾਂਦਾ ਸੀ)
ਰਜਿਸਟਰਡ ਦਫ਼ਤਰ: ਨੰ. 769, ਸਪੈਂਸਰ ਪਲਾਜ਼ਾ, ਚੌਥੀ ਮੰਜ਼ਿਲ, ਫੇਜ਼-2, ਅੰਨਾ ਸਲਾਈ, ਚੇਨਈ - 600002

ਕਬਜ਼ਾ ਸੂਚਨਾ (ਅਨੁਸਾਰ ਨਿਯਮ 8 (1) - ਅਚੱਲ ਜਾਇਦਾਦ ਲਈ)

ਜਦੋਂ ਕਿ ਮੈਸਰਜ਼ ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਿਟਡ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਨੂੰ ਲਾਗੂ ਕਰਨ [ਐਕਟ, 2002 (2002 ਦਾ 54)] ਦੇ ਅਧੀਨ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੀ ਧਾਰਾ 13(12) ਦੇ ਨਾਲ [ਨਿਯਮ 3] ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਦਿੱਤੇ ਉਧਾਰ ਲੈਣ ਵਾਲਿਆਂ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਕੁੱਲ ਬਕਾਇਆ ਰਕਮ ਦੀ ਅਦਾਇਗੀ ਕਰਨ ਲਈ ਇੱਕ ਮੰਗ ਨੋਟਿਸ ਜਾਰੀ ਕੀਤਾ ਗਿਆ। ਕਿਉਂਕਿ ਹੇਠਾਂ ਦੱਸੇ ਗਏ ਉਧਾਰਕਰਤਾ ਨਿਰਧਾਰਤ ਸਮੇਂ ਦੇ ਅੰਦਰ ਹੇਠਾਂ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ, ਇਸ ਲਈ ਹੇਠਾਂ ਦੱਸੇ ਗਏ ਉਧਾਰਕਰਤਾਵਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ, ਹੇਠਾਂ ਹਸਤਾਖਰਕਰਤਾ ਨੇ ਸੁਰੱਖਿਆ ਹਿੱਤ, ਲਾਗੂਕਰਨ ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਖਾਸ ਕਰਕੇ ਉਧਾਰਕਰਤਾਵਾਂ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਅਨੁਸੂਚੀ ਵਿੱਚ ਦੱਸੀਆਂ ਗਈਆਂ ਜਾਇਦਾਦਾਂ ਨਾਲ ਨਜਿੱਠਣ ਨਾ ਕਰਨ ਅਤੇ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਮੈਸਰਜ਼ ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਿਟਡ ਦੇ ਚਾਰਜ ਅਤੇ ਹੋਰ ਵਿਆਜ ਅਤੇ ਹੋਰ ਖਰਚਿਆਂ ਦੇ ਅਧੀਨ ਹੋਵੇਗਾ।"ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।"

| ਲ. ਨੰ. | ਕਰਜ਼ਦਾਰ(ਾਂ) ਦਾ ਨਾਮ/ ਜ਼ਾਮਨ(ਾਂ) ਦਾ ਨਾਮ | ਸੁਰੱਖਿਅਤ ਸੰਪਤੀ (ਅਚੱਲ ਸੰਪਤੀ) ਦਾ ਵੇਰਵਾ | ਮੰਗ ਸੂਚਨਾ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | ਸ਼ਾਖਾ : ਮੋਗਾ Loan Nos. SEIBMGA0369431/ 200001847607. ਕਰਜ਼ਦਾਰ : ਸ੍ਰੀ/ਸ੍ਰੀਮਤੀ ਅਮਨਦੀਪ ਸਿੰਘ ਸਹਿ ਕਰਜ਼ਦਾਰ : ਸ੍ਰੀ/ਸ੍ਰੀਮਤੀ ਅਮਰਜੀਤ ਕੌਰ ਅਤੇ ਸ੍ਰੀ/ਸ੍ਰੀਮਤੀ ਵੀਰਪਾਲ ਕੌਰ | ਗੈਰ-ਖੇਤੀਬਾੜੀ ਜਾਇਦਾਦ ਦੇ ਉਹ ਸਾਰੇ ਭਾਗ ਅਤੇ ਹਿੱਸੇ 154.61 ਵਰਗ ਗਜ਼ ਦੇ ਹਨ, ਜੋ ਕਿ ਖਸਰਾ ਨੰਬਰ 771/24/1(7-12) ਦੇ ਅਧੀਨ ਆਉਂਦੇ ਹਨ, ਜਿਸ ਵਿੱਚ ਖੇਵਟ ਨੰਬਰ 2481, ਖਟੌਨੀ ਨੰਬਰ 2873, 2874, 2875 ਸਾਲ 2002-03 ਲਈ ਵਿਕਰੀ ਡੀਡ ਅਤੇ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹਨ, ਜੋ ਕਿ ਉੱਤਰ:- ਵਿਕਰੇਤਾ 63'-00", ਦੱਖਣ:- ਵਿਕਰੇਤਾ 63'-00", ਪੂਰਬ:- ਗਲੀ 20 ਫੁੱਟ ਚੌੜੀ+ 22'-1.5", ਪੱਛਮ:- ਸੁਖਚੈਨ ਸਿੰਘ 22'-1.5" ਦੁਆਰਾ ਘਿਰਿਆ ਹੋਇਆ ਹੈ, ਜੋ ਕਿ ਮਹਿਲਾ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਪੰਜਾਬ ਵਿਖੇ ਸਥਿਤ ਹੈ ਅਤੇ ਇਸ ਉੱਤੇ ਸਾਰੇ ਮੌਜੂਦਾ ਅਤੇ ਭਵਿੱਖੀ ਸੁਪਰ ਸਟ੍ਰਕਚਰ ਹਨ। | 11-08-2025 & Rs. 1589273/- | 13/01/2026 |
| 2. | ਸ਼ਾਖਾ : ਅੰਮ੍ਰਿਤਸਰ Loan No. SEAMRTS0408861. ਕਰਜ਼ਦਾਰ : ਸ੍ਰੀ/ਸ੍ਰੀਮਤੀ ਤਜਿੰਦਰ ਸਿੰਘ ਸਹਿ ਕਰਜ਼ਦਾਰ : ਸ੍ਰੀ/ਸ੍ਰੀਮਤੀ ਅਮਰੀਕ ਸਿੰਘ ਅਤੇ ਸ੍ਰੀ/ਸ੍ਰੀਮਤੀ ਪਰਮਜੀਤ ਕੌਰ | ਗੈਰ-ਖੇਤੀਬਾੜੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਰਿਹਾਇਸ਼ੀ ਹੋਣ ਦੇ ਮਾਪ 30.24 ਵਰਗ ਗਜ਼ - 272.16 ਵਰਗ ਫੁੱਟ, ਖਸਰਾ ਨੰਬਰ 47//15/3/1 ਅਤੇ ਖਤੌਨੀ ਨੰਬਰ 333/428 ਅਧੀਨ 1953-54 ਦੇ ਸਾਲ ਲਈ ਟਾਈਟਲ ਡੀਡ ਅਤੇ ਜਮ੍ਹਾਂਬੰਦੀਆਂ ਦੇ ਅਨੁਸਾਰ ਸ਼ਾਮਲ ਹਨ ਜੋ ਪਿੰਡ-ਕੋਟਲੀ ਸੂਰਤ ਮਹਲੀ, ਤਹਿਸੀਲ - ਡੇਰਾ ਬਾਬਾ ਨਾਨਕ ਅਤੇ ਜ਼ਿਲ੍ਹਾ - ਗੁਰਦਾਸਪੁਰ ਵਿਖੇ ਸਥਿਤ ਹਨ। | 30-10-2025 & Rs. 12,01,521/- | 12/01/2026 |
| 3. | ਸ਼ਾਖਾ : ਮਾਨਸਾ Loan No. SEMANSA0426843. ਕਰਜ਼ਦਾਰ : ਸ੍ਰੀ/ਸ੍ਰੀਮਤੀ ਹਰਦੀਪ ਸਿੰਘ ਸਹਿ ਕਰਜ਼ਦਾਰ : ਸ੍ਰੀ/ਸ੍ਰੀਮਤੀ ਜਰਨੈਲ ਸਿੰਘ ਅਤੇ ਸ੍ਰੀ/ਸ੍ਰੀਮਤੀ ਮਨਜੀਤ ਕੌਰ | ਗੈਰ-ਖੇਤੀਬਾੜੀ ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ ਰਿਹਾਇਸ਼ੀ ਹੋਣ ਦੇ ਮਾਪ 20X58 ਵਰਗ ਫੁੱਟ ਵਾਰਡ ਨੰ. 18, ਗੁਰੂ ਤੇਗ ਬਹਾਦਰ ਸਟੇਡੀਅਮ ਦੇ ਨੇੜੇ, ਅਹਿਮਦਪੁਰ ਰੋਡ, ਬੁਢਲਾਡਾ, ਜ਼ਿਲ੍ਹਾ ਮਾਨਸਾ ਜਾਇਦਾਦ ਆਈ.ਡੀ. ਪੀਟੀ-1303-1557690 ਨਗਰ ਕੌਂਸਲ ਬੁਢਲਾਡਾ ਦੁਆਰਾ ਜਾਰੀ ਜਾਇਦਾਦ ਟੈਕਸ ਰਸੀਦ ਦੇ ਅਨੁਸਾਰ ਅਤੇ ਉਸ 'ਤੇ ਸਾਰੇ ਮੌਜੂਦਾ ਅਤੇ ਭਵਿੱਖੀ ਸੁਪਰ ਸਟ੍ਰਕਚਰ ਦੇ ਨਾਲ ਮੁੱਲਾਂਕਣ ਦੇ ਅਨੁਸਾਰ ਜਾਇਦਾਦ। ਉੱਤਰ ਵੱਲ: 20'-0" ਸਟਰੀਟ, ਦੱਖਣ ਵੱਲ: 20'-0" ਮਕਾਨ ਹਰੀ ਸਿੰਘ, ਪੂਰਬ ਵੱਲ: 58'-0" ਮਕਾਨ ਅਜੀਤ ਸਿੰਘ, ਪੱਛਮ ਵੱਲ: 58'-0" ਦਿਨੇਸ਼ ਕੁਮਾਰ। | 30-10-2025 & Rs. 8,17,917/- | 14/01/2026 |

ਮਿਤੀ : 14.01.2026, ਸਥਾਨ - ਪੰਜਾਬ
ਅਧਿਕਾਰਤ ਅਧਿਕਾਰੀ, ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮ.



ਯੂਕੋ ਬੈਂਕ ਭਾਰਤ ਸਰਕਾਰ ਦਾ ਅਦਾਰਾ UCO BANK (A Govt. of India Undertaking)
ਜ਼ੋਨਲ ਦਫਤਰ : ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017, ਫੋਨ : 0172-5037339, 5037340

ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਸੰਪੱਤੀ/ਆਂ ਦੇ ਲਈ)

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਸ ਦਾ ਸੰਕੇਤਕ/ਭੌਤਿਕ ਕਬਜ਼ਾ ਯੂਕੋ ਬੈਂਕ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਵੱਲੋਂ ਲਿਆ ਗਿਆ ਹੈ, ਦੀ ਵਿਕਰੀ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ" 'ਤੇ 29.12.2025 ਨੂੰ ਕੀਤੀ ਜਾਵੇਗੀ ਅਤੇ ਅਚੱਲ ਸੰਪੱਤੀਆਂ ਦੀ ਖਰੀਦ ਲਈ ਇਛੁੱਕ ਖਰੀਦਦਾਰਾਂ ਤੋਂ ਬੋਲੀਆਂ ਨਿਮਨ ਦਰਸਾਏ ਅਨੁਸਾਰ ਮੰਗੀਆਂ ਜਾਂਦੀਆਂ ਹਨ :-

| ਲ. ਨੰ. | ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ ਕਬਜ਼ੇ ਦੀ ਸਥਿਤੀ (ਭੌਤਿਕ ਜਾਂ ਸੰਕੇਤਕ) | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਬੰਧਤ ਅਧਿਕਾਰੀ ਦੇ ਵੇਰਵੇ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|---|
| 1. | ਸ਼ਾਖਾ ਦਫਤਰ : ਸੈਕਟਰ 38 ਸੀ, ਚੰਡੀਗੜ੍ਹ ਕਰਜ਼ਦਾਰ : ਸਾਈ ਡਾਕੂਮੈਂਟ ਸੈਂਟਰ, ਵਾਸੀ ਮਕਾਨ ਨੰ. 656/5, ਸੈਕਟਰ 8, ਖਰੜ, ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-140301, ਪ੍ਰੋਪਰਾਈਟਰ : ਰਾਜ ਕੁਮਾਰ ਵਾਸੀ ਮਕਾਨ ਨੰ. 897/8, ਵਾਰਡ ਨੰ. 9, ਖਰੜ, ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ ਪੰਜਾਬ-140301, ਜ਼ਾਮਨ : ਹਿਮਾਂਸ਼ੂ ਮਲਹੋਤਰਾ ਪੁੱਤਰ ਸ੍ਰੀ ਸੁਨੀਲ ਕੁਮਾਰ ਮਲਹੋਤਰਾ , ਮਕਾਨ ਨੰ. 656/5, ਸੈਕਟਰ 8, ਨੀਮਵਾਲਾ ਚੌਕ, ਖਰੜ, ਐਸਏਐਸ ਨਗਰ, ਮੋਹਾਲੀ, ਪੰਜਾਬ-140301 | ਸਾਰੇ ਹਿੱਸੇ ਵਿੱਚ ਅਚੱਲ ਜਾਇਦਾਦ ਸ਼ਾਮਲ ਹੈ - ਟ੍ਰਾਂਸਫਰ ਡੀਡ ਨੰਬਰ 5002 ਅਤੇ ਕਿਤਾਬ ਨੰਬਰ 1 ਮਿਤੀ 26.11.2013 ਹਿਮਾਂਸ਼ੂ ਮਲਹੋਤਰਾ ਪੁੱਤਰ ਸੁਨੀਲ ਕੁਮਾਰ - ਮਲਹੋਤਰਾ ਦੇ ਨਾਮ 'ਤੇ ਮਕਾਨ ਨੰਬਰ 656-651/5, ਨੀਮਵਾਲਾ ਚੌਕ, ਆਬਾਦੀ - ਉੱਪਰਲਾ ਬਾਜ਼ਾਰ, ਸੈਕਟਰ 8, ਵਾਰਡ ਨੰਬਰ 5, ਜਵਾਲਾਜੀ ਮੰਦਰ ਦੇ ਨੇੜੇ, ਹੱਦਬਸਤ ਨੰਬਰ 184, ਤਹਿਸੀਲ ਖਰੜ, ਐਸਏਐਸ ਨਗਰ ਮੋਹਾਲੀ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ ਵੱਲ: ਅਨਿਲ ਗੁਪਤਾ ਦਾ ਘਰ, ਪੱਛਮ ਵੱਲ: ਗਲੀ 13 ਫੁੱਟ, ਉੱਤਰ ਵੱਲ: ਅਨਿਲ ਗੁਪਤਾ, ਦੱਖਣ ਵੱਲ: ਬਿਮਲ ਸਿੰਗਲਾ ਦਾ ਮਕਾਨ ਅਤੇ ਗਲੀ। | 30.07.2019 / ਸੰਕੇਤਕ | 29.10.2015 Rs. 6,42,798.14 | Rs. 22,00,000/- / Rs. 2,20,000/- / Rs. 20,000/- | ਸ੍ਰੀ ਸਨੀ ਠਾਕੁਰ (M) 9147403153 E-mail chas38@uco.bank.in | 24.02.2026 11:00 AM to 05.00 PM |

ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ 30 ਰੋਜ਼ਾ ਵਿਕਰੀ ਸੂਚਨਾ

ਨਿਯਮ ਅਤੇ ਸ਼ਰਤਾਂ : 1. ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਨਾਲ ਸਬੰਧਤ ਹੋਵੇਗੀ। 2. ਸੰਪੱਤੀਆਂ "ਜਿਵੇਂ ਹੈ, ਜਿਥੇ ਹੈ ਆਧਾਰ" ਅਤੇ "ਜਿਵੇਂ ਹੈ ਜੋ ਹੈ ਆਧਾਰ" ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ। 3. ਉਕਤ ਸੂਚੀ ਵਿਚ ਦਰਸਾਏ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਵਿਚ ਸਹੀ ਦੱਸੇ ਗਏ ਹਨ ਪਰ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 4. ਨਿਲਾਮੀ ਵਿਕਰੀ ਪੋਰਟਲ https://baanknet.com 'ਤੇ "ਈ-ਨਿਲਾਮੀ ਰਾਹੀਂ ਆਨਲਾਈਨ" ਕੀਤੀ ਜਾਵੇਗੀ। 5. ਇਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈ. ਡੀ. ਦੀ ਵਰਤੋਂ ਕਰਦੇ ਹੋਏ ਪੋਰਟਲ https://baanknet.com 'ਤੇ ਪੰਜੀਕਰਨ ਕਰਵਾ ਲੈਣ। ਅੱਗੇ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰ ਦੇਣ। ਇੱਕ ਵਾਰ ਕੇਵਾਈਸੀ ਦਸਤਾਵੇਜ਼ਾਂ ਦੀ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਪੜਤਾਲ ਹੋਣ 'ਤੇ (ਇਸ ਵਿਚ 2 ਕੰਮ ਵਾਲੇ ਦਿਨ ਲਗ ਸਕਦੇ ਹਨ), ਇਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਪੋਰਟਲ ਵਿਚ ਈ-ਨਿਲਾਮੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਤੱਕ ਆਪਣੇ ਗਲੋਬਲ ਈਐਮਡੀ ਵੈਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਰਾਸ਼ੀ ਦਾ ਤਬਾਦਲਾ ਕਰਨਾ ਹੋਵੇਗਾ। ਪੰਜੀਕਰਨ, ਕੇਵਆਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵੈਲੇਟ ਵਿਚ ਬਿਆਨਾ ਰਕਮ ਦੇ ਤਬਾਦਲੇ ਦਾ ਕੰਮ ਨਿਲਾਮੀ ਤੋਂ ਪਹਿਲਾਂ ਅਗਾਊਂ ਤੌਰ 'ਤੇ ਮੁਕੰਮਲ ਕਰਨਾ ਜ਼ਰੂਰੀ ਹੈ। 6. ਈ-ਨਿਲਾਮੀ ਦੇ ਲਈ ਪਲੇਟਫਾਰਮ (https://baanknet.com) ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਹੈਲਪ ਡੈਸਕ ਨੰ. +91 8291220220, ਹੈਲਪਡੈਸਕ ਈ-ਮੇਲ ਆਈਡੀ : support.baanknet@psballiance.com ਵੱਲੋਂ ਮੁਹੱਈਆ ਕੀਤਾ ਜਾਵੇਗਾ। ਇਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੇ ਵੈਬਸਾਈਟ https://baanknet.com 'ਤੇ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣਾ ਹੋਵੇਗਾ। 7. ਸੰਪੱਤੀ ਸਬੰਧੀ ਕਿਸੇ ਵੀ ਪੁਛਗਿਛ ਲਈ ਅਧਿਕਾਰਤ ਅਧਿਕਾਰੀ ਨੇਹਾ ਭਾਨੂੰ, ਮੋਬ. ਨੰ. 7064400007 ਨਾਲ ਸੰਪਰਕ ਕੀਤਾ ਜਾ ਸਕਦਾ ਹੈ। 8. ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਵਾਲੀ ਵਿਕਰੀ ਸੂਚਨਾ ਨਿਮਨਲਿਖਤ ਵੈਬਸਾਈਟਾਂ/ਵੈਬ ਪੇਜ ਪੋਰਟਲ : https://baanknet.com 'ਤੇ ਵਿਚ ਉਪਲਬਧ/ਪ੍ਰਕਾਸ਼ਿਤ ਹਨ। 9. ਈ-ਨਿਲਾਮੀ ਦੇ ਇਛੁੱਕ ਪ੍ਰਤੀਯੋਗੀ ਪੋਰਟਲhttps://baanknet.com ਤੋਂ ਇਸ ਈ-ਨਿਲਾਮੀ ਨਾਲ ਸਬੰਧਤ ਈ-ਨਿਲਾਮੀ ਦੇ ਸੰਚਾਲਨਾਤਮਕ ਭਾਗ 'ਤੇ ਸਹਾਇਤਾ ਮੈਨੂਅਲ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫਤ ਵਿਚ ਡਾਊਨਲੋਡ ਕਰ ਸਕਦੇ ਹਨ। 10. ਬੋਲੀਕਾਰ ਦੇ ਗਲੋਬਲ ਵੈਲੇਟ ਵਿਚ ਬੋਲੀ ਦੇਣ ਦੇ ਸਮੇਂ ਲੋੜੀਂਦਾ ਬਕਾਇਆ (>=ਬਿਆਨਾ ਰਕਮ ਰਾਸ਼ੀ) ਹੋਣਾ ਚਾਹੀਦਾ ਹੈ। 11. ਈ-ਨਿਲਾਮੀ ਦੇ ਦੌਰਾਨ ਬੋਲੀਕਾਰਾਂ ਨੂੰ ਆਖ਼ਰੀ ਕੋਟ ਕੀਤੀ ਬੋਲੀ ਨਾਲੋਂ ਵੱਧ ਅਤੇ ਉਪਰ ਪਰਸਪਰ ਬੋਲੀ ਵਿਚ ਉਚੇਰੀ ਬੋਲੀ ਪੇਸ਼ ਕਰਨ ਦਾ ਆਗਿਆ ਹੋਵੇਗੀ ਅਤੇ ਬੋਲੀ ਰਕਮ ਵਿਚ ਘੱਟੋ ਘੱਟ ਵਾਧਾ ਬੋਲੀਕਾਰਾਂ ਦ ਆਖ਼ਰੀ ਉਚੇਰੀ ਬੋਲੀ ਤੋਂ ਉਕਤ ਦਰਸਾਏ ਅਨੁਸਾਰ ਹੋਣਾ ਚਾਹੀਦਾ ਹੈ। ਨਿਰੰਤਰ ਉਚੇਰੀ ਬੋਲੀ ਕੋਟ ਕਰਨ ਲਈ ਬੋਲੀਕਾਰਾਂ ਨੂੰ ਵੀਹ (20) ਮਿੰਟਾਂ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖ਼ਰੀ ਸਭ ਤੋਂ ਉਚੀ ਬੋਲੀ ਤੋਂ ਦਸ ਮਿੰਟ ਲੰਘਣ ਉਪਰੰਤ ਕਿਸੇ ਵੀ ਬੋਲੀਕਾਰ ਵੱਲੋਂ ਕੋਈ ਉਚੇਰੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਤਾਂ ਈ-ਨਿਲਾਮੀ ਨੂੰ ਬੰਦ ਕਰ ਦਿੱਤਾ ਜਾਵੇਗਾ। 12. ਇਹ ਇਛੁੱਕ ਬੋਲੀਕਾਰ (ਾਂ) ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਕਰੀ ਸੂਚਨਾ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਾਨਾਤਮਕ ਹਿੱਸੇ ਬਾਰੇ ਸਹਾਇਤਾ ਮੈਨੂਅਲ ਨੂੰ ਪੜ੍ਹ ਲੈਣ ਅਤੇ ਇਨ੍ਹਾਂ ਦਾ ਸਖ਼ਤੀ ਨਾਲ ਪਾਲਣ ਕਰਨ। ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਕਿਸੇ ਵੀ ਮੁਸ਼ਕਿਲ ਜਾਂ ਸਹਾਇਤਾ ਦੀ ਲੋੜ ਪੈਣ ਦੀ ਸੂਰਤ ਵਿਚ ਸਾਡੇ ਈ-ਨਿਲਾਮੀ ਸਰਵਿਸ ਪ੍ਰੋਵਾਈਡਰ (https://baanknet.com) ਦੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ। 13. ਅਧਿਕਾਰਤ ਅਧਿਕਾਰੀ ਵੱਲੋਂ ਈ-ਨਿਲਾਮੀ ਨੂੰ ਮੁਕੰਮਲ ਕਰਨ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਐਸਐਮਐਸ/ਈ-ਮੇਲ (ਸਰਵਿਸ ਪ੍ਰੋਵਾਈਡਰ ਨੂੰ ਉਨ੍ਹਾਂ ਵੱਲੋਂ ਦਿੱਤੇ ਗਏ/ਪੰਜੀਕ੍ਰਿਤ ਮੋਬਾਇਲ ਨੰਬਰ/ਈਮੇਲ ਪਤੇ 'ਤੇ) ਰਾਹੀਂ ਉਕਤ ਦਰਸਾਏ ਸਾਡੇ ਸਰਵਿਸ ਪ੍ਰੋਵਾਈਡਰ ਦੁਆਰਾ ਸੂਚਿਤ ਕੀਤਾ ਜਾਵੇਗਾ। 14. ਸੁਰੱਖਿਅਤ ਸੰਪੱਤੀ ਰਾਖਵੀਂ ਕੀਮਤ ਤੋਂ ਘੱਟ ਨਹੀਂ ਵੇਚੀ ਜਾਵੇਗੀ। ਅਧਿਕਾਰਤ ਅਧਿਕਾਰੀ ਕੋਲ ਪ੍ਰਵਾਨਯੋਗ ਨਾ ਪਾਏ ਜਾਣ 'ਤੇ ਕਿਸੇ ਵੀ ਬੋਲੀ ਨੂੰ ਪ੍ਰਵਾਨ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਜਾਂ ਬਿਨਾਂ ਕੋਈ ਵੀ ਕਾਰਨ ਦੱਸੇ, ਜੋ ਵੀ ਹੋਵੇ, ਕਿਸੇ ਵੀ ਸਮੇਂ ਨਿਲਾਮੀ ਨੂੰ ਮਲਤਵੀ/ਰੱਦ/ਬਰਖਾਸਤ/ਰੋਕਣ ਦਾ ਜਾਂ ਇਸ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਹੱਕ ਰਾਖਵਾਂ ਹੈ ਅਤੇ ਇਸ ਸਬੰਧ ਵਿਚ ਉਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ। 15. ਵਿਕਰੀ ਪ੍ਰਮਾਣ ਪੱਤਰ ਕਾਨੂੰਨ ਦੀਆਂ ਵਿਵਸਥਾਵਾਂ ਦੇ ਅਨੁਸਾਰ ਪੂਰਨ ਬੋਲੀ ਰਕਮ ਦੇ ਜਮ੍ਹਾਂ ਹੋਣ 'ਤੇ ਸਫਲ ਬੋਲੀਕਾਰ ਦੇ ਪੱਖ ਵਿਚ ਜਾਰੀ ਕੀਤਾ ਜਾਵੇਗਾ। 16. ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪੱਤੀ ਅਤੇ ਇਸ ਦੀ ਮਿਣਤੀ ਬਾਰੇ ਜਾਂਚ ਅਤੇ ਖੁਦ ਦੀ ਤਸੱਲੀ ਕਰ ਲੈਣ। ਬੋਲੀਕਾਰ ਮੁਹੱਈਆ ਕੀਤੇ ਵੇਰਵਿਆਂ ਅਨੁਸਾਰ ਸੰਬੰਧਤ ਅਧਿਕਾਰੀ ਨਾਲ ਮਸ਼ਵਰਾ ਕਰਕੇ ਸੰਪੱਤੀ ਦੀ ਜਾਂਚ ਕਰ ਸਕਦੇ ਹਨ। ਸਾਰੇ ਵਿਧਾਨਕ ਬਕਾਏ/ਅਟੈਂਡੈਂਟ ਫੀਸਾਂ/ਪੰਜੀਕਰਨ ਫੀਸਾਂ, ਸਟੈਂਪ ਡਿਊਟੀ, ਕਰਾਂ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਵੱਲੋਂ ਅਦਾ ਕੀਤੇ ਜਾਣਗੇ। 18. ਬੈਂਕ ਦੇ ਅਧਿਕਾਰਤ ਅਧਿਕਾਰੀ ਸੰਪੱਤੀਆਂ (ਈ-ਨਿਲਾਮੀ ਵਾਲੀਆਂ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਵੀ ਵਿਅਕਤੀ ਵੱਲ ਕਿਸੇ ਵੀ ਫੀਸ, ਭਾਰ, ਦੇਣਦਾਰੀ ਜਾਂ ਕਿਸੇ ਵੀ ਹੋਰ ਬਕਾਏ, ਭਾਵੇਂ ਬੈਂਕ ਨੂੰ ਜਾਣੂ ਹੋਣ ਜਾਂ ਨਾ ਦੇ ਲਈ ਜੁਆਬਦੇਹ ਨਹੀਂ ਹੋਣਗੇ। ਇਛੁੱਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿਧਾਨਕ ਦੇਣਦਾਰੀਆਂ, ਸੰਪੱਤੀ ਕਰ ਦੇ ਬਕਾਏ, ਬਿਜਲੀ ਦੇ ਬਕਾਏ ਆਦਿ ਸਮੇਤ ਸੰਪੱਤੀ ਉਪਰ ਦੇਣਦਾਰੀਆਂ ਸਬੰਧੀ ਆਪਣੀ ਸੁਤੰਤਰ ਪੁਛਗਿਛ ਕਰ ਲੈਣ। 19. ਬੋਲੀਕਾਰ ਨੂੰ ਢੁੱਕਵੀਂ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕ-ਅਪ ਆਦਿ ਯਕੀਨੀ ਬਣਾ ਲੈਣੇ ਚਾਹੀਦੇ ਹਨ। ਬੈਂਕ ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਜਾਂ ਤਕਨੀਕੀ ਕਾਰਨਾਂ ਕਰਕੇ ਪਏ ਕਿਸੇ ਵੀ ਵਿਘਨ ਜਾਂ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਅਚਨਚੇਤਤਾਵਾਂ ਦੇ ਲਈ ਜੁਆਬਦੇਹ ਨਹੀਂ ਹੋਵੇਗਾ। 20. ਸਫਲ ਬੋਲੀਕਾਰ ਨੂੰ 1% ਦਾ ਟੀਡੀਐਸ ਵੀ ਅਦਾ ਕਰਨਾ ਹੋਵੇਗਾ ਜੇਕਰ ਸੰਪੱਤੀ ਦੀ ਕੀਮਤ 50 ਲੱਖ ਤੋਂ ਵੱਧ ਹੋਵੇ। 21. ਇਸ ਸੂਚਨਾ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 9 (1) ਦੇ ਅਧੀਨ ਕਰਜ਼ਦਾਰ ਅਤੇ ਜ਼ਾਮਨ ਦੇ ਲਈ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਵੀ ਸਮਝਿਆ ਜਾਵੇ। 22. ਇਕਲੇ ਬੋਲੀਕਾਰ ਹੋਣ ਦੀ ਸੂਰਤ ਵਿਚ ਉਸ ਦੇ ਬੋਲੀ ਫਾਰਮ ਵਿਚ ਕੋਟ ਕੀਤੀ ਬੋਲੀ ਰਕਮ ਵਿਚ ਘੱਟੋ ਘੱਟ ਇੱਕ ਬੋਲੀ ਵਾਧਾ ਲਾਗਤ ਤੱਕ ਸੁਧਾਰ ਹੋਣਾ ਲਾਜ਼ਮੀ ਹੈ, ਨਹੀਂ ਤਾਂ ਵਿਕਰੀ ਰੱਦ/ਬਰਖਾਸਤ ਕਰ ਦਿੱਤੀ ਜਾਵੇਗੀ। 23. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ, ਜੇਕਰ ਕਰਜ਼ਦਾਰ ਸਫਲ ਬੋਲੀਕਾਰ ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਹੋਣ ਤੋਂ ਪਹਿਲਾਂ ਅਧਿਕਾਰਤ ਅਧਿਕਾਰੀ ਨੂੰ ਬੈਂਕ ਕਰਾਰ ਦੇ ਬਕਾਇਆ ਸਮੇਤ ਹੋਰ ਖਰਚਿਆਂ ਦਾ ਭੁਗਤਾਨ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ।

ਮਿਤੀ : 15.01.2026 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ, ਯੂਕੋ ਬੈਂਕ



ਯੂਨੀਅਨ ਬੈਂਕ ਆਫ ਇੰਡੀਆ Union Bank of India
ਯੂਨੀਅਨ ਬੈਂਕ ਆਫ ਇੰਡੀਆ : 12 ਪਰਮ ਮਾਰਕਿਟ ਸਿਵਲ ਲਾਈਨਜ਼, ਜਲੰਧਰ, ਪੰਜਾਬ-144001

[ਨਿਯਮ 8 (1)] ਕਬਜ਼ੇ ਦਾ ਨੋਟਿਸ (ਚੱਲ/ਅਚੱਲ ਜਾਇਦਾਦ ਲਈ)

ਜਦੋਂ ਕਿ ਯੂਨੀਅਨ **ਬੈਂਕ ਆਫ਼ ਇੰਡੀਆ, 12 ਪਰਮ ਮਾਰਕਿਟ ਸਿਵਲ ਲਾਈਨ ਜਲੰਧਰ, ਪੰਜਾਬ-144001** ਲਈ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ ਐਕਟ ਨੰ. 54) ਦੇ ਤਹਿਤ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰ ਕਰਨ ਵਾਲੇ ਨੇ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਹੈ ਜਿਵੇਂ ਕਿ ਕਰਜ਼ਦਾਰ/ਗਿਰਵੀਕਾਰ/ਜ਼ਾਮਨ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਅਤੇ ਉਸ 'ਤੇ ਵਿਆਜ ਵਾਪਸ ਕਰਨ ਲਈ ਕਿਹਾ ਗਿਆ ਹੈ।
ਕਰਜ਼ਦਾਰ/ਗਿਰਵੀਕਾਰ/ਜ਼ਾਮਨ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ,ਕਰਜ਼ਦਾਰ/ਗਿਰਵੀਕਾਰ/ਜ਼ਾਮਨ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਇੱਥੇ ਦੱਸੀ ਗਈ ਮਿਤੀ ਨੂੰ ਸੁਰੱਖਿਆ ਹਿੱਤ ਲਾਗੂ ਕਰਨ ਦੇ ਨਿਯਮਾਂ ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀਆਂ ਗਈਆਂ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ/ਗਿਰਵੀਕਾਰ/ਜ਼ਾਮਨ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ **ਬੈਂਕ ਆਫ਼ ਇੰਡੀਆ, 12 ਪਰਮ ਮਾਰਕਿਟ ਸਿਵਲ ਲਾਈਨ ਜਲੰਧਰ, ਪੰਜਾਬ-144001** ਦੇ ਚਾਰਜ ਦੇ ਅਧੀਨ ਹੋਵੇਗਾ, ਰਕਮ ਅਤੇ ਉਸ 'ਤੇ ਵਿਆਜ ਲਈ।
ਕਰਜ਼ਦਾਰ/ਜ਼ਾਮਨ (ਾਂ) ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀ (ਸੰਪਤੀਆਂ) ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ।

| ਸ਼ਾਖਾ, ਕਰਜ਼ਦਾਰ (ਾਂ)/ ਜ਼ਾਮਨ (ਾਂ)ਦਾ ਨਾਮ | ਚੱਲ/ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: ਮੈਸਰਜ਼ ਐਮ.ਐਮ. ਟਰੇਡਰਜ਼ ਪ੍ਰੋਪ. ਮਨਜੀਤ ਸਿੰਘ ਪੁੱਤਰ ਸ਼੍ਰੀ ਮਨੋਹਰ ਸਿੰਘ ਜ਼ਾਮਨ: ਸ਼੍ਰੀ ਅਖਿਲ ਸੂਦ ਪੁੱਤਰ ਸ਼ੀਲ ਸੂਦ। | ਜਾਇਦਾਦ: 1. ਪਲਾਂਟ ਅਤੇ ਮਸ਼ੀਨਰੀ ਅਤੇ ਸਟਾਕ ਅਤੇ ਬੁੱਕ ਕਰਜ਼ੇ ਦਾ ਗਿਰਵੀਨਾਮਾ। ਜਾਇਦਾਦ: 2. ਰਿਹਾਇਸ਼ੀ ਮਕਾਨ ਨੰਬਰ 2/94, ਪਿੰਡ ਬਹਾਦਰਪੁਰ ਵਿਖੇ ਸਥਿਤ, ਸੂਦ ਕਾਟੇਜ, ਜੋਧਾ ਮੱਲ ਰੋਡ, ਸਿਵਲ ਲਾਈਨਜ਼, 1 ਕਨਾਲ 7 ਮਰਲੇ 79.5 ਵਰਗ ਫੁੱਟ | 22.05.2025 | 15.01.2026 | Rs. 9,09,08,444.86 20.05.2025 ਨੂੰ ਜਮ੍ਹਾਂ 21.05.2025 ਤੋਂ ਪ੍ਰਭਾਵੀ ਬੈਂਕ ਵੱਲੋਂ ਲਾਗੂ ਵਿਆਜ ਅਤੇ ਅਚਨਚੇਤੀ ਖਰਚੇ। |

(629.83 ਵਰਗ ਗਜ਼), ਖਸਰਾ ਨੰਬਰ 723 (28-3), ਖਾਤਾ ਨੰਬਰ 995/1132 ਵਿਖੇ ਸਥਿਤ, ਸਾਲ 2017-18 ਦੀ ਜਮ੍ਹਾਂਬੰਦੀ ਦੇ ਅਨੁਸਾਰ, ਟਰਾਂਸਫਰ ਵਿਕਰੀ ਡੀਡ ਨੰਬਰ 2023-24/156/1/2040 ਮਿਤੀ 12.06.2023 ਦੁਆਰਾ, ਪਿੰਡ ਬਹਾਦਰਪੁਰ, ਹੱਦਬਸਤ ਨੰਬਰ 358, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ, ਸ਼੍ਰੀ ਅਖਿਲ ਸੂਦ ਦੇ ਨਾਮ 'ਤੇ ਦਰਜ। ਡੀਡ ਅਨੁਸਾਰ ਹੱਦਬੰਦੀ: ਉੱਤਰ: ਅਰਚਨਾ ਸੂਦ ਆਦਿ, ਦੱਖਣ: ਜੋਧਮਾਲ ਰੋਡ, ਪੂਰਬ: ਸ਼ਕਤੀ ਸੂਦ ਅਤੇ ਸਵਿਤਾ ਸੂਦ, ਪੱਛਮ: 20' ਚੌੜਾ ਰਸਤਾ।
ਜਾਇਦਾਦ: 3. ਕੁੱਲ 166.76 ਵਰਗ ਗਜ਼ ਦੀ ਵਪਾਰਕ ਜਾਇਦਾਦ (3 ਮਰਲੇ 129.5 ਵਰਗ ਫੁੱਟ, ਵਿਕਰੀ ਡੀਡ ਨੰਬਰ 5111 ਮਿਤੀ 15.09.2010 + 3 ਮਰਲੇ 129.5 ਵਰਗ ਫੁੱਟ, ਗਿਫਟ ਡੀਡ 2022-23/156/1/7480 ਮਿਤੀ 09.03.2023 ਵੇਖੋ), ਖਸਰਾ ਨੰਬਰ 650 (6-6), ਖਾਤਾ ਨੰਬਰ 1888/2575, 2006-07 ਲਈ ਜਮਾਂਬੰਦੀ ਅਨੁਸਾਰ (ਖਾਤਾ ਨੰਬਰ 1920/2223, ਸਾਲ 2016-17 ਲਈ ਜਮ੍ਹਾਂਬੰਦੀ ਅਨੁਸਾਰ), ਪਿੰਡ ਪ੍ਰੇਮਗੜ੍ਹ, ਹੱਦਬਸਤ ਨੰਬਰ 247, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ, ਗਿਫਟ ਡੀਡ ਨੰਬਰ 2022-2023/156/1/7480 ਮਿਤੀ 09.03.2023 ਅਨੁਸਾਰ, ਖਸਰਾ ਨੰਬਰ 650, ਖਾਤਾ ਨੰਬਰ 1920/2223, 2016-17 ਲਈ ਜਮ੍ਹਾਂਬੰਦੀ ਅਨੁਸਾਰ, ਪਿੰਡ ਪ੍ਰੇਮਗੜ੍ਹ ਹੁਸ਼ਿਆਰਪੁਰ ਵਿਖੇ ਸਥਿਤ, ਹੱਦਬਸਤ ਨੰਬਰ 247, ਅਖਿਲ ਸੂਦ ਪੁੱਤਰ ਸ਼ੀਲ ਸੂਦ ਦੇ ਨਾਮ 'ਤੇ ਦਰਜ। ਡੀਡ ਅਨੁਸਾਰ ਹੱਦਬੰਦੀ: ਉੱਤਰ: ਬਾਲ ਕਿਸ਼ਨ ਰੋਡ, ਦੱਖਣ: ਵੈਸ਼ਨੋ ਦਾਸ, ਪੂਰਬ: ਬੂਟਾ ਸਿੰਘ, ਪੱਛਮ: ਸੋਮ ਪ੍ਰਕਾਸ਼ ਸ਼ਰਮਾ।
ਨੋਟ: ਇਸ ਨੋਟਿਸ ਨੂੰ ਤਾਜ਼ਾ ਕਬਜ਼ਾ ਨੋਟਿਸ ਮੰਨਿਆ ਜਾਵੇਗਾ [ਸੁਰੱਖਿਆ ?ਵਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(1) ਦੇ ਤਹਿਤ]। ਪਹਿਲਾਂ 18.11.2025 ਨੂੰ ਜਾਰੀ ਕੀਤਾ ਗਿਆ ਕਬਜ਼ਾ ਨੋਟਿਸ ਅਤੇ ਅੱਜ ਤੱਕ ਐਕਟ ਅਧੀਨ ਬਾਅਦ ਦੀਆਂ ਕਾਰਵਾਈਆਂ ਇਸ ਦੁਆਰਾ ਵਾਪਸ ਲਈਆਂ ਜਾਂਦੀਆਂ ਹਨ।

ਮਿਤੀ : 15.01.2026 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ



pnb ਪੰਜਾਬ ਨੈਸ਼ਨਲ ਬੈਂਕ ...ਭਰੋਸੇ ਦਾ ਪ੍ਰਤੀਕ
ਸਰਕਲ ਦਫਤਰ ਪਟਿਆਲਾ, ਪੰਜਾਬ ਨੈਸ਼ਨਲ ਬੈਂਕ ਦੂਜੀ ਮੰਜ਼ਿਲ, ਸਾਹਮਣੇ ਇੰਮਪਰੂਵਮੈਂਟ ਟਰੱਸਟ ਬਿਲਡਿੰਗ, ਛੋਟੀ ਬਾਰਾਂਦਰੀ ਪਟਿਆਲਾ EMAIL ID : coptlrecovery@pnb.bank.in
ਈ-ਨਿਲਾਮੀ ਵਿਕਰੀ ਸੂਚਨਾ

ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ

ਵਿੱਤੀ ਜਾਇਦਾਦਾਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ, ਅਧੀਨ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ। ਚੱਲ/ਅਚੱਲ ਜਾਇਦਾਦ(ਾਂ) ਨੂੰ ਸੁਰੱਖਿਅਤ ਕਰਜ਼ਦਾਤਾ ਨੂੰ ਚਾਰਜ ਕੀਤਾ ਗਿਆ ਹੈ, ਜਿਸ ਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ "ਜਿਵੇਂ ਹੈ ਜਿੱਥੇ ਹੈ, ਦੇ ਆਧਾਰ 'ਤੇ", "ਜਿਵੇਂ ਹੈ ਜੋ ਹੈ, ਆਧਾਰ 'ਤੇ" ਅਤੇ ਜੋ ਵੀ ਆਧਾਰ ਹੈ, ਉਸ ਮਿਤੀ 'ਤੇ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਤੋਂ ਸੁਰੱਖਿਅਤ ਕ੍ਰੈਡਿਟ (ਇੱਥੇ ਬੈਂਕ) ਪ੍ਰਤੀ ਬਕਾਇਆ ਕ੍ਰਮਵਾਰ ਵੇਚਿਆ ਜਾਵੇਗਾ। (ਰਿਜ਼ਰਵ ਕੀਮਤ ਅਤੇ ਇਸ ਤੋਂ ਬਾਅਦ ਈਮੇਸਟ ਮੋਰੀ ਡਿਪਾਜ਼ਿਟ (ਈਐਮਡੀ) ਸੰਬੰਧਿਤ ਹਮਲਿਆਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦਰਸਾਈ ਗਈ ਹੈ।
ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, www.pnbindia.bank.in ਵੇਖੋ

| ਲ. ਨੰ. | ਸ਼ਾਖਾ ਦਾ ਨਾਮ | ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਨਾਮ ਅਤੇ ਪਤਾ | ਅਚੱਲ ਗਿਰਵੀ ਸੰਪੱਤੀਆਂ ਦੇ ਵੇਰਵੇ /ਸੰਪੱਤੀ/ਆਂ ਦੇ ਮਾਲਕ,ਗਿਰਵੀਕਾਰਾਂ ਦਾ ਨਾਮ | ਸਰਫੇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ / ਬਕਾਇਆ ਰਕਮ / ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ | ਖਾਤੇ ਦਾ ਨਾਮ, ਖਾਤਾ ਨੰ., ਆਈਐਫਐਸਸੀ ਕੋਡ (ਰਕਮ ਕੇਵਲ ਸਫਲ ਬੋਲੀ ਦੇਣ ਉਪਰੰਤ ਹੀ ਜਮ੍ਹਾਂ ਕੀਤੀ ਜਾਵੇਗੀ।) | ਈ-ਨਿਲਾਮੀ ਦੀ ਮਿਤੀ/ਸਮਾਂ / ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂੰ ਦੇਣਦਾਰੀਆਂ ਦੇ ਵੇਰਵੇ |
|---|---|---|---|---|---|---|---|
| 1. | ਸ਼ਾਖਾ ਦਫਤਰ : ਸੁਨਾਮ (063410) | ਕਰਜ਼ਦਾਰ(ਾਂ): ਮੈਸਰਜ਼ ਜੇੜਾ ਜਵੈਲਰਜ਼ ਆਪਣੇ ਪ੍ਰੋਪਰਾਈਟਰ ਸਤਨਾਮ ਸਿੰਘ ਪੁੱਤਰ ਸੁਖਮਿੰਦਰ ਸਿੰਘ, ਗਲੀ ਨੰਬਰ 2 ਸਟੇਡੀਅਮ ਰੋਡ, ਸੁਨਾਮ 148028 ਰਾਹੀਂ, 2. ਸ਼੍ਰੀ ਸਤਨਾਮ ਸਿੰਘ ਪੁੱਤਰ ਸੁਖਮਿੰਦਰ ਸਿੰਘ, ਵਾਸੀ ਜਾਖਲ ਰੋਡ, ਨੇੜੇ ਐੱਫ.ਸੀ.ਆਈ. ਗੋਦਾਮ, ਗੁਰੂ ਨਾਨਕ ਨਗਰ, ਸੁਨਾਮ, ਜ਼ਿਲ੍ਹਾ ਸੰਗਰੂਰ-148028 3. ਸ੍ਰੀਮਤੀ ਸ਼ਿੰਦਰ ਕੌਰ ਪਤਨੀ ਸੁਖਮਿੰਦਰ ਸਿੰਘ, ਵਾਸੀ ਮਕਾਨ ਨੰ: 222, ਵਾਰਡ ਨੰ: 8, ਗੁਰੂ ਨਾਨਕ ਨਗਰ, ਸੁਨਾਮ, ਜ਼ਿਲ੍ਹਾ ਸੰਗਰੂਰ-148028 | ਗੁਰੂ ਨਾਨਕ ਨਗਰ, ਚੰਦਰ ਕਲੋਨੀ, ਨੇੜੇ ਕੱਚਾ ਪਾਹਾ ਸੁਨਾਮ-ਏ, ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਖਸਰਾ ਨੰਬਰ 335//4/1/2/3(2-10) ਵਿੱਚੋਂ 2/50 ਹਿੱਸੇ ਵਾਲੀ 2 ਮਰਲੇ ਜਾਂ 62.22 ਵਰਗ ਗਜ਼ ਵਾਲੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਆਰਟੀਡੀ ਨੰਬਰ 3100 ਮਿਤੀ 05.10.2011 ਦੁਆਰਾ ਸ਼੍ਰੀਮਤੀ ਸ਼ਿੰਦਰ ਕੌਰ ਪਤਨੀ ਸ਼੍ਰੀ ਸੁਖਮਿੰਦਰ ਸਿੰਘ ਦੇ ਨਾਮ 'ਤੇ ਦਰਜ ਹੈ। ਟਾਈਟਲ ਡੀਡ ਅਨੁਸਾਰ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਅਵਤਾਰ ਸਿੰਘ ਦਾ ਪਲਾਟ, ਸਾਈਡ 43'6", ਪੱਛਮ: ਨਰੇਸ਼ ਕੁਮਾਰ, ਸਾਈਡ 43'6", ਉੱਤਰ: ਨਰੇਸ਼ ਕੁਮਾਰ, ਸਾਈਡ 12'-10 1/2", ਦੱਖਣ: ਗਲੀ, ਸਾਈਡ 12'-10 1/2" | 15.05.2023 / Rs. 2,91,421/- 30.04.2023 ਨੂੰ ਜਮ੍ਹਾਂ 01.05.2023 ਤੋਂ ਪ੍ਰਭਾਵੀ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ / ਸੰਕੇਤਕ | Rs. 10.17 Lakhs / Rs. 1.02 Lakhs / Rs. 0.10 Lakhs | SUNDRY-NPA/ SARFAESI/ AUCTION RELATED 063410317118A IFSC CODE PUNB0063410 | 18.02.2026 (from 11:00 am to 04:00 pm with unlimited auto extension of 10 minute / ਬੈਂਕ ਨੂੰ ਜਾਣੂੰ ਨਹੀਂ |
| 2. | ਸ਼ਾਖਾ: ਗੁਰਬਖਸ਼ ਕਲੋਨੀ ਪਟਿਆਲਾ (073910) | ਕਰਜ਼ਦਾਰ(ਾਂ): 1. ਮੈਸ. ਸਾਈ ਟਰੇਡਰਜ਼, ਮਕਾਨ ਨੰਬਰ 2, ਛੋਟਾ ਅਰੀਅਨ ਮਾਜਰਾ, ਦੇਵੀਗੜ੍ਹ ਸਨੌਰ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਪੰਜਾਬ-140406. 2. ਸ਼੍ਰੀ ਅਨਿਲ ਕੁਮਾਰ ਪੁੱਤਰ ਇੰਦਰ ਦੇਵ, ਵਾਸੀ ਮਕਾਨ ਨੰ. 2, ਛੋਟਾ ਅਰੀਅਨ ਮਾਜਰਾ, ਦੇਵੀਗੜ੍ਹ ਸਨੌਰ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਪੰਜਾਬ-140406. 3. ਸ਼੍ਰੀਮਤੀ ਲਲਿਤਾ ਦੇਵੀ ਪਤਨੀ ਅਨਿਲ ਕੁਮਾਰ, ਮਕਾਨ ਨੰ. 2, ਛੋਟਾ ਅਰੀਅਨ ਮਾਜਰਾ, ਦੇਵੀਗੜ੍ਹ ਸਨੌਰ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਪੰਜਾਬ-140406. 4. ਸ਼੍ਰੀ ਅਮਿਤ ਕੁਮਾਰ ਪੁੱਤਰ ਵਲੈਤੀ ਰਾਮ, ਵਾਸੀ ਮਕਾਨ ਨੰ. 2, ਛੋਟਾ ਅਰੀਅਨ ਮਾਜਰਾ, ਦੇਵੀਗੜ੍ਹ ਸਨੌਰ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਪੰਜਾਬ-140406 | ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਖੇਵਟ/ਖਾਤਾ ਨੰਬਰ 9/53, ਖਸਰਾ ਨੰਬਰ 25//6 ਮਿੰਨ (1-71/3), 7 ਮਿੰਨ (0-912), 13 ਮਿੰਨ (5-14) ਆਈਟਮ 3 ਕੁੱਲ ਖੇਤਰਫਲ 7 ਕਨਾਲ 10 2/3 ਮਰਲੇ, ਜਿਸ ਵਿੱਚੋਂ 2213, 150/2/3 ਦਾ ਹਿੱਸਾ 0-2 2/3 ਮਰਲੇ ਮਾਪ ਜਿਸਦਾ ਮਾਪ 83.3 ਵਰਗ ਗਜ਼, ਵਸੀਕਾ ਨੰਬਰ 10983 ਮਿਤੀ 22.10.2012 ਅਨੁਸਾਰ ਮਕਾਨ ਨੰਬਰ 2, ਛੋਟਾ ਅਰਾਈਆਂ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ - ਪਟਿਆਲਾ (ਪੰਜਾਬ) ਵਿਖੇ ਸ਼੍ਰੀਮਤੀ ਲਲਿਤਾ ਦੇਵੀ ਪਤਨੀ ਸ਼੍ਰੀ ਅਨਿਲ ਕੁਮਾਰ ਦੇ ਨਾਮ 'ਤੇ ਸਥਿਤ ਹੈ। ਹੱਦਬੰਦੀ ਇਸ ਪ੍ਰਮਾਰ ਹੈ: - ਪੂਰਬ: ਦੂਜਿਆਂ ਦਾ ਮਕਾਨ, ਪੱਛਮ: ਖਾਲੀ ਪਲਾਟ, ਉੱਤਰ: ਰਸਤਾ, ਦੱਖਣ: ਖਾਲੀ ਪਲਾਟ। | 31.12.2024 / Rs. 6,70,170.60 31.12.2024 ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਖਰਚੇ 01.01.2025 ਤੋਂ ਵਸੂਲੀ ਜੇਕਰ ਕੋਈ ਹੈ। / ਸੰਕੇਤਕ | Rs. 5.93 Lakhs / Rs. 0.60 Lakhs / Rs. 0.10 Lakhs | SUNDRY-NPA/ SARFAESI/ AUCTION RELATED 073910317118A IFSC CODE PUNB0073910 | 18.02.2026 (from 11:00 am to 04:00 pm with unlimited auto extension of 10 minute / ਬੈਂਕ ਨੂੰ ਜਾਣੂੰ ਨਹੀਂ |
| 3. | ਬੀ/ਓ: ਮਾਡਲ ਟਾਊਨ ਪਟਿਆਲਾ (291800) | ਕਰਜ਼ਦਾਰ(ਾਂ): ਸੁਰਿੰਦਰ ਸਿੰਘ ਲਾਲੀ ਪੁੱਤਰ ਸੁਖਦੇਵ ਸਿੰਘ, ਵਾਸੀ ਬਾਬੂ ਸਿੰਘ ਕਾਲੋਨੀ, ਪਿੰਡ ਅਬਲੋਵਾਲ, ਪਟਿਆਲਾ, 147001 2. ਸੁਰਿੰਦਰ ਸਿੰਘ ਲਾਲੀ ਪੁੱਤਰ ਸੁਖਦੇਵ ਸਿੰਘ, ਵਾਸੀ ਧੀਰੂ ਦੀ ਮਾਜਰੀ, ਪਿੱਪਲ ਕੇ ਨੀਚ, ਬੁੱਢਾ ਦਲ ਸਕੂਲ ਦੇ ਸਾਹਮਣੇ, ਪਟਿਆਲਾ, 147001 | 130.66 ਵਰਗ ਗਜ਼ ਦਾ ਮਕਾਨ (0-2% ਬਿਸਵਾ ਭਾਵ, 6 ਵਿੱਘਾ 16 ਬਿਸਵਾ ਦਾ 2/3/4/136 ਹਿੱਸਾ) ਜੋ ਕਿ ਖੇਵਟ/ਖਾਤਾ ਨੰਬਰ 86/109, ਖਸਰਾ ਨੰਬਰ 2165/1172 ਮਿੰਨ (2-1), 1179/1 (2-7), 1179/3(0-13), 1179/40-11), 2165/1172 ਮਿੰਨ (1-4) ?ਕੱਤੇ 5 ਵਿੱਚ ਪੈਂਦਾ 1999-2000 ਦੇ ਜਮਾਂਬੰਦੀ ਸਾਲ ਦੇ ਅਨੁਸਾਰ, ਬਾਬੂ ਸਿੰਘ ਕਲੋਨੀ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਵਿਕਰੀ ਡੀਡ ਨੰਬਰ 14324 ਮਿਤੀ 05.12.2005 ਦੇ ਅਨੁਸਾਰ ਰਜਿਸਟਰਡ। ਹੇਠ ਲਿਖੇ ਅਨੁਸਾਰ ਹੱਦਬੰਦੀ: - ਪੂਰਬ: ਸ਼੍ਰੀ ਰਾਮ ਪ੍ਰੀਤੀ ਦਾ ਘਰ-ਪਾਸਾ: 21', ਪੱਛਮ: 20' ਚੌੜਾ ਸੜਕ-ਪਾਸਾ: 21', ਉੱਤਰ: ਸ਼੍ਰੀ ਰਾਮ ਪ੍ਰੀਤੀ ਦਾ ਪਲਾਟ ਬਾਬੂ ਲਾਲ ਪੁੱਤਰ ਸ. ਦਲ ਸੀਹਰ - ਸਾਈਡ: 56', ਦੱਖਣ: ਸ੍ਰੀ ਬਾਬੂ ਲਾਲ ਪੁੱਰਤ ਦਲ ਸਿਹਾਰ: 56' | 25.03.2014 / Rs. 3,09,057/- 25.03.2014 ਨੂੰ ਜਮ੍ਹਾਂ 26.03.2014 ਤੋਂ ਪ੍ਰਭਾਵੀ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ / ਸੰਕੇਤਕ | Rs. 11.40 Lakhs / Rs. 1.14 Lakhs / Rs. 0.10 Lakhs | SUNDRY-NPA/ SARFAESI/ AUCTION RELATED 291800317118A IFSC CODE PUNB0291800 | 18.02.2026 (from 11:00 am to 04:00 pm with unlimited auto extension of 10 minute / ਬੈਂਕ ਨੂੰ ਜਾਣੂੰ ਨਹੀਂ |
| 4. | ਬੀ/ਓ: ਰੁੜਕੀ ਕਸਬਾ ਪਟਿਆਲਾ (771000) | ਕਰਜ਼ਦਾਰ(ਾਂ): ਸ਼੍ਰੀਮਤੀ ਰਾਜਵਿੰਦਰ ਕੌਰ ਪੁੱਤਰੀ ਕਰਨੈਲ ਸਿੰਘ, (ਪਤਨੀ ਗੁਰਮੁਖ ਸਿੰਘ), ਵਾਸੀ ਰਕਬਾ ਪ੍ਰੋਫੈਸਰ ਕਲੋਨੀ, ਪਿੰਡ ਕਰਹੇੜੀ, ਜ਼ਿਲ੍ਹਾ ਪਟਿਆਲਾ, 147001 | ਖੇਵਟ/ਖਤੌਣੀ ਨੰਬਰ 44/280, ਖਸਰਾ ਨੰਬਰ 256 (2-17) ਵਿੱਚ ਸਥਿਤ ਵਪਾਰਕ ਦੁਕਾਨ ਦੇ ਸਾਰੇ ਭਾਗ ਅਤੇ ਹਿੱਸੇ ਦੀ ਬਰਾਬਰੀ ਵਾਲਾ ਗਿਰਵੀਨਾਮਾ, ਜਿਸ ਵਿੱਚੋਂ 0-0% ਬਿਸਵਾ ਮਾਪ ਭਾਵ 33.33 ਵਰਗ ਗਜ਼ ਜਮਾਂਬੰਦੀ ਸਾਲ 2017-2018 ਲਈ ਪਿੰਡ ਕਰਹੇੜੀ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਦੀ ਮਾਲਿਆ ਜਾਇਦਾਦ ਵਿੱਚ ਰਕਬਾ ਪ੍ਰੋਫੈਸਰ ਕਲੋਨੀ, ਪਿੰਡ ਕਰਹੇੜੀ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, ?ਵਕਰੀ ਡੀਡ ਨੰਬਰ 2019-20/11/1/4033 ਮਿਤੀ 14.06.2019 ਅਨੁਸਾਰ ਸ਼੍ਰੀਮਤੀ ਰਾਜਵਿੰਦਰ ਕੌਰ ਪਤਨੀ ਸ਼੍ਰੀ ਗੁਰਮੁਖ ਸਿੰਘ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਬਿਲਡ ਦੁਕਾਨ 30'-0", ਪੱਛਮ: ਖਾਲੀ ਪਲਾਟ 30'-0", ਉੱਤਰ: ਸੜਕ 10'-0", ਦੱਖਣ: ਖਾਲੀ ਪਲਾਟ 10'-0" | 08.08.2024 / Rs. 6,24,455.40 31.07.2024 ਨੂੰ ਜਮ੍ਹਾਂ 01.08.2024 ਤੋਂ ਪ੍ਰਭਾਵੀ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ / ਸੰਕੇਤਕ | Rs. 12.99 Lakhs / Rs. 1.30 Lakhs / Rs. 0.10 Lakhs | SUNDRY-NPA/ SARFAESI/ AUCTION RELATED 771000317118A IFSC CODE PUNB0771000 | 18.02.2026 (from 11:00 am to 04:00 pm with unlimited auto extension of 10 minute / ਬੈਂਕ ਨੂੰ ਜਾਣੂੰ ਨਹੀਂ |

ਵਿਧਾਨਕ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6)/ਨਿਯਮ 9 (1) ਦੇ ਅਧੀਨ 30 ਰੋਜ਼ਾ ਵਿਧਾਨਕ ਵਿਕਰੀ ਸੂਚਨਾ

ਨਿਯਮ ਅਤੇ ਸ਼ਰਤਾਂ :-
1. ਨਿਲਾਮੀ ਵਿਕਰੀ ਸਿਰਫ਼ "ਈ-ਨਿਲਾਮੀ ਪੋਰਟਲ ਰਾਹੀਂ ਔਨਲਾਈਨ" https://baanknet.com ਹੋਵੇਗੀ।
2. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ ਅਤੇ ਈਮੇਲ-ਆਈਡੀ ਦੀ ਵਰਤੋਂ ਕਰਕੇ https://baanknet.com 'ਤੇ ਰਜਿਸਟਰ ਕਰਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਲੋੜੀਂਦੇ KYC ਦਸਤਾਵੇਜ਼ ਅਪਲੋਡ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇੱਕ ਵਾਰ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ KYC ਦਸਤਾਵੇਜ਼ਾਂ ਦੀ ਤਸਦੀਕ ਹੋ ਜਾਣ ਤੋਂ ਬਾਅਦ, ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਨਿਲਾਮੀ ਤੋਂ ਪਹਿਲਾਂ, ਭਾਵ ਪੋਰਟਲ ਵਿੱਚ ਈ-ਨਿਲਾਮੀ ਦੀ ਮਿਤੀ ਅਤੇ ਸਮੇਂ ਤੋਂ ਪਹਿਲਾਂ, ਆਪਣੇ EMD ਵਾਲਿਟ ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ EMD ਰਕਮ ਟ੍ਰਾਂਸਫਰ ਕਰਨੀ ਪੈਂਦੀ ਹੈ। KYC ਦਸਤਾਵੇਜ਼ਾਂ ਦੀ ਰਜਿਸਟ੍ਰੇਸ਼ਨ, ਤਸਦੀਕ ਅਤੇ ਵਾਲਿਟ ਵਿੱਚ EMD ਦਾ ਟ੍ਰਾਂਸਫਰ ਨਿਲਾਮੀ ਤੋਂ ਪਹਿਲਾਂ ਬਹੁਤ ਪਹਿਲਾਂ ਪੂਰਾ ਕਰ ਲਿਆ ਜਾਣਾ ਚਾਹੀਦਾ ਹੈ। ਬੋਲੀ ਲਗਾਉਣ ਵੇਲੇ ਬੋਲੀਕਾਰ ਦੇ ਵਾਲਿਟ ਵਿੱਚ ਕਾਫ਼ੀ ਬਕਾਇਆ (EMD ਰਕਮ) ਹੋਣਾ ਚਾਹੀਦਾ ਹੈ। ਉਸਦੇ ਵਾਲਿਟ ਵਿੱਚ ਕਾਫ਼ੀ EMD ਹੋਣ ਤੋਂ ਬਾਅਦ ਹੀ, ਦਿਲਚਸਪੀ ਰੱਖਣ ਵਾਲਾ ਬੋਲੀਕਾਰ ਈ-ਨਿਲਾਮੀ ਦੀ ਮਿਤੀ 'ਤੇ ਬੋਲੀ ਲਗਾ ਸਕੇਗਾ।
3. ਉੱਪਰ ਦੱਸੀ ਗਈ ਅਰਨੈਸਟ ਮਨੀ ਡਿਪਾਜ਼ਿਟ (EMD) ਰਕਮ ਦਾ ਭੁਗਤਾਨ 3 ਤਰੀਕਿਆਂ ਰਾਹੀਂ ਔਨਲਾਈਨ ਕੀਤਾ ਜਾਵੇਗਾ ਜਿਵੇਂ ਕਿ NEFT/ਨਕਦ/ਟ੍ਰਾਂਸਫਰ (ਬੋਲੀਦਾਰਾਂ ਦੇ EMD ਵਾਲੇਟ ਵਿੱਚ (https) ਤੋਂ ਚਲਾਨ ਤਿਆਰ ਕਰਨ ਤੋਂ ਬਾਅਦ। NEFT ਟ੍ਰਾਂਸਫਰ ਕਿਸੇ ਵੀ ਅਨੁਸੂਚਿਤ ਵਪਾਰਕ ਬੈਂਕ ਤੋਂ ਕੀਤਾ ਜਾ ਸਕਦਾ ਹੈ, ਹਾਲਾਂਕਿ ਨਕਦ/ਟ੍ਰਾਂਸਫਰ ਲਈ ਬੋਲੀਕਾਰ ਨੂੰ ਪੰਜਾਬ ਨੈਸ਼ਨਲ ਬੈਂਕ ਸ਼ਾਖਾ ਵਿੱਚ ਜਾਣਾ ਪਵੇਗਾ। ਕਿਸੇ ਹੋਰ ਢੰਗ ਜਿਵੇਂ ਕਿ ਚੈੱਕ ਦੁਆਰਾ EMD ਦਾ ਭੁਗਤਾਨ ਸਵੀਕਾਰ ਨਹੀਂ ਕੀਤਾ ਜਾਵੇਗਾ। ਲੋੜੀਂਦੀ EMD ਔਨਲਾਈਨ ਜਮ੍ਹਾ ਨਾ ਕਰਵਾਉਣ ਵਾਲੇ ਬੋਲੀਕਾਰਾਂ ਨੂੰ ਈ-ਨਿਲਾਮੀ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜਮ੍ਹਾ ਕੀਤੀ ਗਈ ਅਰਨੈਸਟ ਮਨੀ 'ਤੇ ਕੋਈ ਵਿਆਜ ਨਹੀਂ ਹੋਵੇਗਾ।
4. ਈ-ਨਿਲਾਮੀ ਲਈ ਪਲੇਟਫਾਰਮ https://baanknet.com ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਪ੍ਰਦਾਨ ਕੀਤਾ ਜਾਵੇਗਾ, ਜਿਨ੍ਹਾਂ ਨੂੰ ਹੈਲਪ ਡੈਸਕ : +91 82912 20220, ਹੈਲਪਲਾਈਨ ਈ-ਮੇਲ ID-support.baanknet@psballiance.com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇੱਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੀ ਵੈਬਸਾਈਟ https://baanknet.com 'ਤੇ ਈ-ਨਿਲਾਮੀ ਪ੍ਰਕ੍ਰਿਆ ਵਿਚ ਭਾਗ ਲੈਣਾ ਹੋਵੇਗਾ। ਸਰਵਿਸ ਪ੍ਰੋਵਾਈਡਰ ਪੋਰਟਲ 'ਤੇ ਈ-ਨਿਲਾਮੀ 'ਤੇ ਆਨਲਾਈਨ ਪ੍ਰਦਰਸ਼ਨ/ਸਿਖਲਾਈ ਵੀ ਮੁਹੱਈਆ ਕਰਨਗੇ।
5. ਵਿਕਰੀ ਦੇ ਆਮ ਨਿਯਮਾਂ ਅਤੇ ਸ਼ਰਤਾਂ ਵਾਲਾ ਵਿਕਰੀ ਨੋਟਿਸ ਹੇਠ ਲਿਖੀਆਂ ਵੈੱਬਸਾਈਟਾਂ/webpageportal 'ਤੇ ਉਪਲਬਧ/ਪ੍ਰਕਾਸ਼ਿਤ ਹੈ। https://baanknet.com।
6. ਈ-ਨਿਲਾਮੀ ਦੇ ਇੱਛੁਕ ਭਾਗੀਦਾਰ https://baanknet.com ਤੋਂ ਈ-ਨਿਲਾਮੀ ਨਾਲ ਸਬੰਧਤ ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਸਹਾਇਤਾ ਮੈਨੂਅਲ ਦੀਆਂ ਕਾਪੀਆਂ ਮੁਫ਼ਤ ਡਾਊਨਲੋਡ ਕਰ ਸਕਦੇ ਹਨ।
7. ਈ-ਨਿਲਾਮੀ ਦੌਰਾਨ ਬੋਲੀਕਾਰਾਂ ਨੂੰ ਘੱਟੋ-ਘੱਟ ਈ-ਬੋਲੀ 'ਤੇ ਰਿਜ਼ਰਵ ਕੀਮਤ/ਇੰਟਰ-ਸੇ ਬੋਲੀ ਤੋਂ ਵੱਧ ਆਖਰੀ ਬੋਲੀ ਤੋਂ ਉੱਪਰ ਅਤੇ ਉੱਪਰ ਰੱਖਣਾ ਹੋਵੇਗਾ। ਬੋਲੀ ਦੀ ਰਕਮ ਵਿੱਚ ਘੱਟੋ-ਘੱਟ ਵਾਧਾ ਹਰੇਕ ਜਾਇਦਾਦ ਦੇ ਵਿਰੁੱਧ ਦੱਸੀ ਗਈ ਰਕਮ ਦਾ ਹੋਣਾ ਚਾਹੀਦਾ ਹੈ। ਬੋਲੀਕਾਰਾਂ ਨੂੰ ਲਗਾਤਾਰ ਉੱਚ ਬੋਲੀ ਦਾ ਹਵਾਲਾ ਦੇਣ ਲਈ ਦਸ ਮਿੰਟ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖਰੀ ਸਭ ਤੋਂ ਵੱਧ ਬੋਲੀ ਤੋਂ ਕੁਝ ਮਿੰਟ ਬਾਅਦ ਕਿਸੇ ਵੀ ਬੋਲੀਕਾਰ ਦੁਆਰਾ ਕੋਈ ਉੱਚੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਹੈ, ਤਾਂ ਈ-ਨਿਲਾਮੀ ਬੰਦ ਕਰ ਦਿੱਤੀ ਜਾਵੇਗੀ।
8. ਇਹ ਹੈ ਇੱਛੁਕ ਬੋਲੀਕਾਰ(ਆਂ) ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਮਦਦ ਮੈਨੂਅਲ ਨੂੰ ਸਹੀ ਢੰਗ ਨਾਲ ਪੜ੍ਹਨ ਅਤੇ ਉਹਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ।
9. ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਦੌਰਾਨ ਕਿਸੇ ਵੀ ਮੁਸ਼ਕਲ ਜਾਂ ਸਹਾਇਤਾ ਦੀ ਲੋੜ ਹੋਣ 'ਤੇ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ https://baanknet.com ਦੇ ਅਧਿਕਾਰਤ ਪ੍ਰਤੀਨਿਧੀ ਨਾਲ ਸੰਪਰਕ ਕਰ ਸਕਦੇ ਹਨ। ਜਿਨ੍ਹਾਂ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ।
10. ਅਧਿਕਾਰਤ ਅਧਿਕਾਰੀ ਦੁਆਰਾ ਈ-ਨਿਲਾਮੀ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਹੀ ਤੁਹਾਡੇ ਉਪਰੋਕਤ ਸੇਵਾ ਪ੍ਰਦਾਤਾ ਨੂੰ SMS/ਈਮੇਲ ਰਾਹੀਂ ਸੂਚਿਤ ਕੀਤਾ ਜਾਵੇਗਾ। (ਮੋਬਾਈਲ 'ਤੇ ਉਨ੍ਹਾਂ ਦੁਆਰਾ ਦਿੱਤਾ ਗਿਆ ਨੰਬਰ/ਈਮੇਲ ਪਤਾ/ਸੇਵਾ ਪ੍ਰਦਾਤਾ ਨਾਲ ਰਜਿਸਟਰਡ)।
11. ਸੁਰੱਖਿਅਤ ਸੰਪਤੀ ਨੂੰ ਰਿਜ਼ਰਵ ਕੀਮਤ ਤੋਂ ਘੱਟ ਨਹੀਂ ਵੇਚਿਆ ਜਾਵੇਗਾ।
12. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25% (ਪੱਚੀ ਪ੍ਰਤੀਸ਼ਤ) ਜਮ੍ਹਾ ਕਰਵਾਉਣਾ ਹੋਵੇਗਾ, EMD ਰਕਮ ਨੂੰ ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ SUNDRY-NPA/SARFAESI/ਨਿਲਾਮੀ ਸੰਬੰਧਿਤ ਖਾਤੇ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ, ਖਾਤਾ ਨੰਬਰ: 829600317118ਏ, IFSC ਕੋਡ: PUNB0829600 ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ ਦੇ ਰੂਪ ਵਿੱਚ ਅਦਾ ਕੀਤੀ ਜਾਵੇਗੀ ਜੋ ਕਿ ਇੱਕ ਅਨੁਸੂਚਿਤ ਵਪਾਰਕ ਬੈਂਕ ਦੁਆਰਾ "ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ, ਖਾਤਾ (ਖਾਤੇ ਦਾ ਨਾਮ)" ਦੇ ਹੱਕ ਵਿੱਚ ਜਾਰੀ ਕੀਤਾ ਜਾਵੇਗਾ। ਨਿਰਧਾਰਤ ਸਮੇਂ ਦੇ ਅੰਦਰ ਉਪਰੋਕਤ ਰਕਮਾਂ ਜਮ੍ਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਸਫਲ ਬੋਲੀਕਾਰ ਦੁਆਰਾ ਜਮ੍ਹਾ ਕੀਤੀ ਗਈ ਰਕਮ ਬੈਂਕ ਨੂੰ ਜ਼ਬਤ ਕੀਤੀ ਜਾਵੇਗੀ ਅਤੇ ਅਧਿਕਾਰਤ ਅਧਿਕਾਰੀ ਨੂੰ ਜਾਇਦਾਦ ਦੀ ਨਵੀਂ ਨਿਲਾਮੀ/ਵਿਕਰੀ ਕਰਨ ਦੀ ਆਜ਼ਾਦੀ ਹੋਵੇਗੀ ਅਤੇ ਡਿਫਾਲਟ ਬੋਲੀਕਾਰ ਦਾ ਜ਼ਬਤ ਕੀਤੀ ਗਈ ਰਕਮ ਅਤੇ ਜਾਇਦਾਦ 'ਤੇ ਕੋਈ ਦਾਅਵਾ ਨਹੀਂ ਹੋਵੇਗਾ।
13. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25% (ਪੰਜੀ ਪ੍ਰਤੀਸ਼ਤ), ਜਮ੍ਹਾ ਕੀਤੀ ਗਈ EMD ਰਕਮ ਨੂੰ ਘਟਾ ਕੇ, ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਜਮ੍ਹਾ ਕਰਵਾਉਣਾ ਹੋਵੇਗਾ ਅਤੇ ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇੱਕ ਅਨੁਸੂਚਿਤ ਵਪਾਰਕ ਬੈਂਕ ਦੁਆਰਾ ਜਾਰੀ ਕੀਤੇ ਬੈਂਕਰ ਦੇ ਚੈੱਕ/ਡਿਮਾਂਡ ਡਰਾਫਟ ਦੇ ਰੂਪ ਵਿੱਚ ਅਦਾ ਕੀਤੀ ਜਾਵੇਗੀ ਜੋ "ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ, ਖਾਤਾ (XXXXXX317118ਏ)" ਦੇ ਹੱਕ ਵਿੱਚ ਖਿੱਚੀ ਜਾਵੇਗੀ। ਲਿੰਕਡ ਸ਼ਾਖਾ (XXXXXX ਸਬੰਧਤ ਸ਼ਾਖਾ ਦਾ ਸੋਲ ਆਈਡੀ ਹੈ) ਵਿਖੇ ਭੁਗਤਾਨਯੋਗ ਹੈ। ਨਿਰਧਾਰਤ ਸਮੇਂ ਦੇ ਅੰਦਰ ਉਪਰੋਕਤ ਰਕਮਾਂ ਜਮ੍ਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਸਫਲ ਬੋਲੀਕਾਰ ਦੁਆਰਾ ਜਮ੍ਹਾ ਕੀਤੀ ਗਈ ਰਕਮ ਬੈਂਕ ਨੂੰ ਜ਼ਬਤ ਕਰ ਲਈ ਜਾਵੇਗੀ ਅਤੇ ਅਧਿਕਾਰਤ ਅਧਿਕਾਰੀ ਨੂੰ ਜਾਇਦਾਦ ਦੀ ਨਵੀਂ ਨਿਲਾਮੀ/ਵਿਕਰੀ ਕਰਨ ਦੀ ਆਜ਼ਾਦੀ ਹੋਵੇਗੀ ਅਤੇ ਡਿਫਾਲਟ ਬੋਲੀਕਾਰ ਦਾ ਜ਼ਬਤ ਕੀਤੀ ਗਈ ਰਕਮ ਅਤੇ ਜਾਇਦਾਦ 'ਤੇ ਕੋਈ ਦਾਅਵਾ ਨਹੀਂ ਹੋਵੇਗਾ।
14. ਅਧਿਕਾਰਤ ਅਧਿਕਾਰੀ ਕਿਸੇ ਵੀ ਬੋਲੀ ਨੂੰ ਸਵੀਕਾਰ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ, ਜੇਕਰ ਸਵੀਕਾਰਯੋਗ ਨਹੀਂ ਪਾਇਆ ਜਾਂਦਾ ਹੈ ਜਾਂ ਨਿਲਾਮੀ ਦੀਆਂ ਸ਼ਰਤਾਂ ਨੂੰ ਮੁਲਤਵੀ/ਰੱਦ/ਮੁਲਤਵੀ/ਬੰਦ ਕਰਨ ਜਾਂ ਬਦਲਣ ਦਾ ਅਧਿਕਾਰ ਰੱਖਦਾ ਹੈ। ਕਿਸੇ ਵੀ ਸਮੇਂ ਬਿਨਾਂ ਕੋਈ ਕਾਰਨ ਦੱਸੇ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਹੋਵੇਗਾ।
15. ਐਕਟ ਦੇ ਉਪਬੰਧਾਂ ਅਨੁਸਾਰ ਪੂਰੀ ਬੋਲੀ ਰਕਮ ਜਮ੍ਹਾ ਕਰਵਾਉਣ 'ਤੇ ਸਫਲ ਬੋਲੀਕਾਰ ਦੇ ਹੱਕ ਵਿੱਚ ਵਿਕਰੀ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।
16. ਜਾਇਦਾਦਾਂ "ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚੀਆਂ ਜਾ ਰਹੀਆਂ ਹਨ।
17. ਜੇਕਰ ਮਾਣਯੋਗ ਅਦਾਲਤ ਦੁਆਰਾ ਕੋਈ ਸਟੇਅ ਦਿੱਤੀ ਜਾਂਦੀ ਹੈ, ਤਾਂ ਵਿਕਰੀ ਪੁਸ਼ਟੀ ਜਾਂ ਵਿਕਰੀ ਸਰਟੀਫਿਕੇਟ ਜਾਰੀ ਕਰਨਾ ਜਾਂ ਜਾਇਦਾਦ (ਾਂ) ਖਰੀਦਣ ਲਈ ਪਹਿਲਾਂ ਹੀ ਜਮ੍ਹਾ ਕੀਤੀ ਗਈ ਰਕਮ ਦਾ ਫੈਸਲਾ ਉਸ ਮਾਣਯੋਗ ਅਦਾਲਤ ਦੁਆਰਾ ਆਦੇਸ਼/ਨਿਰਦੇਸ਼ਾਂ ਦੇ ਅਧੀਨ ਹੋਵੇਗਾ।
18. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
19. ਬੋਲੀ ਜਮ੍ਹਾ ਕਰਨ ਤੋਂ ਪਹਿਲਾਂ ਜਾਇਦਾਦ ਅਤੇ ਨਿਰਧਾਰਨ ਬਾਰੇ ਆਪਣੇ ਆਪ ਨੂੰ ਜਾਂਚਣ ਅਤੇ ਸੰਤੁਸ਼ਟ ਕਰਨ ਦੀ ਜ਼ਿੰਮੇਵਾਰੀ ਬੋਲੀਕਾਰਾਂ ਦੀ ਹੋਵੇਗੀ। ਬੋਲੀਕਾਰ ਵੇਰਵਿਆਂ ਅਨੁਸਾਰ ਡੀਲਿੰਗ ਅਧਿਕਾਰੀ ਨਾਲ ਸਲਾਹ-ਮਸ਼ਵਰਾ ਕਰਕੇ ਜਾਇਦਾਦ ਦਾ ਨਿਰੀਖਣ ਕਰਦਾ ਹੈ। ਪ੍ਰਦਾਨ ਕਰੋ।
20. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ।
21. ਅਧਿਕਾਰਤ ਅਧਿਕਾਰੀ ਜਾਂ ਬੈਂਕ ਕਿਸੇ ਵੀ ਚਾਰਜ, ਲੀਅਨ, ਬੋਝ, ਜਾਂ ਸਰਕਾਰ ਜਾਂ ਕਿਸੇ ਹੋਰ ਨੂੰ ਜਾਇਦਾਦ (ਈ-ਨੀਲਾਮੀ) ਦੇ ਸੰਬੰਧ ਵਿੱਚ ਕਿਸੇ ਵੀ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਣਗੇ ਜੋ ਬੈਂਕ ਨੂੰ ਨਹੀਂ ਪਤਾ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਬੋਝ/ਨੱਥੀ/ਰਹਿਣ ਸੰਬੰਧੀ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ, ਜਾਇਦਾਦ ਟੈਕਸ ਦੇ ਬਕਾਏ, ਬਿਜਲੀ ਬਕਾਏ ਆਦਿ ਸ਼ਾਮਲ ਹਨ।
22. ਬੋਲੀਕਾਰ ਨੂੰ ਸਹੀ ਇੰਟਰਨੈੱਟ ਕਨੈਕਟੀਵਿਟੀ, ਪਾਵਰ ਬੈਕ-ਅੱਪ ਆਦਿ ਯਕੀਨੀ ਬਣਾਉਣਾ ਚਾਹੀਦਾ ਹੈ। ਇੰਟਰਨੈੱਟ ਫੇਲ੍ਹ ਹੋਣ, ਬਿਜਲੀ ਫੇਲ੍ਹ ਹੋਣ ਜਾਂ ਤਕਨੀਕੀ ਕਾਰਨਾਂ ਜਾਂ ਈ-ਨੀਲਾਮੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਸੰਕਟਾਂ ਕਾਰਨ ਕਿਸੇ ਵੀ ਰੁਕਾਵਟ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।
23. ਬੈਂਕ ਲਈ ਰੋਕਥਾਮ ਨਿਯੁਕਤ ਕਰਨ ਅਤੇ ਸਵੈ-ਬੋਲੀ ਕਰਨ ਅਤੇ ਨਿਲਾਮੀ ਵਿੱਚ ਹਿੱਸਾ ਲੈਣ ਲਈ ਖੁੱਲ੍ਹਾ ਹੈ। ਵਿਕਰੀ ਦੀਆਂ ਵਿਸਤ੍ਰਿਤ ਮਿਆਦਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ।

ਮਿਤੀ : 15.01.2026 ਸਥਾਨ : ਪਟਿਆਲਾ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

# ਅਵਾਰਾ ਕੁੱਤਿਆਂ ਨੇ 26 ਸਾਲਾ ਨੌਜਵਾਨ ਨੂੰ ਨੋਚ-ਨੋਚ ਕੇ ਮਾਰਿਆ

ਫਿਰੋਜ਼ਪੁਰ, 15 ਜਨਵਰੀ (ਚ.ਨ.ਸ.): ਜ਼ਿਲ੍ਹੇ ਦੇ ਗੁਰੂਹਰਸਹਾਏ ਖੇਤਰ ਦੇ ਪਿੰਡ ਚੱਕ ਸੋਮੀਆ ਵਿੱਚ ਮੰਗਲਵਾਰ ਦੇਰ ਰਾਤ ਇੱਕ ਬਹੁਤ ਹੀ ਦੁਖਦਾਈ ਘਟਨਾ ਵਾਪਰੀ, ਜਿੱਥੇ ਅਵਾਰਾ ਕੁੱਤਿਆਂ ਦੇ ਝੁੰਡ ਨੇ ਇੱਕ 26 ਸਾਲਾ ਨੌਜਵਾਨ ਨੂੰ ਬੁਰੀ ਤਰ੍ਹਾਂ ਨੋਚ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਦੀ ਪਛਾਣ ਕੁਲਬੀਰ ਸਿੰਘ ਵਜੋਂ ਹੋਈ ਹੈ, ਜੋ ਚੱਕ ਸੋਮੀਆ ਦਾ ਰਹਿਣ ਵਾਲਾ ਸੀ।ਜਾਣਕਾਰੀ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਕੁਲਬੀਰ ਸਿੰਘ ਦੋਸਤਾਂ ਨਾਲ ਲੋਹੜੀ ਮਨਾ ਕੇ ਘਰ ਪਰਤ ਰਿਹਾ ਸੀ। ਘਰ ਤੋਂ ਮਹਿਜ਼ 60 ਮੀਟਰ ਦੀ ਦੂਰੀ 'ਤੇ ਜਦੋਂ ਉਹ ਰੁਕਿਆ ਤਾਂ ਕੁੱਤਿਆਂ ਦੇ ਝੁੰਡ ਨੇ ਅਚਾਨਕ ਉਸ 'ਤੇ ਹਮਲਾ ਕਰ ਦਿੱਤਾ।



ਕੁੱਤਿਆਂ ਨੇ ਨੌਜਵਾਨ ਨੂੰ ਇੰਨੀ ਬੇਰਹਿਮੀ ਨਾਲ ਨੋਚਿਆ ਕਿ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਇਹ ਘਟਨਾ ਬੁੱਧਵਾਰ ਸਵੇਰੇ ਕਰੀਬ 7 ਵਜੇ ਸਾਹਮਣੇ ਆਈ ਜਦੋਂ ਇੱਕ ਪਿੰਡ ਵਾਸੀ ਦੁੱਧ ਲੈਣ ਜਾ ਰਿਹਾ ਸੀ। ਉਸ ਨੇ ਸੜਕ 'ਤੇ ਲਾਸ਼ ਪਈ ਦੇਖੀ ਤੇ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ। ਗੁਰੂਹਰਸਹਾਏ ਦੇ ਐਸ.ਐਚ.ਓ. ਗੁਰਜੰਟ ਸਿੰਘ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਸਾਫ਼ ਹੈ ਕਿ ਮੌਤ ਕੁੱਤਿਆਂ ਦੇ ਹਮਲੇ ਕਾਰਨ ਹੋਈ ਹੈ। ਪੀੜਤ ਪਰਿਵਾਰ ਨੇ ਬਿਨਾਂ ਪੋਸਟਮਾਰਟਮ ਤੇ ਕਾਨੂੰਨੀ ਕਾਰਵਾਈ ਦੇ ਸਸਕਾਰ ਕਰਨ ਦੀ ਇਜਾਜ਼ਤ ਮੰਗੀ ਹੈ।

# ਪਿਆਰ ਨਹੀਂ, ਮਜਬੂਰੀ ਸੀ ਪਾਕਿਸਤਾਨ ਆਉਣਾ ਸਰਬਜੀਤ ਕੌਰ ਨੇ ਦਿੱਤਾ ਬਿਆਨ

ਗੁਰਦਾਸਪੁਰ/ਲਾਹੌਰ, 15 ਜਨਵਰੀ (ਚ.ਨ.ਸ.): ਸਰਬਜੀਤ ਕੌਰ, ਜੋ ਨਵੰਬਰ 2025 ਦੌਰਾਨ ਇੱਕ ਧਾਰਮਿਕ ਸਮੂਹ ਨਾਲ ਭਾਰਤ ਤੋਂ ਪਾਕਿਸਤਾਨ ਗਈ ਸੀ ਤੇ ਇਸਲਾਮ ਧਰਮ ਅਪਣਾ ਕੇ ਇੱਕ ਪਾਕਿਸਤਾਨੀ ਨਾਗਰਿਕ ਨਾਲ ਵਿਆਹ ਕਰਵਾ ਲਿਆ ਸੀ, ਦੇ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ।ਸਰਹੱਦ ਪਾਰ ਦੇ ਸੂਤਰਾਂ ਅਨੁਸਾਰ ਸਰਬਜੀਤ ਕੌਰ ਨੇ ਐਕਸ 'ਤੇ ਵਾਇਰਲ ਆਪਣੀ ਇੱਕ ਆਡੀਓ-ਵੀਡੀਓ ਪੋਸਟ ਵਿੱਚ ਦੋਸ਼ ਲਗਾਇਆ ਹੈ ਕਿ ਉਹ ਆਪਣੇ ਕਥਿਤ ਪ੍ਰੇਮੀ ਨਾਸਿਰ ਹੁਸੈਨ ਤੋਂ ਉਸ ਦੀਆਂ ਵੀਡੀਓ ਡਿਲੀਟ ਕਰਵਾਉਣ ਲਈ ਪਾਕਿਸਤਾਨ ਆਈ ਸੀ ਕਿਉਂਕਿ ਉਹ ਉਸ ਨੂੰ ਬਲੈਕਮੇਲ ਕਰ ਰਿਹਾ ਸੀ।ਹੁਣ ਉਹ ਪਾਕਿਸਤਾਨ ਵਿੱਚ ਕੈਦੀ ਵਾਂਗ ਮਹਿਸੂਸ ਕਰਦੀ ਹੈ ਤੇ ਭਾਰਤ ਵਾਪਸ ਆਉਣਾ ਚਾਹੁੰਦੀ ਹੈ।ਇਸ ਦੌਰਾਨ ਉਹ ਪਾਕਿਸਤਾਨ ਵਿੱਚ ਫੱਸੀ ਹੋਈ ਹੈ ਤੇ ਫੋਟੋਆਂ, ਵੀਡੀਓ ਤੇ ਹੋਰ ਜਾਣਕਾਰੀ ਡਿਲੀਟ ਕਰਵਾ ਸਕੇ ਤੇ ਉਹ ਇਸ ਵਿੱਚ ਸਫਲ ਰਹੀ।ਹੁਣ ਉਸ ਨੂੰ ਕਾਨੂੰਨੀ ਰੁਕਾਵਟਾਂ ਕਾਰਨ ਆਪਣੇ ਪਤੀ ਕੋਲ ਵਾਪਸ ਆਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਦੌਰਾਨ ਉਸ ਦੀ ਇੱਕ ਆਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ 'ਚ ਉਹ ਆਪਣੇ ਪਤੀ ਨਾਲ ਫੋਨ 'ਤੇ ਗੱਲ ਕਰਦੀ ਸੁਣਾਈ ਦੇ ਰਹੀ ਹੈ ਤੇ ਰੋ-ਰੋ ਕੇ ਉਸ ਨੂੰ ਆਪਣਾ ਹਾਲ ਸੁਣਾ ਰਹੀ ਹੈ।ਸਰਬਜੀਤ ਕੌਰ ਨੂੰ ਇਸ ਸਮੇਂ ਪੁਲਿਸ ਸੁਰੱਖਿਆ ਹੇਠ ਲਾਹੌਰ ਦੇ ਇੱਕ ਮਹਿਲਾ ਸ਼ੈਲਟਰ ਹੋਮ ਵਿੱਚ ਰੱਖਿਆ ਗਿਆ ਹੈ, ਜਦੋਂਕਿ ਪਾਕਿਸਤਾਨੀ ਅਦਾਲਤਾਂ ਉਸ ਦੇ ਠਹਿਰਨ ਤੇ ਦੇਸ਼ ਨਿਕਾਲੇ ਸਬੰਧੀ ਪਟੀਸ਼ਨਾਂ 'ਤੇ ਵਿਚਾਰ ਕਰ ਰਹੀਆਂ ਹਨ।ਭਾਰਤੀ ਪੰਜਾਬ ਦੀ 48 ਸਾਲਾ ਸਿੱਖ ਔਰਤ ਸਰਬਜੀਤ ਕੌਰ, ਜੋ ਕਿ ਪਾਕਿਸਤਾਨ ਦੀ ਧਾਰਮਿਕ ਯਾਤਰਾ ਦੌਰਾਨ ਲਾਪਤਾ ਹੋ ਗਈ ਸੀ, ਦੀ ਯੋਜਨਾਬੱਧ ਵਾਪਸੀ ਸੋਸ਼ਲ ਮੀਡੀਆ 'ਤੇ ਇੱਕ ਭਾਵਨਾਤਮਕ ਆਡੀਓ ਕਲਿੱਪ ਸਾਹਮਣੇ ਆਉਣ ਤੋਂ ਬਾਅਦ ਕਾਨੂੰਨੀ ਤੇ ਕੂਟਨੀਤਕ ਰੁਕਾਵਟਾਂ ਕਾਰਨ ਫਿਰ ਬੇਯਕੀਨੀ ਹੋ ਗਈ ਹੈ। ਜ਼ਿਕਰਯੋਗ ਹੈ ਕਿ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਅਮਾਨੀਪੁਰ ਦੀ ਰਹਿਣ ਵਾਲੀ ਸਰਬਜੀਤ ਨਵੰਬਰ 2025 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸਿੱਖ ਸ਼ਰਧਾਲੂਆਂ ਦੇ ਵੱਡੇ ਸਮੂਹ ਨਾਲ ਪਾਕਿਸਤਾਨ ਗਈ ਸੀ।ਉਥੇ ਉਸ ਨੇ ਇਸਲਾਮ ਧਰਮ ਧਾਰਨ ਕਰ ਲਿਆ ਸੀ ਤੇ ਆਪਣਾ ਨਾਂ ਬਦਲ ਕੇ ਨੂਰ ਹੁਸੈਨ ਰੱਖ ਲਿਆ ਸੀ।



# ਬਜਟ ਵਿਵਾਦ ਨੂੰ ਲੈ ਕੇ ਜੁਡੀਸ਼ੀਅਲ ਕਮਿਸ਼ਨ ਵੱਲੋਂ ਸਿੱਖ ਮੈਂਬਰਾਂ ਨੂੰ ਸੰਮਨ

☛ਐਚ.ਐਸ.ਜੀ.ਐਮ.ਸੀ. ਦੇ ਅਹੁਦੇਦਾਰਾਂ ਤੇ ਮੁੱਖ ਸਕੱਤਰ ਨੂੰ ਅੱਜ ਪੇਸ਼ ਹੋਣ ਦੇ ਹੁਕਮ

ਕੁਰੂਕਸ਼ੇਤਰ, 15 ਜਨਵਰੀ (ਚ.ਨ.ਸ.): ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (HSGMC) ਦੇ ਮੈਂਬਰਾਂ ਤੇ ਕਮੇਟੀ ਦੇ ਮੁੱਖ ਸਕੱਤਰ ਨੂੰ ਸੰਮਨ ਜਾਰੀ ਕੀਤੇ ਹਨ।ਇਹ ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਵਿੱਚ ਸਾਲਾਨਾ ਬਜਟ ਪਾਸ ਕਰਨ ਦੇ ਦਾਅਵਿਆਂ ਨੂੰ ਚੁਣੌਤੀ ਦੇਣ ਵਾਲੀ ਇੱਕ ਪਟੀਸ਼ਨ 'ਤੇ ਕੀਤੀ ਗਈ ਹੈ। ਕਮਿਸ਼ਨ ਨੇ ਸਬੰਧਤ ਮੈਂਬਰਾਂ ਨੂੰ 16 ਜਨਵਰੀ ਨੂੰ ਨਿੱਜੀ ਤੌਰ 'ਤੇ ਜਾਂ ਆਪਣੇ ਵਕੀਲ ਰਾਹੀਂ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਜਾਣਕਾਰੀ ਅਨੁਸਾਰ ਐਚ.ਐਸ.ਜੀ.ਐਮ.ਸੀ. ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਨੇ ਕਮਿਸ਼ਨ ਕੋਲ ਪਹੁੰਚ ਕਰਕੇ ਕਮੇਟੀ ਤੇ ਇਸ ਦੇ ਅਧੀਨ ਚੱਲ ਰਹੀਆਂ ਸੰਸਥਾਵਾਂ ਦੁਆਰਾ ਫੰਡਾਂ ਦੀ ਵਰਤੋਂ 'ਤੇ ਜਾਰੀ ਕਰਨ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕੀਤੀ ਗਈ ਹੈ ਤੇ ਮੌਜੂਦਾ ਵਿੱਤੀ ਸਾਲ ਲਈ ਕੋਈ ਜਾਇਜ਼ ਬਜਟ ਪਾਸ ਨਹੀਂ ਹੋਇਆ। ਉਨ੍ਹਾਂ ਕਮਿਸ਼ਨ ਨੂੰ ਅਪੀਲ ਕੀਤੀ ਕਿ ਜਨਰਲ ਹਾਊਸ ਦੀ ਮੀਟਿੰਗ ਦੇ ਰਿਕਾਰਡ ਪੇਸ਼ ਕੀਤੇ ਜਾਣ ਤੇ 7 ਤੇ 8 ਜਨਵਰੀ ਨੂੰ ਸਾਰੇ ਕਮੇਟੀ ਮੈਂਬਰਾਂ ਦੀ ਲੋਕੇਸ਼ਨ ਡਿਟੇਲ ਮੰਗਵਾਈ ਜਾਵੇ। ਗੁਰਮੀਤ ਸਿੰਘ ਨੇ ਕਿਹਾ ਕਿ ਫੰਡਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਮੈਂ ਸਟੇਅ ਦੀ ਮੰਗ ਕੀਤੀ ਹੈ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਮੀਟਿੰਗ ਵਿੱਚ ਲਏ ਗਏ ਸਾਰੇ ਫੈਸਲੇ ਰੱਦ ਕੀਤੇ ਜਾਣ ਤੇ ਮੈਂਬਰਾਂ ਨੂੰ ਆਮਦਨ-ਖਰਚੇ ਦੇ ਮਹੀਨਾਵਾਰ ਵੇਰਵੇ ਦਿੱਤੇ ਜਾਣ।




# ਗਣਤੰਤਰ ਦਿਵਸ ਸਮਾਗਮਾਂ ਲਈ ਜ਼ਿਲ੍ਹੇ ਦੇ ਸਕੂਲਾਂ 'ਚ ਸੱਭਿਆਚਾਰਕ ਰਿਹਰਸਲਾਂ ਦਾ ਆਗਾਜ਼



ਗੁਰਦਾਸਪੁਰ, 15 ਜਨਵਰੀ (ਜਗੀਰ ਸਿੰਘ ਮੰਡ/ਨਾਹਰ): ਡਿਪਟੀ ਕਮਿਸ਼ਨਰ ਆਦਿਤਿਆ ਉਪਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਗਣਤੰਤਰ ਦਿਵਸ ਨੂੰ ਪੂਰੇ ਉਤਸ਼ਾਹ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਧਿਕਾਰੀ ਪਰਮਜੀਤ ਕੌਰ ਦੀ ਦੇਖ ਰੇਖ ਹੇਠ ਸੱਭਿਆਚਾਰਕ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਈਆਂ ਹਨ।ਇਸੇ ਲੜੀ ਤਹਿਤ ਜ਼ਿਲ੍ਹਾ ਨੋਡਲ ਅਫ਼ਸਰ ਪਰਮਿੰਦਰ ਸਿੰਘ ਸੈਣੀ ਤੇ ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਮੁਕੇਸ਼ ਵਰਮਾ ਦੀ ਰਹਿਨੁਮਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਸੱਭਿਆਚਾਰਕ ਪ੍ਰੋਗਰਾਮਾਂ ਦੀ ਰਿਹਰਸਲ ਕਰਵਾਈ ਗਈ।ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਲਿਟਲ ਫਲਾਵਰ ਸਕੂਲ, ਗੁਰਦਾਸਪੁਰ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਬੱਚਿਆਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਤਿਆਰੀ ਦਾ ਜਾਇਜ਼ਾ ਲਿਆ ਗਿਆ। ਇੱਥੇ ਪ੍ਰੋ. ਜਸਬੀਰ ਸਿੰਘ ਸਮਰਾ ਵੱਲੋਂ ਬੱਚਿਆਂ ਨੂੰ ਬੜੀ ਮਿਹਨਤ ਨਾਲ ਸੱਭਿਆਚਾਰਕ ਪੇਸ਼ਕਾਰੀਆਂ ਦੀ ਰਿਹਰਸਲ ਕਰਵਾਈ ਗਈ। ਬੱਚਿਆਂ ਵਿੱਚ ਦੇਸ਼ ਭਗਤੀ ਦੇ ਗੀਤਾਂ, ਲੋਕ ਨਾਚਾਂ ਤੇ ਹੋਰ ਗਤੀਵਿਧੀਆਂ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।ਪਰਮਿੰਦਰ ਸਿੰਘ ਸੈਣੀ, ਜ਼ਿਲ੍ਹਾ ਨੋਡਲ ਅਫ਼ਸਰ ਤੇ ਮੁਕੇਸ਼ ਵਰਮਾ, ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਤੇ ਜ਼ਿਲ੍ਹਾ ਖੇਡ ਅਫ਼ਸਰ ਗੁਰਦਾਸਪੁਰ ਅਨੀਤਾ ਕੁਮਾਰੀ ਦੀ ਦੇਖ-ਰੇਖ ਹੇਠ ਕੰਮ ਚੱਲ ਰਿਹਾ ਹੈ। ਇਸ ਮੌਕੇ ਪ੍ਰੋ. ਜਸਬੀਰ ਸਿੰਘ ਸਮਰਾ ਵੱਲੋਂ ਬੱਚਿਆਂ ਦੀ ਕਲਾ ਨੂੰ ਨਿਖਾਰਨ ਲਈ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨਾ ਹੈ। ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਤੇ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਕਰਮਜੀਤ ਕੌਰ, ਗੀਤਿਕਾ ਮੁੱਖ ਅਧਿਆਪਕਾ ਤੇ ਡਿੰਪਲ, ਰਾਜਦੀਪ ਸਿੰਘ ਮੌਜੂਦ ਸਨ।

# ਵਿਧਾਇਕ ਕਲਸੀ ਨੇ ਵਾਰਡ ਨੰਬਰ 22 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਬਟਾਲਾ/ਅੱਚਲ ਸਾਹਿਬ, 15 ਜਨਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਜੁਗਰਾਜ ਸਿੰਘ ਖ਼ਾਲਸਾ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਵਾਰਡ ਨੰਬਰ 22 ਵਿੱਚ ਵਾਰਡ ਵਾਸੀਆਂ ਦੀ ਮੌਜੂਦਗੀ ਵਿੱਚ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਕੀਤੇ ਜਾ ਰਹੇ ਵਿਕਾਸ ਕੰਮਾਂ ਨੂੰ ਸਲਾਹਿਆ ਤੇ ਕਿਹਾ ਵਿਧਾਇਕ ਸ਼ੈਰੀ ਕਲਸੀ ਖੁਦ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ, ਜਿਸ ਕਾਰਨ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ।ਇਸ ਮੌਕੇ ਵਾਰਡ ਵਾਸੀਆਂ ਵੱਲੋਂ ਦਿੱਤੇ ਪਿਆਰ ਲਈ ਧੰਨਵਾਦ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਹ ਬਟਾਲੇ ਦੇ ਵਿਕਾਸ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਵਚਨਬੱਧ ਹਨ ਤੇ ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਹਿੱਤ ਵਿੱਚ ਭਲਾਈ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ, ਵਿਕਾਸ ਕਾਰਜ ਨਿਰੰਤਰ ਜਾਰੀ ਹਨ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਹਲਕਾ ਬਟਾਲਾ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਅੰਦਰ ਚਹੁੰਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਤੇ ਕਰੋੜਾਂ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ।ਬਟਾਲਾ ਹਲਕੇ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ ਤੇ ਪਿੰਡ ਵਾਸੀਆਂ ਦੀ ਮੰਗ ਮੁਤਾਬਿਕ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ਵਿਧਾਇਕ ਜਿੰਪਾ ਨੇ ਸੈਂਟਰਲ ਟਾਊਨ 'ਚ ਇੰਟਰਲਾਕ ਸੜਕ ਦਾ ਰੱਖਿਆ ਨੀਂਹ ਪੱਥਰ



ਹੁਸ਼ਿਆਰਪੁਰ, 15 ਜਨਵਰੀ (ਦੀਪਕ ਅਗਨੀਹੋਤਰੀ): ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸੈਂਟਰਲ ਟਾਊਨ ਇਲਾਕੇ ਵਿੱਚ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇੰਟਰਲਾਕ ਸੜਕ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਸੜਕ ਸ਼ਿਵ ਮੰਦਰ ਤੋਂ ਸ਼ੁਰੂ ਹੋ ਕੇ ਸੈਂਟਰਲ ਟਾਊਨ ਦੇ ਵਿੱਚਕਾਰ ਬਣਾਈ ਜਾਵੇਗੀ, ਜਿਸ ਨਾਲ ਇਲਾਕਾ ਵਾਸੀਆਂ ਨੂੰ ਬਿਹਤਰ ਤੇ ਸੁਰੱਖਿਅਤ ਆਉਣ-ਜਾਣ ਦੀ ਸਹੂਲਤ ਮਿਲੇਗੀ।ਵਿਧਾਇਕ ਜਿੰਪਾ ਨੇ ਦੱਸਿਆ ਕਿ ਸੈਂਟਰਲ ਟਾਊਨ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਟਿਊਬਵੈੱਲ ਆਧਾਰਿਤ ਜਲ ਸਪਲਾਈ ਕੁਨੈਕਸ਼ਨ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਸੜਕ ਨਿਰਮਾਣ ਤੇ ਪਾਣੀ ਸਪਲਾਈ ਵਰਗੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਨਾਲ ਇਲਾਕੇ ਦੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਵੇਗਾ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਕੌਂਸਲਰ ਦ੍ਰਿਪਣ ਸੈਣੀ, ਪ੍ਰਦੀਪ ਬਿੱਟੂ, ਖਰੈਤੀ ਲਾਲ ਕਤਣਾ, ਮੋਨਿਕਾ ਕਤਣਾ, ਗਿਆਨ ਬਾਂਸਲ ਤੇ ਕਈ ਹੋਰ ਪਤਵੰਤੇ ਤੇ ਸਥਾਨਕ ਨਿਵਾਸੀ ਮੌਜੂਦ ਸਨ।

# ਸੱਭਿਆਚਾਰਕ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਸਕੂਲ ਅੱਜ ਆਪਣਾ ਨਾਮ ਦਰਜ ਕਰਵਾਉਣ

ਬਟਾਲਾ/ਸ੍ਰੀ ਹਰਿਗੋਬਿੰਦਪੁਰ ਸਾਹਿਬ, 15 ਜਨਵਰੀ (ਡਾ. ਨਰਿੰਦਰ ਸਿੰਘ ਘੁਮਾਣ/ਸੁਖਅੰਮ੍ਰਿਤ ਸਿੰਘ ਸੋਨੂੰ/ਡਾ. ਸਰਬਜੀਤ ਸਿੰਘ ਭਿੰਡਰ): ਸਥਾਨਕ ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 26 ਜਨਵਰੀ ਨੂੰ ਗਣਤੰਤਰ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅਰਜਨ ਸਿੰਘ ਗਰੇਵਾਰ ਤਹਿਸੀਲਦਾਰ ਬਟਾਲਾ ਨੇ ਕਿਹਾ ਕਿ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਕੂਲ ਕੱਲ 16 ਜਨਵਰੀ ਨੂੰ ਸਵੇਰੇ 10 ਵਜੇ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਪਹੁੰਚਣ ਤੇ ਆਪਣਾ ਨਾਮ ਦਰਜ ਕਰਵਾਉਣ।ਜਿਨ੍ਹਾਂ ਸਕੂਲਾਂ ਦੇ ਨਾਮ ਦਰਜ ਹੋਣਗੇ ਉਨ੍ਹਾਂ ਸਕੂਲਾਂ ਦੀਆਂ ਟੀਮਾਂ ਹੀ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਣਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਮਾਰਚ ਪਾਸਟ (ਬੈਂਡ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ 19 ਤੇ 22 ਜਨਵਰੀ ਨੂੰ ਪੁਲਿਸ ਲਾਈਨ ਬਟਾਲਾ ਵਿਖੇ ਸਵੇਰੇ 10.00 ਵਜੇ ਹੋਵੇਗੀ। ਇਸੇ ਤਰ੍ਹਾਂ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 19 ਤੇ 22 ਜਨਵਰੀ ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਬਟਾਲਾ ਵਿਖੇ ਸਵੇਰੇ 10.00 ਵਜੇ ਹੋਵੇਗੀ।ਫੁੱਲ ਡਰੈਸ ਰਿਹਰਸਲ 24 ਜਨਵਰੀ ਨੂੰ ਪੋਲੀਟੈਕਨਿਕ ਕਾਲਜ ਬਟਾਲਾ ਵਿੱਚ ਹੋਵੇਗੀ।




# ਜਲ ਸਪਲਾਈ ਇਨਲਿਸਟਮੈਂਟ ਤੇ ਆਊਟਸੋਰਸ ਕਾਮੇ 21 ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ ਰੋਸ ਮੁਜ਼ਾਹਰਾ ਕਰਨਗੇ

ਬਟਾਲਾ, 15 ਜਨਵਰੀ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ. 26 ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਦਰਸਵੀਰ ਸਿੰਘ ਰਾਣਾ ਤੇ ਆਊਟਸੋਰਸ ਵਰਕਰ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ ਬਰਨਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਇਨਲਿਸਟਮੈਂਟ ਤੇ ਆਊਟਸੋਰਸ ਕਾਮਿਆਂ ਦੀਆਂ ਸੇਵਾਵਾਂ ਵਿਭਾਗ ਵਿੱਚ ਪੱਕੇ ਕਰਨ, ਜਲ ਸਕੀਮਾਂ ਦੇ ਪੰਚਾਇਤੀਕਰਨ ਰੱਦ ਕਰਨ ਆਦਿ ਮੰਗਾਂ ਸਬੰਧੀ ਵਿਚਾਰ ਹੋਏ ਤੇ ਵਰਕਰਾਂ ਦੀ ਲਾਮਬੰਦੀ ਤੇ ਸੰਘਰਸ਼ ਸਬੰਧੀ ਫੈਸਲੇ ਹੋਏ, ਜਿਸ ਦੀ ਜਾਣਕਾਰੀ ਦਿੰਦਿਆਂ ਸੂਬਾ ਆਗੂ ਲਾਲ ਸਿੰਘ ਗੁਰਦਾਸਪੁਰ ਤੇ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਨੇ ਪ੍ਰੈਸ ਨੂੰ ਦੱਸਿਆ ਕਿ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਲੰਮੇ ਸਮੇਂ ਤੋਂ ਜਲ ਸਪਲਾਈ ਵਿਭਾਗ ਵਿੱਚ ਇਨਲਿਸਟਮੈਂਟ ਤੇ ਆਊਟਸੋਰਸ ਕਾਮੇ ਜੋ ਬਹੁਤ ਹੀ ਨਿਗੁਣੀਆਂ ਤਨਖਾਹਾਂ 'ਤੇ ਸੰਤਾਪ ਭੋਗ ਰਹੇ ਹਨ, ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਦਿੱਤਾ, ਸਮੇਂ-ਸਮੇਂ 'ਤੇ ਜਲ ਸਪਲਾਈ ਵਿਭਾਗ ਦੇ ਉੱਚ ਅਧਿਕਾਰੀਆਂ, ਪੰਜਾਬ ਸਰਕਾਰ ਦੇ ਮੰਤਰੀਆਂ, ਮੁਲਾਜ਼ਮਾਂ ਨੂੰ ਪੱਕੇ ਕਰਨ ਕਮੇਟੀ ਨੂੰ ਮੰਗ ਪੱਤਰ ਭੇਜੇ ਗਏ ਪਰ ਹੁਣ ਤੱਕ ਸਰਕਾਰ ਵੱਲੋਂ ਕਮੇਟੀਆਂ ਬਣਾ ਕੇ ਤੇ ਪ੍ਰਪੋਜ਼ਲਾਂ ਬਣਾਉਣ ਦੇ ਬਹਾਨੇ ਸਿਰਫ ਸਮਾਂ ਹੀ ਲੰਘਾਇਆ ਜਾ ਰਿਹਾ ਹੈ। ਜਥੇਬੰਦੀ ਨੂੰ ਕੋਈ ਠੋਸ ਕਾਰਵਾਈ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ, ਜਿਸ ਤੋਂ ਮਜਬੂਰ ਹੋ ਕੇ ਵਰਕਰਾਂ ਦੇ ਹਿੱਤ ਲਈ ਜਥੇਬੰਦੀ ਵੱਲੋਂ 21 ਜਨਵਰੀ ਨੂੰ ਮੁੱਖ ਮੰਤਰੀ ਪੰਜਾਬ ਦੀ ਸੰਗਰੂਰ ਰਿਹਾਇਸ਼ ਵਿਖੇ ਵਿਸ਼ਾਲ ਰੋਸਮਈ ਧਰਨਾ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸਮੇਂ ਉਨ੍ਹਾਂ ਕਿਹਾ ਕਿ ਸਮੂਹ ਜ਼ਿਲ੍ਹਿਆਂ ਤੋਂ ਵਰਕਰਾਂ ਵਿੱਚ ਸਰਕਾਰ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ।ਇਸ ਸਮੇਂ ਉਨ੍ਹਾਂ ਨੇ ਪੀ.ਡਬਲਿਊ.ਡੀ. ਤਾਲਮੇਲ ਸੰਘਰਸ਼ ਕਮੇਟੀ ਸਮੇਤ ਸਮੂਹ ਜਨਤਕ ਜਥੇਬੰਦੀਆਂ ਨੂੰ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਸੰਗਰੂਰ ਜੁਆਇੰਟ ਸਕੱਤਰ ਸੁਖਵਿੰਦਰ ਸਿੰਘ ਹੁਸ਼ਿਆਰਪੁਰ ਜ਼ਿਲ੍ਹਾ ਆਗੂ ਰਾਮ ਸਿੰਘ ਲੋਧੀ ਨੰਗਲ ਰਛਪਾਲ ਸਿੰਘ ਪਲਵਿੰਦਰ ਸਿੰਘ ਰੂਪਾ ਸਿੰਘ ਪਰਵਿੰਦਰ ਰਵਿੰਦਰ ਜ਼ਿਲ੍ਹਾ ਗੁਰਦਾਸਪੁਰ ਆਦਿ ਆਗੂਆਂ ਸਮੇਤ ਵਰਕਰ ਹਾਜ਼ਰ ਸਨ।



# ਡੀ.ਸੀ. ਵੱਲੋਂ ਰਿਹਾਇਸ਼ੀ ਹੋਸਟਲ ਸੇਖਵਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਦੀਆਂ ਸਹੂਲਤਾਂ ਤੇ ਪ੍ਰਬੰਧਾਂ ਦੀ ਸਮੀਖਿਆ

ਗੁਰਦਾਸਪੁਰ, 15 ਜਨਵਰੀ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਅਦਿੱਤਿਆ ਉਪਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਰਿਹਾਇਸ਼ੀ ਹੋਸਟਲ ਸੇਖਵਾਂ ਸਬੰਧੀ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ, ਜਿਸ ਵਿੱਚ ਹੋਸਟਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀਆਂ ਸੁਵਿਧਾਵਾਂ ਤੇ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੋਸਟਲ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਮੁਹੱਈਆ ਕਰਵਾਉਣਾ ਪ੍ਰਸ਼ਾਸਨ ਦੀ ਪਹਿਲੀ ਤਰਜੀਹ ਹੈ।ਉਨ੍ਹਾਂ ਨੇ ਹੋਸਟਲ ਵਾਰਡਨ ਨੂੰ ਨਿਰਦੇਸ਼ ਦਿੱਤੇ ਕਿ ਵਿਦਿਆਰਥੀਆਂ ਦੀ ਪੜ੍ਹਾਈ, ਰਹਿਣ-ਸਹਿਣ ਤੇ ਅਨੁਸ਼ਾਸਨ ਵੱਲ ਖ਼ਾਸ ਧਿਆਨ ਦਿੱਤਾ ਜਾਵੇ। ਮੀਟਿੰਗ ਵਿੱਚ ਦੱਸਿਆ ਗਿਆ ਕਿ ਰਿਹਾਇਸ਼ੀ ਹੋਸਟਲ ਸੇਖਵਾਂ ਵਿੱਚ ਇਸ ਸਮੇਂ 52 ਵਿਦਿਆਰਥੀ ਪੜ੍ਹ ਰਹੇ ਹਨ, ਜਦਕਿ ਹੋਸਟਲ ਦੀ ਕੁੱਲ ਸਮਰੱਥਾ 100 ਵਿਦਿਆਰਥੀਆਂ ਦੀ ਹੈ।ਇਹ ਹੋਸਟਲ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਸਿਰਫ਼ ਲੜਕਿਆਂ ਲਈ ਹੈ। ਹੋਸਟਲ ਵਿੱਚ ਅਨਾਥ ਬੱਚੇ, ਇਕੱਲੇ ਮਾਪਿਆਂ ਵਾਲੇ ਬੱਚੇ, ਆਰਥਿਕ ਤੌਰ 'ਤੇ ਕਮਜ਼ੋਰ ਵਰਗ (EWS) ਤੇ ਹੋਰ ਯੋਗ ਵਰਗਾਂ ਦੇ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਾਫ਼, ਪੌਸ਼ਟਿਕ ਤੇ ਉਨ੍ਹਾਂ ਦੀ ਰੁਚੀ ਅਨੁਸਾਰ ਭੋਜਨ ਦਿੱਤਾ ਜਾਵੇ, ਜਿਸ ਦੀ ਨਿਗਰਾਨੀ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਕੀਤੀ ਜਾਵੇ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹੋਸਟਲ ਦੀਆਂ ਸਾਰੀਆਂ ਸੁਵਿਧਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਨਿਗਰਾਨੀ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਸੁਰੱਖਿਅਤ ਤੇ ਸੁਖਦਾਇਕ ਵਾਤਾਵਰਨ ਮਿਲ ਸਕੇ। ਉਨ੍ਹਾਂ ਨੇ ਦੱਸਿਆ ਕਿ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਲਈ ਕੋਈ ਵੀ ਫੀਸ ਜਾਂ ਹੋਰ ਚਾਰਜ ਨਹੀਂ ਲਿਆ ਜਾਂਦਾ ਤੇ ਸਾਰੇ ਯੋਗ ਵਿਦਿਆਰਥੀਆਂ ਨੂੰ ਮੁਫ਼ਤ ਸਕਾਲਰਸ਼ਿਪ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਇਸ ਮੌਕੇ ਅਨਿਲ ਕੁਮਾਰ ਡਿਪਟੀ ਡੀ.ਈ.ਓ (ਸ), ਡੀ.ਡੀ.ਐਫ. ਸ਼ਰਦ ਸੇਠ ਸਮੇਤ ਸਬੰਧਤ ਅਧਿਕਾਰੀ ਮੌਜੂਦ ਸਨ।



# ਕੇਜੇ ਕਲੀਨਿਕ ਘੁਮਾਣ ਨੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਲੋਕ ਗਮਨ ਦਿਵਸ ਨੂੰ ਸਮਰਪਿਤ ਫ੍ਰੀ ਮੈਡੀਕਲ ਕੈਂਪ ਲਗਾਇਆ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 15 ਜਨਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਲੋਕ ਗਮਨ ਦਿਵਸ ਤੇ ਮਾਘੀ ਦਿਵਸ ਸਮਰਪਿਤ ਕੇਜੇ ਕਲੀਨਿਕ ਘੁਮਾਣ ਦੇ ਵੱਖ-ਵੱਖ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਰੀਜ਼ਾਂ ਨੂੰ ਚੈਕ ਕੀਤਾ ਗਿਆ ਤੇ ਉਨ੍ਹਾਂ ਨੂੰ ਮੁਫਤ ਵਿੱਚ ਦਵਾਈ ਦਿੱਤੀ ਗਈ। ਡਾ. ਕਮਲਜੀਤ ਸਿੰਘ ਕੇਜੇ ਵੱਲੋਂ ਸਰਜੀਕਲ, ਬਲੱਡ ਪ੍ਰੈਸ਼ਰ, ਸ਼ੂਗਰ, ਛਾਤੀ ਰੋਗ, ਜਿਗਰ ਰੋਗ ਆਦਿ ਦੇ ਮਰੀਜ਼ਾਂ ਨੂੰ ਦੇਖਿਆ ਗਿਆ।ਡਾ. ਮੋਨੀਜਾ ਮੁਸਤਫਾ ਵੱਲੋਂ ਇਸਤਰੀ ਰੋਗਾਂ ਦੇ ਮਰੀਜ਼ਾਂ ਨੂੰ ਦੇਖਿਆ ਗਿਆ।ਬਾਜਵਾ ਹਸਪਤਾਲ ਬਟਾਲਾ ਦੀ ਟੀਮ ਡਾ. ਸੂਰਜ ਬਾਜਵਾ ਦੀ ਅਗਵਾਈ ਵਿੱਚ ਡਾ. ਅਬਦੁਲ ਕਲਾਮ, ਰਕੇਸ਼ ਸਿੰਘ ਦਿਲਬਾਜ ਸਿੰਘ, ਸੀ, ਜਿਨ੍ਹਾਂ ਨੇ ਅੱਖਾਂ ਦੀਆਂ ਬਿਮਾਰੀਆਂ ਦੇ ਵੱਖ-ਵੱਖ ਮਰੀਜ਼ਾਂ ਨੂੰ ਚੈਕ ਕੀਤਾ। ਆਕਾਸ਼ ਹਸਪਤਾਲ ਤੇ ਹਾਰਟ ਕੇਅਰ ਸੈਂਟਰ ਬਟਾਲਾ ਵੱਲੋਂ ਡਾ. ਲਖਬੀਰ ਸਿੰਘ ਭਾਗੋਵਾਲੀਆ ਵੱਲੋਂ ਦਿਲ, ਸ਼ੂਗਰ, ਬਲੱਡ ਪ੍ਰੈਸ਼ਰ ਤੇ ਛਾਤੀ ਰੋਗਾਂ ਦੇ ਮਰੀਜ਼ਾਂ ਨੂੰ ਦੇਖਿਆ ਗਿਆ। ਕੈਂਪ ਵਿੱਚ ਕਰੀਬ 155 ਮਰੀਜ਼ਾਂ ਦਾ ਚੈਕਅੱਪ ਹੋਇਆ, ਜਿਨ੍ਹਾਂ ਨੂੰ ਕੇਜੇ ਕਲੀਨਿਕ ਘੁਮਾਣ ਵੱਲੋਂ ਮੁਫਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੀ ਟੀਮ ਵਿੱਚ ਜਾਨੂ ਜਸਜੀਤ ਸਿੰਘ, ਰਾਜਨੂਰ ਕੌਰ, ਭੈਣ ਜੀ ਕੁਲਵੰਤ ਕੌਰ, ਸ਼ਾਲੂ ਫੱਤੂਪੁਰ, ਪੀਏ ਸ਼ਮਸ਼ੇਰ ਸਿੰਘ ਲੇਹਲ, ਏਕੇ ਸਿੰਘ, ਰਾਹੁਲ ਦੂਲਾ ਨੰਗਲ ਤੇ ਭੁਪਿੰਦਰ ਸਿੰਘ, ਮਾਸਟਰ ਜੋਗਿੰਦਰ ਸਿੰਘ ਅਚਲੀ ਸਾਹਿਬ ਹਾਜ਼ਰ ਸਨ। ਇਸ ਮੌਕੇ ਡਾ. ਕਮਲਜੀਤ ਸਿੰਘ ਕੇਜੇ ਵੱਲੋਂ ਗੁਰਦੁਆਰਾ ਤਪਿਆਣਾ ਸਾਹਿਬ ਜੀ ਦੀ ਸਮੂਹ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਗੁਰਦੁਆਰਾ ਸਾਹਿਬ ਜੀ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਫ੍ਰੀ ਮੈਡੀਕਲ ਕੈਂਪ ਵਿੱਚ ਸਾਡਾ ਪੂਰਾ ਸਹਿਯੋਗ ਦਿੱਤਾ।

# ਬਾਲ ਮੁਕੰਦ ਸ਼ਰਮਾ ਵੱਲੋਂ ਅਧਿਕਾਰੀਆਂ ਨੂੰ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਸਬੰਧੀ ਜਾਗਰੂਕ ਕਰਨ ਦੇ ਨਿਰਦੇਸ਼

ਨਵਾਂਸ਼ਹਿਰ, 15 ਜਨਵਰੀ (ਸੁਖਦੇਵ ਸਿੰਘ ਉੜਾਪੜ): ਪੰਜਾਬ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਨੂੰ ਲਾਗੂ ਕਰਨ ਤੇ ਪੋਸ਼ਣ ਸੁਰੱਖਿਆ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰਨ ਲਈ ਚੇਅਰਮੈਨ ਪੰਜਾਬ ਸਟੇਟ ਫੂਡ ਕਮਿਸ਼ਨ ਬਾਲ ਮੁਕੰਦ ਸ਼ਰਮਾ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ, ਮਾਰਕਫੈਡ/ਪਨਸਪ, ਸਮਾਜਿਕ ਸੁਰੱਖਿਆ, ਜ਼ਿਲ੍ਹਾ ਪ੍ਰੋਗਰਾਮ ਦਫ਼ਤਰ ਆਦਿ ਵਿਭਾਗ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਪੰਜਾਬ ਸਟੇਟ ਫੂਡ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਸਕੂਲੀ ਭੋਜਨ, ਪੋਸ਼ਣ ਬਾਗ਼ (ਪੋਸ਼ਣ ਵਾਟਿਕਾ) ਤੇ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਬੱਚਿਆਂ ਤੇ ਲੋਕਾਂ ਅੰਦਰ ਵੱਧ ਤੋਂ ਵੱਧ ਜਾਗਰੂਕਤਾ ਵਧਾਉਣ ਲਈ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ।ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸਿਹਤ ਵਿਭਾਗ ਨਾਲ ਮਿਲ ਕੇ ਸਕੂਲਾਂ, ਆਂਗਨਵਾੜੀ ਕੇਂਦਰ ਵਿੱਚ ਸਾਫ਼-ਸੁਥਰਾ ਤੇ ਪੌਸ਼ਟਿਕ ਖਾਣਾ ਬਣਾਉਣ ਸਬੰਧੀ ਟ੍ਰੇਨਿੰਗ ਦੇਣ ਦੀ ਹਦਾਇਤ ਕੀਤੀ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਕੂਲਾਂ ਤੇ ਆਂਗਨਵਾੜੀ ਕੇਂਦਰ ਵਿੱਚ ਜਿੱਥੇ ਜਗ੍ਹਾ ਉਪਲਬੱਧ ਹੈ ਉਥੇ ਪੋਸ਼ਣ ਵਾਟਿਕਾ ਬਣਾਉਣ।ਉਨ੍ਹਾਂ ਕਿਹਾ ਕਿ ਇਨ੍ਹਾਂ ਪੋਸ਼ਣ ਵਾਟਿਕਾ ਵਿੱਚ ਜੰਗਲਾਤ ਵਿਭਾਗ, ਬਾਗਬਾਨੀ ਵਿਭਾਗ ਨਾਲ ਤਾਲਮੇਲ ਕਰਕੇ ਵਧੀਆ ਪੌਦੇ ਤੇ ਸਬਜ਼ੀਆਂ ਉਘਾਈਆਂ ਜਾਣ ਤਾਂ ਜੋ ਬੱਚਿਆਂ ਨੂੰ ਤਾਜ਼ੇ ਫਲ ਤੇ ਹੋਰ ਪੌਸ਼ਟਿਕ ਆਹਾਰ ਮਿਲ ਸਕੇ।ਮੀਟਿੰਗ ਵਿੱਚ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ, ਡੀ.ਡੀ.ਪੀ.ਓ. ਨਿਧੀ ਸਿਨਹਾ, ਮੁੱਖ ਖੇਤੀਬਾੜੀ ਅਫ਼ਸਰ ਰਾਜੇਸ਼ ਕੁਮਾਰ ਸ਼ਰਮਾ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸੰਯੋਗਤਾ ਹਾਜ਼ਰ ਸਨ।



# ਲਾਰੈਂਸ ਇੰਟਰਨੈਸ਼ਨਲ ਸਕੂਲ 'ਚ ਲੋਹੜੀ ਮਨਾਈ

ਕਲਾਨੌਰ, 15 ਜਨਵਰੀ (ਇਕਬਾਲ ਵਾਲੀਆ/ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ ਵੱਲੋਂ ਲੋਹੜੀ ਦਾ ਤਿਉਹਾਰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ।ਚੇਅਰਮੈਨ ਬਲਜਿੰਦਰ ਸਿੰਘ ਬੈਂਸ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ ਤੇ ਪ੍ਰਿੰਸੀਪਲ ਡਾ. ਉਪਮਾ ਮਹਾਜਨ ਨੇ ਲੋਹੜੀ ਦਾ ਭੁੱਗਾ ਬਾਲ ਕੇ ਪ੍ਰੋਗਰਾਮ ਦਾ ਆਰੰਭ ਕੀਤਾ। ਪ੍ਰਿੰਸੀਪਲ ਵੱਲੋਂ ਸਾਰਿਆਂ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੰਦੇ ਹੋਏ ਪਰਮਾਤਮਾ ਅੱਗੇ ਹਰ ਇੱਕ ਦੇ ਜੀਵਨ ਵਿੱਚ ਖੁਸ਼ੀਆਂ ਆਉਣ ਦੀ ਅਰਦਾਸ ਕੀਤੀ। ਇਸ ਮੌਕੇ ਉੱਤੇ ਸਕੂਲ ਅਧਿਆਪਕਾਂ ਵੱਲੋਂ ਲੋਹੜੀ ਦੇ ਰਿਵਾਇਤੀ ਸੁੰਦਰ ਮੁੰਦਰੀਏ ਗੀਤ ਤੇ ਗਿੱਧੇ ਦੇ ਨਾਲ ਲੋਹੜੀ ਦੇ ਆਲੇ-ਦੁਆਲੇ ਨੱਚਦੇ ਗਾਉਂਦੇ ਹੋਏ ਲੋਹੜੀ ਨੂੰ ਮਨਾਇਆ ਗਿਆ।ਅਧਿਆਪਕਾਂ ਵੱਲੋਂ ਲੋਹੜੀ ਨਾਲ ਸਬੰਧਤ ਬਹੁਤ ਪਿਆਰੀ ਰੰਗੋਲੀ ਵੀ ਬਣਾਈ ਗਈ। ਪ੍ਰਿੰਸੀਪਲ ਡਾ. ਉਪਮਾ ਮਹਾਜਨ ਨੇ ਸਭ ਨੂੰ ਲੋਹੜੀ ਦੇ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹੋਏ ਦੱਸਿਆ ਕਿ ਲੋਹੜੀ ਨੂੰ ਪਹਿਲਾਂ ਤਿਲੋੜੀ ਕਿਹਾ ਜਾਂਦਾ ਸੀ ਇਹ ਸ਼ਬਦ ਤਿਲ+ਰਿਓੜੀ ਦੇ ਮੇਲ ਤੋਂ ਬਣਿਆ ਹੈ।ਜੋ ਸਮੇਂ ਦੇ ਨਾਲ ਬਦਲ ਕੇ ਲੋਹੜੀ ਦੇ ਰੂਪ ਵਿੱਚ ਪ੍ਰਸਿੱਧ ਹੋਇਆ।ਇਸ ਤਿਉਹਾਰ ਦਾ ਸਬੰਧ ਬਦਲਦੇ ਮੌਸਮ ਨਾਲ ਵੀ ਹੈ ਇਹ ਤਿਉਹਾਰ ਬੱਚਿਆਂ ਲਈ ਕਿਸੇ ਸੌਗਾਤ ਤੋਂ ਘੱਟ ਨਹੀਂ ਹੈ।ਇਸ ਤਰ੍ਹਾਂ ਇਸ ਤਿਉਹਾਰ ਨੂੰ ਸਾਰਿਆਂ ਨੇ ਰਲ ਮਿਲ ਕੇ ਖੁਸ਼ੀ ਨਾਲ ਸਾਂਝਾ ਕੀਤਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।




# ਸਿੰਗਲ ਯੂਜ਼ ਪਲਾਸਟਿਕ ਤੇ ਕੂੜੇ ਦੀ ਲਿਟਰਿੰਗ ਕਰਨ ਵਾਲਿਆਂ ਵਿਰੁੱਧ ਨਗਰ ਨਿਗਮ ਸਖ਼ਤ

ਹੁਸ਼ਿਆਰਪੁਰ, 15 ਜਨਵਰੀ (ਦੀਪਕ ਅਗਨੀਹੋਤਰੀ): ਨਗਰ ਨਿਗਮ ਹੁਸ਼ਿਆਰਪੁਰ ਨੇ ਕਮਿਸ਼ਨਰ ਜਯੋਤੀ ਬਾਲਾ ਮੱਟੂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੇ ਵਿਕਰੀ ਉਪਰ ਪੂਰਨ ਤੌਰ 'ਤੇ ਰੋਕ ਨੂੰ ਲੈ ਕੇ ਇੱਕ ਅਹਿਮ ਕਾਰਵਾਈ ਕੀਤੀ।ਇਸ ਦੌਰਾਨ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਵੱਲੋਂ ਸੈਨੇਟਰੀ ਸੁਪਰਵਾਈਜ਼ਰਾਂ ਕਰਨਜੋਤ ਆਦੀਆ, ਹੀਰਾ ਲਾਲ, ਨਿਤਿਨ ਕੁਮਾਰ, ਸੰਜੀਵ ਕੁਮਾਰ ਤੇ ਲੇਖ ਰਾਜ ਸਮੇਤ ਆਪਣੀ ਪੈਟਰੋਲਿੰਗ ਟੀਮ ਨਾਲ ਸ਼ਹਿਰ ਦੇ ਮੁੱਖ ਬਾਜ਼ਾਰਾਂ ਤੇ ਇਲਾਕਿਆਂ ਵਿੱਚ ਸਵੇਰੇ ਸਿੰਗਲ ਯੂਜ਼ ਪਲਾਸਟਿਕ ਦੀ ਵਿਕਰੀ ਤੇ ਵਰਤੋਂ ਤੇ ਲਿਟਰਿੰਗ (ਕੂੜਾ ਖਿਲਾਰਨ ਵਾਲੇ) ਵਿਰੁੱਧ ਸਖ਼ਤ ਚੈਕਿੰਗ ਕੀਤੀ ਗਈ, ਜਿਸ ਤਹਿਤ ਅਧਿਕਾਰੀਆਂ ਵੱਲੋਂ ਕਾਰਵਾਈ ਕਰਦੇ ਹੋਏ 2 ਚਲਾਨ ਜਾਰੀ ਕੀਤੇ ਗਏ ਤੇ ਮੌਕੇ 'ਤੇ ਹੀ ਸਿੰਗਲ ਯੂਜ਼ ਪਲਾਸਟਿਕ ਸਬੰਧੀ ਲਗਭਗ 1 ਕੁਇੰਟਲ ਸਮਾਨ ਜ਼ਬਤ ਕੀਤਾ ਗਿਆ। ਕਮਿਸ਼ਨਰ ਨਗਰ ਨਿਗਮ ਵੱਲੋਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ ਤੇ ਹੁਸ਼ਿਆਰਪੁਰ ਸ਼ਹਿਰ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ ਰਹਿਤ ਬਣਾਇਆ ਜਾਵੇ।




# ਸਿਲਵਰ ਓਕ ਸਕੂਲ 'ਚ ਲੋਹੜੀ ਮਨਾਈ

ਟਾਂਡਾ ਉੜਮੁੜ, 15 ਜਨਵਰੀ (ਅਰਜੁਨ ਜੈਨ): ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ ਹਰ ਤਿਉਹਾਰ ਸਦਾ ਕਿਸੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ। ਇਸੇ ਤਰ੍ਹਾਂ ਲੋਹੜੀ ਦਾ ਤਿਉਹਾਰ ਵੀ ਸਕੂਲ ਵੱਲੋਂ ਵੱਖਰੇ ਅੰਦਾਜ਼ ਵਿੱਚ ਮਨਾਇਆ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਸਕੂਲ ਦੇ ਅਧਿਆਪਕਾਂ ਨੇ ਧੀਆਂ ਦੀ ਲੋਹੜੀ ਮਨਾਈ। ਚੇਅਰਮੈਨ ਤਰਲੋਚਨ ਸਿੰਘ ਨੇ ਸੰਦੇਸ਼ ਦਿੰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਧੀਆਂ, ਪੁੱਤਰਾਂ ਦੇ ਬਰਾਬਰ ਆ ਕੇ ਖੜ੍ਹ ਗਈਆਂ ਹਨ ਤੇ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਲਗਾ ਕੇ ਸਮਾਜ ਦੀ ਤਰੱਕੀ ਵਿੱਚ ਹਿੱਸਾ ਪਾ ਰਹੀਆਂ ਹਨ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਕਿਹਾ ਕਿ ਭਾਰਤ ਦੇਸ਼ ਵਿੱਚ ਹਰ ਤਿਉਹਾਰ ਖੁਸ਼ੀਆਂ ਤੇ ਖੇੜੇ ਲੈ ਕੇ ਆਉਂਦਾ ਹੈ, ਇਸੇ ਤਰ੍ਹਾਂ ਅਸੀਂ ਆਸ ਕਰਦੇ ਹਾਂ ਕਿ ਲੋਹੜੀ ਦਾ ਇਹ ਤਿਉਹਾਰ ਵੀ ਸਮੂਹ ਸੰਸਾਰ ਦੇ ਲਈ ਖੁਸ਼ੀਆਂ ਤੇ ਖੇੜੇ ਲੈ ਕੇ ਆਵੇ। ਸੰਸਥਾ ਦੇ ਵਾਈਸ ਚੇਅਰਪਰਸਨ ਕਮਲੇਸ਼ ਕੌਰ ਇਸ ਮੌਕੇ 'ਤੇ ਖਾਸ ਤੌਰ 'ਤੇ ਸ਼ਾਮਲ ਹੋਏ ਤੇ ਸਟਾਫ ਨਾਲ ਲੋਹੜੀ ਦੀ ਖੁਸ਼ੀ ਸਾਂਝੀ ਕੀਤੀ।ਚੇਅਰਮੈਨ ਤਰਲੋਚਨ ਸਿੰਘ ਨੇ ਵੀ ਸਮੂਹ ਸਟਾਫ ਨੂੰ ਲੋਹੜੀ ਦੀ ਦਿਲੀ ਮੁਬਾਰਕਬਾਦ ਦਿੱਤੀ ਤੇ ਅਰਦਾਸ ਕੀਤੀ ਕਿ ਹਰ ਘਰ ਦੇ ਵਿੱਚ ਖੁਸ਼ੀਆਂ ਆਉਣ। ਇਸ ਮੌਕੇ 'ਤੇ ਬਿਕਰਮਜੀਤ ਸਿੰਘ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ, ਰਾਜਵੀਰ, ਹਰਜੀਤ, ਰਜਮੀਤ, ਅਮਰ, ਪੂਜਾ, ਸਵੇਤਾ, ਰੁਪਿੰਦਰ, ਸੁਮੀਤ, ਚੇਤਨਾ, ਮਨਦੀਪ, ਮਨੀਸ਼ਾ, ਨੀਨਾ, ਅਨੁਰਾਧਾ, ਹਰਮਿੰਦਰ, ਸ਼ਿਲਪਾ, ਵਿਨੈ, ਬਲਦੇਵ, ਪੰਕਜ, ਪਿੰਕੀ, ਪੁਸ਼ਪਾ, ਹਰਜਿੰਦਰ, ਗਰਿੰਦਰ, ਆਰਤੀ, ਮਨਪ੍ਰੀਤ, ਵਿਸ਼ਾਲੀ, ਅਰਚਨਾ, ਗੁਰਪ੍ਰੀਤ, ਗੁਰਦੇਵ, ਅਜੇ, ਜਸਪਾਲ, ਅਮਰੀਕ ਤੇ ਹੋਰ ਸਟਾਫ ਮੌਜੂਦ ਸੀ।



# ਦੋ ਰੋਜ਼ਾ ਖੇਡ ਟੂਰਨਾਮੈਂਟ ਸਫ਼ਲਤਾ ਪੂਰਵਕ ਸੰਪੰਨ, ਪ੍ਰਬੰਧਕਾਂ ਵੱਲੋਂ ਖੇਤਰ ਦੇ ਸਟੇਟ ਐਵਾਰਡੀ ਅਧਿਆਪਕ ਸਨਮਾਨਤ

ਤਲਵਾੜਾ, 15 ਜਨਵਰੀ (ਜਗਮੋਹਨ ਸ਼ਰਮਾ): ਇੱਥੇ ਸਟਾਫ਼ ਕਲੱਬ ਵਿਖੇ ਟੀਚਰ ਬੈਡਮਿੰਟਨ ਲੀਗ ਸੀਜ਼ਨ-4 ਦਾ ਸਫ਼ਲਤਾਪੂਰਵਕ ਆਯੋਜਨ ਕਰਵਾਇਆ ਗਿਆ। ਦੋ ਰੋਜ਼ਾ ਖੇਡ ਟੂਰਨਾਮੈਂਟ ਦਾ ਉਦਘਾਟਨ ਡਿਪਟੀ ਡੀਈਓ (ਐ.ਸਿ.) ਹੁਸ਼ਿਆਰਪੁਰ ਅਮਨਦੀਪ ਸ਼ਰਮਾ ਨੇ ਕੀਤਾ। ਟੂਰਨਾਮੈਂਟ ਦਾ ਆਯੋਜਨ ਸਰਕਾਰੀ ਅਧਿਆਪਕਾਂ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ।ਪਹਿਲੇ ਦਿਨ ਸਿੰਗਲ ਤੇ ਦੂਜੇ ਦਿਨ ਡਬਲ ਮੁਕਾਬਲੇ ਕਰਵਾਏ ਗਏ।ਸਿੰਗਲ ਮੁਕਾਬਲੇ ਦੋ ਕੈਟਾਗਰੀਆਂ 'ਚ ਬਿਗਨਰ ਤੇ ਐਡਵਾਂਸ ਲੈਵਲ ਵਿੱਚ ਕਰਵਾਏ ਗਏ।ਟੂਰਨਾਮੈਂਟ ਦੇ ਪਹਿਲੇ ਦਿਨ 28 ਖਿਡਾਰੀਆਂ ਨੇ ਭਾਗ ਲਿਆ।ਬਿਗਨਰ ਲੈਵਲ ਦੇ ਜੇਤੂ ਅਨਿਲ ਕੁਮਾਰ ਸ਼ਰਮਾ ਤੇ ਉਪਜੇਤੂ ਦਿਨੇਸ਼ ਕੁਮਾਰ ਡਬੱਵਾਲੀ ਢਾਬ ਰਹੇ।ਜੇਤੂ ਖਿਡਾਰੀ ਨੂੰ ਸਟੇਟ ਐਵਾਰਡੀ ਅਧਿਆਪਕ ਵਿਜੈ ਕੁਮਾਰ ਤੇ ਉਪਜੇਤੂ ਨੂੰ ਕੈਪਟਨ ਮਲਕੀਤ ਸਿੰਘ ਵੱਲੋਂ ਇਨਾਮੀ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ।ਐਡਵਾਂਸ ਲੈਵਲ ਦੇ ਜੇਤੂ ਖਿਡਾਰੀ ਰਮਨਦੀਪ ਸਿੰਘ ਦਸੂਹਾ ਨੂੰ ਅੰਤਰਰਾਸ਼ਟਰੀ ਪਹਿਲਵਾਨ ਨਿਰਮਲ ਸਿੰਘ ਨੇ ਤੇ ਉਪਜੇਤੂ ਰਾਜਨ ਹਰੀਸ਼ ਸ੍ਰੀ ਅਨੰਦਪੁਰ ਸਾਹਿਬ ਨੂੰ ਲੈਕਚਰਾਰ ਰਾਜੇਸ਼ ਕੁਮਾਰ ਵਸ਼ਿਸ਼ਟ ਨੇ ਨਗਦ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ।ਦੂਜੇ ਦਿਨ ਬੈਡਮਿੰਟਨ ਦੇ ਡਬਲ ਮੁਕਾਬਲਿਆਂ 'ਚ 36 ਦੇ ਕਰੀਬ ਖਿਡਾਰੀਆਂ ਨੇ ਹਿੱਸਾ ਲਿਆ।ਰਮਨਦੀਪ ਸਿੰਘ ਦਸੂਹਾ ਤੇ ਲਵਕੇਸ਼ ਕੁਮਾਰ ਦੀ ਜੋੜੀ ਜੇਤੂ ਰਹੀ।ਅਨਿਲ ਕੁਮਾਰ ਤੇ ਰਿਪਨ ਲੁਧਿਆਣਾ ਦੀ ਜੋੜੀ ਉਪਜੇਤੂ ਰਹੀ। ਡਬਲ ਮੁਕਾਬਲੇ ਦੇ ਜੇਤੂ ਤੇ ਉਪਜੇਤੂ ਖਿਡਾਰੀਆਂ ਨੂੰ ਕਤਿਆਲ ਫਾਈਨੈਂਸ਼ੀਅਲ ਸਰਵਿਸਿਸ ਦਸੂਹਾ ਦੇ ਸਰਪ੍ਰਸਤ ਰਾਜੇਸ਼ ਕੁਮਾਰ ਕਤਿਆਲ ਵੱਲੋਂ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।



# ਹਲਕੇ ਕੁੱਤੇ ਨੇ ਇੱਕੋ ਪਿੰਡ ਦੇ 11 ਲੋਕਾਂ ਨੂੰ ਬਣਾਇਆ ਸ਼ਿਕਾਰ

## ☛ਲੋਕਾਂ 'ਚ ਸਹਿਮ ਦਾ ਮਾਹੌਲ



ਅੰਬੇਡਕਰ ਨਗਰ, 15 ਜਨਵਰੀ (ਚ.ਨ.ਸ): ਜਲਾਲਪੁਰ ਥਾਣਾ ਖੇਤਰ ਵਿੱਚ ਸਥਿਤ ਮਗੁਰਹੀਆ ਪਿੰਡ ਵਿੱਚ ਇੱਕ ਪਾਗਲ ਕੁੱਤੇ ਨੇ 11 ਲੋਕਾਂ 'ਤੇ ਹਮਲਾ ਕਰ ਦਿੱਤਾ। ਸਾਰੇ ਜ਼ਖਮੀਆਂ ਨੂੰ ਐਂਬੂਲੈਂਸ ਰਾਹੀਂ ਜਲਾਲਪੁਰ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ। ਜਿੱਥੇ ਡਾਕਟਰਾਂ ਨੇ ਰੇਬੀਜ਼ ਦੇ ਟੀਕੇ ਲਗਾਏ, ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ। ਇਹ ਘਟਨਾ ਬੁੱਧਵਾਰ ਸਵੇਰੇ 8:00 ਵਜੇ ਦੇ ਕਰੀਬ ਵਾਪਰੀ। ਇੱਕ ਪਾਗਲ ਕੁੱਤੇ ਨੇ ਗੁਜਰਾਤੀ, ਰਾਮ ਅਜੋਰ, ਸੁਭਾਸ਼, ਕਿਰਨ, ਸੰਗੀਤਾ, ਕਾਜਲ, ਕਨ੍ਹੱਈਆ ਲਾਲ, ਉਮੇਸ਼ ਕੁਮਾਰ, ਰਾਧਿਕਾ, ਆਂਚਲ, ਪ੍ਰਿੰਸ ਅਤੇ ਹੋਰਾਂ 'ਤੇ ਹਮਲਾ ਕੀਤਾ, ਜਦੋਂ ਉਹ ਪਿੰਡ ਵਿੱਚ ਆਪਣੇ ਘਰੇਲੂ ਕੰਮ ਕਰ ਰਹੇ ਸਨ। ਜਦੋਂ ਪਾਗਲ ਕੁੱਤੇ ਨੇ ਉਨ੍ਹਾਂ 'ਤੇ ਹਮਲਾ ਕੀਤਾ ਤਾਂ ਕਮਿਊਨਿਟੀ ਹੈਲਥ ਸੈਂਟਰ ਦੇ ਸੁਪਰਡੈਂਟ ਡਾ. ਜੇ.ਪ੍ਰਕਾਸ਼ ਨੇ ਦੱਸਿਆ ਕਿ ਸਾਰਿਆਂ ਨੂੰ ਰੇਬੀਜ਼ ਦੇ ਟੀਕੇ ਲਗਾ ਕੇ ਘਰ ਭੇਜ ਦਿੱਤਾ ਗਿਆ ਸੀ।

# ਭਾਰਤੀਆਂ ਨੂੰ ਜਲਦੀ ਤੋਂ ਜਲਦੀ ਈਰਾਨ ਛੱਡਣ ਦੀ ਸਲਾਹ

## ☛ਪ੍ਰਦਰਸ਼ਨਾਂ ਮਗਰੋਂ ਈਰਾਨ 'ਚ ਸੁਰੱਖਿਆ ਹਾਲਾਤ ਵਿਗੜਨ ਦਾ ਦਿੱਤਾ ਹਵਾਲਾ



ਨਵੀਂ ਦਿੱਲੀ, 15 ਜਨਵਰੀ (ਚ.ਨ.ਸ): ਭਾਰਤ ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਜਿੰਨੀ ਛੇਤੀ ਹੋ ਸਕੇ, ਈਰਾਨ ਛੱਡ ਦੇਣ। ਸਰਕਾਰ ਵਿਰੋਧੀ ਪ੍ਰਦਰਸ਼ਨਾਂ ਮਗਰੋਂ ਈਰਾਨ ਦੇ ਸੁਰੱਖਿਆ ਹਾਲਾਤ ਵਿਗੜਨ ਦਾ ਹਵਾਲਾ ਦਿੱਤਾ ਗਿਆ ਹੈ। ਭਾਰਤੀ ਨਾਗਰਿਕਾਂ ਨੂੰ ਈਰਾਨ ਦਾ ਸਫ਼ਰ ਕਰਨ ਤੋਂ ਵੀ ਗੁਰੇਜ਼ ਕਰਨ ਦੀ ਸਲਾਹ ਦਿੱਤੀ ਗਈ ਹੈ। ਵਿਦੇਸ਼ ਮੰਤਰਾਲੇ ਨੇ ਅੱਜ ਨਵੀਂ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ, "ਈਰਾਨ 'ਚ ਵਾਪਰ ਰਹੇ ਘਟਨਾਕ੍ਰਮ ਨੂੰ ਦੇਖਦਿਆਂ ਭਾਰਤੀ ਨਾਗਰਿਕਾਂ ਨੂੰ ਮੁੜ ਸਖ਼ਤੀ ਨਾਲ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਪਾਰਕ ਉਡਾਣਾਂ ਸਮੇਤ ਆਵਾਜਾਈ ਦੇ ਹੋਰ ਉਪਲੱਬਧ ਸਾਧਨਾਂ ਰਾਹੀਂ ਜਿੰਨੀ ਛੇਤੀ ਹੋ ਸਕੇ ਈਰਾਨ ਛੱਡ ਕੇ ਚਲੇ ਜਾਣ। ਭਾਰਤੀ ਨਾਗਰਿਕ ਅਗਲੇ ਨੋਟਿਸ ਤੱਕ ਈਰਾਨ ਜਾਣ ਤੋਂ ਵੀ ਗੁਰੇਜ਼ ਕਰਨ। ਸਾਰੇ ਭਾਰਤੀ ਨਾਗਰਿਕ ਅਤੇ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਈਰਾਨ 'ਚ ਪ੍ਰਦਰਸ਼ਨ ਵਾਲੇ ਇਲਾਕਿਆਂ 'ਚ ਨਹੀਂ ਜਾਣਾ ਚਾਹੀਦਾ ਹੈ ਅਤੇ ਉਹ ਈਰਾਨ 'ਚ ਭਾਰਤੀ ਸਫ਼ਾਰਤਖਾਨੇ ਦੇ ਸੰਪਰਕ 'ਚ ਰਹਿਣ।" ਵਿਦੇਸ਼ ਮੰਤਰਾਲੇ ਨੇ ਇਸ ਤੋਂ ਪਹਿਲਾਂ 5 ਜਨਵਰੀ ਨੂੰ ਵੀ ਐਡਵਾਈਜ਼ਰੀ ਜਾਰੀ ਕੀਤੀ ਸੀ। ਈਰਾਨੀ ਕਰੰਸੀ ਰਿਆਲ ਦੇ ਰਿਕਾਰਡ ਪੱਧਰ 'ਤੇ ਗਿਰਾਵਟ ਮਗਰੋਂ ਤਹਿਰਾਨ 'ਚ ਪਿਛਲੇ ਮਹੀਨੇ ਪ੍ਰਦਰਸ਼ਨ ਸ਼ੁਰੂ ਹੋਏ ਸਨ। ਹਕੂਮਤ 'ਚ ਤਬਦੀਲੀ ਦੀ ਮੰਗ ਕਰਦਿਆਂ ਪ੍ਰਦਰਸ਼ਨ ਸਾਰੇ 31 ਸੂਬਿਆਂ ਤੱਕ ਫੈਲ ਗਏ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਈਰਾਨ 'ਚ ਪ੍ਰਦਰਸ਼ਨਕਾਰੀਆਂ ਨੂੰ ਹਮਾਇਤ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਈਰਾਨ ਨੇ ਲੋਕਾਂ 'ਤੇ ਤਸ਼ੱਦਦ ਜਾਰੀ ਰੱਖੇ ਤਾਂ ਉਹ ਸਖ਼ਤ ਕਾਰਵਾਈ ਕਰਨਗੇ। ਇਸ ਨਾਲ ਪੱਛਮੀ ਏਸ਼ੀਆ 'ਚ ਵੱਡੇ ਪੱਧਰ 'ਤੇ ਤਣਾਅ ਪੈਦਾ ਹੋ ਗਿਆ ਹੈ।

## 'ਮੋਢੇ ਉਤੇ ਬੰਦੂਕ, ਸਿਰ 'ਤੇ ਜ਼ਿੰਮੇਵਾਰੀਆਂ ਦੀ ਪੰਡ'

# ਪਿੰਡ-ਪਿੰਡ ਪਹਿਰਾ ਦੇ ਰਹੀਆਂ ਨੇ ਪਹਾੜੀ ਔਰਤਾਂ



ਜੰਮੂ, 15 ਜਨਵਰੀ (ਚ.ਨ.ਸ): ਡੋਡਾ, ਕਿਸ਼ਤਵਾੜ ਅਤੇ ਰਾਮਬਨ ਜ਼ਿਲ੍ਹਿਆਂ ਵਿਚ ਸੈਂਕੜੇ ਔਰਤਾਂ ਆਪਣੇ ਪਿੰਡਾਂ ਦੀ ਰਾਖੀ ਕਰ ਰਹੀਆਂ ਹਨ। ਵਿਲੇਜ ਡਿਫੈਂਸ ਗਾਰਡ (ਵੀਡੀਜੀ) ਫੋਰਸ ਹੇਠ ਉਹ ਅਤਿਵਾਦ ਵਿਰੁੱਧ ਲੜਾਈ ਵਿਚ ਆਪਣੀ ਕਾਬਲੀਅਤ ਸਾਬਤ ਕਰ ਰਹੀਆਂ ਹਨ। ਇਹ ਔਰਤਾਂ 1990 ਦੇ ਦਹਾਕੇ ਤੋਂ ਇਨ੍ਹਾਂ ਜ਼ਿਲ੍ਹਿਆਂ ਵਿਚ ਅਤਿਵਾਦ ਨਾਲ ਲੜ ਰਹੀਆਂ ਹਨ, ਆਪਣੇ ਪਿੰਡਾਂ ਵਿਚ ਸੁਰੱਖਿਆ ਦੇ ਭਰੋਸੇਯੋਗ ਥੰਮ੍ਹ ਬਣ ਗਈਆਂ ਹਨ। ਐਸਪੀ ਭਦਰਵਾਹ ਵਿਨੋਦ ਸ਼ਰਮਾ ਨੇ ਦੱਸਿਆ ਕਿ ਕਠੋਰ ਸਰਦੀਆਂ ਦੌਰਾਨ, ਬਹੁਤ ਸਾਰੇ ਪੁਰਸ਼ ਮੈਂਬਰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਉੱਤਰਾਖੰਡ, ਦਿੱਲੀ ਅਤੇ ਮੁੰਬਈ ਵਰਗੇ ਹੋਰ ਰਾਜਾਂ ਵਿਚ ਪ੍ਰਵਾਸ ਕਰਦੇ ਹਨ। ਇਸ ਸਮੇਂ ਦੌਰਾਨ, ਬਹੁਤ ਸਾਰੇ ਪਿੰਡ ਬਜ਼ੁਰਗਾਂ ਨੂੰ ਛੱਡ ਕੇ ਪੁਰਸ਼ ਮੈਂਬਰ ਤੋਂ ਬਿਨਾਂ ਰਹਿ ਜਾਂਦੇ ਹਨ, ਜਿਸ ਨਾਲ ਇਹ ਖੇਤਰ ਅਤਿਵਾਦੀ ਗਤੀਵਿਧੀਆਂ ਲਈ ਕਮਜ਼ੋਰ ਹੋ ਜਾਂਦੇ ਹਨ। ਮਹਿਲਾ ਵੀਡੀਜੀ ਮੈਂਬਰਾਂ ਨੂੰ ਆਪਣੇ ਪਿੰਡਾਂ ਦੀ ਰਾਖੀ ਲਈ ਸਿਖਲਾਈ ਦਿੱਤੀ ਗਈ ਹੈ। ਇਹ ਔਰਤਾਂ ਦੇਸ਼ ਦੀ ਸੁਰੱਖਿਆ ਬਾਰੇ ਓਨੀਆਂ ਹੀ ਚਿੰਤਤ ਹਨ, ਜਿੰਨੀਆਂ ਉਨ੍ਹਾਂ ਦੇ ਪੁਰਸ਼ ਹਮਰੁਤਬਾ। ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਨੂੰ ਅਤਿਵਾਦੀਆਂ ਨਾਲ ਲੜਨ ਦੀਆਂ ਰਣਨੀਤੀਆਂ ਅਤੇ ਤਰੀਕੇ ਸਿਖਾਉਂਦੇ ਹਾਂ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਸਾਬਤ ਕੀਤਾ ਹੈ। ਹੁਣ ਤੱਕ ਅਸੀਂ ਇਨ੍ਹਾਂ ਬਹਾਦਰ ਔਰਤਾਂ ਤੋਂ ਸ਼ਾਨਦਾਰ ਨਤੀਜੇ ਦੇਖੇ ਹਨ।" ਵੀਡੀਜੀ ਮੈਂਬਰਾਂ ਦੀ ਸਰਗਰਮ ਭਾਗੀਦਾਰੀ ਨਾਲ, ਦੂਰ-ਦੁਰਾਡੇ ਖੇਤਰਾਂ ਵਿਚ ਸੁਰੱਖਿਆ ਪ੍ਰਣਾਲੀ ਹੁਣ ਮਜ਼ਬੂਤ ਹੋ ਗਈ ਹੈ ਤੇ ਅਤਿਵਾਦੀਆਂ ਲਈ ਇਨ੍ਹਾਂ ਪਿੰਡਾਂ ਵਿਚ ਦਾਖ਼ਲ ਹੋਣਾ ਮੁਸ਼ਕਲ ਹੋ ਗਿਆ ਹੈ।

# ਕਾਂਗਰਸ ਪਾਰਟੀ ਦੀ 11 ਮੈਂਬਰੀ ਕਮੇਟੀ ਕਰੇਗੀ ਨਗਰ ਕੌਂਸਲ ਦੀਆਂ ਚੋਣਾਂ 'ਚ ਟਿਕਟਾਂ ਦੀ ਵੰਡ: ਰਣਦੀਪ ਸਿੰਘ

## ☛ਪੁਰਾਣੇ ਕਾਂਗਰਸੀ ਕੌਂਸਲਰਾਂ ਨੂੰ ਮੁੜ ਟਿਕਟਾਂ ਦੇਣ ਦਾ ਲਿਆ ਫ਼ੈਸਲਾ



ਮੰਡੀ ਗੋਬਿੰਦਗੜ੍ਹ, 15 ਜਨਵਰੀ (ਸੂਦ): ਕਾਂਗਰਸ ਪਾਰਟੀ ਨੇ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਲਈ ਇਥੇ ਕਾਂਗਰਸ ਦਫ਼ਤਰ ਵਿਚ ਇਕ ਅਹਿਮ ਮੀਟਿੰਗ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਜਿਥੇ ਪੁਰਾਣੇ ਕਾਂਗਰਸ ਕੌਂਸਲਰਾਂ ਨੂੰ ਮੁੜ ਟਿਕਟਾਂ ਦੇ ਕੇ ਉਮੀਦਵਾਰ ਐਲਾਨਣ ਦਾ ਫ਼ੈਸਲਾ ਕੀਤਾ ਗਿਆ, ਉਥੇ ਬਾਕੀ ਵਾਰਡਾਂ ਵਿਚ ਸਾਫ਼ ਸੁਥਰੇ ਅਕਸ ਵਾਲੇ ਉਮੀਦਵਾਰਾਂ ਦੀ ਚੋਣ ਲਈ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਸਾਬਕਾ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਇਨ੍ਹਾਂ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਸ਼ਾਨਦਾਰ ਜਿੱਤ ਹਾਸਲ ਕੀਤੀ ਜਾਵੇਗੀ ਕਿਉਂਕਿ ਵਿਰੋਧੀ ਪਾਰਟੀਆਂ ਪਾਸ ਲੋਕਾਂ ਵਿਚ ਜਾਣ ਲਈ ਕੋਈ ਮੁੱਦਾ ਨਹੀਂ। ਇਸ ਮੌਕੇ ਭਾਜਪਾ ਛੱਡ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ ਡਾ. ਅਜੇ ਬੰਗਾਲੀ ਨੂੰ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਨੇ ਪਾਰਟੀ ਚਿੰਨ ਨਾਲ ਸਨਮਾਨਤ ਕੀਤਾ। ਇਸ ਮੌਕੇ ਪ੍ਰਦੇਸ਼ ਕਾਂਗਰਸ ਦੇ ਮੈਂਬਰ ਹਰਿੰਦਰ ਸਿੰਘ ਭਾਂਬਰੀ, ਰਾਜਿੰਦਰ ਸਿੰਘ ਬਿੱਟੂ, ਸਕੱਤਰ ਡਾ. ਜੋਗਿੰਦਰ ਸਿੰਘ ਮੈਣੀ, ਪਾਰਟੀ ਦੇ ਬੁਲਾਰੇ ਐਡਵੋਕੇਟ ਤੇਜਿੰਦਰ ਸਿੰਘ ਸਲਾਣਾ, ਬਲਾਕ ਪ੍ਰਧਾਨ ਸੰਜੀਵ ਦੱਤਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਤੇ ਕੌਂਸਲਰ ਅਰਵਿੰਦ ਸਿੰਗਲਾ ਬੌਬੀ ਤੇ ਮਹਿਲਾ ਕਾਂਗਰਸ ਦੀ ਪ੍ਰਧਾਨ ਨੀਲਮ ਰਾਣੀ ਨੇ ਸੰਬੋਧਨ ਕੀਤਾ। ਮੀਟਿੰਗ ਵਿਚ ਡਾ. ਮਨਮੋਹਨ ਕੌਸ਼ਲ, ਆਨੰਦ ਪਨੇਸਰ, ਰਣਜੀਤ ਸਿੰਘ ਅੰਬੇਮਾਜਰਾ, ਅਮਿਤ ਜੈਚੰਦ ਸ਼ਰਮਾ, ਮਹਿਲਾ ਬਲਾਕ ਪ੍ਰਧਾਨ ਨੀਤੂ ਸਿੰਘੀ, ਕੌਂਸਲਰ ਟੀਨਾ ਸ਼ਰਮਾ, ਸ਼ਸ਼ੀ ਸ਼ਰਮਾ, ਕਾਂਤੀ, ਪੂਨਮ ਗੋਸਾਈਂ, ਜਗਰੂਪ ਸਿੰਘ ਸੰਧੂ, ਭੁਪਿੰਦਰ ਸਿੰਘ ਕਾਲਾ, ਕਮਲਜੀਤ ਸਿੰਘ ਸੋਮਾ, ਸ਼ਿਵ ਸ਼ਰਮਾ, ਅਨਿਲ ਸਿੰਗਲਾ, ਜਰਨੈਲ ਸਿੰਘ, ਕੌਂਸਲਰ ਚਰਨਜੀਤ ਸਿੰਘ ਬਾਜਵਾ, ਦਿਨੇਸ਼ ਸਿੰਘੀ, ਗੁਰਦੀਪ ਸਿੰਘ ਅੰਬੇਮਾਜਰਾ, ਦਰਸ਼ਨ ਸਿੰਘ ਖੀਵਾ, ਰੋਹਿਤ ਸ਼ਰਮਾ, ਸੇਵਾ ਰਾਮ ਖੀਵਾ ਤੇ ਜਗਮੇਲ ਬਾਵਾ ਮੌਜੂਦ ਸਨ।

# ਘਰ 'ਚ ਅੱਗ ਲੱਗਣ ਕਾਰਨ ਪਿਓ-ਧੀ ਦੀ ਮੌਤ

## ☛ਘਟਨਾ ਮੌਕੇ ਸੁੱਤਾ ਪਿਆ ਸੀ ਪਰਿਵਾਰ, ਫਾਇਰ ਟੈਂਡਰਾਂ ਨੇ ਅੱਗ ਬੁਝਾਈ



ਅੰਮ੍ਰਿਤਸਰ, 15 ਜਨਵਰੀ (ਚ.ਨ.ਸ): ਇਥੇ ਥਾਣਾ ਬੀ ਡਵੀਜ਼ਨ ਅਧੀਨ ਮਾਹਣਾ ਸਿੰਘ ਚੌਂਕ ਨੇੜੇ ਚੂਹੜ ਸਿੰਘ ਗਲੀ ਵਿੱਚ ਦੇਰ ਰਾਤ ਮਕਾਨ ਨੂੰ ਅੱਗ ਲੱਗਣ ਕਾਰਨ ਬਜ਼ੁਰਗ ਅਤੇ ਉਸ ਦੀ ਦਿਵਿਆਂਗ ਧੀ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਖਜ਼ਾਨ ਸਿੰਘ ਅਤੇ ਨਵਦੀਪ ਕੌਰ ਵਜੋਂ ਹੋਈ ਹੈ। ਪੁਲਿਸ ਨੇ ਕਿਹਾ ਕਿ ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਅੱਗ ਲੋਹੜੀ ਮੌਕੇ ਬਾਲੀ ਅੱਗ ਦੀ ਚੰਗਿਆੜੀ ਕਾਰਨ ਲੱਗੀ ਹੈ। ਪਰਿਵਾਰ ਰੁਮਾਲਿਆਂ ਦਾ ਕਾਰੋਬਾਰ ਕਰਦਾ ਹੈ ਅਤੇ ਘਰ ਵਿੱਚ ਵੱਡੀ ਗਿਣਤੀ ਵਿੱਚ ਰੁਮਾਲੇ ਰੱਖੇ ਹੋਏ ਸਨ, ਜਿਸ ਕਾਰਨ ਅੱਗ ਤੇਜ਼ੀ ਨਾਲ ਭੜਕ ਗਈ। ਲੋਕਾਂ ਨੇ ਫੌਰੀ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ, ਪਰ ਅੱਗ ਪਹਿਲਾਂ ਹੀ ਤੇਜ਼ ਹੋ ਚੁੱਕੀ ਸੀ, ਜਿਸ ਕਾਰਨ ਕਾਬੂ ਪਾਉਣਾ ਕਾਫ਼ੀ ਮੁਸ਼ਕਲ ਹੋ ਗਿਆ। ਲੋਕਾਂ ਨੇ ਫੌਰੀ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ। ਸੱਤ-ਅੱਠ ਫਾਇਰ ਟੈਂਡਰ ਘਟਨਾ ਸਥਾਨ 'ਤੇ ਪਹੁੰਚ ਗਏ। ਫਾਇਰ ਬ੍ਰਿਗੇਡ ਨੂੰ ਅੱਗ 'ਤੇ ਕਾਬੂ ਪਾਉਣ ਲਈ ਕਾਫ਼ੀ ਮੁਸ਼ੱਕਤ ਕਰਨੀ ਪਈ। ਚਸ਼ਮਦੀਦਾਂ ਅਨੁਸਾਰ ਜਦੋਂ ਅੱਗ ਲੱਗੀ ਤਾਂ ਪਰਿਵਾਰ ਦੇ ਕੁੱਝ ਮੈਂਬਰ ਉਪਰਲੀ ਮੰਜ਼ਲ 'ਤੇ ਸਨ। ਅੱਗ ਦੀਆਂ ਲਪਟਾਂ ਦੇਖ ਕੇ ਪਰਿਵਾਰ ਛੱਤ 'ਤੇ ਚੜ੍ਹ ਗਿਆ ਤੇ ਮਦਦ ਲਈ ਦੁਹਾਈ ਦਿੱਤੀ। ਉਨ੍ਹਾਂ ਨੇ ਟੈਂਕੀ ਤੋਂ ਪਾਣੀ ਦੀ ਵਰਤੋਂ ਕਰਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਤੇਜ਼ੀ ਨਾਲ ਫੈਲਦੀ ਗਈ। ਘਟਨਾ ਸਮੇਂ ਬਜ਼ੁਰਗ ਅਤੇ ਉਸਦੀ ਦਿਵਿਆਂਗ ਧੀ ਪਹਿਲੀ ਮੰਜ਼ਿਲ 'ਤੇ ਸੁੱਤੇ ਹੋਏ ਸਨ। ਤੁਰਨ-ਫਿਰਨ ਤੋਂ ਅਸਮਰੱਥ ਹੋਣ ਕਾਰਨ ਉਹ ਬਚ ਨਹੀਂ ਸਕੇ। ਦੋਵਾਂ ਦੀ ਦਮ ਘੁੱਟਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਗੁਆਂਢੀਆਂ ਨੇ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਮਕਾਨ ਨਾਲ ਲੱਗਦੀਆਂ ਛੱਤਾਂ ਰਾਹੀਂ ਬਾਹਰ ਕੱਢਿਆ। ਪੀੜਤ ਪਰਿਵਾਰ ਦੀ ਰਾਜਵੰਤ ਕੌਰ ਨੇ ਦੱਸਿਆ ਕਿ ਉਸ ਦੇ ਭਤੀਜੇ ਨੇ ਫੋਨ ਕਰ ਕੇ ਅੱਗ ਲੱਗਣ ਬਾਰੇ ਜਾਣਕਾਰੀ ਦਿੱਤੀ। ਉਸ ਨੇ ਦੋਸ਼ ਲਾਇਆ ਕਿ ਜੇ ਫਾਇਰ ਬ੍ਰਿਗੇਡ ਸਮੇਂ ਸਿਰ ਪਹੁੰਚ ਜਾਂਦੀ ਤਾਂ ਜਾਨੀ ਨੁਕਸਾਨ ਤੋਂ ਬਚਾਅ ਹੋ ਸਕਦਾ ਸੀ।


### ਤੰਗ ਗਲੀਆਂ ਕਾਰਨ ਅੱਗ ਬੁਝਾਉਣ 'ਚ ਮੁਸ਼ਕਲ ਆਈ ਮੇਅਰ

ਮੌਕੇ 'ਤੇ ਪੁੱਜੇ ਨਗਰ ਨਿਗਮ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਦੱਸਿਆ ਕਿ ਇਲਾਕੇ ਵਿੱਚ ਗਲੀਆਂ ਤੰਗ ਹੋਣ ਕਾਰਨ ਫਾਇਰ ਬ੍ਰਿਗੇਡ ਨਹੀਂ ਪਹੁੰਚ ਸਕੀ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਦੂਰ ਖੜ੍ਹਾਉਣਾ ਪਿਆ ਅਤੇ ਉਥੋਂ ਪਾਈਪਾਂ ਰਾਹੀਂ ਅੱਗ 'ਤੇ ਕਾਬੂ ਪਾਉਣ ਦਾ ਯਤਨ ਕੀਤਾ ਗਿਆ। ਸਵੇਰੇ ਲਗਭਗ ਚਾਰ ਵਜੇ ਤੱਕ ਅੱਗ 'ਤੇ ਕਾਬੂ ਪਾਇਆ ਗਿਆ।

# ਖੇਡਦੇ-ਖੇਡਦੇ ਬਾਲਟੀ 'ਚ ਡਿੱਗਿਆ ਮਾਸੂਮ, ਹੋਈ ਮੌਤ

ਬਹਾਦਰਗੜ੍ਹ, 15 ਜਨਵਰੀ (ਚ.ਨ.ਸ): ਹਰਿਆਣਾ ਦੇ ਬਹਾਦਰਗੜ੍ਹ ਵਿਚ ਸਰਾਏ ਔਰੰਗਾਬਾਦ ਪਿੰਡ ਵਿਚ ਘਰ ਵਿਚ ਖੇਡ ਰਿਹਾ ਡੇਢ ਸਾਲ ਦਾ ਮਾਸੂਮ ਪਾਣੀ ਨਾਲ ਭਰੀ ਬਾਲਟੀ ਵਿਚ ਮੂਧੇ ਮੂੰਹ ਡਿੱਗ ਗਿਆ। ਇਸ ਕਾਰਨ ਉਸ ਦੀ ਮੌਤ ਹੋ ਗਈ। ਬਾਲਟੀ ਵਿਚ ਉਹ ਕਿਵੇਂ ਡਿੱਗਾ, ਇਸ ਦਾ ਪਤਾ ਨਹੀਂ ਲੱਗ ਸਕਿਆ। ਮਰਨ ਵਾਲੇ ਆਦਿੱਤਿਆ ਦਾ ਪਰਿਵਾਰ ਮੱਧ ਪ੍ਰਦੇਸ਼ ਦੇ ਦਮੋਹ ਜ਼ਿਲ੍ਹੇ ਦੇ ਘਟੇਰਾ ਦਾ ਰਹਿਣ ਵਾਲਾ ਹੈ। ਆਦਿੱਤਿਆ ਦੇ ਪਿਤਾ ਮਦਨ ਪੇਂਟ ਦਾ ਕੰਮ ਕਰਦੇ ਹਨ। ਉਹ ਦੋ ਸਾਲ ਤੋਂ ਇੱਥੇ ਪਰਿਵਾਰ ਸਮੇਤ ਕਿਰਾਏ 'ਤੇ ਰਹਿੰਦੇ ਹਨ।ਉਨ੍ਹਾਂ ਦੇ ਦੋ ਬੱਚੇ ਹਨ, ਜਿਨ੍ਹਾਂ ਵਿਚ ਆਦਿੱਤਿਆ ਛੋਟਾ ਹੈ।ਇਕ ਵੱਡੀ ਧੀ ਵੀ ਹੈ। ਬੁੱਧਵਾਰ ਸਵੇਰੇ ਮੱਕਰ ਸੰਕ੍ਰਾਂਤੀ ਮੌਕੇ ਪਰਿਵਾਰ ਨੇ ਘਰ ਦੇ ਬਾਹਰ ਅੱਗ ਬਾਲੀ ਹੋਈ ਸੀ। ਮਦਨ ਬਾਹਰ ਅੱਗ ਕੋਲ ਬੈਠਾ ਸੀ, ਜਦਕਿ ਉਸ ਦੀ ਪਤਨੀ ਕਮਰੇ ਵਿਚ ਸੀ। ਆਦਿੱਤਿਆ ਖੇਡਦੇ ਹੋਏ ਘਰ ਦੇ ਦੂਜੇ ਹਿੱਸੇ ਵਿਚ ਰੱਖੀ ਪਾਣੀ ਦੀ ਬਾਲਟੀ ਵਿਚ ਜਾ ਡਿੱਗਾ।ਇਸ ਦਾ ਕਿਸੇ ਨੂੰ ਪਤਾ ਨਹੀਂ ਲੱਗਾ।ਕੁਝ ਮਿੰਟਾਂ ਬਾਅਦ ਜਦੋਂ ਪਰਿਵਾਰ ਨੇ ਦੇਖਿਆ ਤਾਂ ਆਦਿੱਤਿਆ ਮੂਧੇ ਮੂੰਹ ਡਿੱਗਾ ਹੋਇਆ ਸੀ। ਉਸ ਦਾ ਸਰੀਰ ਪੀਲਾ ਪੈ ਚੁੱਕਾ ਸੀ। ਸਾਹ ਰੁਕ ਚੁੱਕੇ ਸਨ। ਜਲਦੀ ਨਾਲ ਉਹ ਆਦਿੱਤਿਆ ਨੂੰ ਟਰਾਮਾ ਸੈਂਟਰ ਲੈ ਕੇ ਗਏ। ਇੱਥੇ ਡਾਕਟਰਾਂ ਨੇ ਜਾਂਚ ਕਰਨ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨਿਆ ਦਿੱਤਾ। ਇਹ ਸੁਣ ਕੇ ਆਦਿੱਤਿਆ ਦੇ ਮਾਤਾ-ਪਿਤਾ ਤੇ ਪਰਿਵਾਰ ਦੇ ਹੋਰ ਮੈਂਬਰ ਚੀਕਾਂ ਮਾਰਨ ਲੱਗੇ। ਜਾਣਕਾਰੀ ਮੁਤਾਬਕ, ਜਿਸ ਬਾਲਟੀ ਵਿਚ ਆਦਿੱਤਿਆ ਡਿੱਗਾ, ਉਹ 20 ਲੀਟਰ ਦੀ ਪੇਂਟ ਵਾਲੀ ਬਾਲਟੀ ਸੀ, ਜਿਸ ਵਿਚ ਪਾਣੀ ਭਰਿਆ ਹੋਇਆ ਸੀ। ਅਨੁਮਾਨ ਹੈ ਕਿ ਉਸ ਨੇ ਬਾਲਟੀ ਦੇ ਉੱਪਰ ਚੜ੍ਹਨ ਦੀ ਕੋਸ਼ਿਸ਼ ਕੀਤੀ ਹੋਵੇਗੀ, ਜਿਸ ਕਰਕੇ ਉਹ ਮੂਧੇ ਮੂੰਹ ਡਿੱਗ ਗਿਆ। ਪਰਿਵਾਰ ਨੇ ਕਿਸੇ 'ਤੇ ਸ਼ੱਕ ਨਹੀਂ ਕੀਤਾ ਕਿਉਂਕਿ ਆਲੇ-ਦੁਆਲੇ ਕੋਈ ਨਹੀਂ ਸੀ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।

# ਹਰਿਆਣਾ ਸਰਕਾਰ ਵੱਲੋਂ ਗੁਰੂ ਰਵਿਦਾਸ ਦੀ ਜੈਯੰਤੀ 'ਤੇ ਸੂਬਾ ਪੱਧਰੀ ਸਮਾਗਮ ਕਰਨਾ ਸ਼ਲਾਘਾਯੋਗ: ਐਡ. ਸੁੱਖੀ



ਅਮਲੋਹ, 15 ਜਨਵਰੀ (ਜਸਵੰਤ ਸਿੰਘ): ਹਰਿਆਣਾ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਜੈਅੰਤੀ ਮੌਕੇ 31 ਜੁਲਾਈ ਨੂੰ ਸੂਬਾ ਪੱਧਰੀ ਸਮਾਗਮ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਨੂੰ ਵੀ ਹਰਿਆਣਾ ਦੀ ਤਰਜ਼ 'ਤੇ ਜਲਦ ਸੂਬਾ ਪੱਧਰੀ ਸਮਾਗਮ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਯੂਥ ਵਿੰਗ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਤੇ ਕੇਰਲਾ ਪ੍ਰਦੇਸ਼ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਨਵ-ਨਿਯੁਕਤ ਸੂਬਾ ਸਹਾਇਕ ਇੰਚਾਰਜ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ ਨੇ ਇਥੇ ਇਕ ਬਿਆਨ ਵਿਚ ਕਹੀ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈਅੰਤੀ ਉਤੇ 31 ਜਨਵਰੀ ਨੂੰ ਹੋਣ ਵਾਲੇ ਸੂਬਾ ਪੱਧਰੀ ਸਮਾਗਮ ਦੇ ਐਲਾਨ ਦਾ ਸਵਾਗਤ ਕਰਦੇ ਹੋਏ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਇਹ ਕਦਮ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨੀ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਨਵੀਂ ਪੀੜੀ ਤੱਕ ਪਹੁੰਚਾਉਣ ਲਈ ਵੱਡਾ ਉਪਰਾਲੇ ਦਾ ਕੰਮ ਕਰੇਗਾ। ਐਡਵਕੇਟ ਸੁੱਖੀ ਨੇ ਕਿਹਾ ਕਿ ਪੰਜਾਬ ਸਭ ਤੋਂ ਵੱਧ ਐਸ.ਸੀ ਅਬਾਦੀ ਵਾਲਾ ਸੂਬਾ ਹੈ ਤੇ ਸਭ ਤੋਂ ਵੱਧ ਅਬਾਦੀ ਰਵਿਦਾਸੀਆ ਭਾਈਚਾਰੇ ਦੀ ਹੈ ਪਰ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈਅੰਤੀ ਨੂੰ ਲੈ ਕੇ ਅਜੇ ਤੱਕ ਕੋਈ ਐਲਾਨ ਨਹੀਂ ਕੀਤਾ ਗਿਆ ਜੋ ਮੰਦਭਾਗੀ ਗੱਲ ਹੈ।

# ਅਮਲੋਹ ਬਾਰ ਐਸੋਸੀਏਸ਼ਨ ਨੇ ਲੋਹੜੀ ਦਾ ਤਿਉਹਾਰ ਮਨਾਇਆ



ਅਮਲੋਹ, 15 ਜਨਵਰੀ (ਜਸਵੰਤ ਸਿੰਘ): ਅਮਲੋਹ ਬਾਰ ਐਸੋਸੀਏਸ਼ਨ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਹਰਪ੍ਰੀਤ ਕੌਰ ਨਫਰਾ ਸਿਵਲ ਜੱਜ ਸੀਨੀਅਰ ਡਵੀਜ਼ਨ, ਖਿਆਤੀ ਗੋਇਲ ਸਿਵਲ ਜੱਜ ਜੂਨੀਅਰ ਡਵੀਜ਼ਨ, ਪ੍ਰੇਰਨਾ ਗੁਪਤਾ ਸਿਵਲ ਜੱਜ ਜੂਨੀਅਰ ਡਵੀਜ਼ਨ ਅਮਲੋਹ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਭਗੜਾਣਾ ਤੇ ਐਡਵੋਕੇਟ ਯਾਦਵਿੰਦਰ ਪਾਲ ਸਿੰਘ ਨੇ ਕਿਹਾ ਕਿ ਲੋਹੜੀ ਦਾ ਤਿਉਹਾਰ ਸਿਰਫ ਅੱਗ ਦੇ ਗੇੜ ਲਾਉਣ ਦਾ ਤਿਉਹਾਰ ਨਹੀਂ ਸਗੋਂ ਕਿਸਾਨਾਂ ਦੀ ਮਿਹਨਤ ਆਪਸੀ ਭਾਈਚਾਰੇ ਤੇ ਸਮ੍ਰਿੱਧ ਪੰਜਾਬੀ ਸੱਭਿਆਚਾਰ ਦੀ ਰੂਹ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿਸਾਨ ਖੇਤਾਂ ਵਿੱਚ ਪਸੀਨਾ ਵਹਾਉਂਦਾ ਹੈ ਤਦ ਹੀ ਖੁਸ਼ਹਾਲੀ ਦਾ ਬੀਜ ਆਉਂਦਾ ਹੈ। ਲੋਹੜੀ ਮਿਹਨਤ ਸੰਘਰਸ਼ ਤੇ ਸਮਰਪਣ ਦਾ ਸਨਮਾਨ ਕਰਨ ਵਾਲਾ ਤਿਉਹਾਰ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਨੌਜਵਾਨਾਂ ਦੀਆਂ ਚਿੰਤਾਵਾਂ ਵਿਚਕਾਰ ਲੋਹੜੀ ਦੀ ਅੱਗ ਸਾਨੂੰ ਇੱਕਠੇ ਹੋ ਕੇ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨ ਦੀ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਦ੍ਰਿੜ ਸੰਕਲਪ ਦੁਹਰਾਇਆ ਕਿ ਪੰਜਾਬ ਨੂੰ ਮੁੜ ਤਰੱਕੀ ਸਿੱਖਿਆ ਸਿਹਤ ਤੇ ਰੁਜ਼ਗਾਰ ਦੇ ਰਾਹ 'ਤੇ ਮਜ਼ਬੂਤੀ ਨਾਲ ਅੱਗੇ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਅੱਜ ਇਸ ਪਾਵਨ ਅੱਗ ਅੱਗੇ ਅਸੀਂ ਸਭ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਸਮਾਜ ਵਿੱਚ ਨਫਰਤ ਨਹੀਂ ਸਗੋਂ ਪਿਆਰ ਫੈਲਾਇਆ ਜਾਵੇ, ਵੰਡ ਨਹੀਂ ਬਲਕਿ ਏਕਤਾ ਨੂੰ ਮਜ਼ਬੂਤ ਕੀਤਾ ਜਾਵੇ।

# ਸ੍ਰੀ ਹੇਮਕੁੰਟ ਸਕੂਲ ਦੇ ਐਨ.ਸੀ.ਸੀ. ਕੈਡਿਟਸ ਨੇ ਭਾਰਤੀ ਫੌਜ ਦਿਵਸ ਮਨਾਇਆ




ਜ਼ੀਰਾ, 15 ਜਨਵਰੀ (ਦੀਪਕ ਭਾਰਗੋ): ਸ੍ਰੀ ਹੇਮਕੁੰਟ ਸੀਨੀ. ਸਕੈਂ. ਸਕੂਲ, ਜੋ ਹਮੇਸ਼ਾ ਵਿਦਿਆਰਥੀਆਂ ਵਿੱਚ ਦੇਸ਼-ਭਗਤੀ, ਅਨੁਸ਼ਾਸ਼ਨ ਤੇ ਸੇਵਾ ਭਾਵਨਾ ਨੂੰ ਮਜ਼ਬੂਤ ਕਰਨ ਲਈ ਮਿਹਨਤ ਕਰਦਾ ਹੈ। ਇਸ ਦੇ ਚੱਲਦੇ ਅੱਜ 5 ਪੰਜਾਬ ਗਰਲਜ਼ ਬਟਾਲੀਅਨ ਮੋਗਾ ਦੇ ਕਮਾਂਡਿੰਗ ਅਫ਼ਸਰ ਸੁਨੀਲ ਕੁਮਾਰ ਦੇ ਦਿਸ਼ਾ ਨਿਰਦੇਸ਼ ਹੇਠ ਸ੍ਰੀ ਹੇਮਕੁੰਟ ਸੀਨੀ. ਸਕੈਂ. ਸਕੂਲ ਕੋਟ-ਈਸੇ-ਖਾਂ ਵਿੱਚ ਐਨ.ਸੀ.ਸੀ ਕੈਡਿਟਸ ਦੁਆਰਾ ਬੜੇ ਉਤਸ਼ਾਹ ਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਭਾਰਤੀ ਫੌਜ ਦਿਵਸ÷ ਮਨਾਇਆ ਗਿਆ। 5 ਪੰਜਾਬ ਗਰਲਜ਼ ਬਟਾਲੀਅਨ ਮੋਗਾ ਦੇ ਨਾਇਕ ਅਫ਼ਸਰ ਅਜੇ ਕੁਮਾਰ ਅਤੇ ਅੰਕੁਸ਼ ਕੁਮਾਰ ਨੇ ਐਨ.ਸੀ.ਸੀ ਕੈਡਿਟਸ ਨਾਲ ਵਿਚਾਰ ਸਾਂਝੇ ਕਰਦੇ ਹੋਏ ਭਾਰਤੀ ਫੌਜ ਦੇ ਇਤਿਹਾਸ, ਉਸ ਦੀਆ ਉਪਲੱਬਧੀਆਂ ਤੇ ਸੈਨਿਕਾਂ ਦੀ ਕੁਰਬਾਨੀ ਬਾਰੇ ਤੇ ਕੈਡਿਟਸ ਨੂੰ ਦੇਸ਼ ਪ੍ਰਤੀ ਫਰਜ਼ ਤੇ ਅਨੁਸ਼ਾਸ਼ਨ ਦੀ ਮਹੱਤਤਾ ਸਮਝਾਈ। ਇਸ ਦੌਰਾਨ ਦੇਸ਼ਭਗਤੀ ਭਾਸ਼ਣਾ ਰਾਹੀਂ ਸਭ ਵਿੱਚ ਜੋਸ਼ ਤੇ ਗੌਰਵ ਦੀ ਭਾਵਨਾ ਪੈਦਾ ਹੋਈ। ਇਸ ਮੌਕੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐਮ.ਡੀ.ਮੈਡਮ ਰਣਜੀਤ ਕੌਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਹਰ ਸਾਲ 15 ਜਨਵਰੀ ਨੂੰ ਭਾਰਤੀ ਫੌਜ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਇਸ ਲਈ ਮਨਾਇਆ ਜਾਂਦਾ ਹੈ, ਕਿਉਂਕਿ 15 ਜਨਵਰੀ 1949 ਨੂੰ ਜਨਰਲ ਕੇ.ਐਮ.ਕਰਿਅੱਪਾ ਭਾਰਤੀ ਫੌਜ ਦੇ ਪਹਿਲੇ ਭਾਰਤੀ ਕਮਾਂਡਰ-ਇਨ ਚੀਫ ਬਣੇ ਸਨ। ਇਸ ਦਿਨ ਤੋਂ ਬਾਅਦ ਭਾਰਤੀ ਫੌਜ ਦੀ ਕਮਾਨ ਪੂਰੀ ਤਰ੍ਹਾਂ ਭਾਰਤੀਆਂ ਦੇ ਹੱਥਾਂ ਵਿੱਚ ਆ ਗਈ। ਇਸ ਸਮੇਂ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਕਿਹਾ ਕਿ ਇਸ ਦਿਨ ਦਾ ਮਕਸਦ ਭਾਰਤੀ ਫੌਜ ਦੇ ਬਹਾਦਰ ਸੈਨਿਕਾਂ ਦੀ ਸੇਵਾ, ਕੁਰਬਾਨੀ ਤੇ ਸੂਰਵੀਰਤਾ ਨੂੰ ਸਲਾਮ ਕਰਨਾ ਹੈ। ਇਸ ਮੌਕੇ ਏ.ਐਨ.ਓ ਸਿਮਰਨਜੀਤ ਕੌਰ ਤੇ ਮੈਡਮ ਯਾਦਵਿੰਦਰ ਕੌਰ ਹਾਜ਼ਰ ਸਨ।

# ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ 'ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ' ਵਿਸ਼ੇਸ਼ ਅੰਕ ਲਈ ਰਚਨਾਵਾਂ ਦੀ ਮੰਗ



ਫ਼ਿਰੋਜ਼ਪੁਰ, 15 ਜਨਵਰੀ (ਤਿਵਾੜੀ): ਭਾਸ਼ਾ ਵਿਭਾਗ ਪੰਜਾਬ ਨੇ ਆਪਣੇ ਗੁਣਾਤਮਿਕ ਤੇ ਅਮੀਰ ਪ੍ਰਕਾਸ਼ਨਾ ਕਾਰਜ ਕਰਕੇ ਸਾਹਿਤਕ ਪ੍ਰੇਮੀਆਂ ਦੇ ਦਿਲਾਂ ਵਿੱਚ ਵਿਸ਼ੇਸ਼ ਥਾਂ ਬਣਾਈ ਹੈ। ਇਹ ਕਾਰਜ ਨਿਰਦੇਸ਼ਕ, ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਨਿਰੰਤਰ ਜਾਰੀ ਹੈ। ਪਿਛਲੇ ਕਈ ਦਹਾਕਿਆਂ ਤੋਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਦੋ ਪੰਜਾਬੀ ਦੇ, ਇੱਕ ਹਿੰਦੀ ਦਾ ਤੇ ਇੱਕ ਉਰਦੂ ਦਾ ਰਸਾਲਾ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਜੀ ਦਾ ਪੰਜਾਬ ਦੀ ਸਿਆਸਤ ਦੇ ਨਾਲ-ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿੱਚ ਵਿਸ਼ੇਸ਼ ਯੋਗਦਾਨ ਹੈ। 1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਵੇਲੇ 'ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ' ਪੰਜਾਬ ਦੇ ਮੁੱਖ ਮੰਤਰੀ ਸਨ। ਉਹਨਾਂ ਦੀ 50ਵੀਂ ਬਰਸੀ ਮੌਕੇ ਉਹਨਾਂ ਦੇ ਪੰਜਾਬੀ ਸਾਹਿਤ ਤੇ ਪੰਜਾਬ ਦੀ ਸਿਆਸਤ ਨੂੰ ਦਿੱਤੇ ਯੋਗਦਾਨ ਨੂੰ ਯਾਦ ਕਰਦੇ ਹੋਏ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਰਸਾਲੇ 'ਜਨ ਸਾਹਿਤ' ਲਈ 'ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ' ਵਿਸ਼ੇਸ਼ ਅੰਕ (ਜਨਵਰੀ-ਮਾਰਚ 2026) ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ.ਜਗਦੀਪ ਸਿੰਘ ਸੰਧੂ ਨੇ ਦੱਸਿਆ ਕਿ ਇਸ ਅੰਕ ਦੇ ਗੁਣਾਤਮਿਕ ਤੇ ਸਾਹਿਤਕ ਮਿਆਰ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਮੂਹ ਸਾਹਿਤਕਾਰਾਂ/ਲੇਖਕਾਂ ਪਾਸੋਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਜੀ ਦੀਆਂ ਪ੍ਰਾਪਤੀਆਂ/ਸਾਹਿਤ (ਕਵਿਤਾ,ਕਹਾਣੀ, ਜੀਵਨੀ) ਤੇ ਪੰਜਾਬ ਦੀ ਸਿਆਸਤ ਵਿੱਚ ਪਾਏ ਯੋਗਦਾਨ ਤੋਂ ਇਲਾਵਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਕਾਸ ਵਿੱਚ ਪਾਏ ਯੋਗਦਾਨ ਸੰਬੰਧੀ ਲੇਖ ਮਿਤੀ 10 ਫ਼ਰਵਰੀ 2026 ਤੱਕ ਭੇਜਣ ਲਈ ਬੇਨਤੀ ਕੀਤੀ ਜਾਂਦੀ ਹੈ। ਰਚਨਾਵਾਂ ਭੇਜਣ ਵੇਲੇ ਲੇਖਕ ਵੱਲੋਂ ਰਚਨਾ ਦੇ ਮੌਲਿਕ ਤੇ ਅਣ-ਪ੍ਰਕਾਸ਼ਿਤ ਹੋਣ ਸਬੰਧੀ ਤਸਦੀਕ ਕਰਕੇ ਸਰਟੀਫਿਕੇਟ ਭੇਜਿਆ ਜਾਵੇ ਅਤੇ ਨਾਲ ਹੀ ਆਪਣਾ ਪੂਰਾ ਪਤਾ ਤੇ ਫੋਨ ਨੰਬਰ ਦਰਜ ਕੀਤਾ ਜਾਵੇ। ਰਚਨਾਵਾਂ ਵਿਭਾਗ ਦੀ ਈ.ਮੇਲ ਆਈ.ਡੀ. punjabi rasala. pb languages @gmail.com ਤੇ dlo. fzr. AH@gmail.com 'ਤੇ ਭੇਜੀਆਂ ਜਾਣ। ਵਧੇਰੇ ਜਾਣਕਾਰੀ ਲਈ ਰਸਾਲੇ ਦੇ ਸੰਪਾਦਕ ਦੇ ਫੋਨ ਨੰਬਰ 88725-11179 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਸਮੂਹ ਲੇਖਕਾਂ/ਸਾਹਿਤਕਾਰਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਰਚਨਾਵਾਂ ਭੇਜਣ ਵੇਲੇ ਰਚਨਾ ਦੇ ਮਿਆਰੀ ਤੇ ਸਾਹਿਤਕ ਪੱਖਾਂ ਵੱਲ ਵਿਸ਼ੇਸ਼ ਧਿਆਨ ਤਵੱਜੋ ਦੇਣ।

# ਜ਼ਿਲ੍ਹਾ ਪੱਤਰਕਾਰ ਯੂਨੀਅਨ ਵੱਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ



ਸ੍ਰੀ ਫਤਹਿਗੜ੍ਹ ਸਾਹਿਬ, 15 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਮੀਡੀਆ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਅਹਿਮ ਰੋਲ ਅਦਾ ਕਰਦਾ ਹੈ, ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਹਨ, ਇਸ ਲਈ ਸਾਰਿਆਂ ਨੂੰ ਮੀਡੀਏ ਨੂੰ ਬਣਦਾ ਮਾਨ ਸਤਿਕਾਰ ਦੇਣਾ ਚਾਹੀਦਾ ਹੈ ਤੇ ਪੱਤਰਕਾਰਾਂ ਨੂੰ ਵੀ ਧੜੱਲੇ ਤੇ ਇਮਾਨਦਾਰੀ ਨਾਲ ਸੱਚਾਈ ਲੋਕਾਂ ਸਾਹਮਣੇ ਲਿਆਉਣੀ ਚਾਹੀਦੀ ਹੈ। ਇਹ ਪ੍ਰਗਟਾਵਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ, ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ, ਐਸਡੀਐਮ ਸੂਬਾ ਸਿੰਘ, ਤਹਿਸੀਲਦਾਰ ਪਰਮਪ੍ਰੀਤ ਸਿੰਘ, ਨਾਇਬ ਤਹਿਸੀਲਦਾਰ ਅੰਕਿਤ ਮਹਾਜਨ ਨੇ ਜ਼ਿਲ੍ਹਾ ਪੱਤਰਕਾਰ ਯੂਨੀਅਨ ਦੇ ਪ੍ਰਧਾਨ ਰਣਬੀਰ ਕੁਮਾਰ ਜੱਜੀ, ਜ਼ਿਲ੍ਹਾ ਜਨਰਲ ਸਕੱਤਰ ਬਿਕਰਮਜੀਤ ਸਹੋਤਾ ਤੇ ਸ਼੍ਰੋਮਣੀ ਪੱਤਰਕਾਰ ਭੂਸ਼ਨ ਸੂਦ ਦੀ ਅਗਵਾਈ ਵਿੱਚ ਹੋਏ ਇੱਕ ਸਮਾਗਮ ਦੌਰਾਨ ਜ਼ਿਲ੍ਹਾ ਪੱਤਰਕਾਰ ਯੂਨੀਅਨ ਦਾ ਨਵੇਂ ਸਾਲ 2026 ਦਾ ਕੈਲੰਡਰ ਜਾਰੀ ਕਰਨ ਮੌਕੇ ਕੀਤਾ। ਇਸ ਮੌਕੇ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਭਰੋਸਾ ਦਿੱਤਾ ਕਿ ਉਹ ਪੱਤਰਕਾਰਾਂ ਦੀਆਂ ਮੁਸ਼ਕਲਾਂ ਦਾ ਹੱਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿਚ ਲਿਆ ਕੇ ਕਰਵਾਉਣਗੇ। ਸਟੇਜ ਸਕੱਤਰ ਦਾ ਫਰਜ਼ ਬਿਕਰਮਜੀਤ ਸਿੰਘ ਸਹੋਤਾ ਨੇ ਬਾਖੂਬੀ ਨਿਭਾਇਆ। ਜ਼ਿਲ੍ਹਾ ਪ੍ਰਧਾਨ ਰਣਬੀਰ ਕੁਮਾਰ ਜੱਜੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ।

ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਅਮਨਦੀਪ ਸਿੰਘ, ਸਰਪ੍ਰਸਤ ਰਾਮ ਸਰਨ ਸੂਦ, ਗੁਰਪ੍ਰੀਤ ਸਿੰਘ ਮਹਿਕ, ਬਲਾਕ ਸਰਹਿੰਦ ਦੇ ਪ੍ਰਧਾਨ ਰੁਪਿੰਦਰ ਸ਼ਰਮਾ, ਬਲਾਕ ਖਮਾਣੋਂ ਦੇ ਪ੍ਰਧਾਨ ਰਾਜੀਵ ਤਿਵਾੜੀ, ਬਲਾਕ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਇੰਦਰਜੀਤ ਸਿੰਘ ਮੱਗੋ, ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਮਨਪ੍ਰੀਤ ਸਿੰਘ, ਬਲਾਕ ਖੇੜਾ ਦੇ ਪ੍ਰਧਾਨ ਰੂਪ ਨਰੇਸ਼, ਬਲਾਕ ਬਸੀ ਪਠਾਣਾ ਦੇ ਪ੍ਰਧਾਨ ਰਾਜ ਕਮਲ ਸ਼ਰਮਾ, ਬਲਾਕ ਅਮਲੋਹ ਦੇ ਪ੍ਰਧਾਨ ਗ੍ਰਿਸ਼ੂ ਡੱਲਾ, ਬਲਾਕ ਚਨਾਰਥਲ ਕਲਾਂ ਦੇ ਪ੍ਰਧਾਨ ਕਪਿਲ ਬਿੱਟੂ, ਸ਼ਮਸ਼ੇਰ ਸਿੰਘ, ਪ੍ਰਦੀਪ ਸਿੰਘ ਢਿੱਲੋਂ, ਪਰਮਜੀਤ ਸਿੰਘ ਸਹੋਤਾ, ਪਰਮੋਦ ਕੁਮਾਰ ਸ਼ਰਮਾ ਹਾਜ਼ਰ ਸਨ।

# ਨਗਰ ਕੌਂਸਲ ਨੇ ਚਾਈਨਾ ਡੋਰ ਸਬੰਧੀ ਕੀਤਾ ਜਾਗਰੂਕ



ਭੋਗਪੁਰ, 15 ਜਨਵਰੀ (ਜੰਡੀਰ ਸੈਣੀ): ਨਗਰ ਕੌਂਸਲ ਭੋਗਪੁਰ ਕਾਰਜ ਸਾਧਕ ਅਫਸਰ ਰਾਜੀਵ ਕੁਮਾਰ ਓਬਰਾਏ ਦੀ ਰਹਿਨੁਮਾਈ ਹੇਠ ਅੱਜ ਭੋਗਪੁਰ ਸ਼ਹਿਰ ਵਿੱਚ ਦੁਕਾਨਾਂ ਤੋਂ ਪੁੱਛ ਪੜਤਾਲ ਕੀਤੀ ਗਈ ਕਿਉਂਕਿ ਸਰਕਾਰ ਵੱਲੋਂ ਹਦਾਇਤਾਂ ਹਨ ਕਿ ਚਾਈਨਾ ਡੋਰ ਕਿਸੇ ਵੀ ਦੁਕਾਨ 'ਤੇ ਨਹੀਂ ਵਿਕਣ ਦਿੱਤੀ ਜਾਵੇ ਤੇ ਅੱਜ ਨਗਰ ਕੌਂਸਲ ਭੋਗਪੁਰ ਦੀ ਟੀਮ ਵੱਲੋਂ ਸ਼ਹਿਰ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਚਾਈਨਾ ਡੋਰ ਦੇ ਨਾਲ ਪੰਜਾਬ ਵਿੱਚ ਕਾਫੀ ਹਾਦਸੇ ਵਾਪਰੇ ਹਨ, ਬਹੁਤ ਸਾਰੇ ਲੋਕ ਜ਼ਖਮੀ ਹੋਏ ਹਨ ਤੇ ਕਈਆਂ ਦੀ ਮੌਤ ਵੀ ਹੋ ਚੁੱਕੀ ਹੈ ਤੇ ਅੱਜ ਨਗਰ ਕੌਂਸਲ ਭੋਗਪੁਰ ਦੀ ਟੀਮ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ 'ਤੇ ਸੀਐਫ ਸੁਨੀਤਾ ਰਾਣੀ,ਅਵਤਾਰ ਸਿੰਘ ਪੈਸਕੋ ਸੁਪਰਵਾਈਜ਼ਰ ਤੇ ਅਸ਼ੋਕ ਕੁਮਾਰ ਮੋਟੀਵੇਟਰ ਹਾਜ਼ਰ ਸਨ।

# ਸਤੀਸ਼ ਕੁਮਾਰ ਪਰੂਥੀ ਨੂੰ ਦਿੱਤੀ ਹੰਝੂਆਂ ਭਰੀ ਵਿਦਾਇਗੀ



ਫਾਜ਼ਿਲਕਾ, 15 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਰਾਜ ਕੁਮਾਰ ਪਰੂਥੀ, ਕਸ਼ਮੀਰੀ ਲਾਲ ਪਰੂਥੀ ਤੇ ਵਿਜੇ ਕੁਮਾਰ ਪਰੂਥੀ ਦੇ ਭਰਾ ਤੇ ਸੀਪੀਓ ਕੌਸ਼ਲ ਪਰੂਥੀ ਦੇ ਚਾਚਾ ਜੀ ਤੇ ਸਰਹਦ ਕੇਸਰੀ ਦੇ ਸੰਪਾਦਕ ਮਨੋਜ ਨਾਗਪਾਲ, ਪ੍ਰਵੀਣ ਨਰੂਲਾ (ਜਲਾਲਾਬਾਦ) ਤੇ ਕਪਿਲ ਮਲਿਕ (ਮੰਸੂਰੀ) ਦੇ ਸਹੁਰਾ ਸਤੀਸ਼ ਕੁਮਾਰ ਪਰੂਥੀ ਬੀਤੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਅਕਾਲ ਚਲਾਣਾ ਕਰ ਗਏ ਸਨ।ਉਨ੍ਹਾਂ ਦਾ ਅੰਤਿਮ ਸਸਕਾਰ ਅੱਜ ਸਥਾਨਕ ਸ਼ਿਵਪੁਰੀ ਵਿਖੇ ਗ਼ਮਗੀਨ ਮਾਹੌਲ ਵਿੱਚ ਕੀਤਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਉਨ੍ਹਾਂ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ।ਇਸ ਦੁੱਖ ਦੀ ਘੜੀ ਵਿੱਚ ਪਹੁੰਚ ਕੇ ਹਲਕਾ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਸਤੀਸ਼ ਕੁਮਾਰ ਪਰੂਥੀ ਦੇ ਅਕਾਲ ਚਲਾਣੇ 'ਤੇ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।ਇਸ ਦੁੱਖ ਦੀ ਘੜੀ ਵਿੱਚ ਅਦਾਰਾ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਜ਼ਿਲ੍ਹਾ ਫ਼ਾਜ਼ਿਲਕਾ ਤੋਂ ਉਪ ਦਫ਼ਤਰ ਦੇ ਸਟਾਫ਼ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਤੇ ਜ਼ਿਲ੍ਹਾ ਇਲੈਕਟ੍ਰੋਨਿਕ ਤੇ ਪ੍ਰਿੰਟ ਮੀਡੀਆ ਐਸੋਸੀਏਸ਼ਨ ਫ਼ਾਜ਼ਿਲਕਾ ਦੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਇਸ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# ਡੇਅਰੀ ਸਿਖਲਾਈ ਕੋਰਸ 19 ਤੋਂ

ਹੁਸ਼ਿਆਰਪੁਰ, 15 ਜਨਵਰੀ (ਪਰਮਿੰਦਰ ਘੁੰਮਣ): ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿੱਚ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਵਰਿਆਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ 2 ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ 19 ਜਨਵਰੀ ਤੋਂ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ, ਜੋ ਕਿ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ ਡੇਅਰੀ ਸਿਖਲਾਈ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਹੁਸ਼ਿਆਰਪੁਰ ਮਿੰਨੀ ਸਕੱਤਰੇਤ, ਚੌਥੀ ਮੰਜ਼ਲ, ਕਮਰਾ ਨੰਬਰ 439 ਵਿਖੇ 17 ਜਨਵਰੀ 2026 ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਹਰਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਉਮੀਦਵਾਰ, ਜਿਹੜੇ ਕਿ ਘੱਟ ਤੋਂ ਘੱਟ ਪੰਜਵੀਂ ਜਮਾਤ ਪਾਸ ਹੋਣ ਤੇ ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 01882-220025 ਅਤੇ 98722-77136 'ਤੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

# ਬਾਬਾ ਬੰਦਾ ਸਿੰਘ ਬਹਾਦਰ ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ 'ਜੀ ਰਾਮ ਜੀ' ਬਿੱਲ ਦਾ ਵਿਰੋਧ



ਜ਼ੀਰਾ, 15 ਜਨਵਰੀ (ਦੀਪਕ ਭਾਰਗੋ): ਕੇਂਦਰ ਸਰਕਾਰ ਵੱਲੋਂ ਪਹਿਲਾਂ ਵੀ ਗਲਤ ਨੀਤੀਆਂ ਅਪਣਾਈਆਂ ਗਈਆਂ ਤੇ ਉਸ ਦੇ ਵਿਰੋਧ ਵਿੱਚ ਕਿਸਾਨ ਮਜ਼ਦੂਰ ਤੇ ਦੁਕਾਨਦਾਰਾਂ ਵੱਲੋਂ ਵੱਡੀ ਗਿਣਤੀ ਵਿੱਚ ਧਰਨੇ ਪ੍ਰਦਰਸ਼ਨ ਕੀਤੇ ਗਏ ਤੇ ਦਿੱਲੀ ਤੱਕ ਧਰਨੇ ਲਾਣੇ ਪਏ ਤੇ ਆਖਿਰਕਾਰ ਕੇਂਦਰ ਸਰਕਾਰ ਨੂੰ ਉਹ ਕਾਲੇ ਕਾਨੂੰਨ ਜਿਸ ਨਾਲ ਆਮ ਲੋਕਾਂ ਦਾ ਨੁਕਸਾਨ ਹੋ ਸਕਦਾ ਸੀ, ਉਹਨਾਂ ਨੂੰ ਰੱਦ ਕਰਨਾ ਪਿਆ ਤੇ ਹੁਣ ਫਿਰ ਕੇਂਦਰ ਸਰਕਾਰ ਲੋਕਾਂ ਦੀ ਲੁੱਟ ਕਾਰਪੋਰੇਟ ਘਰਾਣਿਆਂ ਦੇ ਹੱਥੋਂ ਕਰਵਾਉਣ ਲਈ ਜੈ ਰਾਮ ਜੀ ਅਤੇ ਬਿਜਲੀ ਸੋਧ ਵਰਗੇ ਲੋਕ ਮਾਰੂ ਬਿੱਲ ਲਿਆ ਰਹੀ ਹੈ, ਜਿਸ ਕਾਰਨ ਇਹਨਾਂ ਬਿੱਲਾਂ ਦਾ ਵਿਰੋਧ ਸਾਰੀਆਂ ਕਿਸਾਨ ਜਥੇਬੰਦੀਆਂ ਬੁੱਧੀਜੀਵੀਆਂ ਅਤੇ ਵਿਰੋਧੀ ਪਾਰਟੀਆਂ ਕਰ ਰਹੀਆਂ ਹਨ। ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਕਿਸਾਨ ਮਜ਼ਦੂਰ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਹਰਨੇਕ ਸਿੰਘ ਲਾਧੀਆਂ ਸੂਬਾ ਜਰਨਲ ਸਕੱਤਰ ਜਸਵੀਰ ਸਿੰਘ ਝਾਂਕਾ ਅਤੇ ਸੂਬਾ ਵਿੱਤ ਅਤੇ ਪ੍ਰੈਸ ਸਕੱਤਰ ਮੰਗਲ ਸਿੰਘ ਸੰਧੂ ਸ਼ਾਹ ਵਾਲਾ ਨੇ ਕਿਹਾ ਕਿ ਮਨਰੇਗਾ ਵਰਗੇ ਲੋਕ ਹਿਤੈਸ਼ੀ ਕਾਨੂੰਨਾਂ ਨੂੰ ਬਦਲ ਕੇ ਜੈ ਰਾਮ ਜੀ ਕਰਨ ਅਤੇ ਬਿਜਲੀ ਸੋਧ ਬਿੱਲ ਲਾਗੂ ਕਰਕੇ ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕੇ ਖਤਮ ਕੀਤੇ ਜਾ ਰਹੇ ਹਨ ਅਤੇ ਇਹ ਬਿੱਲ ਲਾਗੂ ਹੋਣ ਨਾਲ ਕਿਸਾਨ ਅਤੇ ਮਜ਼ਦੂਰਾਂ ਨੂੰ ਕਾਰਪੋਰੇਟ ਕੰਪਨੀਆਂ 'ਤੇ ਨਿਰਭਰ ਕਰਨ ਅਤੇ ਗੁਲਾਮ ਬਣਾਉਣ ਦੀ ਸਾਜਿਸ਼ ਹੈ ਕਿਸਾਨ ਆਗੂਆਂ ਨੇ ਅੱਗੇ ਗੱਲ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਨੀਤੀਆਂ ਸਿੱਧੇ ਤੌਰ 'ਤੇ ਕਿਸਾਨ ਅਤੇ ਮਜ਼ਦੂਰ ਵਿਰੋਧੀ ਹਨ ਅਤੇ ਇਹ ਕਾਨੂੰਨ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਲਿਆਂਦੇ ਜਾ ਰਹੇ ਹਨ ਅਤੇ ਸਰਕਾਰ ਬਿਜਲੀ ਸੋਧ ਦੇ ਨਾਂ 'ਤੇ ਬਿੱਲ ਲਿਆ ਕੇ ਗਰੀਬ ਕਿਸਾਨ ਅਤੇ ਮਜ਼ਦੂਰ ਨੂੰ ਮਾਰਨਾ ਚਾਹੁੰਦੀ ਹੈ ਅਤੇ ਇਹ ਬਿੱਲ ਲਾਗੂ ਕਰਕੇ ਕੇਂਦਰ ਸਰਕਾਰ ਬਿਜਲੀ ਮਹਿਕਮੇ ਨੂੰ ਪ੍ਰਾਈਵੇਟ ਕਰਨ ਦੀਆਂ ਸਕੀਮਾਂ ਬਣਾ ਰਹੀ ਹੈ ਅਤੇ ਕੇਂਦਰ ਸਰਕਾਰ ਦੀ ਸਕੀਮ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਮਾਰਨਾ ਹੈ ਕੇਂਦਰ ਸਰਕਾਰ ਪੂਰੀ ਤਰ੍ਹਾਂ ਕਾਰਪੋਰੇਟ ਘਰਾਣਿਆਂ ਦੇ ਥੱਲੇ ਲੱਗ ਚੁੱਕੀ ਹੈ ਅਤੇ ਜੇ ਇਹ ਬਿੱਲ ਲਾਗੂ ਹੋ ਗਏ ਤਾਂ ਇਸ ਨਾਲ ਹਰੇਕ ਵਰਗ ਪ੍ਰਭਾਵਿਤ ਹੋਵੇਗਾ ਅਤੇ ਬਿਜਲੀ 'ਤੇ ਆ ਰਹੀ ਸਬਸਿਡੀ ਬੰਦ ਹੋ ਜਾਵੇਗੀ, ਜਿਸ ਨਾਲ ਹਰੇਕ ਵਰਗ ਨੂੰ ਵੱਡਾ ਘਾਟਾ ਪਵੇਗਾ। ਇਸ ਲਈ ਅਸੀਂ ਬਿਜਲੀ ਸੋਧ ਬਿੱਲ ਦਾ ਅਤੇ ਜੈ ਰਾਮ ਜੀ ਵਰਗੇ ਕਾਨੂੰਨਾਂ ਦਾ ਵਿਰੋਧ ਕਰਦੇ ਹਾਂ, ਇਸ ਮੌਕੇ ਜ਼ਿਲ੍ਹਾ ਪ੍ਰੈਸ ਸਕੱਤਰ ਦੀਪਕ ਭਾਰਗੋ ਗੁਰਪ੍ਰੀਤ ਸਿੰਘ ਭੁੱਲਰ ਬਲਾਕ ਪ੍ਰਧਾਨ ਜੀਰਾ ਬਲਰਾਜ ਸਿੰਘ ਸਿੱਧੂ ਮੈਂਬਰ ਜ਼ਿਲ੍ਹਾ ਕਮੇਟੀ ਗੁਰਮੇਲ ਸਿੰਘ ਸੰਧੂ ਸਾਬਕਾ ਸਰਪੰਚ ਮੈਂਬਰ ਲਖਵੀਰ ਸਿੰਘ ਲੰਬਰਦਾਰ ਸਲਾਹਕਾਰ ਜ਼ੀਰਾ ਬਲਜਿੰਦਰ ਸਿੰਘ ਸੰਧੂ ਮੀਤ ਪ੍ਰਧਾਨ ਬਲਾਕ ਜ਼ੀਰਾ ਹਰਿਮੰਦਰ ਸਿੰਘ ਸੰਧੂ ਵਿਤ ਸਕੱਤਰ ਜ਼ੀਰਾ, ਕੌਰਾ ਸਿੰਘ ਸੰਧੂ ਮੈਂਬਰ ਗੁਰਪ੍ਰੀਤ ਸਿੰਘ ਬਰਾੜ ਮੈਂਬਰ ਮਨਿੰਦਰ ਸਿੰਘ ਸੰਧੂ ਮੈਂਬਰ ਆਦਿ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ।

# ਐਸ.ਐਸ.ਪੀ. ਵੱਲੋਂ ਥਾਣਾ ਸਮਰਾਲਾ ਦਾ ਅਚਨਚੇਤ ਨਿਰੀਖਣ

ਲੁਧਿਆਣਾ, 15 ਜਨਵਰੀ (ਵਿਸ਼ਾਲ ਸ਼ਰਮਾ): ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ) ਖੰਨਾ ਡਾ. ਦਰਪਣ ਆਹਲੂਵਾਲੀਆ ਆਈ.ਪੀ.ਐਸ ਨੇ ਬੁੱਧਵਾਰ ਨੂੰ ਸਬ ਡਵੀਜ਼ਨ ਸਮਰਾਲਾ ਦੇ ਥਾਣਾ ਸਮਰਾਲਾ ਦਾ ਅਚਨਚੇਤ ਨਿਰੀਖਣ ਕੀਤਾ, ਤਾਂ ਜੋ ਡਿਊਟੀ ਪ੍ਰੋਟੋਕੋਲ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾ ਸਕੇ ਅਤੇ ਜਨਤਕ ਭਲਾਈ ਨੂੰ ਵਧਾਇਆ ਜਾ ਸਕੇ।



ਸੀਨੀਅਰ ਪੁਲਿਸ ਕਪਤਾਨ ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਡੀ.ਐਸ.ਪੀ ਸਮਰਾਲਾ ਤਰਲੋਚਨ ਸਿੰਘ ਦੇ ਨਾਲ ਥਾਣਾ ਸਮਰਾਲਾ ਦੇ ਐਸ.ਐਚ.ਓ ਹਰਵਿੰਦਰ ਸਿੰਘ ਅਤੇ ਆਈ.ਓਜ਼ ਨਾਲ ਕਰਾਈਮ ਮੀਟਿੰਗ ਵੀ ਕੀਤੀ। ਇਸ ਮੀਟਿੰਗ ਵਿੱਚ ਥਾਣਿਆਂ ਵਿੱਚ ਲੰਬਿਤ ਪਏ ਕੇਸਾਂ ਦੇ ਨਿਪਟਾਰੇ ਲਈ ਹਦਾਇਤਾਂ ਦਿੱਤੀਆਂ ਗਈਆਂ ਅਤੇ ਅਪਰਾਧ ਅਤੇ ਅਮਨ-ਕਾਨੂੰਨ ਦੇ ਅਹਿਮ ਮਾਪਦੰਡਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਦੀ ਸੁਚੱਜੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਐਸ.ਐਸ.ਪੀ ਖੰਨਾ ਨੇ ਸਬ ਡਵੀਜ਼ਨ ਸਮਰਾਲਾ ਦੇ ਥਾਣਾ ਸਮਰਾਲਾ ਦੇ ਨਿਰੀਖਣ ਦੌਰਾਨ ਉਨ੍ਹਾਂ ਦੇ ਸਥਾਨਕ ਅਪਰਾਧਾਂ ਅਤੇ ਹੋਰ ਲੋੜਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਨਾਲ ਹੀ ਸਬੰਧਤ ਖੇਤਰ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਦੌਰੇ ਦੌਰਾਨ ਡਾ. ਦਰਪਣ ਆਹਲੂਵਾਲੀਆ ਨੇ ਲਾਕ-ਅੱਪ, ਹੈਲਪ ਡੈਸਕ, ਵਾਇਰਲੈੱਸ ਰੂਮ, ਮੁਨਸ਼ੀ ਰੂਮ, ਸੀ.ਸੀ.ਟੀ.ਐਨ.ਐਸ ਰੂਮ, ਰਸੋਈ, ਦਫਤਰ ਐਸ.ਐਚ.ਓ ਅਤੇ ਪਖਾਨੇ ਆਦਿ ਸਮੇਤ ਮੁੱਖ ਖੇਤਰਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ।ਉਨ੍ਹਾਂ ਨੇ ਪੁਲਿਸ ਕਰਮਚਾਰੀਆਂ ਦੇ ਰਿਕਾਰਡ ਦੀ ਵੀ ਜਾਂਚ ਕੀਤੀ ਅਤੇ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਨਿਰਦੇਸ਼ ਜਾਰੀ ਕੀਤੇ। ਜਨਤਕ ਆਰਾਮ 'ਤੇ ਜ਼ੋਰ ਦਿੰਦੇ ਹੋਏ ਐਸ.ਐਸ.ਪੀ ਨੇ ਅਧਿਕਾਰੀਆਂ ਨੂੰ ਲੋਕਾਂ ਲਈ ਢੁਕਵੀਂ ਬੈਠਣ, ਸਾਫ਼ ਬਾਥਰੂਮ-ਟਾਇਲਟ ਅਤੇ ਸ਼ੁੱਧ ਪੀਣ ਵਾਲੇ ਪਾਣੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਨੇ ਬਜ਼ੁਰਗ ਵਿਅਕਤੀਆਂ ਅਤੇ ਔਰਤਾਂ ਦੀਆਂ ਸ਼ਿਕਾਇਤਾਂ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਅਤੇ ਜਲਦੀ ਨਾਲ ਹੱਲ ਕਰਨ ਦੀ ਮਹੱਤਤਾ'ਤੇ ਜ਼ੋਰ ਦਿੱਤਾ। ਆਪਣੀ ਅਚਨਚੇਤ ਜਾਂਚ ਦੇ ਉਦੇਸ਼ ਬਾਰੇ ਦੱਸਦੇ ਹੋਏ ਡਾ. ਦਰਪਣ ਆਹਲੂਵਾਲੀਆ ਨੇ ਕਿਹਾ, "ਮੈਂ ਕਾਰਵਾਈਆਂ ਦਾ ਮੁਲਾਂਕਣ ਕਰਨ, ਕਮੀਆਂ ਨੂੰ ਦੂਰ ਕਰਨ ਅਤੇ ਜਨਤਕ ਸੇਵਾ ਪ੍ਰਤੀ ਸਾਡੀ ਵਚਨਬੱਧਤਾ ਨੂੰ ਮਜ਼ਬੂਤ ਕਰਨ ਲਈ ਨਿੱਜੀ ਤੌਰ'ਤੇ ਪੁਲਿਸ ਥਾਣਿਆਂ ਦਾ ਦੌਰਾ ਕਰ ਰਹੀ ਹਾਂ। ਸਾਡੀਆਂ ਤਰਜੀਹਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਇੱਕ ਸੁਰੱਖਿਅਤ ਪੰਜਾਬ ਨੂੰ ਯਕੀਨੀ ਬਣਾਉਣ ਲਈ ਨਸ਼ਿਆਂ ਅਤੇ ਗੈਂਗ ਗਤੀਵਿਧੀਆਂ ਵਿਰੁੱਧ ਯਤਨ ਤੇਜ਼ ਕਰਨਾ ਸ਼ਾਮਲ ਹੈ।ਉਨ੍ਹਾਂ ਨੇ ਪੰਜਾਬ ਪੁਲਿਸ ਦੇ ਜ਼ਮੀਨੀ ਪੱਧਰ 'ਤੇ ਪੁਲਿਸਿੰਗ ਨੂੰ ਬਿਹਤਰ ਬਣਾਉਣ ਅਤੇ ਮਜ਼ਬੂਤ ਭਾਈਚਾਰਕ ਸਬੰਧਾਂ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕਰਨ 'ਤੇ ਜ਼ੋਰ ਦਿੱਤਾ। ਡਾ.ਆਹਲੂਵਾਲੀਆ ਨੇ ਪੁਸ਼ਟੀ ਕੀਤੀ ਕਿ ਅਜਿਹੇ ਨਿਰੀਖਣ ਪੁਲਿਸ ਜ਼ਿਲ੍ਹਾ ਖੰਨਾ ਭਰ ਵਿੱਚ ਕਾਨੂੰਨ ਲਾਗੂ ਕਰਨ ਅਤੇ ਜਨਤਕ ਭਲਾਈ ਦੇ ਉੱਚ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਜਾਰੀ ਰਹਿਣਗੇ।

# ਸਰਕਾਰੀ ਕਾਲਜ ਵਿੱਚ ਧੀਆਂ ਦੀ ਲੋਹੜੀ ਮਨਾਈ

ਲੁਧਿਆਣਾ, 15 ਜਨਵਰੀ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਪ੍ਰਸ਼ਾਸਨ, ਲੁਧਿਆਣਾ ਅਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਸਰਕਾਰੀ ਕਾਲਜ (ਲੜਕੀਆਂ) ਲੁਧਿਆਣਾ ਦੇ ਆਡੀਟੋਰੀਅਮ ਵਿੱਚ ਵੀਰਵਾਰ ਨੂੰ 111 ਨਵਜੰਮੀਆਂ ਧੀਆਂ ਦੀ ਲੋਹੜੀ ਮਨਾਉਣ ਲਈ ਜ਼ਿਲ੍ਹਾ ਪੱਧਰੀ ਸਮਾਗਮ ਆਯੋਜਿਤ ਕੀਤਾ। ਇਸ ਉਪਰਾਲੇ ਦਾ ਮਕਸਦ ਲਿੰਗ ਸਮਾਨਤਾ ਦਾ ਸੰਦੇਸ਼ ਦੇਣਾ ਅਤੇ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਨੂੰ ਉਤਸ਼ਾਹਿਤ ਕਰਨਾ ਸੀ। ਇਸ ਸਮਾਗਮ ਵਿੱਚ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਅਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਕਾਲਜ ਦੇ ਵਿਹੜੇ ਵਿੱਚ ਰਵਾਇਤੀ ਢੰਗ ਨਾਲ ਲੋਹੜੀ ਦੀ ਅੱਗ ਬਾਲ ਕੇ ਮਨਾਇਆ ਗਿਆ, ਜੋ ਲੋਹੜੀ ਤਿਉਹਾਰ ਦੀ ਗਰਮਜੋਸ਼ੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਇਸ ਮੌਕੇ ਵਿਧਾਇਕ, ਡਿਪਟੀ ਕਮਿਸ਼ਨਰ ਅਤੇ ਪਰਿਵਾਰਾਂ ਵੱਲੋਂ ਨਵਜੰਮੀਆਂ ਧੀਆਂ ਦੇ ਉੱਜਲੇ ਭਵਿੱਖ ਲਈ ਕਾਮਨਾ ਕੀਤੀ ਗਈ ਅਤੇ ਬੱਚੀਆਂ ਦੀਆਂ ਮਾਵਾਂ ਨੂੰ ਤੋਹਫ਼ੇ ਅਤੇ ਮਿਠਾਈਆਂ ਭੇਟ ਕੀਤੀਆਂ ਗਈਆਂ। ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕਿਹਾ ਕਿ ਨਵਜੰਮੀਆਂ ਬੱਚੀਆਂ ਨੂੰ ਸਮਾਜ ਵਿੱਚ ਸਮਾਨਤਾ ਦਾ ਅਧਿਕਾਰ ਦਿਵਾਉਣ ਅਤੇ ਸੂਬੇ ਦੇ ਲਿੰਗ ਅਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਲਈ ਧੀਆਂ ਦੀ ਲੋਹੜੀ ਮਨਾਉਣਾ ਸਮੇਂ ਦੀ ਅਹਿਮ ਲੋੜ ਹੈ। ਧੀਆਂ ਇਸ ਦੇਸ਼ ਦੀ ਧਰੋਹਰ ਹਨ। ਜੇਕਰ ਦੇਸ਼ ਨੇ ਕਿਸੇ ਵੀ ਤਰ੍ਹਾਂ ਦੀ ਤਰੱਕੀ ਕਰਨੀ ਹੈ ਤਾਂ ਉਹ ਧੀਆਂ ਤੋਂ ਬਗੈਰ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਅੱਜ ਦਾ ਸਮਾਗਮ ਧੀਆਂ ਨੂੰ ਸਮਰਪਿਤ ਹੈ। ਕੋਈ ਅਜਿਹਾ ਖੇਤਰ ਨਹੀਂ ਜਿੱਥੇ ਧੀਆਂ ਦਾ ਯੋਗਦਾਨ ਨਾ ਹੋਵੇ। ਅੱਜ ਦੀਆਂ ਧੀਆਂ ਮਾਹਰ ਡਾਕਟਰ, ਪਾਇਲਟ, ਸਾਇੰਸਦਾਨ ਅਤੇ ਪ੍ਰੋਫੈਸਰ ਹਨ। ਸਮਾਜ ਵਿੱਚ ਧੀਆਂ ਦਾ ਸਤਿਕਾਰ ਸਭ ਤੋਂ ਪਹਿਲੇ ਨੰਬਰ 'ਤੇ ਹੈ। ਗੁਰੂ ਸਾਹਿਬ ਨੇ ਵੀ ਆਖਿਆ ਹੈ, ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਜਿਸ ਦੀ ਕੁੱਖ ਤੋਂ ਇਸ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ ਉਸ ਨੂੰ ਮੰਦਾ ਕਿਵੇਂ ਕਹਿ ਸਕਦੇ ਹਾਂ। ਅਸੀਂ ਦਿਲੋਂ ਚਾਹੁੰਦੇ ਹਾਂ ਕਿ ਧੀਆਂ ਨੂੰ ਹਰ ਖੇਤਰ ਵਿੱਚ ਅੱਗੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਹੁਤ ਖੇਤਰਾਂ ਵਿੱਚ ਧੀਆਂ ਅੱਜ ਮੁੰਡਿਆਂ ਤੋਂ ਅੱਗੇ ਲੰਘ ਚੁੱਕੀਆਂ ਹਨ। ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਧੀਆਂ ਦੇ ਸਤਿਕਾਰ ਅਤੇ ਨਾਰੀ ਸਸ਼ਕਤੀਕਰਨ ਤਹਿਤ ਅਨੇਕਾਂ ਪਹਿਲਕਦਮੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿੰਗ ਅਨੁਪਾਤ ਵਿੱਚ ਸੁਧਾਰ ਲਿਆਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।




ਇਸ ਮੌਕੇ ਕਾਲਜ ਦੀ ਵਿਦਿਆਰਥਣ ਆਵਾਜ਼ ਕੌਰ ਅਤੇ ਮਿਰਦੁਲਪ੍ਰੀਤ ਕੌਰ ਨੇ ਲੋਕ ਗੀਤ ਦੀ ਪੇਸ਼ਕਾਰੀ ਦਿੱਤੀ ਅਤੇ ਹੋਰ ਵਿਦਿਆਰਥਣਾਂ ਵੱਲੋਂ ਗਿੱਧਾ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕਰਮਜੀਤ ਸਿੰਘ ਗਰੇਵਾਲ (ਨੈਸ਼ਨਲ ਅਵਾਰਡੀ) ਨੇ ਬਾਖ਼ੂਬੀ ਨਿਭਾਈ। ਸਮਾਗਮ ਦੌਰਾਨ ਸਾਕਸ਼ੀ ਅਰੋੜਾ, ਵਿਕਾਸ ਪਰਾਸ਼ਰ, ਐਡਵੋਕੇਟ ਸਰਤਾਜ ਸਿੰਘ, ਕੌਂਸਲਰ ਸਿਮਰਨ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਮੀਤ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਮਨਦੀਪ ਸਿੰਘ, ਕਾਲਜ ਦੇ ਅਧਿਆਪਕਾਂ ਸਮੇਤ ਵੱਡੀ ਗਿਣਤੀ 'ਚ ਲੜਕੀਆਂ ਹਾਜ਼ਰ ਸਨ।

# 12 ਸਿਖਲਾਈ ਦੇ 50 ਸਾਲ ਪੂਰੇ ਹੋਣ 'ਤੇ ਜਸ਼ਨ ਮਨਾਇਆ



ਲੁਧਿਆਣਾ, 15 ਜਨਵਰੀ (ਰਵਿੰਦਰ ਸਿੰਘ ਨਿੱਝਰ) : ਸਾਬਕਾ ਆਰਮੀ ਅਫਸਰਾਂ ਵੱਲੋਂ ਮਲੇਰਕੋਟਲਾ ਰੋਡ ਵਿਖੇ 12 ਸਿਖਲਾਈ ਦੇ 50 ਸਾਲ ਪੂਰੇ ਹੋਣ 'ਤੇ ਜਸ਼ਨ ਮਨਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਜਗਜੀਤ ਸਿੰਘ ਅਰੋੜਾ ਪਹੁੰਚੇ।ਸਭ ਤੋਂ ਪਹਿਲਾਂ ਯੂਨਿਟ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਸ ਤੋਂ ਬਾਅਦ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਸਾਬਕਾ ਸੈਨਿਕਾਂ ਨੂੰ ਕੈਪਟਨ ਮਲਕੀਤ ਸਿੰਘ ਵਾਲੀਆ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਉਪਰੰਤ ਗੋਲਡਨ ਜੁਬਲੀ ਸਮਾਗਮ 'ਤੇ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਮਤਲਬ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਉਸ ਉਪਰੰਤ ਸੱਜਣਾਂ ਨੇ ਆਰਮੀ ਅਫਸਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ । ਪ੍ਰੋਗਰਾਮ ਵਿੱਚ ਪਹੁੰਚੇ ਕੈਪਟਨ ਗੁਰਦੇਵ ਸਿੰਘ, ਸੂਬੇਦਾਰ ਮੇਜਰ ਰਘਬੀਰ ਸਿੰਘ, ਸੂਬੇਦਾਰ ਇੰਦਰਜੀਤ ਸਿੰਘ, ਸੂਬੇਦਾਰ ਨਾਹਰ ਸਿੰਘ, ਕੈਪਟਨ ਕੁਲਵੰਤ ਸਿੰਘ, ਹੌਲਦਾਰ ਜਿੰਦਰ ਸਿੰਘ, ਹੌਲਦਾਰ ਕਰਮਜੀਤ ਸਿੰਘ, ਹੌਲਦਾਰ ਮਨਜੀਤ ਸਿੰਘ, ਹੌਲਦਾਰ ਲਖਵਿੰਦਰ ਸਿੰਘ, ਸੂਬੇਦਾਰ ਜਗਤਾਰ ਸਿੰਘ ਖਾਮਾਣੋ, ਹੌਲਦਾਰ ਬਲਜਿੰਦਰ ਸਿੰਘ, ਹੌਲਦਾਰ ਦਰਬਾਰਾ ਸਿੰਘ, ਸੂਬੇਦਾਰ ਰਣਧੀਰ ਸਿੰਘ, ਹੌਲਦਾਰ ਕੁਲਦੇਵ ਸਿੰਘ, ਹੌਲਦਾਰ ਜਗਤਾਰ ਸਿੰਘ ਭੁੱਲਰ, ਸੂਬੇਦਾਰ ਜਗਤਾਰ ਸਿੰਘ, ਨਾਇਬ ਸੂਬੇਦਾਰ ਅਜਮੇਰ ਸਿੰਘ ਆਦਿ ਹਾਜ਼ਰ ਸਨ।

# ਜਵੱਦੀ ਟਕਸਾਲ ਵਿਖੇ ਮਰਿਯਾਦਾ ਅਨੁਸਾਰ ਬਸੰਤ ਰਾਗ ਗਾਇਨ ਦੀ ਆਰੰਭਤਾ ਹੋਈ




ਲੁਧਿਆਣਾ, 15 ਜਨਵਰੀ (ਜਤਿੰਦਪਾਲ ਸਿੰਘ ਛਾਬੜਾ): ਪੱਛਮੀ ਸੰਗੀਤ ਅਤੇ ਗੁਰਮਿਤ ਰਾਗੀ ਰੂਹਾਨੀ ਸੰਗੀਤ 'ਚ ਫੈਲਾਏ ਜਾ ਰਹੇ ਪ੍ਰਦੂਸ਼ਣ ਤੋਂ ਕੌਮ ਨੂੰ ਭਵਿੱਖ ਦੀਆਂ ਚਣੌਤੀਆਂ ਤੋਂ ਅਜਿਹੀ ਵੰਗਾਰਾਂ ਨੂੰ ਸਮਝਦਿਆਂ ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਅਤੇ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਬਸੰਤ ਰਾਗ ਦੀ ਮਹਾਨਤਾ ਨੂੰ ਸਮਝਦਿਆਂ ਮਰਿਆਦਾ ਅਨੁਸਾਰ ਬਸੰਤ ਰਾਗ ਗਾਇਨ ਦੀ ਆਰੰਭਤਾ ਹੋਈ। ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਜੁੜੀਆਂ ਸੰਗਤਾਂ ਸਨਮੁੱਖ ਬਾਰਹ ਮਾਹ ਤੁਖਾਰੀ ਛੰਤ, ਬਾਰਹ ਮਾਹ ਮਾਂਝ ਅਤੇ ਦਸਮ ਬਾਣੀ ਵਿਚਲੇ ਬਾਰਹ ਮਾਹ ਪਾ:੧੦ ਮਾਘ ਮਹੀਨੇ ਦੀਆਂ ਪਾਵਨ ਪੰਕਤੀਆਂ ਦੁਆਰਾ ਜੀਵਨ ਦੇ ਪੜਾਅ ਅਤੇ ਰੂਹਾਨੀ ਪੱਖ ਤੋਂ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਸਮਰਪਿਤ ਟੁੱਟੀ ਗੰਢਣਹਾਰ ਸਤਿਗੁਰੂ ਜੀ ਦੇ ਪਾਵਨ ਬਚਨ ਅਤੇ ਭਾਈ ਮਹਾਂ ਸਿੰਘ ਦੀ ਅੰਤਿਮ ਇੱਛਾ, ਚਾਲੀ ਮੁਕਤਿਆਂ ਦੀ ਸੁਰਜੀਤੀ ਅਤੇ ਵੀਰਤਾ ਭਰਪੂਰ ਸ਼ਹੀਦੀ ਦੇ ਸਬੰਧ 'ਚ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਮਰਿਆਦਾ ਅਨੁਸਾਰ ਆਰੰਭ ਹੋਏ ਬਸੰਤ ਰਾਗ ਸਬੰਧੀ ਉਚੇਚੇ ਵਿਚਾਰ ਪ੍ਰਗਟਾਉਦਿਆਂ ਸਮਝਾਇਆ ਕਿ ਗੁਰਮਤਿ ਸੰਗੀਤ ਅੰਦਰ ਰਾਗ ਨੂੰ ਬਹੁਤ ਮਹਾਨਤਾ ਹੈ ਅਤੇ ਰਾਗਾਂ ਵਿੱਚੋਂ ਬਸੰਤ ਰਾਗ ਨੂੰ ਬਹੁਤ ਮਹਾਨਤਾ ਹੈ। ਬੇਸ਼ੱਕ ਬਸੰਤ ਰਾਗ ਦਾ ਸਾਰਾ ਸਾਲ ਗਾਇਨ ਨਹੀਂ ਹੁੰਦਾ, ਪਰ ਇਹ ਹੀ ਇਕਲੌਤਾ ਰਾਗ ਹੈ, ਜਿਸ ਦੀ ਆਰੰਭਤਾ ਲੋਹੜੀ ਦੀ ਰਾਤ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਖੇ ਅਰਦਾਸ ਉਪਰੰਤ ਇਸ ਰਾਗ ਦੇ ਗਾਇਨ ਨਾਲ ਆਰੰਭਤਾ ਹੁੰਦੀ ਹੈ ਅਤੇ ਹੋਲੇ ਮਹੱਲੇ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਬਸੰਤ ਰਾਗ ਦੀ ਸਮਾਪਤੀ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਬਸੰਤ ਰਾਗ ਬਹੁਤ ਹੀ ਆਨੰਦਮਈ ਰਾਗ ਹੈ। ਮਹਾਂਪੁਰਸ਼ਾਂ ਨੇ ਹਲੂਣੇ ਦਿੰਦੇ ਬੋਲਾਂ ਰਾਹੀਂ ਸੰਦੇਸ਼ ਦਿੱਤਾ ਕਿ ਅਸੀਂ ਦੀ ਫਾਸਟ ਟਰੈਕ ਵਾਲੀ ਜ਼ਿੰਦਗੀ ਵਿਚੋਂ ਕੁਝ ਵਕਤ ਕੱਢਕੇ ਫਾਸਟ ਫੂਡ ਅਤੇ ਫਾਸਟ ਮਿਊਜ਼ਿਕ ਨੂੰ ਪਿਛਾਂਹ ਛੱਡਦੇ। ਹੋਏ ਵਾਪਿਸ ਆਪਣੇ ਸ਼ਾਨਾਮੱਤੇ ਅਮੀਰ ਵਿਰਸੇ ਵਿਚੋਂ ਰੂਹਾਨੀ ਧੁਨਾਂ, ਦੇਸੀ ਪਕਵਾਨਾਂ ਭਾਵ ਸਿਹਤਮੰਦ ਖੁਰਾਕ ਅਤੇ ਸਭਿਆਚਾਰਕ ਪਹਿਰਾਵੇ ਨੂੰ ਆਪਣੀ ਜੀਵਨ ਸ਼ੈਲੀ ਨੂੰ ਜ਼ਿੰਦਗੀ ਦਾ ਜਰੂਰੀ ਅੰਗ ਬਣਾਈਏ। ਟਕਸਾਲ ਦੇ ਵਿਦਿਆਰਥੀਆਂ ਵਲੋਂ ਅਨੰਦਮਈ ਗਾਇਨ ਬਸੰਤ ਰਾਗ ਦੀਆਂ ਕੰਨੀਂ ਗੂੰਜਾਂ ਪਈਆਂ। ਦਫਤਰ ਜਵੱਦੀ ਟਕਸਾਲ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਮਾਘ ਮਹੀਨੇ ਦੇ ਸਬੰਧ 'ਚ ਰੋਜ਼ਾਨਾ ਸ਼ਾਮ 7:00ਤੋਂ 8:15 ਵਜੇ ਤੱਕ ਵਿਸ਼ੇਸ਼ ਨਾਮ ਸਿਮਰਨ ਸਮਾਗਮ ਸਜਾਏ ਜਾਣਗੇ।

# ਗੁਰੂ ਨਾਨਕ ਮਿਸ਼ਨ ਸਕੂਲ ਵਿੱਚ ਡਾਕਟਰੀ ਕੈਂਪ ਲਗਾਇਆ



ਲੁਧਿਆਣਾ, 15 ਜਨਵਰੀ (ਰਵਿੰਦਰ ਸਿੰਘ ਨਿੱਝਰ): ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਅਤੇ ਮਾਪਿਆਂ ਦੀ ਸਿਹਤ ਜਾਂਚ ਲਈ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਤਜਰਬੇਕਾਰ ਡਾਕਟਰਾਂ ਦੀ ਟੀਮ ਜਿਸ 'ਚ ਡਾਕਟਰ ਗੁਰਜੀਤ ਸਿੰਘ, ਡਾਕਟਰ ਪਰਮਜੀਤ ਕੌਰ ਡਾਕਟਰ ਜਸਦੀਪ ਸਿੰਘ, ਉਨ੍ਹਾਂ ਵੱਲੋਂ ਬੱਚਿਆਂ ਦੀ ਆਮ ਸਿਹਤ, ਬਲੱਡ, ਸ਼ੂਗਰ, ਬੀਪੀ ਅਤੇ ਹੋਰ ਲੋੜੀਂਦੇ ਟੈਸਟਾਂ ਦੀ ਜਾਂਚ ਕੀਤੀ। ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜਸਵਿੰਦਰ ਸਿੰਘ, ਪ੍ਰਿੰਸੀਪਲ ਮਧੂ ਬਾਲਾ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਇਸ ਤਰ੍ਹਾਂ ਦੇ ਕੈਂਪ ਸਮੇਂ-ਸਮੇਂ 'ਤੇ ਲਾਏ ਜਾਂਦੇ ਹਨ। ਮਾਪਿਆਂ ਨੇ ਸਕੂਲ ਵੱਲੋਂ ਕੀਤੇ ਇਸ ਯਤਨ ਦੀ ਸ਼ਲਾਘਾ ਕੀਤੀ ਤੇ ਇਸਨੂੰ ਵਿਦਿਆਰਥੀਆਂ ਦੀ ਸੁਚੱਜੀ ਸਿਹਤ ਵੱਲ ਇਕ ਮਹੱਤਵਪੂਰਨ ਕਦਮ ਦੱਸਿਆ। ਸਕੂਲ ਪ੍ਰਿੰਸੀਪਲ ਮਧੂ ਬਾਲਾ ਨੇ ਕਿਹਾ ਕਿ, ਬੱਚਿਆਂ ਦੀ ਸਿਹਤ ਤੇ ਸੁਚੇਤਨਾ ਹੀ ਸਿਖਲਾਈ ਦਾ ਅਸਲ ਆਧਾਰ ਹੈ। ਸਾਡਾ ਉਦੇਸ਼ ਹੈ ਕਿ ਹਰ ਵਿਦਿਆਰਥੀ ਤੰਦਰੁਸਤ ਰਹੇ ਤੇ ਸਿੱਖਿਆ 'ਚ ਸ੍ਰੇਸ਼ਠਤਾ ਪ੍ਰਾਪਤ ਕਰੇ।ਮਾਪਿਆਂ ਨੇ ਸਕੂਲ ਪ੍ਰਬੰਧਕੀ ਵੱਲੋਂ ਕੀਤੇ ਇਸ ਯਤਨ ਦੀ ਸ਼ਲਾਘਾ ਕਰਿਦਆਂ ਕਿਹਾ ਕਿ ਸਿਹਤ-ਸਬੰਧੀ ਜਾਂਚ ਬੱਚਿਆਂ ਦੀ ਭਵਿੱਖ ਸੁਚੱਜੀ ਜੀਵਨ-ਸ਼ੈਲੀ ਲਈ ਮਹੱਤਵਪੂਰਨ ਹੈ।

# ਮੰਤਰੀ ਮੁੰਡੀਆਂ ਵੱਲੋਂ ਵਿਕਾਸ ਪ੍ਰੋਜੈਕਟ ਦਾ ਉਦਘਾਟਨ

ਲੁਧਿਆਣਾ, 15 ਜਨਵਰੀ (ਵਿਸ਼ਾਲ ਸ਼ਰਮਾ) : ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਨ ਸਭਾ ਹਲਕਾ ਸਾਹਨੇਵਾਲ ਅਧੀਨ ਜਮਾਲਪੁਰ, ਕੁਲੀਏਵਾਲ, ਜੋਤੀ ਕਲੋਨੀ, ਬੈਂਕ ਕਲੋਨੀ ਵਿੱਚ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਕੌਂਸਲ ਜਸਪਾਲ ਸਿੰਘ ਗਰੇਵਾਲ ਤੋਂ ਇਲਾਵਾ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਵੀ ਮੌਜੂਦ ਸਨ।ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਇਸ ਇਲਾਕੇ ਦੀ ਤਰੱਕੀ, ਵਾਰਡ ਨੰਬਰ 22 ਵਿੱਚ ਪੈਂਦੇ ਇਲਾਕਿਆਂ ਦੀਆਂ ਗਲੀਆਂ ਬਣਾਈਆਂ ਜਾਣਗੀਆਂ ਜਿਨ੍ਹਾਂ 'ਤੇ ਕਰੀਬ 2 ਕਰੋੜ ਰੁਪਏ ਖਰਚ ਕੀਤੇ ਜਾਣਗੇ। ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਕਰੋੜਾਂ ਰੁਪਏ ਖਰਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਵਿਧਾਨ ਸਭਾ ਹਲਕਾ ਸਾਹਨੇਵਾਲ ਦਾ ਜ਼ਿਕਰ, ਪੰਜਾਬ ਦੇ ਤੇਜ਼ੀ ਨਾਲ ਵਿਕਾਸ ਕਰ ਰਹੇ ਹਲਕਿਆਂ ਵਿੱਚ ਕੀਤਾ ਜਾ ਰਿਹਾ ਹੈ ਜਿੱਥੇ ਰੋਜ਼ਾਨਾ ਗਲੀਆਂ/ਸੜਕਾਂ, ਸੀਵਰੇਜ, ਸਟਰੀਟ ਲਾਈਟਾਂ, ਵਾਟਰ ਸਪਲਾਈ ਤੇ ਹੋਰ ਵਿਕਾਸ ਪ੍ਰੋਜੈਕਟਾਂ ਦੇ ਰਸਮੀ ਉਦਘਾਟਨ ਇਲਾਕੇ ਦੇ ਵਸਨੀਕਾਂ ਦੇ ਨਾਲ ਮਿਲ ਕੇ ਕੀਤੇ ਜਾ ਰਹੇ ਹਨ।



# ਡੀ.ਸੀ. ਦੀ ਅਗਵਾਈ ਹੇਠ ਲਾਗੂ ਕੀਤੇ ਗਏ ਮੁੱਖ ਸੜਕ ਸੁਰੱਖਿਆ ਉਪਾਅ

ਲੁਧਿਆਣਾ,15 ਜਨਵਰੀ (ਵਿਸ਼ਾਲ ਸ਼ਰਮਾ): ਸੜਕ ਸੁਰੱਖਿਆ ਮਹੀਨੇ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ, ਜ਼ਿਲ੍ਹਾ ਪ੍ਰਸ਼ਾਸਨ, ਲੁਧਿਆਣਾ ਨੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ, ਸੜਕ ਸੁਰੱਖਿਆ ਕਮੇਟੀ ਦੇ ਤਾਲਮੇਲ ਨਾਲ, ਹਾਦਸਿਆਂ ਨੂੰ ਘਟਾਉਣ ਅਤੇ ਟ੍ਰੈਫਿਕ ਅਨੁਸ਼ਾਸਨ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹੇ ਭਰ ਵਿੱਚ ਵਿਆਪਕ ਸੜਕ ਸੁਰੱਖਿਆ ਅਤੇ ਲਾਗੂ ਕਰਨ ਦੀਆਂ ਪਹਿਲਕਦਮੀਆਂ ਕੀਤੀਆਂ ਹਨ। ਇਹ ਉਪਾਅ ਟ੍ਰੈਫਿਕ ਪੁਲਿਸ ਲੁਧਿਆਣਾ, ਟਰਾਂਸਪੋਰਟ ਵਿਭਾਗ (ਆਰਟੀਓ,ਡੀਟੀਓ,ਆਰਟੀਏ), ਨਗਰ ਨਿਗਮ ਲੁਧਿਆਣਾ, ਪੀਡਬਲਯੂਡੀ (ਬੀ ਐਂਡ ਆਰ), ਐਨਐਚਏਆਈ, ਗਲਾਡਾ ਅਤੇ ਪੀਪੀਸੀਬੀ ਦੇ ਸਰਗਰਮ ਸਹਿਯੋਗ ਨਾਲ ਲਾਗੂ ਕੀਤੇ ਗਏ ਹਨ।

31 ਦਸੰਬਰ 2025 ਤੋਂ ਰੋਜ਼ਾਨਾ ਵਾਹਨਾਂ ਦੀ ਜਾਂਚ ਘੱਟੋ-ਘੱਟ 10 ਵਾਹਨਾਂ ਤੱਕ ਮਜ਼ਬੂਤ ਕੀਤੀ ਗਈ ਹੈ, ਜਿਸ ਵਿੱਚ ਆਰਸੀ/ਰਜਿਸਟ੍ਰੇਸ਼ਨ, ਪਰਮਿਟ, ਸੁਰੱਖਿਅਤ ਵਾਹਨ ਯੋਜਨਾ ਦੀ ਪਾਲਣਾ ਅਤੇ ਹੋਰ ਸੁਰੱਖਿਆ ਮਾਪਦੰਡ ਸ਼ਾਮਲ ਹਨ। ਇੱਕ ਇਕਸਾਰ ਰਿਪੋਰਟਿੰਗ ਵਿਧੀ ਨੂੰ ਯਕੀਨੀ ਬਣਾਇਆ ਗਿਆ ਹੈ ਅਤੇ ਨਿਗਰਾਨੀ ਲਈ ਰੋਜ਼ਾਨਾ ਪਾਲਣਾ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

SSVP ਨੂੰ ਸਖ਼ਤੀ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਗਿਆ ਹੈ ਅਤੇ ਉਲੰਘਣਾਵਾਂ ਵਿਰੁੱਧ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ।



14.01.2026 ਨੂੰ ਵਿਸ਼ੇਸ਼ ਚੈਕਿੰਗ ਦੇ ਨਤੀਜੇ ਵਜੋਂ 06 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ ਅਤੇ 01 ਚਲਾਨ ਜਾਰੀ ਕੀਤੇ ਗਏ, ਜਿਸ ਨਾਲ ਸਕੂਲੀ ਬੱਚਿਆਂ ਦੀ ਸੁਰੱਖਿਆ ਵਿੱਚ ਵਾਧਾ ਹੋਇਆ।

ਟ੍ਰੈਫਿਕ ਪੁਲਿਸ ਲੁਧਿਆਣਾ ਨੇ ਚਲਾਨ ਕਾਰਵਾਈ ਤੇਜ਼ ਕਰ ਦਿੱਤੀ ਹੈ। 30.12.2025 ਨੂੰ ਹੋਈ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪਾਲਣਾ ਦੇ ਅਨੁਸਾਰ, ਟ੍ਰੈਫਿਕ ਅਨੁਸ਼ਾਸਨ ਨੂੰ ਬਿਹਤਰ ਬਣਾਉਣ ਲਈ 30.12.2025 ਤੋਂ 14.01.2026 ਤੱਕ ਕੁੱਲ 97 ਚਲਾਨ ਜਾਰੀ ਕੀਤੇ ਗਏ। PUC ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਗਈ ਹੈ ਅਤੇ ਪ੍ਰਦੂਸ਼ਣ ਅਤੇ ਧੂੰਦ-ਨਿਕਾਸ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਸੰਵੇਦਨਸ਼ੀਲ ਅਤੇ ਦੁਰਘਟਨਾ-ਸੰਭਾਵੀ ਸਥਾਨਾਂ ਤੇ ਰਿਫਲੈਕਟਰ, ਬਲਿੰਕਰ, ਬੈਰੀਕੇਡ, ਕੈਟ ਆਈ ਅਤੇ ਹੋਰ ਸੜਕ ਸੁਰੱਖਿਆ ਫਰਨੀਚਰ ਦੀ ਸਥਾਪਨਾ ਯਕੀਨੀ ਬਣਾਈ ਗਈ ਹੈ। ਵੇਰਕਾ ਮਿਲਕ ਪਲਾਂਟ ਦੇ ਨੇੜੇ ਅਤੇ ਬੱਸ ਸਟੈਂਡ ਦੇ ਸਾਹਮਣੇ ਨਹਿਰੀ ਸੜਕ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਜਿੱਥੇ ਬਲਿੰਕਰ ਅਤੇ ਜ਼ੈਬਰਾ ਕਰਾਸਿੰਗ ਪ੍ਰਦਾਨ ਕੀਤੇ ਗਏ ਹਨ। ਵਪਾਰਕ ਵਾਹਨਾਂ, ਟਰੈਕਟਰ-ਟਰਾਲੀਆਂ ਅਤੇ ਖੇਤੀਬਾੜੀ ਮਸ਼ੀਨਰੀ ਤੇ ਰਿਫਲੈਕਟਰ ਟੇਪ ਲਗਾਏ ਗਏ ਹਨ, ਖਾਸ ਕਰਕੇ ਰਾਤ ਅਤੇ ਧੁੰਦ ਦੀਆਂ ਸਥਿਤੀਆਂ ਲਈ। ਟ੍ਰੈਫਿਕ ਪੁਲਿਸ ਲੁਧਿਆਣਾ ਨੇ ਵਿਸ਼ੇਸ਼ ਜਾਗਰੂਕਤਾ ਗਤੀਵਿਧੀਆਂ ਕੀਤੀਆਂ, ਜਿਸ ਵਿੱਚ ਪਲਾਸਟਿਕ ਡੋਰੀ ਤੋਂ ਹੋਣ ਵਾਲੀਆਂ ਸੱਟਾਂ ਨੂੰ ਰੋਕਣ ਲਈ ਦੋਪਹੀਆ ਵਾਹਨਾਂ ਤੇ ਸੁਰੱਖਿਆ ਉਪਕਰਣ ਲਗਾਉਣਾ ਸ਼ਾਮਲ ਹੈ, ਨਾਲ ਹੀ ਸੁਰੱਖਿਅਤ ਡਰਾਈਵਿੰਗ ਆਦਤਾਂ ਪ੍ਰਤੀ ਸੰਵੇਦਨਸ਼ੀਲਤਾ ਵੀ ਸ਼ਾਮਲ ਹੈ। ਡਿਪਟੀ ਕਮਿਸ਼ਨਰ ਨੇ ਸਾਰੇ ਨਾਗਰਿਕਾਂ ਲਈ ਸੁਰੱਖਿਅਤ ਸੜਕਾਂ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਵੱਡੇ ਜਨਤਕ ਹਿੱਤ ਵਿੱਚ ਸਖ਼ਤ ਨਿਗਰਾਨੀ ਅਤੇ ਲਾਗੂਕਰਨ ਜਾਰੀ ਰਹੇਗਾ।

# ਡੀ.ਏ.ਵੀ. ਨੈਸ਼ਨਲ ਖੇਡਾਂ ਵਿੱਚ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਜਿੱਤੇ ਤਮਗ਼ੇ




ਜਗਰਾਓਂ, 15 ਜਨਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ, ਜਗਰਾਉਂ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਹੋਣਹਾਰ ਖਿਡਾਰੀਆਂ ਨੇ ਡੀ.ਏ.ਵੀ. ਨੈਸ਼ਨਲ ਸਪੋਰਟਸ-2025 ਵਿਚ ਵੱਖ-ਵੱਖ ਖੇਡਾਂ ਵਿੱਚ ਭਾਗ ਲੈ ਕੇ ਗੋਲਡ, ਸਿਲਵਰ ਅਤੇ ਬਰੋਨਜ਼ ਮੈਡਲ ਹਾਸਲ ਕਰਕੇ ਸਕੂਲ, ਇਲਾਕੇ ਅਤੇ ਸਟੇਟ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਹਰੀਦੁਆਰ 6 ਜਨਵਰੀ ਨੂੰ ਰੋਪ ਸਕਿਪਿੰਗ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਅੰਡਰ -17 ਮੁੰਡਿਆਂ ਵਿੱਚ ਅਰਜੁਨ ਜੈਨ ਨੇ ਇੱਕ ਸਿਲਵਰ ਅਤੇ ਬਰੋਨਜ਼ ਮੈਡਲ ਹਾਸਲ ਕੀਤਾ। ਸਿਧਾਰਥ ਜੈਨ ਅਤੇ ਗੁਰਜੋਤ ਸਿੰਘ ਨੇ ਬਰੋਨਜ਼ ਮੈਡਲ ਹਾਸਲ ਕੀਤਾ। ਰੋਪ ਸਕਿਪਿੰਗ ਅੰਡਰ -19 ਮੁੰਡਿਆਂ ਵਿੱਚ ਨਿਤਿਨ ਸਿੰਗਲਾ ਨੇ ਵੀ ਬਹੁਤ ਵਧੀਆ ਭਾਗੀਦਾਰੀ ਨਿਭਾਈ। ਅਰੋਬਿਕਸ, ਵਸ਼ੂ ਅਤੇ ਅਰਚਰੀ ਖੇਡਾਂ ਦੇ ਮੁਕਾਬਲੇ ਨੋਇਡਾ ਵਿੱਚ 10 ਤੋਂ 12 ਜਨਵਰੀ ਤੱਕ ਕਰਵਾਏ ਗਏ। ਅਰੋਬਿਕਸ ਵਿੱਚ ਅੰਡਰ- 17 ਕੁੜੀਆਂ ਵਿੱਚ ਮੰਨਤ ਪ੍ਰੀਤ ਕੌਰ ਜੈਸਮੀਨ, ਗੁਨੀਤ, ਸਾਨਵੀ, ਮਾਨਵੀ ਤੇ ਹਰਮਨ ਨੇ ਆਪਣੀ ਕਲਾ ਦਾ ਬਹੁਤ ਸੁਚੱਜੇ ਢੰਗ ਨਾਲ ਪ੍ਰਦਰਸ਼ਨ ਕਰਕੇ ਭਾਗੀਦਾਰੀ ਕੀਤਾ। ਅੰਡਰ- 19 ਕੁੜੀਆਂ ਵਿੱਚ ਪ੍ਰਾਰਥਨਾ, ਭਵਜੋਤ ਕੌਰ, ਏਂਜਲ ਬੈਂਬੀ, ਜਾਨ੍ਹਵੀ ਨਿਹਾਰਿਕਾ ਅਤੇ ਨਿਸ਼ਟਾ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਹਾਸਿਲ ਕੀਤੇ ਅਤੇ ਨਾਲ ਹੀ ਫ਼ਸਟ ਰਨਰ ਅੱਪ ਟਰਾਫ਼ੀ ਪ੍ਰਾਪਤ ਕੀਤੀ। ਵਸ਼ੂ ਖੇਡ ਵਿੱਚ ਅੰਡਰ- 14 ਕੁੜੀਆਂ ਵਿੱਚ ਹਰਵੀਨ ਕੌਰ, ਅੱਵਲ ਨੂਰ ਕੌਰ ਅਤੇ ਕਾਰਵੀ ਸੱਚਦੇਵਾ ਨੇ ਬਰੋਨਜ਼ ਮੈਡਲ ਹਾਸਲ ਕੀਤਾ। ਵਸ਼ੂ ਅੰਡਰ- 17 ਕੁੜੀਆਂ ਵਿੱਚ ਏਕਮ ਵਰਮਾ ਅਤੇ ਤਨਵੀ ਨੇ ਬਰੋਨਜ਼ ਮੈਡਲ, ਨਵਨੂਰ ਨੇ ਸਿਲਵਰ ਮੈਡਲ ਹਾਸਿਲ ਕੀਤਾ। ਅਰਲੀਨ ਕੌਰ ਅਤੇ ਰੀਆ ਨੇ ਵੀ ਆਪਣੀ ਚੰਗੀ ਭਾਗੀਦਾਰੀ ਦਿਖਾਈ। ਵਸ਼ੂ ਅੰਡਰ -19 ਕੁੜੀਆਂ ਵਿੱਚ ਯਸ਼ਿਕਾ ਨੇ ਗੋਲਡ ,ਯਸ਼ਿਕਾ ਗਰਗ ਅਤੇ ਆਕ੍ਰਿਤੀ ਨੇ ਸਿਲਵਰ ਅਵਨੀਤ ਕੌਰ ਅਤੇ ਜਪਜੀਤ ਕੌਰ ਨੇ ਬਰੋਨਜ਼ ਮੈਡਲ ਹਾਸਲ ਕਰਕੇ ਸਕੂਲ ਨੂੰ ਫ਼ਸਟ ਰਨਰ ਅੱਪ ਟਰਾਫ਼ੀ ਜਿਤਾਈ। ਅਥਲੈਟਿਕਸ ਖੇਡਾਂ ਜੋ ਕਿ ਰਾਂਚੀ ਵਿਖੇ ਕਰਵਾਈਆਂ ਗਈਆਂ। ਅੰਡਰ -19 ਲੜਕਿਆਂ ਵਿੱਚ ਸ਼ੌਟ- ਪੁੱਟ ਅਤੇ ਡਿਸਕਸ ਥਰੋਅ ਵਿੱਚ ਅਮਨਿੰਦਰ ਸਿੰਘ ਨੇ 2 ਬਰੋਨਜ਼ ਮੈਡਲ ਹਾਸਿਲ ਕੀਤੇ। ਅਰਚਰੀ ਵਿੱਚ ਅੰਡਰ -14 ਕੁੜੀਆਂ ਵਿੱਚ ਪਰਾਸ਼ੀ ਰਾਣੀ ਨੇ ਸਿਲਵਰ ਅਤੇ ਤਵੀਸ਼ਾ ਨੇ ਸਿਲਵਰ ਦੇ ਨਾਲ- ਨਾਲ ਬਰੋਨਜ਼ ਮੈਡਲ ਮੈਡਲ ਪ੍ਰਾਪਤ ਕੀਤਾ। ਅੰਡਰ- 17 ਲੜਕੀਆਂ ਵਿੱਚ ਅਨੁਸ਼ਕਾ ਸ਼ਰਮਾ ਨੇ ਗੋਲਡ ਮੈਡਲ ਹਾਸਲ ਕੀਤਾ ਸਕੂਲ ਨੂੰ ਆਰਜਰੀ ਅੰਡਰ 14 ਕੁੜੀਆਂ ਵਿੱਚ ਖਿਡਾਰਨਾਂ ਨੇ ਫ਼ਸਟ ਰਨਰ ਅੱਪ ਟਰਾਫ਼ੀ ਵੀ ਜਿਤਾਈ। ਇੰਨ੍ਹਾਂ ਵਿਦਿਆਰਥੀਆਂ ਵੱਲੋਂ ਆਪਣੀ ਮਿਹਨਤ ਅਤੇ ਲਗਨ ਨੂੰ ਦਿਖਾਉਂਦਿਆਂ ਹੋਇਆਂ ਪ੍ਰਾਪਤ ਕੀਤੇ ਗਏ ਤਗਮੇ ਅਤੇ ਟਰਾਫੀਆਂ ਲਈ ਸਕੂਲ ਵਿੱਚ ਸਨਮਾਨਿਤ ਕੀਤਾ ਗਿਆ। ਇਸ ਸਨਮਾਨਿਤ ਪ੍ਰੋਗਰਾਮ ਵਿੱਚ ਐਲ.ਐਮ.ਸੀ. ਮੈਂਬਰ ਰਾਜਕੁਮਾਰ ਭੱਲਾ ਜੀ ਨੂੰ ਉਚੇਚੇ ਤੌਰ ਤੇ ਵਿਦਿਆਰਥੀਆਂ ਅਤੇ ਮਾਪਿਆਂ ਦਾ ਸਨਮਾਨ ਕਰਨ ਲਈ ਬੁਲਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਜੀ ਵੱਲੋਂ ਖਿਡਾਰੀਆਂ ਦੇ ਅਗਵਾਈਕਾਰ ਸਕੂਲ ਦੇ ਡੀ.ਪੀ.ਈ. ਅਧਿਆਪਕ ਸਾਹਿਬਾਨਾਂ ਡੀ.ਪੀ.ਈ. ਹਰਦੀਪ ਸਿੰਘ ਬਿੰਜਲ ਡੀ.ਪੀ.ਈ. ਸੁਰਿੰਦਰ ਪਾਲ ਵਿੱਜ, ਡੀ.ਪੀ.ਈ. ਸੁਰਿੰਦਰ ਕੌਰ ਤੂਰ, ਡਾਂਸ ਟੀਚਰ ਸ਼ਿਫਾਲੀ ਅਤੇ ਖੁਸ਼ਹਾਲ ਸਰ ਨੂੰ ਵੀ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਜੀ ਵੱਲੋਂ ਜਿੱਤੇ ਗਏ ਖਿਡਾਰੀਆਂ ਅਤੇ ਉਨਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਨੂੰ ਇਸ ਤਰ੍ਹਾਂ ਹੀ ਭਵਿੱਖ ਵਿੱਚ ਮਿਹਨਤ ਕਰਦੇ ਰਹਿਣ ਅਤੇ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੇ ਰਹਿਣ ਦੀ ਅਸੀਸ ਵੀ ਦਿੱਤੀ। ਉਨ੍ਹਾਂ ਨੇ ਸਕੂਲ ਦੇ ਹੋਰ ਵਿਦਿਆਰਥੀਆਂ ਨੂੰ ਵੀ ਇਹਨਾਂ ਤੋਂ ਪ੍ਰੇਰਨਾ ਲੈ ਕੇ ਅੱਗੇ ਆ ਕੇ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਤੇ ਸਕੂਲ ਦੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਹਰ ਪਰਿਵਾਰ ਨੇ ਆਪਣੇ ਘਰ ਧੀਆਂ ਦੀ ਲੋਹੜੀ ਮਨਾਈ : ਮੱਕੜ



ਲੁਧਿਆਣਾ, 15 ਜਨਵਰੀ (ਰਵਿੰਦਰ ਸਿੰਘ ਨਿੱਝਰ): ਲੋਹੜੀ ਦੇ ਤਿਉਹਾਰ ਮੌਕੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਧੀਆਂ ਦੀ ਲੋਹੜੀ ਮਨਾਈ ਜਾਂਦੀ ਹੈ, ਜੋ ਕਿ ਬਹੁਤ ਸ਼ਲਾਘਾਯੋਗ ਕੰਮ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਉੱਘੇ ਸਮਾਜ ਸੇਵਕ ਸੁਰਿੰਦਰ ਸਿੰਘ ਮੱਕੜ ਨੇ ਕਿਹਾ ਕਿ ਲੜਕੀਆਂ ਨਿੱਤ ਨਵੀਆਂ ਬੁਲੰਦੀਆਂ ਨੂੰ ਛੂਹ ਰਹੀਆਂ ਹਨ । ਖੇਡਾਂ, ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਵੀ ਵੱਡੀਆਂ ਪੁਲਾਂਘਾਂ ਪੁੱਟ ਰਹੀਆਂ ਹਨ ।ਉਹਨਾਂ ਕਿਹਾ ਕਿ ਲੜਕੀਆਂ ਅਨੇਕਾਂ ਹੀ ਖੇਤਰਾਂ ਵਿੱਚ ਲੜਕੀਆਂ ਤੋਂ ਲੜਕਿਆਂ ਤੋਂ ਅੱਗੇ ਨਿਕਲ ਰਹੀਆਂ ਹਨ । ਉਹਨਾਂ ਕਿਹਾ ਕਿ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਲੜਕੀਆਂ ਦੀ ਲੋਹੜੀ ਮਨਾਉਣਾ ਬਹੁਤ ਸ਼ਲਾਘਾਯੋਗ ਕਾਰਜ ਹੈ ਅਤੇ ਇਸ ਸਬੰਧੀ ਹੋਰ ਵੀ ਜਾਗ੍ਰਤੀ ਪੈਦਾ ਕਰਨਾ ਸਮੇਂ ਦੀ ਲੋੜ ਹੈ ।ਸਾਡੇ ਸਾਰਿਆਂ ਦਾ ਫਰਜ ਬਣਦਾ ਹੈ ਕਿ ਲੜਕੇ ਅਤੇ ਲੜਕੀ ਵਿੱਚ ਕੋਈ ਫਰਕ ਨਾ ਸਮਝੀਏ ਅਤੇ ਹਰ ਪਰਿਵਾਰ ਪੁੱਤਰਾਂ ਦੀ ਤਰ੍ਹਾਂ ਧੀਆਂ ਦੀ ਲੋਹੜੀ ਵੀ ਮਨਾਵੇ ਕਿਉਂਕਿ ਲੋੜੀ ਧੀਆਂ ਦੀ ਲੋਹੜੀ ਮਨਾਉਣ ਲਈ ਸਮਾਗਮ ਕਰਨ ਦੇ ਨਾਲ ਨਾਲ ਇਹ ਵੀ ਜਰੂਰੀ ਹੈ ਕਿ ਅਸੀਂ ਆਪਣੇ ਆਪਣੇ ਘਰਾਂ ਵਿੱਚ ਵੀ ਧੀਆਂ ਦੀ ਲੋਹੜੀ ਜਰੂਰ ਮਨਾਈਏ।


# ਚਾਈਨਾ ਡੋਰ 'ਤੇ ਲੱਗੀ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ : ਦੂਆ



ਲੁਧਿਆਣਾ, 15 ਜਨਵਰੀ (ਰਵਿੰਦਰ ਸਿੰਘ ਨਿੱਝਰ) ਪੰਜਾਬ ਵਿਕਾਸ ਮੰਚ ਦੇ ਪ੍ਰਧਾਨ ਜਸਬੀਰ ਸਿੰਘ ਦੂਆ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਚਾਈਨਾ ਡੋਰ ਤੇ ਲੱਗੀ ਪਾਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਉਹਨਾਂ ਆਖਿਆ ਕਿ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨਾ ਪ੍ਰਸ਼ਾਸਨ ਦਾ ਫਰਜ਼ ਹੈ । ਇਸ ਲਈ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਜਿਹੜੇ ਵੀ ਲੋਕ ਚਾਈਨਾ ਡੋਰ ਵੇਚਦੇ ਹਨ ਅਤੇ ਜਿਹੜੇ ਵਰਤਦੇ ਹਨ ਸਾਰਿਆਂ ਦੇ ਖਿਲਾਫ ਹੀ ਸਖਤੀ ਨਾਲ ਪੇਸ਼ ਆਇਆ ਜਾਵੇ। ਉਹਨਾਂ ਕਿਹਾ ਕਿ ਚਾਈਨਾ ਡੋਰ ਕਾਰਣ ਬਹੁਤ ਸਾਰੇ ਲੋਕਾਂ ਦੇ ਗਲੇ ਜਾਂ ਹੋਰ ਅੰਗ ਕੱਟੇ ਜਾ ਰਹੇ ਹਨ ਕਈਆਂ ਦੀਆਂ ਕਥਿਤ ਤੌਰ ਤੇ ਮੌਤਾਂ ਤੱਕ ਹੋਣ ਦੇ ਸਮਾਚਾਰ ਵੀ ਮਿਲ ਰਹੇ ਹਨ। ਉਹਨਾਂ ਆਖਿਆ ਕਿ ਆਕਾਸ਼ ਵਿੱਚ ਉਡਦੇ ਪੰਛੀਆਂ ਨੂੰ ਵੀ ਚਾਈਨਾ ਡੋਰ ਕਾਰਣ ਆਪਣੀਆਂ ਜਾਨਾਂ ਗਵਾਉਣੀਆਂ ਪੈਂਦੀਆਂ ਹਨ। ਉਹਨਾਂ ਆਖਿਆ ਕਿ ਪ੍ਰਸ਼ਾਸਨ ਨੂੰ ਚਾਈਨਾ ਡੋਰ ਵੇਚਣ ਵਾਲਿਆਂ ਵਿਰੁੱਧ ਬਿਲਕੁਲ ਵੀ ਨਰਮੀ ਨਹੀਂ ਵਰਤਣੀ ਚਾਹੀਦੀ ਅਤੇ ਤੁਰੰਤ ਐਫਆਈਆਰ ਦਰਜ ਕਰਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਸੁੱਟਣਾ ਚਾਹੀਦਾ ਹੈ ਤਾਂ ਹੀ ਉਹ ਲੋਕ ਚਾਈਨਾ ਡੋਰ ਵੇਚਣ ਤੋਂ ਬਾਜ ਆਉਣਗੇ। ਸ੍ਰੀ ਦੂਆ ਨੇ ਪਤੰਗ ਚੜ੍ਹਾਉਣ ਦੇ ਸ਼ੌਕੀਨਾਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਚਾਈਨਾ ਡੋਰ ਵਰਤਣ ਤੋਂ ਰੋਕਣਾ ਆਪਣਾ ਫਰਜ਼ ਸਮਝਣ ਅਤੇ ਇਸ ਫਰਜ਼ ਵਿੱਚ ਬਿਲਕੁਲ ਵੀ ਕਤਾਹੀ ਨਾ ਕਰਨ।

# ਲੁਧਿਆਣਾ ਦੀ ਇੱਕ ਫੈਕਟਰੀ 'ਚ ਲੱਗੀ ਭਿਆਨਕ ਅੱਗ ਨਾਲ ਲੱਖਾਂ ਦਾ ਸਾਮਾਨ ਰਾਖ

ਲੁਧਿਆਣਾ, 15 ਜਨਵਰੀ (ਵਿਸ਼ਾਲ ਸ਼ਰਮਾ) ਲੁਧਿਆਣਾ ਚ ਇੱਕ ਫੈਕਟਰੀ ਵਿੱਚ ਭਿਆਨਕ ਅੱਗ ਲੱਗਣ ਦੀਆਂ ਖ਼ਬਰ ਹੈ। ਦੱਸਿਆ ਜਾ ਰਿਹਾ ਹੈ ਕਿ ਇੱਕ ਹੌਜ਼ਰੀ ਫੈਕਟਰੀ ਵਿੱਚ ਲੱਖਾਂ ਰੁਪਏ ਦਾ ਸਾਮਾਨ ਸੜ ਗਿਆ ਹੈ ਲੁਧਿਆਣਾ ਜ਼ਿਲ੍ਹੇ ਦੇ ਦੀਪ ਨਗਰ ਇਲਾਕੇ ਵਿੱਚ ਇੱਕ ਫੈਕਟਰੀ ਨੂੰ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਇਹ ਫੈਕਟਰੀ ਹੌਜ਼ਰੀ ਅਤੇ ਸਰਦੀਆਂ ਦੇ ਕੱਪੜੇ ਬਣਾਉਂਦੀ ਹੈ। ਫੈਕਟਰੀ ਦਾ ਨਾਮ ਗੋਇਲ ਹੌਜ਼ਰੀ ਮਿੱਲ ਹੈ। ਅੱਗ ਬਹੁਤ ਹੀ ਤੇਜ਼ੀ ਨਾਲ ਫੈਲ ਗਈ ਦੇਖਦੇ ਦੇਖਦੇ ਪੂਰੀ ਤਿੰਨ ਮੰਜ਼ਿਲਾ ਇਮਾਰਤ ਅੱਗ ਦੀ ਲਪੇਟ ਵਿੱਚ ਆ ਗਈ। ਧੂੰਏਂ ਦਾ ਇੱਕ ਸੰਘਣਾ ਗੁਬਾਰ ਦੂਰ-ਦੂਰ ਤੱਕ ਦੇਖਿਆ ਜਾ ਸਕਦਾ ਸੀ, ਜਿਸ ਨਾਲ ਇਲਾਕੇ ਦੇ ਵਸਨੀਕਾਂ ਵਿੱਚ ਦਹਿਸ਼ਤ ਫੈਲੀ ਰਹੀ।



ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਉਣ ਤੇ ਤੇਜੀ ਨਾਲ ਕੰਮ ਸ਼ੁਰੂ ਕੀਤਾ ਗਿਆ। ਖੁਸ਼ਕਿਸਮਤੀ ਨਾਲ ਹੁਣ ਤੱਕ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਫਾਇਰ ਬ੍ਰਿਗੇਡ ਕਰਮੀਆਂ ਵੱਲੋਂ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਦੇਰ ਸ਼ਾਮ ਤਕ ਜਾਰੀ ਰਹੀ।

# ਸਰਕਾਰ ਦੀਆਂ ਮਜ਼ਦੂਰ, ਕਿਸਾਨ ਅਤੇ ਲੋਕ ਵਿਰੋਧੀ ਨੀਤੀਆਂ ਦੇ ਵਿਰੁੱਧ ਵਿਸ਼ਾਲ ਪ੍ਰਦਰਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ



ਲੁਧਿਆਣਾ 15 ਜਨਵਰੀ (ਰਵਿੰਦਰ ਸਿੰਘ ਨਿੱਝਰ)। ਟ੍ਰੇਡ ਯੂਨੀਅਨਾਂ, ਸੰਯੁਕਤ ਕਿਸਾਨ ਮੋਰਚਾ ਅਤੇ ਜਮਹੂਰੀ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਹੋਈ ਜਿਸ ਵਿੱਚ 16 ਜਨਵਰੀ ਨੂੰ ਹੋਣ ਵਾਲੇ ਪ੍ਰਦਰਸ਼ਨ ਦੀਆਂ ਤਿਆਰੀਆਂ ਦਾ ਲੇਖਾ ਜੋਖਾ ਕੀਤਾ ਗਿਆ। ਸਾਥੀਆਂ ਨੇ ਦੱਸਿਆ ਕਿ ਲੋਕਾਂ ਵਿੱਚ ਇਸ ਨੂੰ ਲੈ ਕੇ ਬਹੁਤ ਜੋਸ਼ ਹੈ ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜਿਲੇ ਦੇ ਵੱਖ ਵੱਖ ਬਲਾਕਾਂ ਚੋਂ, ਟਰੇਡ ਯੂਨੀਅਨਾਂ ਦੇ ਵੱਖ ਵੱਖ ਅਦਾਰਿਆਂ , ਕਿਸਾਨ ਸਭਾਵਾਂ ਅਤੇ ਜਨਤਕ ਜਥੇਬੰਦੀਆਂ ਦੇ ਕਾਰਕੁਨ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਕੱਲ 12 ਵਜੇ ਤੋਂ ਨਵੀਂ ਕਚਹਿਰੀ ਦੇ ਬਾਹਰ ਇੱਕ ਵਿਸ਼ਾਲ ਪ੍ਰਦਰਸ਼ਨ ਕਰਕੇ ਰੈਲੀ ਕੀਤੀ ਜਾਏਗੀ ਅਤੇ ਧਰਨਾ ਦਿੱਤਾ ਜਾਏਗਾ। ਉਪਰੰਤ ਪ੍ਰਧਾਨ ਮੰਤਰੀ ਦੇ ਨਾਮ ਡਿਪਟੀ ਕਮਿਸ਼ਨਰ ਲੁਧਿਆਣਾ ਰਾਹੀਂ ਇੱਕ ਮੰਗ ਪੱਤਰ ਦਿੱਤਾ ਜਾਏਗਾ। ਇਸ ਮੰਗ ਪੱਤਰ ਵਿੱਚ ਸਰਕਾਰ ਦੇ ਵੱਲੋਂ ਕੀਤੇ ਜਾ ਰਹੇ ਹਮਲਿਆਂ ਨੂੰ ਉਜਾਗਰ ਕਰਦੇ ਹੋਏ ਲੋਕ ਦੋਖੀ ਕਾਨੂੰਨ ਵਾਪਸ ਕਰਨ ਦੀ ਮੰਗ ਕੀਤੀ ਜਾਏਗੀ। ਇਸ ਮੀਟਿੰਗ ਵਿੱਚ ਕਾਮਰੇਡ ਡੀ ਪੀ ਮੌੜ ਤੇ ਐਮ ਐਸ ਭਾਟੀਆ ਏਟਕ ਵੱਲੋਂ, ਰਘਬੀਰ ਸਿੰਘ ਬੈਨੀਪਾਲ ਜਮਹੂਰੀ ਕਿਸਾਨ ਸਭਾ ਵੱਲੋਂ, ਸੁਖਵਿੰਦਰ ਲੋਟੇ, ਰਾਮ ਲਾਲ ਤੇ ਅਮਰਨਾਥ ਕੂਮਕਲਾਂ ਸੀਟੂ ਵੱਲੋਂ, ਚਮਕੌਰ ਸਿੰਘ ਸੰਯੁਕਤ ਕਿਸਾਨ ਮੋਰਚਾ1936 ਵੱਲੋਂ, ਡਾਕਟਰ ਗੁਰਵਿੰਦਰ ਸਿੰਘ ਆਲ ਇੰਡੀਆ ਕਿਸਾਨ ਸਭਾ (ਹੰਨਮੁੱਲਾ) ਵੱਲੋਂ, ਜਸਵੰਤ ਸਿੰਘ ਜ਼ੀਰਖ ਜਮਹੂਰੀ ਅਧਿਕਾਰ ਸਭਾ, ਹਰਜਿੰਦਰ ਸਿੰਘ ਮੋਲਡਰ ਯੂਨੀਅਨ ਅਤੇ ਟਾਈਗਰ ਸਿੰਘ ਰੇਹੜੀ ਫੜੀ ਯੂਨੀਅਨ ਵੱਲੋਂ ਸ਼ਾਮਿਲ ਹੋਏ।

# ਬੀਬੀ ਹਰਬੰਸ ਕੌਰ ਦਾ ਦੇਹਾਂਤ, ਅੰਤਿਮ ਸਸਕਾਰ ਅੱਜ

ਲੁਧਿਆਣਾ 15 ਜਨਵਰੀ (ਰਵਿੰਦਰ ਸਿੰਘ ਨਿੱਝਰ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਪਰਮਜੀਤ ਸਿੰਘ ਰੇਲਵੇ ਵਾਲੇ ਦੀ ਧਰਮ ਪਤਨੀ ਬੀਬੀ ਹਰਬੰਸ ਕੌਰ ਇਸ ਦੁਨੀਆਂ ਵਿੱਚ ਨਹੀਂ ਰਹੇ। ਉਹਨਾਂ ਦਾ ਅੰਤਿਮ ਸੰਸਕਾਰ 16 ਜਨਵਰੀ ਸ਼ੁੱਕਰਵਾਰ ਨੂੰ 11 ਵਜੇ ਸਲੇਮ ਟਾਬਰੀ ਦੀ ਸ਼ਮਸ਼ਾਨ ਘਾਟ (ਨੇੜੇ ਜਲੰਧਰ ਬਾਈ ਪਾਸ ਚੌਕ) ਵਿਖੇ ਹੋਵੇਗਾ। ਉਨਾਂ ਦੇ ਅਕਾਲ ਚਲਾਣੇ ਤੇ ਜਮਹੂਰੀ ਅਤੇ ਇਨਸਾਫ ਪਸੰਦ ਜਥੇਬੰਦੀਆਂ ਦੇ ਆਗੂਆਂ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।



# ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਬਾਬਾ ਮੀਹਾਂ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਭਲਕੇ

ਲੁਧਿਆਣਾ 15 ਜਨਵਰੀ (ਰਵਿੰਦਰ ਸਿੰਘ ਨਿੱਝਰ) ਸ੍ਰੀ ਨਾਨਕਸਰ ਦਰਬਾਰ ਠਾਠ ਡਾਂਗੋ ਵਿਖੇ ਮੁੱਖ ਸੇਵਾਦਾਰ ਬਾਬਾ ਸਰਬਜੋਤ ਸਿੰਘ ਡਾਂਗੋ ਵਾਲਿਆਂ ਦੀ ਦੇਖ ਰੇਖ ਹੇਠ ਸਮੁੱਚੀਆਂ ਸੰਗਤਾਂ ਦੇ ਵੱਲੋਂ ਠਾਠ ਡਾਂਗੋ ਵਿਖੇ 27 ਵਾਂ ਸਮਾਗਮ 17 ਜਨਵਰੀ ਤੋਂ 25 ਜਨਵਰੀ ਤੱਕ ਕਰਵਾਇਆ ਜਾਵੇਗਾ। ਬਾਬਾ ਜੀ ਵੱਲੋਂ ਠਾਠ ਡਾਂਗੋ ਦੇ ਸੇਵਾਦਾਰ ਜਗਜੀਤ ਸਿੰਘ ਅਰੋੜਾ ਨੇ ਸਮਾਗਮ ਦੇ ਸੱਦਾ ਪੱਤਰ ਰਣਜੀਤ ਸਿੰਘ ਢਿੱਲੋਂ, ਭੁਪਿੰਦਰ ਸਿੰਘ ਭਿੰਦਾ, ਨੇਕ ਸਿੰਘ ਸੇਖੇਵਾਲ ਸਮੇਤ ਹੋਰਨਾਂ ਆਗੂਆਂ ਨੂੰ ਦਿੰਦੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਅਤੇ ਬਾਬਾ ਮੀਹਾਂ ਸਿੰਘ ਜੀ ਸਿਆੜ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮ ਦੌਰਾਨ 17 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਆਰੰਭ ਹੋਵੇਗੀ।ਜਿਸ ਦੌਰਾਨ 19 ਜਨਵਰੀ ਤੋਂ 24 ਜਨਵਰੀ ਤੱਕ ਸ਼ਾਮ ਨੂੰ 6 ਤੋਂ ਰਾਤ 9 ਵਜੇ ਤਕ ਧਾਰਮਿਕ ਦੀਵਾਨ ਸਜਾਏ ਜਾਣਗੇ।ਜਿਸਦੇ ਵਿੱਚ ਪਹੁੰਚਣ ਵਾਲੇ ਅਨੇਕਾਂ ਮਹਾਂਪੁਰਖ ਗੁਰੂ ਦੀਆਂ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਗੁਰਬਾਣੀ ਲੜ ਜੋੜਨਗੇ। ਅਰੋੜਾ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਦੇ 25 ਤਰੀਕ ਨੂੰ ਅੰਮ੍ਰਿਤ ਵੇਲੇ ਪਾਏ ਜਾਣ ਵਾਲੇ ਭੋਗਾਂ ਉਪਰੰਤ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।



## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Sh. Aashish Abrol Principal Judge Family Court, Bathinda**
CNR No.PBBT01-003087-2025
Next Date : 09.02.2026
DMC/392/2025
Sonu
Versus
Rupinder Kaur
Petition Under Section 13 Of Hindu Marriage Act, 1955 As Amended Up To Date For Dissolution Of Marriage Between The Petitioner And Respondent, By The Decree Of Divorce.
Notice to: Rupinder Kaur Wife Of Sonu And Daughter Of Mahinder Singh Resident Of H.No. 2911A, Crp Colony, Dugri Phase 1, Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.**02.2026 at 10:00 A.M. For details logon to https://highcourtchd.gov.in/?mod=district_notice&district=Bathinda
Dated this day of 20.11.2025
**Sd/- Matrimonial Cases Special Courts, Bathinda**

---

**In the Court of Ms. Girish Principal Judge Family Court, Malout**
CNR No.PBSMF3-000108-2025
Next Date : 10.02.2026
Gurpreet Kaur
Versus
Hardeep Singh alias Bunty
Notice to: Hardeep Singh Alias Bunty Son:: Gurnam Singh Sood Granthian Mohla, Near Bhajan Dass Da Dera, Barnala
In above titled case the accused could not be served. It is ordered that accused should appear in person or through counsel on **10.**02.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 16-12-2025
**Sd/- Principal Judge Family Court, Malout**

---

(U/o 5 Rule 20 CPC)
**In the Court of Sh. Ajay pal Singh Additional Civil Judge (Senior Division), Hoshiarpur**
CNR No.PBHO02-001808-2024
Next Date : 10.02.2026
M/S Shreyans (India) Pragati Bhawan Near S.D City Public School, Chintpurni Road, Hoshiarpur Through Its Partner Sh Varun Jain.
Versus
1. M/S Nanda Automobiles, Near S.D.M Chownk, Dasuya Through Its Proprietor/Partner/Authorized Person Sushant Nanda. 2. Mr. Sushant Nanda Proprietor/Partner/Authorized Person Of M/S Nanda Automobiles Near S.D.M Chownk, Dasuya.
Notice to: 1. M/S Nanda Automobiles, Near S.D.M Chownk, Dasuya Near S.D.M Chownk Dasuya Through Its Partner Sushant Nanda 2. Mr Sushant Nanda, Proprietor/Partner/Authorized Person Of M/S Nanda Automobiles Near S.D.M Chownk, Dasuya.
In above titled case the defendant(s)/respondaaent(s) could not be served. It is ordered that defendant(s)/respondent(s) should appear in person or through counsel on **10.**02.2026 at 10:00 A.M. For details logon to https://highcourtchd.gov.in/?trs=district_notice&district=Hoshiarpur
Dated this day of 15-12-2025
**Sd/- Additional Civil Judge (Senior Division), Hoshiarpur**

---

(U/o 5 Rule 20 CPC)
**In the Court of Ms. Balvinder Kaur Dhaliwal Additional Civil Judge (Senior Division), Jagraon**
CNR No.PBLDB0-000150-2025
Next Date : 09.02.2026
Rakesh Kumar
Versus
Manjot Singh
Notice to: Manjot Singh S/O Surinder Singh R/O Kothi No 111B Guru Randas Enclave Sher Singh Colony Basti Peer Dad Jalandhar Tehsil And Distt Jalandhar
In above titled case the defendant(s)/respondaaent(s) could not be served. It is orderded that defendant(s)/respondent(s) should appear in person or through counsel on **09.**02.2026 at 10:00 A.M. For details logon to https://highcourtchd.gov.in/?mod=district_notice&district=ludhianacourt
Dated this day of 15-12-2025
**Sd/- Additional Civil Judge (Senior Division), Jagraon**

---

(U/o 5 Rule 20 CPC)
**In the Court of Sh. Harpal Singh District and Sessions Judge, Kapurthala**
CNR No.PBKP01-004666-2024
Next Date : 03.02.2026
Parveen Kumar & Anr.
Versus
Kamaljit Singh & Anr.
Claim Petition u/s 166 MV Act
Notice to: 1) Kamaljit Singh S/O Gurcharan Singh R/O Village Sarhala Khurd, Ps Mahalpur, District Hoshiarpur (Driver And Owner Of Car Bearing Registration No PB-01-A-7703)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**02.2026 at 10:00 A.M. For details logon to https://highcourtchd.gov.in/?mod=district_notice&district=Kapurthala
Dated this day of 14-01-2026
**Sd/- District and Sessions Judge, Kapurthala**

---

**In the Court of Sh. Manmohan Bhatti Sub Divisional Judicial Magistrate, Rajpura**
CNR No.PBPTA1-003125-2022
Next Date : 19.02.2026
Satnam Singh
Versus
Jagdeep Singh Son of Bhupinder Singh
Notice to: Jagdeep Singh Son Of Bhupinnder Singh Village Fatehpur Rajputtan Near Sanour Teh And Distt Patiala
In above titled case the accused could not be served. It is orderded that accused should appear in person or through counsel on **19.**02.2026 at 10:00 A.M. For details logon to https://highcourtchd.gov.in/?mod=district_notice&district=patiala
Dated this day of 13-01-2026
**Sd/- Sub Divisional Judicial Magistrate, Rajpura**

---

**In the Court of Ms. Balvinder Kaur Dhaliwal Sub Divisional Judicial Magistrate Jagraon**
CNR No.PBLDB1-004634-2023
Next Date : 13.02.2026
Rakesh Kumar Malik
Versus
Manjit Singh
Notice to: Manjit Singh Father:: Surat Singh R/O Plot No.207 Model Town, Nursery Road, Jalandhar.144003
In above titled Petition the accused could not be served. It is ordered that accused should appear in person or through counsel on 13.02.2026 at 10:00 A.M. For details logon to https://highcourtchd.gov.in/?mod=district_notice&district=ludhianacourt
Dated this day of 13.01.2026
**Sd/- Sub Divisional Judicial Magistrate Jagraon**

---

(U/o 5 Rule 20 CPC)
**In the Court of Ms. Neha Jindal Civil Judge (Junior Division), Jagraon**
CNR No.PBLDB0-000184-2018
Next Date : 31.01.2026
Thakur Singh
Versus
Amarjit Singh
Notice to: 1)Amarjit Singh @ Amanjit Singh S/O Surpal Singh (Since Deceased) Through His Lr's- I) Harpreet Kaur (Daughter) II) Manpreet Kaur (Daughter) III) Jagjit Singh (Son) IV) Kulwinder Kaur (Widow) V) Basant Kaur (Mother) All R/O Village Nurpura, Tehsil Raikot Distt Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.01.2026** at 10:00 A.M. For details logon to https://highcourtchd.gov.in/?mod=district_notice&district=ludhianacourt
Dated this day of 12-01-2026
**Sd/- Civil Judge (Junior Division), Jagraon**

---

(U/o 5 Rule 20 CPC)
**In the Court of Ms. Parveen Bali Principal Judge Family Court, Faridkot**
CNR No.PBFD01-001865-2025
Next Date : 30.01.2026
HMA/343/2025
Sapna
Versus
Sukhwinder Singh
Notice to: Sukhwinder Singh S/O Gurcharan Singh R/O Street No 6, Guru Amardass Colony, Near Sanjay Karyana Store, Giaspura Dhandari Kalan Dist Ludhiana Mobile No 9517031004
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**01.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 15-01-2026
**Sd/- Principal Judge Family Court, Faridkot**

---

(U/o 5 Rule 20 CPC)
**In the Court of Sh. Sanjiv Joshi District and Sessions Judge, Faridkot**
CNR No.PBFD01-001413-2025
Next Date : 06.02.2026
Ranjit Singh
Versus
Satnam Singh
Notice to: Satnam Singh:- Son Of Puran Singh Son Of Ajaib Singh R/O Ward No. 2 Kotkapura Road Near Ram Bagh Jaito Through Lr Jaswinder Kaur W/O Puran Singh (Mother Of Satnam Singh)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06** .02.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 13-01-2026
**Sd/- District and Sessions Judge, Faridkot**

---

(U/o 5 Rule 20 CPC)
**In the Court of Ms. Ravi Inder Kaur Sandhu Additional District and Sessions Judge-4, Moga**
CNR No.PBMO01-000979-2025
Next Date : 05.02.2026
Sukhmandar Singh
Versus
Ravinder Kaur
Notice to: General Public
In above titled case the defendant(s)/respondent(s) could not be served. It is ordered that defendant(s)/reaspondent(s) should appear in person or through counsel on **05.**02.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 13-01-2026
**Sd/- Additional District and Sessions Judge-4, Moga**

---

(U/o 5 Rule 20 CPC)
**In the Court of Sh. Rajiv Kalra Additional District and Sessions Judge, Bathinda**
CNR No.PBBT01-000355-2026
Next Date : 02.03.2026
PROB/1/2026
Kuldeep Singh Brar
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/reaspondent(s) should appear in person or through counsel on **02.**03.2026 at 10:00 A.M. For details logon to https://highcourtchd.gov.in/?mod=district_notice&district=Bathinda
Dated this day of 14-01-2026
**Sd/- Additional District and Sessions Judge, Bathinda**

---

**In the Court of Sh. Abhay Rajan Shukla Judicial Magistrate Ist Class-3**
CNR No.PBSA03-015341-2023
Next Date : 01.04.2026
NACT/979/2023
M/s Equitas Small Finance Bank Ltd
Versus
Vaibhpal Singh
Notice to: Vaibhpal Singh S/O Harparkash Singh R/O Vill. Madanpur, Chalheri Rajpura, Patiala, Punjab 140401 Mobile. 7696717304
In above titled case the accused could not be served. It is ordered that accused should appear in person or through counsel on **01.**04.2026 at 10:00 A.M. For details logon to https://highcourtchd.gov.in/?mod=district_notice&district=mogacourt
Dated this day of 12-01-2026
**Sd/- Judicial Magistrate Ist Class-3**

---

(U/o 5 Rule 20 CPC)
**In the Court of Ms. Chinu Sharma Judicial Magistrate Ist Class, Chandigarh**
CNR No.CHCH03-033317-2024
Next Date : 05.03.2026
Case No. MNT125/241/2024
Previous Date: 04-12-2025
Seema
Versus
Ashok Kumar
Notice to: Ashok Kumar Son of Badri Ram, Address: Vijay Lakshmi Building, Room No. 202, Plot No. 19, Sector 5, Ulwe, Navi Maharashtra-410206
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05.**03.2026 at 10:00 A.M. For details logon to https://highcourtchd.gov.in/?trs=district_notice&district=Chandigarh
Dated this day of 08.01.2026
**Sd/- Judicial Magistrate Ist Class, Chandigarh**

---

(U/o 5 Rule 20 CPC)
**In the Court of Ms. Chinu Sharma Civil Judge Jr.Div.,Chandigarh**
CNR No.CHCH02-000084-2026
Next Date : 06.03.2026
Madan Lal Gupta
Versus
The Secretary Estates
Notice to: General Public
In above titled case the defendant(s)/respoondent(s) could not be served. It is orderded that defendant(s)/respoondent(s) should appear in person or through counsel on **06.**03.2026 at 10:00 A.M. For details logon to https://highcourtchd.gov.in/?trs=district_notice&district=Chandigarh
Dated this day of 12-01-2026
**Sd/- Civil Judge Jr.Div.,Chandigarh**

---

### ਪਬਲਿਕ ਨੋਟਿਸ

ਸਰਕਾਰੀ ਹਾਈ ਸਕੂਲ ਸੈਦਖੇੜੀ ਵਿਚ ਸਕੂਲ ਕੰਟੀਨ ਨੂੰ ਠੇਕੇ 'ਤੇ ਦੇਣ ਸਬੰਧੀ ਬੋਲੀ ਮਿਤੀ 20.01.2026 ਨੂੰ ਸਕੂਲ ਕੈਂਪਸ ਵਿਚ ਕਰਵਾਈ ਜਾਵੇਗੀ। ਚਾਹਵਾਨ ਸੱਜਣ ਸਵੇਰੇ 10.30 ਵਜੇ ਮੁੱਖ ਅਧਿਆਪਕ ਦੇ ਦਫਤਰ ਵਿਚ ਪਹੁੰਚਣ।

**ਸਹੀ/- ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਸੈਦਖੇੜੀ ਪਟਿਆਲਾ।**

---

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਿੱਖਿਆ ਵਿਭਾਗ ਫ਼ਿਰੋਜ਼ਪੁਰ ਵੱਲੋਂ ਜ਼ਿਲ੍ਹਾ ਪੱਧਰੀ ਕਿੱਤਾ ਤੇ ਹੁਨਰ ਮੁਕਾਬਲੇ



ਫ਼ਿਰੋਜ਼ਪੁਰ, 15 ਜਨਵਰੀ (ਤਿਵਾੜੀ): ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪੀ.ਐੱਮ.ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਫ਼ਿਰੋਜ਼ਪੁਰ ਵਿਖੇ ਜ਼ਿਲ੍ਹਾ ਪੱਧਰੀ ਕਿੱਤਾ ਤੇ ਹੁਨਰ ਮੁਕਾਬਲੇ ਅਤੇ ਕੁਇਜ਼ ਮੁਕਾਬਲੇ ਰਾਸ਼ਟਰੀ ਹੁਨਰ ਯੋਗਤਾ ਫਰਾਂਮਵਰਕ 2026 ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਮੌਕੇ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਸ੍. ਰਣਬੀਰ ਸਿੰਘ ਭੁੱਲਰ ਵਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਹ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ਼੍ਰੀਮਤੀ ਮੁਨੀਲਾ ਅਰੋੜਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਨੈਸ਼ਨਲ ਅਵਾਰਡੀ ਦੀ ਅਗਵਾਈ ਹੇਠ ਸਫ਼ਲਤਾਪੂਰਵਕ ਕਰਵਾਏ ਗਏ। ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਤੋਂ ਆਏ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੀਆਂ ਕਿੱਤਾਮੁਖੀ ਕਾਬਲੀਆਂ, ਤਕਨੀਕੀ ਗਿਆਨ ਅਤੇ ਰਚਨਾਤਮਕ ਸੋਚ ਦਾ ਬੇਹਤਰੀਨ ਪ੍ਰਦਰਸ਼ਨ ਕੀਤਾ। ਮੁਕਾਬਲਿਆਂ ਦੌਰਾਨ ਬੱਚਿਆਂ ਨੇ ਸਕਿਲ ਸਬਜੈਕਟਾਂ ਨਾਲ ਸਬੰਧਿਤ ਪ੍ਰੈਕਟੀਕਲ, ਮੌਖਿਕ ਅਤੇ ਲਿਖਤੀ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿੱਤਾ ਮੁਖੀ ਸਿੱਖਿਆ ਹੀ ਪੰਜਾਬ ਦੇ ਭਵਿੱਖ ਦੀ ਮਜ਼ਬੂਤ ਨੀਂਹ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿਰਫ਼ ਡਿਗਰੀ ਹੀ ਨਹੀਂ, ਸਗੋਂ ਹੁਨਰ ਅਤੇ ਰੁਜ਼ਗਾਰ ਨਾਲ ਜੁੜੀ ਸਿੱਖਿਆ ਦੀ ਬਹੁਤ ਵੱਡੀ ਲੋੜ ਹੈ। ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਤਿਆਰ ਕਰਦੇ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਮੁਨੀਲਾ ਅਰੋੜਾ ਨੇ ਕਿਹਾ ਕਿ ਰਾਸ਼ਟਰੀ ਹੁਨਰ ਯੋਗਤਾ ਫਰਾਂਮਵਰਕ ਤਹਿਤ ਦਿੱਤੀ ਜਾ ਰਹੀ ਕਿੱਤਾ ਮੁਖੀ ਸਿੱਖਿਆ ਨਾਲ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲ ਰਹੇ ਹਨ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਨੇ ਅਧਿਆਪਕਾਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਭਾਗੀਦਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਇਹ ਮੁਕਾਬਲੇ ਵਿਦਿਆਰਥੀਆਂ ਲਈ ਪ੍ਰੇਰਣਾ ਸਰੋਤ ਸਾਬਤ ਹੋਏ। ਇਸ ਮੌਕੇ ਰਾਜ ਬਹਾਦਰ ਸਿੰਘ ਗਿੱਲ, ਡੀਐਸਪੀ ਸੁਖਵਿੰਦਰ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਅਸ਼ਵਿੰਦਰ ਬਰਾੜ, ਅਰਵਿੰਦ ਗਰਗ, ਪਰਵਿੰਦਰ ਸਿੰਘ ਲਾਲਚੀਆਂ ਮੈਡਮ ਨਿਤਮਾ, ਅਕਸ਼ ਕੁਮਾਰ, ਮੈਡਮ ਰਜਨੀ ਜੱਗਾ, ਸਕੂਲ ਮੁਖੀ ਰਾਜੀਵ ਮੈਣੀ, ਰਾਕੇਸ਼ ਗਰੋਵਰ ਆਦਿ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਆਜ਼ਾਦ ਬਲਾਕ ਦਿੜ੍ਹਬਾ ਦੀ ਮੀਟਿੰਗ

ਦਿੜ੍ਹਬਾ ਮੰਡੀ 15 ਜਨਵਰੀ (ਸੁਖਵਿੰਦਰ ਸਿੰਘ ਵਿਰਕ)ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਬਲਵਿੰਦਰ ਸਿੰਘ (ਬਿੰਦਰ) ਦਿੜ੍ਹਬਾ ਦੀ ਅਗਵਾਈ ਹੇਠ ਸ੍ਰੀ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਕੀਤੀ ਗਈ,ਜਿਸ ਵਿੱਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਆਗੂ ਸੁਖਦੇਵ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ,ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੜ੍ਹਬਾ ਬਲਾਕ ਦੇ ਆਗੂਆਂ ਨੇ ਕਿਹਾ ਕਿ ਬਿਜਲੀ ਬਿੱਲ 2025,ਸੀਡ ਬਿੱਲ 2025 ਅਤੇ ਮਨਰੇਗਾ ਕਾਨੂੰਨ ਵਿੱਚ 200 ਦਿਨ ਵਾਲੀ ਮੰਗ ਨੂੰ ਛੱਡ ਕੇ ਸਰਕਾਰ ਵੱਲੋਂ ਕੀਤੀਆਂ ਗਈਆਂ ਤਬਦੀਲੀਆਂ ਦਾ ਸਖ਼ਤ ਵਿਰੋਧ ਕਰਦੇ ਹੋਏ ਜ਼ਿਲ੍ਹਾ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਕਿਸਾਨ ਮਜ਼ਦੂਰ ਮੋਰਚੇ ਵੱਲੋਂ 21 ਅਤੇ 22 ਜਨਵਰੀ ਨੂੰ ਪਿੰਡਾਂ ਵਿੱਚੋਂ ਸਮਾਰਟ ਮੀਟਰ ਉਤਾਰ ਕੇ ਬਿਜਲੀ ਬੋਰਡ ਦੇ ਦਫ਼ਤਰ ਜਮਾਂ ਕਰਵਾਏ ਜਾਣਗੇ ਅਤੇ ਆਗੂਆਂ ਵੱਲੋਂ ਪਿੰਡਾਂ ਵਿੱਚੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਜਥੇਬੰਦੀ ਨਾਲ ਜੁੜਨ ਦਾ ਸੱਦਾ ਦਿੱਤਾ ਗਿਆ।

ਇਸ ਤੋਂ ਇਲਾਵਾ ਮੀਟਿੰਗ ਵਿੱਚ ਪਿਛਲੇ ਦਿਨੀ ਲੋਹੜੀ ਵਾਲੇ ਦਿਨ ਕੇ.ਐਮ.ਐਮ ਦੇ ਸੱਦੇ ਤਹਿਤ ਸੂਬੇ ਭਰ ਚ ਸਾਰੇ ਪਿੰਡਾਂ, ਸ਼ਹਿਰਾਂ ਵਿੱਚ ਬਿਜਲੀ ਐਕਟ 2025 ਤੇ ਸੀਡ ਬਿਲ ਐਕਟ 2025 ਦੀਆਂ ਕਾਪੀਆਂ ਸਾੜਨ ਦਾ ਜੋ ਪ੍ਰੋਗਰਾਮ ਦਿੱਤਾ ਗਿਆ ਸੀ ਉਸ ਤਹਿਤ ਹੀ ਪਿੰਡ ਹਰੀਗੜ੍ਹ ਵਿੱਚ ਯੂਨੀਅਨ ਦੇ ਆਗੂ ਪਿੰਡ ਦੀ ਸੱਥ ਵਿੱਚ ਸ਼ਾਂਤਮਈ ਇਹਨਾਂ ਬਿਲਾਂ ਦਾ ਵਿਰੋਧ ਕਰ ਰਹੇ ਸਨ ਸਾਬਕਾ ਸਰਪੰਚ ਬਲਜੀਤ ਕੌਰ ਦੇ ਪਤੀ ਗੁਰਚਰਨ ਸਿੰਘ ਫੌਜੀ ਦੁਆਰਾ ਜਥੇਬੰਦੀ ਦੇ ਕੰਮ ਵਿੱਚ ਵਿਘਨ ਪਾਉਣ ਦੇ ਨਾਲ ਨਾਲ ਆਗੂਆਂ ਨਾਲ ਗਾਲੀ ਗਲੋਚ, ਭੱਦੀ ਸ਼ਬਦਾਵਲੀ ,ਅਤੇ ਹੱਥੋਂ ਪਾਈ ਕੀਤੀ ਗਈ। ਜਿਸ ਦਾ ਜਥੇਬੰਦੀ ਵੱਲੋਂ ਸਖਤ ਵਿਰੋਧ ਕਰਦਿਆਂ, ਜਥੇਬੰਦੀ ਨੇ ਸਖਤ ਐਕਸ਼ਨ ਲੈਂਦਿਆਂ ਇਹ ਫੈਸਲਾ ਕੀਤਾ ਕਿ ਜੇਕਰ ਇਸ ਸਬੰਧੀ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀ ਦਾ ਕੋਈ ਫੈਸਲਾ ਆਉਂਦਾ ਹੈ ਤਾਂ ਸਾਰੇ ਕਿਸਾਨ ਵੱਧ ਚੜ ਕੇ ਪਹੁੰਚਣ ਲਈ ਤਿਆਰ ਰਹਿਣ। ਅੱਜ ਦੀ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਚਰਨਜੀਤ ਸਿੰਘ ਸੰਤਪੁਰਾ ਉਗਰਾਹਾਂ ਜੱਥੇਬੰਦੀ ਤੋਂ ਅਸਤੀਫ਼ਾ ਦੇ ਕੇ ਬੀਕੇਯੂ ਅਜ਼ਾਦ ਵਿੱਚ ਸ਼ਾਮਲ ਹੋਣ ਤੇ ਜਿੰਨ੍ਹਾਂ ਦਾ ਬਲਾਕ ਆਗੂਆਂ ਅਤੇ ਪਿੰਡ ਇਕਾਈਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ, ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਲਿਖ਼ਤੀ ਚਿੱਠੀ ਰਾਹੀਂ ਕਿਸਾਨ ਮਜ਼ਦੂਰ ਮੋਰਚਾ ਨੂੰ 07 ਜਨਵਰੀ ਦੀ ਮੀਟਿੰਗ ਦਿੱਤੀ ਸੀ ਪਰ ਪੰਜਾਬ ਸਰਕਾਰ ਇਸ ਮੀਟਿੰਗ ਵਿੱਚੋਂ ਗੈਰਹਾਜ਼ਰ ਰਹੀਂ ਜਿਸ ਦੇ ਵਿਰੋਧ ਵਜੋਂ ਸਾਰੇ ਪੰਜਾਬ ਵਿੱਚ 5 ਫਰਵਰੀ ਨੂੰ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅਤੇ ਦਫ਼ਤਰਾਂ ਦਾ ਘਿਰਾਓ ਕੀਤਾ ਜਾਵੇਗਾ। ਮੀਟਿੰਗ ਵਿੱਚ ਬਲਾਕ ਆਗੂ ਰਣਵੀਰ ਸਿੰਘ ਬਘਰੋਲ,ਜਗਦੀਪ ਸਿੰਘ ਕੌਹਰੀਆਂ,ਚਮਕੌਰ ਸਿੰਘ ਸ਼ਾਦੀ ਹਰੀ,ਜਸਪ੍ਰੀਤ ਸਿੰਘ ਬੱਬੂ,ਸੱਤਪਾਲ ਸਿੰਘ ਹਰੀਗੜ੍ਹ,ਬਲਵਿੰਦਰ ਸਿੰਘ ਹਰੀਗੜ੍ਹ,ਮਾਂਗਾ ਸਿੰਘ ਸ਼ਾਦੀ ਹਰੀ,ਮਹਿੰਦਰ ਸਿੰਘ ਖੇਤਲਾ,ਭਰਭੂਰ ਸਿੰਘ ਗੁੱਜਰਾਂ ਆਦਿ ਹਾਜ਼ਰ ਸਨ।

# ਨਸ਼ਾ ਤਸਕਰੀ ਰਾਹੀਂ ਬਣਾਈ ਕਰੀਬ 3 ਕਰੋੜ ਦੀ ਜਾਇਦਾਦ ਬਠਿੰਡਾ ਪੁਲਿਸ ਵੱਲੋਂ ਫਰੀਜ਼

ਬਠਿੰਡਾ, 15 ਜਨਵਰੀ (ਦੀਪਕ ਸ਼ਰਮਾ) ਪੰਜਾਬ ਨੂੰ ਨਸ਼ਾ ਮੁਕਤ ਰਾਜ ਬਣਾਉਣ ਲਈ ਚਲਾਈ ਗਈ ਮੁਹਿੰਮ ਤਹਿਤ ਹਰਜੀਤ ਸਿੰਘ ਡੀ.ਆਈ.ਜੀ. ਬਠਿੰਡਾ ਰੇਂਜ ਦੇ ਮਾਰਗਦਰਸ਼ਨ ਅਤੇ ਐਸ.ਐਸ.ਪੀ. ਡਾ. ਜਯੋਤੀ ਯਾਦਵ ਦੀ ਨਿਗਰਾਨੀ ਹੇਠ ਜ਼ਿਲ੍ਹਾ ਪੁਲਿਸ ਵੱਲੋਂ ਸ਼ੱਕੀ ਵਿਅਕਤੀਆਂ ਦੇ ਟਿਕਾਣਿਆਂ @ਤੇ ਲਗਾਤਾਰ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਕਾਰਵਾਈ ਦੇ ਤਹਿਤ ਵੀਰਵਾਰ ਨੂੰ ਪੁਲਿਸ ਨੇ ਨਸ਼ਾ ਤਸਕਰੀ ਰਾਹੀਂ ਇਕੱਠੀ ਕੀਤੀ ਗਈ ਲਗਭਗ 3 ਕਰੋੜ ਰੁਪਏ ਦੀ ਜਾਇਦਾਦ ਨੂੰ ਫਰੀਜ਼ (ਜ਼ਬਤ) ਕਰ ਦਿੱਤਾ ਹੈ। ਡੀ.ਐਸ.ਪੀ. (ਐਨ.ਡੀ.ਪੀ.ਐਸ.) ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਥਾਣਾ ਕੋਤਵਾਲੀ ਪੁਲਿਸ ਵੱਲੋਂ ਨਸ਼ਾ ਤਸਕਰ ਲਖਵੀਰ ਸਿੰਘ ਉਰਫ਼ ਲੱਖਾ ਨਿਵਾਸੀ ਗਲੀ ਨੰਬਰ 11, ਪਟੇਲ ਨਗਰ ਮਲੋਟ ਦੇ ਖਿਲਾਫ਼ ਮੁਕੱਦਮਾ ਨੰਬਰ 132 (ਮਿਤੀ 8 ਜੁਲਾਈ 2025) ਧਾਰਾ 21ਸੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਹੈ, ਜਿਸ ਕੋਲੋਂ 40 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਸੀ। ਇਸ ਮਾਮਲੇ ਨਾਲ ਸਬੰਧਤ ਦੋ ਕੇਸ ਦਿੱਲੀ ਸਥਿਤ ਸਮਰੱਥ ਅਥਾਰਟੀ ਨੂੰ ਭੇਜੇ ਗਏ ਸਨ। ਹੁਕਮ ਪ੍ਰਾਪਤ ਹੋਣ 'ਤੇ ਪਹਿਲਾਂ 2 ਕਰੋੜ 49 ਲੱਖ 81 ਹਜ਼ਾਰ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਫਰੀਜ਼ ਕੀਤੀ ਗਈ ਸੀ।




# ਸੂਬਾ ਸਰਕਾਰ ਦੀਆਂ ਸਿਹਤ ਪੱਖੀ ਸਕੀਮਾਂ ਨੂੰ ਹੇਠਲੇ ਪੱਧਰ 'ਤੇ ਇੰਨ-ਬਿੰਨ ਲਾਗੂ ਕੀਤਾ ਜਾਵੇ : ਸਿਵਲ ਸਰਜਨ

ਫ਼ਿਰੋਜ਼ਪੁਰ, 15 ਦਸੰਬਰ (ਤਿਵਾੜੀ) ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਪੱਧਰ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮੰਤਵ ਨੂੰ ਲੈ ਕੇ ਚਲਾਏ ਜਾ ਰਹੇ ਆਮ ਆਦਮੀ ਕਲੀਨਿਕ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਢੰਗ ਨਾਲ ਲਾਗੂ ਕਰਨ ਦੇ ਲਈ ਡਾ. ਰਾਜੀਵ ਪਰਾਸ਼ਰ ਸਿਵਲ ਸਰਜਨ ਫ਼ਿਰੋਜ਼ਪੁਰ ਵੱਲੋਂ ਇਹਨਾਂ ਆਮ ਆਦਮੀ ਕਲੀਨਿਕਾਂ ਵਿੱਚ ਤਾਇਨਾਤ ਮੈਡੀਕਲ ਅਫਸਰਾਂ ਨਾਲ ਜ਼ੂਮ ਮੀਟਿੰਗ ਕੀਤੀ ਗਈ।

ਇਸ ਮੌਕੇ ਜਿੱਥੇ ਉਹਨਾਂ ਸੂਬਾ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਇੰਨ ਬਿੰਨ ਲਾਗੂ ਕਰਨ ਲਈ ਕਿਹਾ ਉੱਥੇ ਹੀ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਰਪੇਸ਼ ਨਾ ਆਵੇ ਇਸ ਦੀ ਵੀ ਹਦਾਇਤ ਕੀਤੀ। ਦੱਸਣਯੋਗ ਹੈ ਕਿ ਸਿਹਤ ਵਿਭਾਗ ਫਿਰੋਜ਼ਪੁਰ ਅਧੀਨ ਜ਼ਿਲ੍ਹੇ ਵਿੱਚ 28 ਆਮ ਆਦਮੀ ਕਲੀਨਿਕ ਚਲਾਏ ਜਾ ਰਹੇ ਹਨ ਜਿੱਥੇ ਵੱਡੀ ਗਿਣਤੀ ਵਿੱਚ ਮਰੀਜ਼ਾਂ ਵਲੋਂ ਇਲਾਜ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆ ਡਾ. ਰਾਜੀਵ ਪਰਾਸ਼ਰ ਸਿਵਲ ਸਰਜਨ ਨੇ ਦਸਿਆ ਕਿ ਆਮ ਆਦਮੀ ਕਲੀਨਿਕ ਸੂਬਾ ਸਰਕਾਰ ਦੀ ਮਹੱਤਵਕਾਂਸ਼ੀ ਯੋਜਨਾ ਹੈ, ਜਿਸਦਾ ਮੁੱਖ ਮਕਸਦ ਆਮ ਲੋਕਾਂ ਨੂੰ ਮੁਫ਼ਤ ਅਤੇ ਗੁਣਵੱਤਾ ਭਰੀ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵਲੋ ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ ਇਕ ਹੋਰ ਸਿਹਤ ਸਹੂਲਤ ਦਾ ਵਾਧਾ ਕੀਤਾ ਗਿਆ ਹੈ ਜਿਸ ਤਹਿਤ ਕੇਵਲ ਗਰਭਵਤੀ ਔਰਤਾਂ ਲਈ ਅਲਟਰਾ ਸਾਊਂਡ ਸੈਂਟਰਜ਼ ਨੂੰ ਸੂਚੀਬੱਧ ਕੀਤਾ ਗਿਆ ਹੈ ਜਿੱਥੇ ਡਾਕਟਰਾਂ ਦੀ ਸਲਾਹ ਤੇ ਇਹਨਾਂ ਕਲੀਨਿਕ ਰਾਹੀ ਘੱਟ ਕੀਮਤ ਤੇ ਅਲਟਰਾ ਸਾਊਂਡ ਕਰਵਾਏ ਜਾ ਰਹੇ ਹਨ, ਜਿਸ ਦਾ ਮਰੀਜ਼ਾ ਨੂੰ ਫਾਇਦਾ ਮਿਲ ਰਿਹਾ ਹੈ। ਡਾ. ਪਰਾਸ਼ਰ ਨੇ ਕਿਹਾ ਕਿ ਹੁਣ ਆਮ ਆਦਮੀ ਕਲੀਨਿਕ ਵਿੱਚ ਜੱਚਾ ਬੱਚਾ ਨੂੰ ਮਿਆਰੀ ਸਿਹਤ ਸੇਵਾਵਾ ਮਿਲ ਰਹੀਆ ਹਨ ਅਤੇ ਸਮੂਹ ਏ ਐਨ ਐਮ ਅਤੇ ਆਸ਼ਾ ਨੂੰ ਹਦਾਇਤ ਕੀਤੀ ਹੈ ਕਿ ਗਰਭਵਤੀ ਮਹਿਲਾਵਾਂ ਦੇ ਟੈਸਟ ਅਤੇ ਜਾਂਚ ਆਮ ਆਦਮੀ ਕਲੀਨਿਕ ਵਿੱਚ ਕਰਵਾਈ ਜਾਵੇ ਤਾਂ ਜੋ ਮੈਟਰਨਲ ਡੈਥ ਨੂੰ ਰੋਕਿਆ ਜਾ ਸਕੇ। ਉਹਨਾਂ ਦੱਸਿਆ ਆਮ ਆਦਮੀ ਕਲੀਨਿਕਾਂ ਵਿੱਚ 40 ਦੇ ਕਰੀਬ ਮੈਡੀਕਲ ਲੈਬੋਰਟਰੀ ਟੈਸਟ ਕਰਵਾਉਣ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ ਨਾਲ ਹੀ ਐਂਟੀ ਰੇਬੀਜ਼ ਟੀਕੇ ਵੀ ਮਰੀਜ਼ਾਂ ਨੂੰ ਲੱਗ ਰਹੇ ਹਨ। ਇਸ ਮੌਕੇ ਡਾ. ਗੁਰਮੇਜ ਰਾਮ ਡੀ ਐਮ ਸੀ , ਹਰੀਸ਼ ਕਟਾਰੀਆ ਡੀ ਪੀ ਐਮ ਹਾਜ਼ਰ ਸਨ ।

---

## ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਵਣੀ ਦੁਆਰਾ ਮੰਡਲ ਦੇ ਹੇਠਾ ਲਿਖੇ ਸਟੇਸ਼ਨਾਂ ਉਤੇ ਠੇਕੇ ਅਲਾਟਮੈਂਟ ਕਰਨ ਲਈ ਈ-ਨੀਲਾਮੀ ਰੇਲਵੇ ਵੇਬ ਸਾਈਟ www.ireps.gov.in ਦੇ ਦੁਵਾਰਾ ਤੋਂ ਬੋਲੀ ਮੰਗ ਕੀਤੀ ਜਾਂ ਰਹੀ ਹੈ। ਅਲਾਟਮੈਂਟ ਕੀਤੇ ਜਾਣ ਵਾਲੇ ਠੇਕਿਆਂ ਦਾ ਵੇਰਵਾ ਹੇਠਾ ਲਿਖਿਆ ਹੈ।

| ਲ. ਨੰ: | ਨੀਲਾਮੀ ਕੈਟਲਾਗ ਨੰ: | ਕੰਮ ਦਾ ਵੇਰਵਾ | ਨੀਲਾਮੀ ਮਿਤੀ ਤੇ ਸਮਾਂ |
|---|---|---|---|
| 1 | UMB-Prkg-01-26 | ਸਹਾਰਨਪੁਰ ਵਿਚ ਟੀ2 ਕਾਲੋਨੀ ਪਾਰਕ ਦੇ ਕੋਨ 1133 ਵਰਗ ਮੀਟਰ ਖੇਤਰਫਲ ਦਾ ਵਿਸ਼ਾਲ ਪਾਰਕਿੰਗ ਜਗ੍ਹਾਂ। | 22.01.26 12:00 |
| 2 | | ਬਠਿੰਡਾ ਰੇਲਵੇ ਸਟੇਸ਼ਨ ਦੇ ਦੂਸਰੇ ਪ੍ਰਵੇਸ਼ ਦੁਵਾਰ ਉਤੇ ਜੀਆਰਪੀ ਕਾਰਟਰ ਦੇ ਕੋਲ ਸਥਿਤ 1894.20 ਵਰਗ ਮੀਟਰ ਖੇਤਰਫਲ ਦਾ ਪੂਰਾ ਪਾਰਕਿੰਗ ਜਗ੍ਹਾਂ। (ਸਾਇਟ ਪਲਾਨ ਦੇ ਅਨੁਸਾਰ) | |
| 3 | UMB-Prkg-03-26 | ਮਲੋਟ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਯਾ ਵਿਚ ਕੁਲ 955.75 ਵਰਗ ਮੀਟਰ ਖੇਤਰਫਲ ਵਾਲੇ ਪੂਰੇ ਪਾਰਕਿੰਗ ਜਗ੍ਹਾਂ ਦਾ ਅਲਾਟਮੈਂਟ। | 30.01.26 12:00 |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 159/26

---

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿਸਟਰਡਦਫਤਰ:ਪੰ.ਰਾ.ਬਿ.ਬੋ.ਹੈਡਆਫਿਸ, ਦੀ ਮਾਲ, ਪਟਿਆਲਾ 147001)
ਕਾਰਪੋਰੇਸ਼ਨ ਆਈਡੈਂਟਿਟੀ ਨੰ: U40109PB2010SGC033813, Website: www.pspcl.in
ਦਫ਼ਤਰ: ਸਥਾਨਿਕ ਇੰਜੀਨੀਅਰ/ਜਨਰੇਸ਼ਨ ਮੰਡਲ, ਏ.ਐਸ.ਐਚ.ਪੀ., ਅਨੰਦਪੁਰ ਸਾਹਿਬ
(ਫੋਨ: 01887-232076,96461-19094, ਫੈਕਸ:- 232117, ਈਮੇਲ-reashp@gmail.com)

ਟੈਂਡਰ ਇਨਕੁਆਰੀ ਨੰ. 23/RE/ASHP/2025-26 ਮਿਤੀ:15.01.2025

ਸਥਾਨਿਕ ਇੰਜੀਨੀਅਰ, ਜਨਰੇਸ਼ਨ ਮੰਡਲ, ਏ.ਐਸ.ਐਚ.ਪੀ ਪੀ.ਐਸ.ਪੀ.ਸੀ.ਐਲ. ਸ੍ਰੀ ਅਨੰਦਪੁਰ ਸਾਹਿਬ ਜੀ ਵਲੋਂ ਸਾਲ 2025-26 ਲਈ ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ ਅਧੀਨ ਐਸ ਐਂਡ ਟੀ ਸਟੋਰ ਰਾਜਪੁਰਾ, ਰੋਪੜ ਅਤੇ ਗੰਗੂਵਾਲ ਵਿਖੇ ਵੱਖ ਵੱਖ ਸਥਾਨਾਂ ਤੇ ਸੀ.ਸੀ.ਟੀ.ਵੀ ਕੈਮਰੇ ਲਗਵਾਉਣ ਸੰਬਧੀ ਓਪਨ ਟੈਂਡਰ ਨੋਟਿਸ ਸੱਦਿਆ ਜਾਂਦਾ ਹੈ। ਡਿਟੇਲ ਐਨ.ਆਈ.ਟੀ ਕਾਪੀ ਉਪਰੋਕਤ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਟੈਂਡਰ ਭਰਨ ਦੀ ਆਖਰੀ ਮਿਤੀ-30.01.2026 ਸਮਾਂ 11.00 ਵਜੇ ਸਵੇਰੇ ਤੱਕ ਹੋਵੇਗੀ।
ਨੋਟ: ਜੇਕਰ ਕੋਈ ਕੋਰੀਜੈਂਡਮ ਹੋਇਆ ਤਾਂ ਉਹ ਅਖਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ ਦੀ ਸਾਈਟ https://pspcl.in ਨੂੰ ਲਗਾਤਾਰ ਦੇਖਿਆ ਜਾਵੇ।
C 53/26

**Ro No PR ADVT NO: 1079/12/2025-26/7144/ Dated CHD: 15/1/2026**

---

## ਪੰਜਾਬ ਰਾਜ ਪਾਵਰ ਨਿਗਮ ਲਿਮਟਿਡ

(ਰਜਿਸਟਰਡ ਦਫਤਰ:ਪੀ.ਐਸ.ਈ.ਬੀ.ਮੁੱਖ ਦਫਤਰ, ਦੀ ਮਾਲ, ਪਟਿਆਲਾ 147001)
ਕਾਰਪੋਰੇਸ਼ਨ ਪਛਾਣ ਨੰ: U40109PB2010SGC033813,ਵੈਬਸਾਈਟ: www.pspcl.in
(ਸੰਪਰਕ ਨੰਬਰ: 96461-17633, ਈ-ਮੇਲ:-ase-civil-ghtp@pspcl.in

ਟੈਂਡਰ ਇਨਕੁਆਰੀ ਨੰ. 514/ਪੀ.ਸੀ.ਐਮ-504 ਵਾ:2/2025-26 ਮਿਤੀ:14.01.2026

ਈ-ਟੈਂਡਰ (ਰੀ-ਟੈਂਡਰ)

ਵਧੀਕ ਨਿਗਰਾਨ ਇੰਜੀਨੀਅਰ,ਪਲਾਂਟ ਸਿਵਲ ਸੰਭਾਲ ਸੈਲ, ਗ:ਹ:ਥ:ਪ: ਲਹਿਰਾ ਮੁਹੱਬਤ ਵੱਲੋਂ ਰਜਿਸਟਡਰ/ਚਾਹਵਾਨ ਫਰਮਾਂ ਤੋਂ ਗੁ:ਹ:ਥ:ਪ: ਲਹਿਰਾ ਮਹੱਬਤ ਵਿਖੇ ਵਿਖੇ ਸਟੇਜ-1 ਦੇ ਬੁਆਇਲਰ ਖੇਤਰ ਵਿੱਚ ਬਣੇ ਸਟੀਲ ਸਟੰਕਚਰ ਨੂੰ ਰੰਗ ਰੋਗਨ ਕਰਨ ਦੇ ਕੰਮ ਲਈ ਈ-ਟੈਡਰਾਂ ਦੀ ਮੰਗ ਕੀਤੀ ਜਾਂਦੀ ਹੈ। ਡੀ.ਐਨ.ਆਈ.ਟੀ ਅਤੇ ਟੈਂਡਰ ਦੇ ਵੇਰਵੇ ਵੈਬਸਾਇਟ https://eproc.punjab.gov.in ਤੇ ਮਿਤੀ 15.01.2026 ਬਾਅਦ ਦੁਪਹਿਰ 3:00 ਵਜੇ ਤੋ ਵੇਖੇ ਜਾ ਸਕਦੇ ਹਨ।
ਨੋਟ:- ਕੋਈ ਵੀ ਸੋਧ ਸਿਰਫ਼ ਵੈਬ- ਸਾਇਟ https://eproc.punjab.gov.in ਤੇ ਪ੍ਰਕਾਸ਼ਿਤ ਕੀਤੀ ਜਾਵੇਗੀ। GHTP-08/26

**Ro No PR ADVT NO: 1079/12/2025-26/7141/ Dated CHD: 15/1/2026**

---

## ਪੰਜਾਬ ਸਰਕਾਰ

ਕੰਮਾਂ ਲਈ ਟੈਂਡਰ/ਆਰਐਫਪੀ

ਟੈਂਡਰ ਸੂਚਨਾ ਹਵਾਲਾ ਨੰਬਰ ਐਮਸੀਜੇ/ਓਐਮ/2025-26/35ਏਏ ਅਤੇ 201/ਸੀਈ/ਡਬਲਿਊਐਸ/ਜੀ ਮਿਤੀ 15.01.26

**ਨਗਰ ਨਿਗਮ ਜਲੰਧਰ ਦੇ ਵਿਭਾਗ ਵੱਲੋਂ ਨਿਮਨ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ :- ਜਲ ਸਪਲਾਈ ਅਤੇ ਸੀਵਰੇਜ ਕੰਮਾਂ ਲਈ ਓ ਅਤੇ ਐਮ ਸ਼ਾਖਾ ਨਾਲ ਸਬੰਧਤ 31 ਕੰਮ (ਕੰਮ ਦੇ ਵੇਰਵੇ ਵੈਬਸਾਈਟ ਵਿਚ ਦਰਸਾਏ ਅਨੁਸਾਰ)**

ਬੰਦ ਹੋਣ ਦੀ ਮਿਤੀ ਅਤੇ ਸਮਾਂ :
ਟੈਂਡਰ ਦੀ ਉਪਲਬਧਤਾ :- ਲੜੀ ਨੰ. 20-31 ਦੇ ਲਈ (ਪਹਿਲਾ ਯਤਨ) : 20.01.2026, ਬਾ. ਦੁ. 14.00 ਵਜੇ
ਟੈਂਡਰ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ :- 30.01.2026, ਬਾ. ਦੁ. 14.00 ਵਜੇ
ਟੈਂਡਰ ਦੀ ਉਪਲਬਧਤਾ :- ਲੜੀ ਨੰ. 01-19 ਦੇ ਲਈ (ਦੂਜਾ ਯਤਨ) : 20.01.2026, ਬਾ. ਦੁ. 14.00 ਵਜੇ
ਟੈਂਡਰ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ :- 28.01.2026, ਬਾ. ਦੁ. 14.00 ਵਜੇ

ਵੇਰਵਿਆਂ ਲਈ ਲਾਗ ਆਨ ਕਰੋ :**eproc.punjab.gov.in**

*ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।*

ਸਰਕਾਰੀ ਪੱਤਰ ਹਵਾਲਾ ਨੰਬਰ ਜੇਡੀਡੀਐਲਜੀ/ਪੀਆਰਯੂ/ਡੀਐਲਜੀ/2021/1018-23 ਮਿਤੀ 13.05.2021 ਦੇ ਅਨੁਸਾਰ

ਸਹੀ/- ਨਿਗਮ ਇੰਜੀਨੀਅਰ, ਨਗਰ ਨਿਗਮ, ਜਲੰਧਰ

**RO.No.PR-Advt.No. : 2722/12/2025-26/7113/Dated CHD : 15/01/2026**

---

## verka

ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮ.
ਐਸਸੀਓ 153-155, ਸੈਕਟਰ 34-ਏ, ਚੰਡੀਗੜ੍ਹ-160022, ਸੰਪਰਕ ਨੰ.: 0172-5041866

**ਟੈਂਡਰ ਮੰਗ ਸੂਚਨਾ** www.verka.coop

**ਨਿਮਨਲਿਖਤ ਮਦ ਦੀ ਖਰੀਦ ਅਤੇ ਸਪਲਾਈ ਲਈ ਇਸ ਦੁਆਰਾ ਈ-ਟੈਂਡਰ ਮੰਗੇ ਜਾਂਦੇ ਹਨ :-**

| ਲ. ਨ. | ਕੰਮ/ਮਦ ਦਾ ਨਾਮ | ਮਿਆਦ/ ਅਸਥਾਈ ਮਾਤਰਾ |
|---|---|---|
| 1. | ਵੇਰਕਾ ਮੁੱਖ ਦਫ਼ਤਰ, ਚੰਡੀਗੜ੍ਹ ਦੇ ਲਈ<br>ੳ) ਸੀ. ਬਕਸਿਆਂ ਨਾਲ ਆਟੋਮੈਟਿਕ ਮਸ਼ੀਨ ਦੇ ਬਣੇ ਘੀ ਦੇ ਟਿਨ<br>i. 1/2 ਕਿ. ਗ੍ਰਾ.<br>ii. 1 ਲੀਟਰ<br>iii. 2 ਲੀਟਰ<br>iv. 5 ਲੀਟਰ<br>ਅ) ਪੰਜਾਬ ਅਤੇ ਚੰਡੀਗੜ੍ਹ ਵਿਚ ਵੱਖ-ਵੱਖ ਥਾਵਾਂ 'ਤੇ 10' x10' ਆਕਾਰ ਦੇ ਵੇਰਕਾ ਮਿਲਕ ਬਾਰਜ਼ ਦਾ ਨਿਰਮਾਣ। | ਸਲਾਨਾ/<br>14 ਲੱਖ<br>35 ਲੱਖ<br>1.50 ਲੱਖ<br>10 ਹਜ਼ਾਰ<br>ਸਲਾਨਾ/200 ਅਦਦ |
| 2. | ਵੇਰਕਾ ਮੋਹਾਲੀ ਡੇਅਰੀ ਦੇ ਲਈ<br>ੳ) ਡਿਜੀਟਲ ਬੀਆਰ ਮੀਟਰ<br>ਅ) ਵਾਟਰ ਬਾਥ<br>ੲ) ਸੋਲਰ ਗੀਜ਼ਰ | 40 ਅਦਦ<br>150 ਅਦਦ<br>106 ਅਦਦ |
| 3. | ਵੇਰਕਾ ਬਠਿੰਡਾ ਡੇਅਰੀ ਦੇ ਲਈ<br>**ਭਾੜੇ 'ਤੇ ਲੈਣਾ :-**<br>ੳ) ਮਨੁੱਖੀ ਸ਼ਕਤੀ (ਗੈਰ ਮਾਹਿਰ/ਅਰਧ-ਮਾਹਿਰ/ਮਾਹਿਰ/ਉਚ ਮਾਹਿਰ ਅਤੇ ਹੋਰ ਵਰਗ) ਦੀ ਵਿਵਸਥਾ ਲਈ ਆਊਟਸੋਰਸ ਏਜੰਸੀ (ਸਰਵਿਸ ਪ੍ਰੋਵਾਈਡਰ)<br>ਅ) ਆਈਸ ਕ੍ਰੀਮ ਦੀ ਸਪਲਾਈ ਲਈ ਰੈਫਰਿਜਰੇਟਿਡ ਵਾਹਨ (ਸਮਰਥਾ 60,150,200 ਅਤੇ 400 ਕਰੇਟ) | 02 ਸਾਲ<br>ਇੱਕ ਮੁਕੰਮਲ ਜਾਬ |
| 4. | ਵੇਰਕਾ ਲੁਧਿਆਣਾ ਡੇਅਰੀ ਦੇ ਲਈ<br>ੳ) ਇਵੈਪੋਰੇਟਿੰਗ ਕੰਡੈਂਸਰ ਦੀ ਸਪਲਾਈ, ਸਥਾਪਨਾ, ਪ੍ਰੀਖਣ ਅਤੇ ਚਾਲੂ ਕਰਨਾ<br>ਅ) 8 ਗ੍ਰਾਮ ਟੇਬਲ ਬਟਰ ਪੈਕ ਕਰਨ ਲਈ ਪੀਵੀਸੀ ਸਮੱਗਰੀ ਦੀ ਸਪਲਾਈ। | ਇੱਕ ਵਾਰਗੀ ਖਰੀਦ<br>06 ਮਹੀਨੇ |
| 5. | ਵੇਰਕਾ ਹੁਸ਼ਿਆਰਪੁਰ ਡੇਅਰੀ ਦੇ ਲਈ<br>ਵਾਹਨ ਵਿਚ ਐਲਐਨ2 ਗੈਸ ਅਤੇ ਏਆਈ ਗਤੀਵਿਧੀਆਂ ਦੀ ਸਪਲਾਈ ਲਈ ਵਾਹਨ ਨੂੰ ਭਾੜੇ 'ਤੇ ਲੈਣਾ, ਸਮਰਥਾ (ਕਿ. ਗ੍ਰਾ. ਵਿਚ) :- 1000-1500 | 01 ਅਦਦ |
| 6. | ਵੇਰਕਾ ਜਲੰਧਰ ਡੇਅਰੀ ਦੇ ਲਈ<br>ਘੱਟ ਘੱਟ 5500 Kcal/kg ਦੀ ਕੈਲਰੀ ਲਾਗਤ ਵਾਲਾ ਭਾਫ ਕੋਲਾ। | 2000 ਐਮਟੀ (700-800 ਐਮ ਟੀ ਪ੍ਰਤੀ ਮਹੀਨਾ) |

ਨੋਟ : 1. ਉਕਤ ਟੈਂਡਰ (ਐਨਆਈਟੀ) ਸਬੰਧੀ ਮੁਕੰਮਲ ਵੇਰਵਿਆਂ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ ਭਾਵ www.verka.coop ਅਤੇ ਈ-ਟੈਂਡਰਿੰਗ ਪੋਰਟਲ ਭਾਵ **eproc.punjab.gov.in** ਦੇਖੋ।
2. ਸੋਧ, ਜੇਕਰ ਕੋਈ ਹੈ, ਕੇਵਲ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।

ਜਨਰਲ ਮੈਨੇਜਰ (ਖਰੀਦ)

**RO.No.PR-Advt.No.1018/12/2025-26/7128/Dated CHD : 15/01/2026**

---

## ਉੱਤਰ ਰੇਲਵੇ

**ਈ-ਟੈਂਡਰਿੰਗ (ਖੁਲ੍ਹੀ ਨਿਵਿਦਾ ਨੰਬਰ ਐਨਆਈਟੀ-20/2025-26 ਮਿਤੀ 14.01.2026**

ਸੀਨੀਅਰ ਮੰਡਲ ਇਲੈਕਟ੍ਰੀਕਲ ਇੰਜੀਨੀਅਰ/ਜੀ, ਉਤਰ ਰੇਲਵੇ, ਅੰਬਾਲਾ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮ ਦੇ ਲਈ 15:00 ਵਜੇ ਤਕ ਜਾਂ ਕੰਮ ਦੇ ਸਾਹਮਣੇ ਵਿਖਾਈ ਗਈ ਸਮਾਪਤੀ ਦੀ ਮਿਤੀ ਤਕ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ।

| ਲ. ਨੰ. | ਨਿਵਿਦਾ ਸੰਖਿਆ | ਕੰਮ ਦਾ ਵੇਰਵਾ | ਅੰਦਾਜਨ ਲਾਗਤ (₹) | ਬੋਲੀ ਪ੍ਰਤੀਭੂਤੀ (₹) | ਪੂਰਾ ਹੋਣ ਦਾ ਸਮਾਂ | ਬੰਦ ਕਰਨ ਅਤੇ ਖੋਹਲਣ ਦੀ ਮਿਤੀ |
|---|---|---|---|---|---|---|
| 1. | 30-ਬਿਜਲੀ-27/2025-26 (ਓਪਨ ਟੈਂਡਰ) | ਅੰਬਾਲਾ ਡਵੀਜਨ ਦੇ ਬਾਕੀ ਇੰਟਰਲਾਕਡ ਲੇਵਲ ਕ੍ਰਾਸਿੰਗ ਗੇਟਾਂ ਤੇ ਆਈਪੀਐਸ (IPS) ਦਾ ਪ੍ਰਾਵਧਾਨ, ਅੰਮ੍ਰਿਤ ਭਾਰਤ ਸਟੇਸ਼ਨ ਸਕੀਮ ਦੇ ਤਹਿਤ ਨੰਗਲ ਡੈਮ ਰੇਲਵੇ ਸਟੇਸ਼ਨ ਉਤੇ 12.0 ਮੀਟਰ ਚੌੜਾ ਐਫਓਬੀ (FOB) ਦਾ ਪ੍ਰਾਵਧਾਨ (ਨੀਂਹ, ਰੈਂਪ/ਪੌੜੀਆਂ/ਲਿਫਟ ਅਤੇ ਹੋਰ ਸਬੰਧਿਤ ਕੰਮਾਂ ਦੀ ਉਸਾਰੀ) ਰੂਪ ਨਗਰ ਰੇਲਵੇ ਸਟੇਸ਼ਨ ਉਤੇ 12 ਮੀਟਰ ਚੌੜਾ ਐਫਓਬੀ (FOB) ਦਾ ਪ੍ਰਾਵਧਾਨ (ਨੀਂਹ, ਰੈਂਪ/ਪੌੜੀਆਂ/ਲਿਫਟ ਅਤੇ ਹੋਰ ਸਬੰਧਿਤ ਕੰਮਾਂ ਦੀ ਉਸਾਰੀ) ਅੰਮ੍ਰਿਤ ਭਾਰਤ ਸਟੇਸ਼ਨ ਸਕੀਮ ਦੇ ਤਹਿਤ ਸਰਹਿੰਦ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੌੜਾ ਐਫਓਬੀ (FOB) (ਨੀਂਹ, ਰੈਂਪ/ਪੌੜੀਆਂ/ਲਿਫਟ ਅਤੇ ਹੋਰ ਸਬੰਧਿਤ ਕੰਮਾਂ ਦੀ ਉਸਾਰੀ) ਅੰਮ੍ਰਿਤ ਭਾਰਤ ਸਟੇਸ਼ਨ ਸਕੀਮ ਦੇ ਤਹਿਤ। | ₹29,21,066.16 | ₹58,400/- | 03 ਮਹੀਨੇ | 04.02.2026 |
| 2. | 30-ਬਿਜਲੀ-28/2025-26 (ਓਪਨ ਟੈਂਡਰ) | ਅੰਬਾਲਾ ਡਵੀਜਨ ਦੇ ਕੰਟਰੋਲ ਦਫਤਰ ਦੀ ਏਅਰਕੰਡੀਸ਼ਨ ਇਕਾਈਆਂ ਦਾ ਅਪਗ੍ਰੇਡੇਸ਼ਨ | ₹37,25,419.28 | ₹74,500/- | 22 ਮਹੀਨੇ | 04.02.2026 |

1. ਸਾਰੀਆਂ ਸ਼ਰਤਾਂ ਦੇ ਅਨੁਸਾਰ PAN/TIN/GST ਸਮੇਤ ਸਾਰੇ ਸਬੰਧਤ ਯੋਗਤਾ ਦਸਤਾਵੇਜਾਂ ਦੀ ਸਕੈਨ ਕੀਤੀਆਂ ਗਈਆਂ ਕਾਪੀਆਂ ਅਪਲੋਡ ਕਰਨਾ ਜਰੂਰੀ ਹਨ।
2. ਜਰੂਰੀ ਬੋਲੀ ਸੁਰੱਖਿਆ ਨੈਟ ਬੈਕਿੰਗ/ਜਾਂ ਭੁਗਤਾਨ ਗੇਟਵੇ ਦੇ ਮਾਧਿਅਮ ਨਿਵਿਦਾ ਦੀ ਅੰਤਮ ਮਿਤੀ ਅਤੇ ਸਮੇਂ ਦੇ 15:00 ਵਜੇ ਤੋਂ ਪਹਿਲੇ ਆਨ-ਲਾਈਨ ਭੁਗਤਾਨ ਸਵੀਕਾਰੀ ਹੋਵੇਗਾ।
3. ਕੰਮ ਨਿਵਿਦਾਵਾਂ ਦੀ ਈ-ਨਿਵਿਦਾ ਵਿਚ ਭਾਗ ਲੈਣ ਦੇ ਲਈ ਨਿਵਿਦਾਕਰਤਾ ਦੇ ਕੋਲ ਤੀਜੀ ਕਲਾਸ ਦਾ ਡਿਜਿਟਲ ਦਸਤਖਤਸ਼ੁਦਾ ਸਰਟੀਫਿਕੇਟ ਹੋਣਾ ਚਾਹੀਦਾ।
4. ਵੇਰਵੇ ਦੇ ਲਈ ਕਿਰਪਾ ਆਈਆਰਈਪੀਐਸ ਵੈਬਸਾਈਟ www.ireps.gov.in 'ਤੇ ਲਾਗ ਆਨ ਕਰੋ।
5. ਜੀਐਸਟੀ ਅਧਿਨਿਯਮ 2017 ਦੇ ਅਨੁਸਾਰ ਜੀਐਸਟੀ ਲਗਾਇਆ ਜਾਵੇਗਾ।

148/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

## ਨਗਰ ਨਿਗਮ ਚੰਡੀਗੜ੍ਹ

**ਈ-ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | **ਕਾਰਜਕਾਰੀ ਇੰਜੀਨੀਅਰ - ਐਸਡਬਲਿਊਐਮ ਡਵੀਜ਼ਨ ਐਮ.ਸੀ.** | | |
| 1. | ਡੰਪਿੰਗ ਗਰਾਊਂਡ ਡੱਡੂਮਾਜਰਾ, ਯੂ.ਟੀ., ਚੰਡੀਗੜ੍ਹ ਵਿਖੇ ਪਟਿਆਲਾ ਕੀ ਰਾਓ ਦੀ ਮਿੱਟੀ ਅਤੇ ਭਰਤ ਦੀ ਚੁਕਾਈ ਅਤੇ ਡੀ-ਸਿਲਟਿੰਗ (ਪੁਨਰ-ਸੱਦਾ)<br>**ਅਨੁਮਾਨਤ ਰਕਮ :** ਰੁ. 39,64,800/-<br>**ਬਿਆਨਾ ਰਕਮ :** ਰੁ. 79,296/-<br>**ਸਮਾਂ ਹੱਦ :** 15 ਦਿਨ<br>**ਟੈਂਡਰ ਫੀਸ :** ਰੁ. 3,000/- | 16.01.2026 at 9:00 A.M To 21.01.2026 at 11:00 A.M. | 21.01.2026 at 11:30 A.M. |

ਨੋਟ :- ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਮੁਕੰਮਲ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।

**ਕਾਰਜਕਾਰੀ ਇੰਜੀਨੀਅਰ**
ਐਸਡਬਲਿਊਐਮ ਡਵੀਜ਼ਨ, ਕਮਰਾ ਨੰ. 612, 6ਵੀਂ ਮੰਜ਼ਿਲ, ਨਿਊ ਡੀਲਕਸ ਬਿਲਡਿੰਗ, ਐਮ.ਸੀ. ਸੈਕਟਰ 17, ਚੰਡੀਗੜ੍ਹ
email id : mcc.swm2020@gmail.com



## ਅਮਰੀਕੀ ਰਾਸ਼ਟਰਪਤੀ ਟਰੰਪ ਧਮਕੀਆਂ ਦੇਣਾ ਜਾਰੀ

# ਈਰਾਨ 'ਤੇ ਹਮਲੇ ਦੀਆਂ ਤਿਆਰੀਆਂ ਸ਼ੁਰੂ

### ਸਾਊਦੀ ਅਰਬ, ਤੁਰਕੀ ਅਤੇ ਕਤਰ ਵਰਗੇ ਦੇਸ਼ ਈਰਾਨ ਦਾ ਸਮਰਥਨ ਕਰਦੇ ਹਨ। ਅਮਰੀਕੀ ਦਖਲਅੰਦਾਜ਼ੀ ਤੇਜ਼ੀ ਨਾਲ ਸਥਿਤੀ ਨੂੰ ਬਦਲਦੀ ਹੈ।

ਵਾਸ਼ਿੰਗਟਨ,-ਈਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਇੱਕ ਖ਼ਤਰਨਾਕ ਮੋੜ 'ਤੇ ਪਹੁੰਚਦਾ ਜਾਪਦਾ ਹੈ। ਈਰਾਨ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ 'ਤੇ ਚੱਲ ਰਹੇ ਹਿੰਸਕ ਕਰੈਕਡਾਊਨ ਅਤੇ ਅਮਰੀਕੀ ਦਖਲਅੰਦਾਜ਼ੀ ਦੀ ਸੰਭਾਵਨਾ ਕਾਰਨ ਸਥਿਤੀ ਤੇਜ਼ੀ ਨਾਲ ਵਿਗੜ ਰਹੀ ਹੈ। ਇਸ ਦੌਰਾਨ, ਈਰਾਨ ਨੇ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਨੂੰ ਇੱਕ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ, ਜਿਸ ਨਾਲ ਕਤਰ ਵਿੱਚ ਅਮਰੀਕਾ ਦੇ ਸਭ ਤੋਂ ਵੱਡੇ ਫੌਜੀ ਏਅਰਬੇਸ ਤੋਂ ਕੁਝ ਕਰਮਚਾਰੀਆਂ ਨੂੰ ਵਾਪਸ ਬੁਲਾਇਆ ਗਿਆ ਹੈ।

ਖਬਰ ਏਜੰਸੀ ਅਨੁਸਾਰ, ਇੱਕ ਸੀਨੀਅਰ ਈਰਾਨੀ ਅਧਿਕਾਰੀ ਨੇ ਕਿਹਾ ਕਿ ਜੇਕਰ ਵਾਸ਼ਿੰਗਟਨ ਈਰਾਨ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਸਮਰਥਨ ਵਿੱਚ ਫੌਜੀ ਦਖਲ ਦਿੰਦਾ ਹੈ, ਤਾਂ ਖੇਤਰ ਵਿੱਚ ਅਮਰੀਕੀ ਠਿਕਾਣਿਆਂ ਵਿਰੁੱਧ ਜਵਾਬੀ ਕਾਰਵਾਈ ਕੀਤੀ ਜਾਵੇਗੀ। ਈਰਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਸਾਊਦੀ ਅਰਬ, ਯੂਏਈ, ਤੁਰਕੀ ਅਤੇ ਕਤਰ ਵਰਗੇ ਦੇਸ਼ਾਂ ਵਿੱਚ ਅਮਰੀਕੀ ਫੌਜੀ ਠਿਕਾਣੇ ਵੀ ਪ੍ਰਭਾਵਿਤ ਹੋਣਗੇ। ਤਿੰਨ ਕੂਟਨੀਤਕ ਸੂਤਰਾਂ ਦੇ ਅਨੁਸਾਰ, ਕਤਰ ਵਿੱਚ ਅਮਰੀਕੀ ਅਲ-ਉਦੀਦ ਏਅਰਬੇਸ ਤੋਂ ਕੁਝ ਫੌਜੀ ਅਤੇ ਨਾਗਰਿਕ ਕਰਮਚਾਰੀਆਂ ਨੂੰ ਬੁੱਧਵਾਰ ਸ਼ਾਮ ਤੱਕ ਵਾਪਸ ਜਾਣ ਦੀ ਸਲਾਹ ਦਿੱਤੀ ਗਈ ਹੈ। ਹਾਲਾਂਕਿ, ਇਹ ਇੱਕ ਪੂਰੀ ਤਰ੍ਹਾਂ "ਨਿਕਾਸੀ ਆਦੇਸ਼" ਨਹੀਂ ਹੈ, ਸਗੋਂ ਇੱਕ "ਮੁਹਾਵਰਾ ਤਬਦੀਲੀ" ਹੈ, ਜਿਸਦਾ ਅਰਥ ਹੈ ਚੇਤਾਵਨੀ ਦੇ ਪੱਧਰ ਵਿੱਚ ਤਬਦੀਲੀ। ਅਜੇ ਤੱਕ ਵੱਡੇ ਪੱਧਰ 'ਤੇ ਫੌਜਾਂ ਦੀ ਵਾਪਸੀ ਦੇ ਕੋਈ ਸੰਕੇਤ ਨਹੀਂ ਹਨ, ਜਿਵੇਂ ਕਿ ਪਿਛਲੇ ਸਾਲ ਈਰਾਨ ਦੇ ਮਿਜ਼ਾਈਲ ਹਮਲੇ ਤੋਂ ਪਹਿਲਾਂ ਦੇਖਿਆ ਗਿਆ ਸੀ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਨੂੰ ਧਮਕੀ ਦਿੰਦੇ ਰਹਿੰਦੇ ਹਨ।

ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੇਕਰ ਈਰਾਨ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਫਾਂਸੀ ਦਿੱਤੀ ਜਾਂਦੀ ਹੈ ਜਾਂ ਹਿੰਸਾ ਜਾਰੀ ਰਹਿੰਦੀ ਹੈ, ਤਾਂ ਅਮਰੀਕਾ "ਬਹੁਤ ਸਖ਼ਤ ਕਾਰਵਾਈ" ਕਰੇਗਾ। ਇੱਕ ਟੀਵੀ ਇੰਟਰਵਿਊ ਵਿੱਚ, ਟਰੰਪ ਨੇ ਕਿਹਾ, "ਜੇ ਉਹ ਲੋਕਾਂ ਨੂੰ ਫਾਂਸੀ ਦਿੰਦੇ ਹਨ, ਤਾਂ ਤੁਸੀਂ ਕੁਝ ਅਜਿਹਾ ਦੇਖੋਗੇ ਜਿਸਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ।" ਟਰੰਪ ਨੇ ਈਰਾਨੀਆਂ ਨੂੰ ਸੜਕਾਂ 'ਤੇ ਰਹਿਣ ਅਤੇ ਸੰਸਥਾਵਾਂ 'ਤੇ ਕਬਜ਼ਾ ਕਰਨ ਦੀ ਅਪੀਲ ਵੀ ਕੀਤੀ ਹੈ, ਇਹ ਕਹਿੰਦੇ ਹੋਏ ਕਿ "ਮਦਦ ਰਸਤੇ ਵਿੱਚ ਹੈ।"

ਮਨੁੱਖੀ ਅਧਿਕਾਰ ਸੰਗਠਨਾਂ ਦੇ ਅਨੁਸਾਰ, ਈਰਾਨ ਵਿੱਚ ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਹੁਣ ਤੱਕ ਲਗਭਗ 2,600 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਨੂੰ ਕਈ ਸਾਲਾਂ ਵਿੱਚ ਇਸਲਾਮੀ ਸ਼ਾਸਨ ਵਿਰੁੱਧ ਸਭ ਤੋਂ ਵੱਡਾ ਵਿਰੋਧ ਪ੍ਰਦਰਸ਼ਨ ਮੰਨਿਆ ਜਾਂਦਾ ਹੈ। ਇੱਕ ਇਜ਼ਰਾਈਲੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਨੇ ਦਖਲ ਦੇਣ ਦਾ ਫੈਸਲਾ ਕੀਤਾ ਹੈ, ਹਾਲਾਂਕਿ ਸਮਾਂ ਸੀਮਾ ਅਤੇ ਦਾਇਰਾ ਅਜੇ ਸਪੱਸ਼ਟ ਨਹੀਂ ਹੈ। ਇਸ ਦੌਰਾਨ, ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਅਤੇ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੋਫ ਵਿਚਕਾਰ ਸਿੱਧੀ ਗੱਲਬਾਤ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ, ਜਿਸ ਨਾਲ ਤਣਾਅ ਹੋਰ ਵਧ ਗਿਆ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਸੁਰੱਖਿਆ ਮੰਤਰੀ ਮੰਡਲ ਨੂੰ ਵੀ ਸਥਿਤੀ ਦੀ ਗੰਭੀਰਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਪਿਛਲੇ ਸਾਲ, ਅਮਰੀਕਾ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ 12 ਦਿਨਾਂ ਦੀ ਜੰਗ ਵਿੱਚ ਵੀ ਹਿੱਸਾ ਲਿਆ ਸੀ।

ਭਾਰਤੀਆਂ ਨੂੰ ਵਾਪਸ ਜਾਣ ਦੀ ਸਲਾਹ ਈਰਾਨ ਵਿੱਚ ਚੱਲ ਰਹੀ ਰਾਜਨੀਤਿਕ ਅਸਥਿਰਤਾ, ਹਿੰਸਕ ਵਿਰੋਧ ਪ੍ਰਦਰਸ਼ਨਾਂ ਅਤੇ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ, ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਇੱਕ ਸਲਾਹ ਜਾਰੀ ਕੀਤੀ ਹੈ। ਤਹਿਰਾਨ ਵਿੱਚ ਭਾਰਤੀ ਦੂਤਾਵਾਸ ਨੇ ਈਰਾਨ ਵਿੱਚ ਮੌਜੂਦ ਸਾਰੇ ਭਾਰਤੀ ਨਾਗਰਿਕਾਂ - ਚਾਹੇ ਵਿਦਿਆਰਥੀ, ਸ਼ਰਧਾਲੂ, ਕਾਰੋਬਾਰੀ ਜਾਂ ਸੈਲਾਨੀ - ਨੂੰ ਉਪਲਬਧ ਸਾਧਨਾਂ ਦੀ ਵਰਤੋਂ ਕਰਕੇ ਜਲਦੀ ਤੋਂ ਜਲਦੀ ਦੇਸ਼ ਛੱਡਣ ਦੀ ਅਪੀਲ ਕੀਤੀ ਹੈ।

ਦੂਤਾਵਾਸ ਦੁਆਰਾ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਸਲਾਹ 5 ਜਨਵਰੀ, 2025 ਨੂੰ ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ ਸਲਾਹ ਦਾ ਵਿਸਥਾਰ ਹੈ। ਸਲਾਹ ਵਿੱਚ ਕਿਹਾ ਗਿਆ ਹੈ, "ਈਰਾਨ ਵਿੱਚ ਲਗਾਤਾਰ ਵਿਕਸਤ ਹੋ ਰਹੀ ਸਥਿਤੀ ਦੇ ਮੱਦੇਨਜ਼ਰ, ਭਾਰਤੀ ਨਾਗਰਿਕਾਂ ਨੂੰ ਵਪਾਰਕ ਉਡਾਣਾਂ ਸਮੇਤ ਕਿਸੇ ਵੀ ਉਪਲਬਧ ਆਵਾਜਾਈ ਦੇ ਢੰਗ ਦੁਆਰਾ ਈਰਾਨ ਛੱਡਣ ਦੀ ਸਲਾਹ ਦਿੱਤੀ ਜਾਂਦੀ ਹੈ।"

ਭਾਰਤੀ ਦੂਤਾਵਾਸ ਨੇ ਇਹ ਵੀ ਦੁਹਰਾਇਆ ਕਿ ਈਰਾਨ ਵਿੱਚ ਸਾਰੇ ਭਾਰਤੀ ਨਾਗਰਿਕਾਂ ਅਤੇ ਪੀਆਈਓਜ਼ ਨੂੰ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ, ਕਿਸੇ ਵੀ ਵਿਰੋਧ ਪ੍ਰਦਰਸ਼ਨ ਜਾਂ ਭੀੜ-ਭੜੱਕੇ ਵਾਲੇ ਖੇਤਰਾਂ ਤੋਂ ਬਚਣਾ ਚਾਹੀਦਾ ਹੈ, ਅਤੇ ਸਥਿਤੀ ਬਾਰੇ ਨਵੀਨਤਮ ਅਪਡੇਟਸ ਲਈ ਸਥਾਨਕ ਮੀਡੀਆ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਦੂਤਾਵਾਸ ਨੇ ਭਾਰਤੀ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸਾਰੇ ਯਾਤਰਾ ਅਤੇ ਇਮੀਗ੍ਰੇਸ਼ਨ ਦਸਤਾਵੇਜ਼ - ਜਿਵੇਂ ਕਿ ਪਾਸਪੋਰਟ ਅਤੇ ਪਛਾਣ ਪੱਤਰ - ਹਮੇਸ਼ਾ ਆਪਣੇ ਕੋਲ ਰੱਖਣ ਅਤੇ ਆਸਾਨੀ ਨਾਲ ਉਪਲਬਧ ਹੋਣ। ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਸਹਾਇਤਾ ਦੀ ਲੋੜ ਹੋਵੇ ਤਾਂ ਤੁਰੰਤ ਭਾਰਤੀ ਦੂਤਾਵਾਸ ਨਾਲ ਸੰਪਰਕ ਕਰਨ।

ਭਾਰਤੀ ਦੂਤਾਵਾਸ ਨੇ ਐਮਰਜੈਂਸੀ ਨੰਬਰ ਵੀ ਜਾਰੀ ਕੀਤੇ ਹਨ। ਦੂਤਾਵਾਸ ਦੇ ਅਨੁਸਾਰ, ਭਾਰਤੀ ਨਾਗਰਿਕ ਹੇਠ ਲਿਖੇ ਮੋਬਾਈਲ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ: +989128109115, +989128109109, +989128109102, ਅਤੇ +98932179359। ਹਾਲ ਹੀ ਦੇ ਦਿਨਾਂ ਵਿੱਚ, ਈਰਾਨ ਵਿੱਚ ਵਿਆਪਕ ਵਿਰੋਧ ਪ੍ਰਦਰਸ਼ਨਾਂ, ਹਿੰਸਾ ਅਤੇ ਸੁਰੱਖਿਆ ਕਾਰਵਾਈਆਂ ਦੀਆਂ ਰਿਪੋਰਟਾਂ ਆਈਆਂ ਹਨ, ਜਿਸ ਨਾਲ ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਵਧੀਆਂ ਹਨ। ਇਸ ਦੌਰਾਨ, ਸੰਯੁਕਤ ਰਾਜ ਅਮਰੀਕਾ ਈਰਾਨ ਵਿਰੁੱਧ ਫੌਜੀ ਕਾਰਵਾਈ ਦੀ ਧਮਕੀ ਦਿੰਦਾ ਰਹਿੰਦਾ ਹੈ।

# ਈਮਾਨ, ਮੁਸਲਮਾਨ, ਈਰਾਨ

**ਕਬੂਲ ਅਹਿਮਦ**

1979 ਦੀ ਇਸਲਾਮੀ ਕ੍ਰਾਂਤੀ ਤੋਂ ਬਾਅਦ ਈਰਾਨ ਦੇ ਸ਼ਾਸਕ ਆਪਣੀ ਸਭ ਤੋਂ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਭਾਰੀ ਦਮਨ ਦੇ ਬਾਵਜੂਦ, ਦੇਸ਼ ਭਰ ਦੇ ਸੌ ਤੋਂ ਵੱਧ ਸ਼ਹਿਰਾਂ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨ ਜਾਰੀ ਹਨ, ਸ਼ਾਸਨ ਵਿੱਚ ਤਬਦੀਲੀ ਦੀ ਮੰਗ ਕਰਦੇ ਹੋਏ, ਇੱਕ ਸ਼ਾਸਨ ਜੋ ਇਸਲਾਮ ਦੀ ਸੱਚੀ ਭਾਵਨਾ ਦੁਆਰਾ ਸ਼ਾਸਨ ਕਰਨ ਦਾ ਦਾਅਵਾ ਕਰਦਾ ਹੈ। ਈਰਾਨ ਦੁਨੀਆ ਦਾ ਇਕਲੌਤਾ ਇਸਲਾਮੀ ਦੇਸ਼ ਨਹੀਂ ਹੈ, ਸਗੋਂ ਕਈਆਂ ਵਿੱਚੋਂ ਇੱਕ ਹੈ। ਸਵਾਲ ਉੱਠਦਾ ਹੈ: ਈਰਾਨ ਵਿੱਚ ਅਜਿਹਾ ਕੀ ਹੈ ਜੋ ਇਸਨੂੰ ਇਸਲਾਮੀ ਆਦਰਸ਼ਾਂ ਦਾ ਸੱਚਾ ਪੈਰੋਕਾਰ ਹੋਣ ਦਾ ਦਾਅਵਾ ਕਰਨ ਦੀ ਇਜਾਜ਼ਤ ਦਿੰਦਾ ਹੈ? ਆਓ ਸਮਝੀਏ। ਈਰਾਨੀ ਵਿਰੋਧ ਪ੍ਰਦਰਸ਼ਨਾਂ ਨੂੰ ਸਿਰਫ਼ ਅਰਬ ਦੇਸ਼ਾਂ ਦੁਆਰਾ ਹੀ ਨਹੀਂ ਸਗੋਂ ਪੂਰੀ ਦੁਨੀਆ ਦੁਆਰਾ ਦੇਖਿਆ ਜਾ ਰਿਹਾ ਹੈ। ਅਮਰੀਕਾ ਅਤੇ ਯੂਰਪੀ ਦੇਸ਼ ਇਸ ਨੂੰ ਇੱਕ ਮੌਕੇ ਵਜੋਂ ਦੇਖ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਹੈ ਕਿ ਈਰਾਨ ਪਹਿਲਾਂ ਕਦੇ ਨਾ ਵੇਖੀ ਗਈ ਆਜ਼ਾਦੀ ਦੀ ਉਮੀਦ ਕਰ ਰਿਹਾ ਹੈ। ਅਮਰੀਕਾ ਮਦਦ ਕਰਨ ਲਈ ਤਿਆਰ ਹੈ। ਯੂਰਪੀ ਕਮਿਸ਼ਨ ਨੇ ਵੀ ਈਰਾਨ ਵਿੱਚ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਸਮਰਥਨ ਕੀਤਾ ਹੈ। ਹਾਲਾਂਕਿ, ਪਿਛਲੇ 17 ਸਾਲਾਂ ਵਿੱਚ, ਜਦੋਂ ਵੀ ਈਰਾਨ ਵਿੱਚ ਲੋਕ ਸੜਕਾਂ 'ਤੇ ਉਤਰਦੇ ਹਨ, ਦੁਨੀਆ ਡਰਦੀ ਹੈ ਕਿ ਇਸ ਵਾਰ ਇਸਲਾਮੀ ਗਣਰਾਜ ਦੀ ਨੀਂਹ ਹਿੱਲ ਜਾਵੇਗੀ। ਪਰ ਜਿਵੇਂ ਹੀ ਧੂੜ ਘੱਟਦੀ ਹੈ, ਅਯਾਤੁੱਲਾ ਦਾ ਰਾਜ ਬਰਕਰਾਰ ਰਹਿੰਦਾ ਹੈ। ਇਸਦਾ ਇੱਕ ਕਾਰਨ ਹੈ। ਦਰਅਸਲ, ਇਸਲਾਮੀ ਇਨਕਲਾਬ ਤੋਂ ਬਾਅਦ ਈਰਾਨ ਵਿੱਚ ਸੱਤਾ ਵਿੱਚ ਆਈ ਸਰਕਾਰ ਨੇ ਆਪਣੇ ਆਪ ਨੂੰ ਧਰਮ ਦੇ ਰੰਗਾਂ ਵਿੱਚ ਇੰਨਾ ਡੂੰਘਾ ਢਾਲਿਆ ਕਿ ਆਮ ਲੋਕਾਂ ਵਿੱਚ ਇਸਦੀ ਸਵੀਕ੍ਰਿਤੀ ਰਾਤੋ-ਰਾਤ ਵੱਧ ਗਈ। ਈਰਾਨ ਦੀ 90 ਪ੍ਰਤੀਸ਼ਤ ਆਬਾਦੀ ਸ਼ੀਆ ਹੈ। ਸਰਕਾਰ ਲਈ ਜਨਤਕ ਸਮਰਥਨ ਵਾਰ-ਵਾਰ ਸਾਬਤ ਹੋਇਆ ਹੈ। ਸਥਿਤੀ ਅਜਿਹੀ ਹੈ ਕਿ ਜਦੋਂ ਵੀ ਸਰਕਾਰ ਵਿਰੁੱਧ ਆਵਾਜ਼ ਉਠਾਈ ਜਾਂਦੀ ਹੈ, ਤਾਂ ਇਸਨੂੰ ਲੋਕਾਂ ਦੀ ਜਾਇਜ਼ ਮੰਗ ਦੀ ਬਜਾਏ ਅਮਰੀਕਾ ਜਾਂ ਪੱਛਮੀ ਦੇਸ਼ਾਂ ਦੁਆਰਾ ਇੱਕ ਸਾਜ਼ਿਸ਼ ਵਜੋਂ ਦੇਖਿਆ ਜਾਂਦਾ ਹੈ। ਈਰਾਨ ਮੌਜੂਦਾ ਵਿਰੋਧ ਪ੍ਰਦਰਸ਼ਨਾਂ ਸੰਬੰਧੀ ਇਸ ਭਾਵਨਾ ਨੂੰ ਗੂੰਜਦਾ ਹੈ। ਲਗਭਗ ਪੰਜ ਦਹਾਕੇ ਪਹਿਲਾਂ, ਈਰਾਨ ਨੇ ਇਸਲਾਮੀ ਇਨਕਲਾਬ ਦੇਖਿਆ ਸੀ। ਜਨਵਰੀ 1978 ਵਿੱਚ ਪਹਿਲੇ ਵੱਡੇ ਪ੍ਰਦਰਸ਼ਨ ਸ਼ੁਰੂ ਹੋਏ, ਜਿਸਦਾ ਉਦੇਸ਼ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਨੂੰ ਉਖਾੜ ਸੁੱਟਣਾ ਸੀ। ਦਸੰਬਰ 1979 ਵਿੱਚ, ਇੱਕ ਨਵਾਂ, ਇਸਲਾਮ-ਅਧਾਰਤ ਲੋਕਤੰਤਰੀ ਸੰਵਿਧਾਨ ਮਨਜ਼ੂਰ ਕੀਤਾ ਗਿਆ, ਜਿਸ ਵਿੱਚ ਰਾਜਸ਼ਾਹੀ ਨੂੰ ਖਤਮ ਕੀਤਾ ਗਿਆ। ਈਰਾਨੀਆਂ ਨੇ ਅਯਾਤੁੱਲਾ ਰੂਹੁੱਲਾ ਖੋਮੇਨੀ ਦਾ ਸਵਾਗਤ ਕੀਤਾ। ਖੋਮੇਨੀ ਈਰਾਨ ਦੇ ਅੰਤਮ ਮਾਰਗਦਰਸ਼ਕ ਅਤੇ ਇਸਲਾਮ ਦੇ ਚਿਹਰੇ ਵਜੋਂ ਉਭਰੇ। ਉਸਨੇ ਇਸਨੂੰ ਇਸਲਾਮੀ ਇਨਕਲਾਬ ਦਾ ਨਾਮ ਦਿੱਤਾ। ਰੂਹੁੱਲਾ ਖੋਮੇਨੀ ਨੇ ਬਾਅਦ ਵਿੱਚ ਸਮਝਾਇਆ ਕਿ ਇਸਲਾਮ ਸਾਰੇ ਮੁਸਲਮਾਨਾਂ ਦਾ ਹੈ ਅਤੇ ਸਾਰਿਆਂ ਲਈ ਬਰਾਬਰ ਹੈ, ਇਸ ਲਈ ਇਹ ਇਨਕਲਾਬ ਸਾਰਿਆਂ ਲਈ ਹੈ ਅਤੇ ਸਾਰਿਆਂ ਨੂੰ ਇੱਕਜੁੱਟ ਕਰਨ ਦੀ ਸਮਰੱਥਾ ਰੱਖਦਾ ਹੈ। ਧਾਰਮਿਕ ਆਗੂ ਅੱਲ੍ਹਾ ਦੇ ਸੇਵਕ ਹਨ। ਉਹ ਰਾਜਨੀਤੀ ਸਮੇਤ ਸਾਰੇ ਖੇਤਰਾਂ ਵਿੱਚ ਇਸ ਵਿਸ਼ਵਾਸ ਨਾਲ ਕੰਮ ਕਰਦੇ ਹਨ। ਇਸ ਲਈ, ਜਦੋਂ ਉਨ੍ਹਾਂ ਨੇ ਈਰਾਨ ਵਿੱਚ ਸੱਤਾ ਸੰਭਾਲੀ, ਤਾਂ ਉਨ੍ਹਾਂ ਨੇ ਇੱਕ ਅਜਿਹੀ ਪ੍ਰਣਾਲੀ ਸਥਾਪਤ ਕੀਤੀ ਜੋ ਪੂਰੀ ਤਰ੍ਹਾਂ ਧਾਰਮਿਕ ਪ੍ਰਕਿਰਤੀ ਵਾਲੀ ਸੀ। ਈਰਾਨ ਦੀ ਸ਼ਾਸਨ ਪ੍ਰਣਾਲੀ ਨੂੰ ਵਿਲਾਇਤ-ਏ-ਫਕੀਹ ਵੀ ਕਿਹਾ ਜਾਂਦਾ ਹੈ। ਵਿਲਾਇਤ-ਏ-ਫਕੀਹ ਦਾ ਸਿਧਾਂਤ ਬਾਰਾਂ ਸ਼ੀਆ ਇਮਾਮਾਂ ਵਿੱਚੋਂ 12ਵੇਂ ਇਮਾਮ ਮਹਿਦੀ ਦੇ ਪ੍ਰਤੀਨਿਧੀ ਦੀ ਤਾਜਪੋਸ਼ੀ ਹੈ। ਇਹ ਰਾਜ ਉੱਤੇ ਮੌਲਵੀ ਦੇ ਰਾਜ ਨੂੰ ਜਾਇਜ਼ ਠਹਿਰਾਉਂਦਾ ਹੈ। ਵਿਲਾਇਤ-ਏ-ਫਕੀਹ ਦੀ ਧਾਰਨਾ ਸਾਰੇ ਰਾਜਨੀਤਿਕ ਅਤੇ ਧਾਰਮਿਕ ਅਧਿਕਾਰ ਇਸਲਾਮੀ ਧਾਰਮਿਕ ਆਗੂ ਨੂੰ ਸੌਂਪਦੀ ਹੈ। ਇਸ ਦੇ ਤਹਿਤ, ਸਰਵਉੱਚ ਧਾਰਮਿਕ ਆਗੂ, ਵਲੀ-ਏ-ਫਕੀਹ, ਕੋਲ ਸਾਰੇ ਵੱਡੇ ਫੈਸਲੇ ਲੈਣ ਦਾ ਅਧਿਕਾਰ ਹੈ।



ਸਰਵਉੱਚ ਧਾਰਮਿਕ ਆਗੂ (ਫਕੀਹ) ਕੌਮ ਉੱਤੇ ਸਰਪ੍ਰਸਤੀ (ਵਿਲਾਇਤ) ਪ੍ਰਦਾਨ ਕਰਦਾ ਹੈ। ਅਜਿਹਾ ਕਰਕੇ, ਉਹ ਉੱਪਰ ਤੋਂ ਹੇਠਾਂ ਤੱਕ ਰਾਜ ਦੇ ਇਸਲਾਮੀਕਰਨ ਨੂੰ ਯਕੀਨੀ ਬਣਾਉਂਦਾ ਹੈ। ਆਯਤੁੱਲਾ ਖੋਮੇਨੀ ਨੇ ਦਾਅਵਾ ਕੀਤਾ ਕਿ ਪਰਮਾਤਮਾ ਨੇ ਇਸਲਾਮ ਨੂੰ ਲਾਗੂ ਕਰਨ ਲਈ ਬਣਾਇਆ ਹੈ, ਜਿਵੇਂ ਕਿ ਬ੍ਰਹਮ ਕਾਨੂੰਨ (ਸ਼ਰੀਆ) ਦੀ ਸਿਰਜਣਾ ਤੋਂ ਪ੍ਰਮਾਣਿਤ ਹੈ। ਆਯਤੁੱਲਾ ਰੂਹੁੱਲਾ ਖੋਮੇਨੀ ਨੇ ਦਲੀਲ ਦਿੱਤੀ ਕਿ ਕਿਉਂਕਿ ਕੋਈ ਵੀ ਇਸਲਾਮ ਨੂੰ ਮੌਲਵੀਆਂ ਤੋਂ ਬਿਹਤਰ ਨਹੀਂ ਜਾਣਦਾ, ਇਸ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਇਸਲਾਮ ਲਾਗੂ ਹੋਵੇ। ਇਸ ਲਈ, ਇਹ ਸੁਭਾਵਿਕ ਸੀ ਕਿ ਉਸਨੂੰ 12ਵੇਂ ਬ੍ਰਹਮ ਨਿਯੁਕਤ ਸ਼ੀਆ ਇਮਾਮ (ਇਮਾਮ ਅਲ-ਮਹਦੀ, ਜਾਂ ਲੁਕਵੇਂ ਇਮਾਮ) ਦੀ ਵਾਪਸੀ ਤੱਕ ਰਾਜ ਦੇ ਸਰਪ੍ਰਸਤ ਵਜੋਂ ਰਾਜ ਕਰਨਾ ਚਾਹੀਦਾ ਹੈ। ਵਿਲਾਇਤ-ਏ-ਫਕੀਹ ਦੀ ਧਾਰਨਾ ਖੋਮੇਨੀ ਦੁਆਰਾ 1970 ਦੇ ਦਹਾਕੇ ਦੇ ਸ਼ੁਰੂ ਵਿੱਚ ਤਿਆਰ ਕੀਤੀ ਗਈ ਸੀ। ਖੋਮੇਨੀ ਨੇ ਈਰਾਨ ਦੀ ਇਸਲਾਮੀ ਕ੍ਰਾਂਤੀ ਤੋਂ ਪਹਿਲਾਂ ਦੇ ਸਾਲਾਂ ਵਿੱਚ ਇਰਾਕ ਵਿੱਚ ਜਲਾਵਤਨੀ ਦੌਰਾਨ ਇਸ ਵਿਚਾਰ ਦੀ ਕਲਪਨਾ ਕੀਤੀ ਸੀ। ਖੋਮੇਨੀ ਨੇ ਇਸਨੂੰ ਇਸਲਾਮੀ ਸਰਕਾਰ ਦੇ ਸਿਧਾਂਤ ਵਜੋਂ ਵਿਕਸਤ ਕੀਤਾ ਜਿਸਦਾ ਉਦੇਸ਼ ਈਰਾਨੀ ਰਾਜ ਦੀ ਰਾਜਨੀਤਿਕ ਸ਼ਕਤੀ ਸ਼ੀਆ ਉਲਾਮਾ, ਜਾਂ ਧਾਰਮਿਕ ਨੇਤਾਵਾਂ ਨੂੰ ਤਬਦੀਲ ਕਰਨਾ ਸੀ। ਵਿਲਾਇਤ-ਏ-ਫਕੀਹ ਦੇ ਅਧੀਨ, ਅਯਾਤੁੱਲਾ ਰੂਹੁੱਲਾ ਖੋਮੇਨੀ ਨੇ 1989 ਵਿੱਚ ਆਪਣੀ ਮੌਤ ਤੱਕ ਸੁਪਰੀਮ ਲੀਡਰ ਵਜੋਂ ਸੇਵਾ ਨਿਭਾਈ। ਈਰਾਨ ਦੇ ਮੌਜੂਦਾ ਸੁਪਰੀਮ ਲੀਡਰ ਅਯਾਤੁੱਲਾ ਸੱਯਦ ਅਲੀ ਖਮੇਨੀ ਹਨ। ਉਨ੍ਹਾਂ ਕੋਲ ਸਾਰੇ ਰਾਜਨੀਤਿਕ ਅਤੇ ਧਾਰਮਿਕ ਅਧਿਕਾਰ ਹਨ। ਉਹ ਇਮਾਮ ਮਹਿਦੀ ਅਤੇ ਅੱਲ੍ਹਾ ਵੱਲੋਂ ਈਰਾਨ ਦੀ ਨਿਗਰਾਨੀ ਕਰਦੇ ਹਨ। ਨਾ ਤਾਂ ਰਾਜ ਦੇ ਅਧਿਕਾਰੀਆਂ ਅਤੇ ਨਾ ਹੀ ਜਨਤਾ ਦਾ ਸੁਪਰੀਮ ਲੀਡਰ ਦੇ ਆਚਰਣ 'ਤੇ ਕੋਈ ਨਿਯੰਤਰਣ ਹੈ। ਉਨ੍ਹਾਂ ਦਾ ਵਿਰੋਧ ਕਰਨਾ ਰੱਬ ਦੀ ਅਣਆਗਿਆਕਾਰੀ ਮੰਨਿਆ ਜਾਂਦਾ ਹੈ। ਲੁਕਵੇਂ ਇਮਾਮ ਦੇ ਡਿਪਟੀ ਹੋਣ ਦੇ ਨਾਤੇ, ਸੁਪਰੀਮ ਲੀਡਰ ਨੂੰ 12 ਬ੍ਰਹਮ ਤੌਰ 'ਤੇ ਨਿਯੁਕਤ ਸ਼ੀਆ ਇਮਾਮਾਂ ਦਾ ਅਧਿਕਾਰ ਵਿਰਾਸਤ ਵਿੱਚ ਮਿਲਦਾ ਹੈ। ਸਰਵਉੱਚ ਨੇਤਾ ਦੀ ਨਿਯੁਕਤੀ ਅਤੇ ਬਰਖਾਸਤਗੀ 'ਤੇ ਜਨਤਾ ਦਾ ਕੋਈ ਨਿਯੰਤਰਣ ਨਹੀਂ ਹੈ, ਕਿਉਂਕਿ ਇਸਨੂੰ ਇੱਕ ਬ੍ਰਹਮ ਕਾਰਜ ਮੰਨਿਆ ਜਾਂਦਾ ਹੈ। ਹਾਲਾਂਕਿ ਮਾਹਿਰਾਂ ਦੀ ਸਭਾ, ਜੋ ਕਿ 88 ਸ਼ੀਆ ਕਾਨੂੰਨਦਾਨਾਂ ਦੀ ਇੱਕ ਸੰਸਥਾ ਹੈ, ਘੱਟੋ ਘੱਟ ਸਿਧਾਂਤਕ ਤੌਰ 'ਤੇ, ਸੁਪਰੀਮ ਲੀਡਰ ਦੀ ਚੋਣ ਕਰਨ ਅਤੇ ਉਸਦੇ ਕੰਮਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ, ਸੁਪਰੀਮ ਲੀਡਰ ਦੇ ਵੀਟੋ ਨੇ ਇਸ ਸੰਸਥਾ ਨੂੰ ਅਮਲੀ ਤੌਰ 'ਤੇ ਸ਼ਕਤੀਹੀਣ ਬਣਾ ਦਿੱਤਾ ਹੈ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਮਾਹਿਰਾਂ ਦੀ ਸਭਾ ਸੁਪਰੀਮ ਲੀਡਰ ਦੇ ਅਧਿਕਾਰ ਦੀ ਨਿਗਰਾਨੀ ਕਰਦੀ ਹੈ। ਵਿਲਾਇਤ-ਏ-ਫਕੀਹ ਦੇ ਤਹਿਤ, ਸੁਪਰੀਮ ਲੀਡਰ ਸਿਰਫ਼ ਰੱਬ ਨੂੰ ਜਵਾਬਦੇਹ ਹੈ। ਈਰਾਨ ਤੋਂ ਬਾਹਰ ਕਈ ਸ਼ੀਆ ਇਸਲਾਮੀ ਰਾਜਨੀਤਿਕ ਪਾਰਟੀਆਂ, ਅਤੇ ਖਾਸ ਕਰਕੇ ਈਰਾਨੀ ਸ਼ਾਸਨ ਦੇ ਨੇੜੇ, ਵਿਲਾਇਤ-ਏ-ਫਕੀਹ ਸਿਧਾਂਤ ਦੀ ਪਾਲਣਾ ਕਰਦੀਆਂ ਹਨ। ਇਨ੍ਹਾਂ ਵਿੱਚ ਲੇਬਨਾਨ ਵਿੱਚ ਹਿਜ਼ਬੁੱਲਾ, ਨਾਈਜੀਰੀਆ ਵਿੱਚ ਇਸਲਾਮਿਕ ਮੂਵਮੈਂਟ ਅਤੇ ਇਰਾਕ ਵਿੱਚ ਬਦਰ ਸੰਗਠਨ ਸ਼ਾਮਲ ਹਨ। ਮੇਹਦੀ ਫੌਜ ਵੀ ਇਸਦੀ ਪਾਲਣਾ ਕਰਦੀ ਹੈ। ਈਰਾਨ ਵਿੱਚ, ਰਾਸ਼ਟਰਪਤੀ ਸੁਪਰੀਮ ਲੀਡਰ ਨੂੰ ਜਵਾਬਦੇਹ ਹੈ। ਉਹ ਦੇਸ਼ ਦੇ ਰਾਜ ਮੁਖੀ ਵਜੋਂ ਕੰਮ ਕਰਦਾ ਹੈ ਅਤੇ ਉਸਦੇ ਆਦੇਸ਼ਾਂ ਨੂੰ ਲਾਗੂ ਕਰਦਾ ਹੈ। ਈਰਾਨੀ ਸ਼ਾਸਨ ਦੀ ਸਭ ਤੋਂ ਵੱਡੀ ਤਾਕਤ ਇਸਦੀ ਫੌਜ ਨਹੀਂ ਹੈ, ਸਗੋਂ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (IRGC) ਅਤੇ ਇਸਦੀ ਅਰਧ ਸੈਨਿਕ ਫੋਰਸ, ਬਾਸੀਜ ਹੈ। ਬਾਸੀਜ ਆਮ ਪੁਲਿਸ ਬਲ ਨਹੀਂ ਹਨ। ਇਹ ਸਮਾਜ ਦੇ ਅੰਦਰ ਇੱਕ ਮਜ਼ਬੂਤੀ ਨਾਲ ਜੁੜਿਆ ਹੋਇਆ ਨੈੱਟਵਰਕ ਹੈ। ਉਨ੍ਹਾਂ ਦੀ ਵਫ਼ਾਦਾਰੀ ਰਾਜ ਨਾਲ ਨਹੀਂ ਸਗੋਂ ਸੁਪਰੀਮ ਲੀਡਰ ਨਾਲ ਹੈ। ਈਰਾਨ ਇੱਕ ਧਰਮਤੰਤਰ ਹੈ, ਜਿੱਥੇ ਧਾਰਮਿਕ ਆਗੂ (ਮੌਲਵੀ) ਸਰਵਉੱਚ ਰਾਜਨੀਤਿਕ ਸ਼ਕਤੀ ਰੱਖਦੇ ਹਨ (ਜਿਵੇਂ ਕਿ ਸੁਪਰੀਮ ਲੀਡਰ) ਅਤੇ ਇਸਲਾਮੀ ਕਾਨੂੰਨਦਾਨਾਂ (ਫਕੀਹ) ਦੀ ਸਰਪ੍ਰਸਤੀ ਦੇ ਸਿਧਾਂਤ 'ਤੇ ਅਧਾਰਤ ਹੈ। ਈਰਾਨ ਇਸਲਾਮੀ ਸਿਧਾਂਤਾਂ ਦਾ ਗਣਰਾਜ ਹੈ, ਰਾਜਸ਼ਾਹੀ ਨਹੀਂ, ਪਰ ਸੁਪਰੀਮ ਲੀਡਰ ਤੋਂ ਲੈ ਕੇ ਰਾਸ਼ਟਰਪਤੀ ਤੱਕ ਦੀਆਂ ਚੋਣਾਂ ਵਿੱਚ ਜਨਤਕ ਭਾਗੀਦਾਰੀ ਦੇ ਨਾਲ। ਸੁੰਨੀ ਮੁਸਲਮਾਨਾਂ ਨੂੰ ਸੁਪਰੀਮ ਲੀਡਰ ਤੋਂ ਇਲਾਵਾ ਸਾਰੇ ਅਹੁਦਿਆਂ ਲਈ ਚੋਣਾਂ ਲੜਨ ਦੀ ਇਜਾਜ਼ਤ ਹੈ। ਇਸ ਤੋਂ ਇਲਾਵਾ, ਯਹੂਦੀ ਵੀ ਚੋਣਾਂ ਵਿੱਚ ਹਿੱਸਾ ਲੈਣ ਦੇ ਯੋਗ ਹਨ। ਹਾਲਾਂਕਿ, ਸੁਪਰੀਮ ਲੀਡਰ ਇੱਕ ਸ਼ੀਆ ਮੁਸਲਮਾਨ ਅਤੇ ਬਾਰਾਂ ਇਮਾਮਾਂ ਦਾ ਪੈਰੋਕਾਰ ਹੋਣਾ ਚਾਹੀਦਾ ਹੈ। ਸ਼ੀਆ ਮੁਸਲਮਾਨ ਈਰਾਨ ਦੀ ਆਬਾਦੀ ਦਾ 80 ਤੋਂ 90 ਪ੍ਰਤੀਸ਼ਤ ਦੇ ਵਿਚਕਾਰ ਹਨ। ਇਸ ਦੇ ਬਾਵਜੂਦ, ਸੁੰਨੀ ਮੁਸਲਮਾਨਾਂ ਨੂੰ ਆਪਣੇ ਧਰਮ ਅਨੁਸਾਰ ਪੂਜਾ ਕਰਨ ਅਤੇ ਰਸਮਾਂ ਨਿਭਾਉਣ ਦੀ ਪੂਰੀ ਆਜ਼ਾਦੀ ਹੈ। ਇਸ ਤੋਂ ਇਲਾਵਾ, ਸੁੰਨੀ ਭਾਈਚਾਰਾ ਮਸਜਿਦਾਂ ਦਾ ਮਾਲਕ ਹੈ ਅਤੇ ਉੱਥੇ ਆਪਣੇ ਸਿਧਾਂਤਾਂ ਅਨੁਸਾਰ ਧਾਰਮਿਕ ਗਤੀਵਿਧੀਆਂ ਕਰਦਾ ਹੈ। ਈਰਾਨ ਵਿੱਚ ਸੁੰਨੀ ਮੁਸਲਮਾਨਾਂ ਵਿਰੁੱਧ ਕੋਈ ਧਾਰਮਿਕ ਵਿਤਕਰਾ ਨਹੀਂ ਹੈ। ਈਰਾਨ ਤੋਂ ਇਲਾਵਾ, ਸਾਊਦੀ ਅਰਬ, ਯੂਏਈ, ਕਤਰ ਅਤੇ ਬਹਿਰੀਨ ਵਰਗੇ ਸੁੰਨੀ ਇਸਲਾਮੀ ਦੇਸ਼ਾਂ ਵਿੱਚ ਰਾਜਸ਼ਾਹੀ ਪ੍ਰਣਾਲੀ ਹੈ। ਇਹ ਇੱਕ ਵਿਰਾਸਤੀ ਰਾਜਸ਼ਾਹੀ ਹੈ, ਜਿਸ ਵਿੱਚ ਰਾਜਾ ਕੋਲ ਪੂਰਨ ਸ਼ਕਤੀ ਹੈ ਅਤੇ ਧਾਰਮਿਕ ਆਗੂ ਉਸਦੇ ਅਧੀਨ ਹਨ। ਸੁੰਨੀ ਮੁਸਲਿਮ ਦੇਸ਼ ਅਧਿਕਾਰਤ ਤੌਰ 'ਤੇ ਇਸਲਾਮੀ ਹਨ, ਪਰ ਉਨ੍ਹਾਂ ਦੇ ਅਭਿਆਸ ਇਸਲਾਮ ਦੀਆਂ ਸਿੱਖਿਆਵਾਂ ਨਾਲ ਮੇਲ ਨਹੀਂ ਖਾਂਦੇ। ਸਾਊਦੀ ਅਰਬ ਤੋਂ ਕਤਰ ਤੱਕ, ਸਾਰੇ ਦੇਸ਼ਾਂ ਵਿੱਚ ਆਪਣੇ ਲੋਕਾਂ ਲਈ ਸ਼ਰੀਆ-ਨਿਰਦੇਸ਼ਿਤ ਕਾਨੂੰਨ ਹਨ, ਪਰ ਇਹ ਉਨ੍ਹਾਂ ਦੇ ਆਪਣੇ ਵਿਵਹਾਰ ਵਿੱਚ ਪ੍ਰਤੀਬਿੰਬਤ ਨਹੀਂ ਹੁੰਦਾ। ਸੁੰਨੀ ਇਸਲਾਮੀ ਦੇਸ਼ ਵਹਾਬੀ ਧਰਮ ਦਾ ਪਾਲਣ ਕਰਦੇ ਹਨ। ਸੁੰਨੀ ਇਸਲਾਮੀ ਦੇਸ਼ਾਂ ਵਿੱਚ ਸ਼ੀਆ ਮੁਸਲਮਾਨਾਂ ਅਤੇ ਯਹੂਦੀਆਂ ਨੂੰ ਧਾਰਮਿਕ ਆਜ਼ਾਦੀ ਨਹੀਂ ਹੈ। ਸ਼ੀਆ ਮੁਸਲਮਾਨ ਮੁਹੱਰਮ ਦੌਰਾਨ ਸੋਗ ਨਹੀਂ ਮਨਾ ਸਕਦੇ ਜਾਂ ਆਪਣੇ ਧਾਰਮਿਕ ਸਥਾਨ ਨਹੀਂ ਬਣਾ ਸਕਦੇ। ਸਾਊਦੀ ਅਰਬ ਤੋਂ ਕਤਰ ਅਤੇ ਬਹਿਰੀਨ ਤੱਕ, ਸ਼ੀਆ ਮੁਸਲਮਾਨਾਂ ਨੂੰ ਆਪਣੇ ਘਰਾਂ ਵਿੱਚ ਚੁੱਪ-ਚਾਪ ਪ੍ਰਾਰਥਨਾ ਕਰਨ ਦੀ ਲੋੜ ਹੁੰਦੀ ਹੈ। ਈਰਾਨ ਵਿੱਚ ਸੁੰਨੀ ਮੁਸਲਮਾਨਾਂ ਅਤੇ ਸ਼ੀਆ ਮੁਸਲਮਾਨਾਂ ਦੀਆਂ ਨੀਤੀਆਂ ਵਿੱਚ ਇੱਕ ਮਹੱਤਵਪੂਰਨ ਅੰਤਰ ਹੈ। ਈਰਾਨ ਸਿਰਫ਼ ਮਜ਼ਲੂਮਾਂ ਦੇ ਕਾਰਨ ਨੂੰ ਉਤਸ਼ਾਹਿਤ ਅਤੇ ਸਮਰਥਨ ਕਰ ਰਿਹਾ ਹੈ। ਇਹ ਵਿਚਾਰਧਾਰਾ ਪੈਗੰਬਰ ਮੁਹੰਮਦ ਦੇ ਪੋਤੇ ਇਮਾਮ ਹੁਸੈਨ ਦੀ ਸ਼ਹਾਦਤ ਤੋਂ ਪ੍ਰੇਰਿਤ ਹੈ, ਜਿਸਨੂੰ ਉਸ ਸਮੇਂ ਦੇ ਖਲੀਫ਼ਾ ਯਜ਼ੀਦ ਬਿਨ ਮੁਆਵੀਆ ਦੀਆਂ ਫੌਜਾਂ ਦੁਆਰਾ ਮਾਰ ਦਿੱਤਾ ਗਿਆ ਸੀ। ਇਸ ਦੌਰਾਨ, ਸੁੰਨੀ ਅਰਬ ਰਾਜਾਂ ਨੇ 18ਵੀਂ ਸਦੀ ਦੇ ਧਾਰਮਿਕ ਆਗੂ ਅਬਦੁਲ ਵਹਾਬ ਨਜਦੀ ਦੇ ਕੱਟੜਪੰਥੀ ਧਾਰਮਿਕ ਵਿਸ਼ਵਾਸਾਂ ਤੋਂ ਪ੍ਰੇਰਨਾ ਲਈ ਹੈ, ਜਿਨ੍ਹਾਂ ਨੇ ਇਸਲਾਮੀ ਰਾਜ ਸਥਾਪਤ ਕਰਨ ਲਈ ਜੇਹਾਦ (ਹਥਿਆਰਬੰਦ ਸੰਘਰਸ਼) ਦੀ ਵਕਾਲਤ ਕੀਤੀ ਸੀ। ਪੱਛਮੀ ਸਮਰਥਨ ਨਾਲ, ਅਬਦੁਲ ਵਹਾਬ ਅਤੇ ਇਬਨ ਸਾਊਦ ਨੇ 1924 ਵਿੱਚ ਅਰਬ ਵਿੱਚ ਓਟੋਮੈਨ ਖਲੀਫ਼ਾ ਦੇ ਵਿਰੁੱਧ ਬਗਾਵਤ ਕੀਤੀ ਅਤੇ ਇਸਨੂੰ ਖਤਮ ਕਰ ਦਿੱਤਾ। ਦੁਨੀਆ ਭਰ ਦੇ ਸੁੰਨੀ ਮੁਸਲਿਮ ਦੇਸ਼ ਜੋ ਇਸਲਾਮੀ ਰਾਜਾਂ ਵਜੋਂ ਪਛਾਣਦੇ ਹਨ, ਅਬਦੁਲ ਵਹਾਬ ਨਜਦੀ ਦੇ ਸਿਧਾਂਤਾਂ ਦੀ ਪਾਲਣਾ ਕਰਦੇ ਹਨ। ਨਤੀਜੇ ਵਜੋਂ, ਸ਼ੀਆ ਮੁਸਲਮਾਨਾਂ ਨੂੰ ਕਿਸੇ ਵੀ ਸੁੰਨੀ ਮੁਸਲਿਮ ਰਾਜ ਵਿੱਚ ਮਹੱਤਵਪੂਰਨ ਸਰਕਾਰੀ ਅਹੁਦੇ ਜਾਂ ਰਾਜਨੀਤਿਕ ਭਾਗੀਦਾਰੀ ਨਹੀਂ ਦਿੱਤੀ ਜਾਂਦੀ। ਸਾਬਕਾ ਵਿਦੇਸ਼ ਮੰਤਰੀ ਅਤੇ ਪ੍ਰਸਿੱਧ ਪੱਤਰਕਾਰ-ਲੇਖਕ ਐਮ.ਜੇ. ਅਕਬਰ ਨੇ ਈਰਾਨ ਅਤੇ ਹੋਰ ਮੁਸਲਿਮ ਦੇਸ਼ਾਂ (ਸੁੰਨੀ ਅਰਬ ਦੇਸ਼ਾਂ) ਵਿੱਚ ਅੰਤਰ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਈਰਾਨ ਨੇ ਕਦੇ ਵੀ ਦੁਨੀਆ ਵਿੱਚ ਕਿਤੇ ਵੀ ਅੱਤਵਾਦੀ ਗਤੀਵਿਧੀਆਂ ਦਾ ਸਮਰਥਨ ਨਹੀਂ ਕੀਤਾ, ਜਦੋਂ ਕਿ ਸੁੰਨੀ ਦੇਸ਼ਾਂ ਨੇ ਜਨਤਕ ਤੌਰ 'ਤੇ ਆਪਣਾ ਰੁਖ਼ ਬਿਆਨ ਕੀਤਾ ਹੈ। ਇਹ ਈਰਾਨ ਅਤੇ ਹੋਰ ਮੁਸਲਿਮ ਦੇਸ਼ਾਂ ਵਿੱਚ ਇੱਕ ਵੱਡਾ ਅੰਤਰ ਹੈ।

# ਗੋਲਗੱਪੇ ਖਾਣਾ ਮਹਿੰਗਾ ਹੋਇਆ ਸਾਬਤ

### ਪਾਕਿਸਤਾਨੀ ਔਰਤ ਨੂੰ ਜਬਾੜੇ ਦੀ ਕਰਵਾਉਣੀ ਪਈ ਸਰਜਰੀ

**ਅਬੀਹਾ ਨਾਮ ਦੀ ਇੱਕ ਔਰਤ ਨੇ ਦੱਸਿਆ ਕਿ ਗੋਲਗੱਪੇ ਖਾਂਦੇ ਸਮੇਂ ਉਸਦਾ ਜਬਾੜਾ ਅਚਾਨਕ ਜਾਮ ਹੋ ਗਿਆ। ਉਸਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਕਿਉਂਕਿ ਉਸਨੂੰ ਉਸ ਸਮੇਂ ਕੋਈ ਦਰਦ ਮਹਿਸੂਸ ਨਹੀਂ ਹੋਇਆ। ਬਾਅਦ ਵਿੱਚ, ਉਸਨੂੰ ਆਪਣਾ ਜਬਾੜਾ ਖੋਲ੍ਹਣ ਅਤੇ ਬੰਦ ਕਰਨ ਵਿੱਚ ਮੁਸ਼ਕਲ ਆਈ ਅਤੇ ਫਟਣ ਦੀਆਂ ਆਵਾਜ਼ਾਂ ਆਉਣ ਲੱਗੀਆਂ।**



ਇੱਕ ਪਾਕਿਸਤਾਨੀ ਔਰਤ ਗੋਲਗੱਪੇ ਖਾਂਦੇ ਸਮੇਂ ਵਾਪਰੀ ਇੱਕ ਛੋਟੀ ਜਿਹੀ ਘਟਨਾ ਹੁਣ ਇੱਕ ਵੱਡੀ ਸਿਹਤ ਸਮੱਸਿਆ ਬਣ ਗਈ ਹੈ। ਇਹ ਘਟਨਾ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਅਬੀਹਾ ਨਾਮ ਦੀ ਇਸ ਔਰਤ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਸਾਂਝਾ ਕੀਤਾ ਕਿ 2019 ਵਿੱਚ ਗੋਲਗੱਪੇ ਖਾਂਦੇ ਸਮੇਂ ਉਸਦਾ ਜਬਾੜਾ ਅਚਾਨਕ ਜਾਮ ਹੋ ਗਿਆ। ਉਹ ਉਸ ਸਮੇਂ ਆਪਣਾ ਮੂੰਹ ਬੰਦ ਕਰਨ ਦੇ ਯੋਗ ਸੀ, ਪਰ ਉਦੋਂ ਤੋਂ, ਉਸਨੂੰ ਆਪਣੇ ਜਬਾੜੇ ਵਿੱਚ ਸਮੱਸਿਆਵਾਂ ਆ ਰਹੀਆਂ ਹਨ। ਪਾਕਿਸਤਾਨ ਦੀ ਇੱਕ ਔਰਤ ਅਬੀਹਾ ਨੇ ਦੱਸਿਆ ਕਿ 2019 ਵਿੱਚ ਗੋਲਗੱਪੇ ਖਾਂਦੇ ਸਮੇਂ ਉਸਦਾ ਜਬਾੜਾ ਅਚਾਨਕ ਜਾਮ ਹੋ ਗਿਆ। ਕਿਉਂਕਿ ਉਸ ਸਮੇਂ ਉਸਨੂੰ ਕੋਈ ਦਰਦ ਨਹੀਂ ਹੋ ਰਿਹਾ ਸੀ, ਇਸ ਲਈ ਉਸਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ।

ਪਰ ਸਮੇਂ ਦੇ ਨਾਲ, ਉਸਨੂੰ ਆਪਣੇ ਜਬਾੜੇ ਨੂੰ ਖੋਲ੍ਹਣ ਅਤੇ ਬੰਦ ਕਰਨ ਵਿੱਚ ਮੁਸ਼ਕਲ ਆਉਣ ਲੱਗੀ ਅਤੇ ਇੱਕ ਫਟਣ ਵਾਲੀ ਆਵਾਜ਼ ਆਉਣ ਲੱਗੀ। ਕਿਉਂਕਿ ਉਸਨੂੰ ਕੋਈ ਦਰਦ ਨਹੀਂ ਹੋ ਰਿਹਾ ਸੀ, ਉਸਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਕਦੇ ਵੀ ਡਾਕਟਰ ਕੋਲ ਨਹੀਂ ਗਈ। ਪਰ ਜਦੋਂ ਉਹ ਛੇ ਸਾਲ ਬਾਅਦ ਡਾਕਟਰ ਕੋਲ ਗਈ, ਤਾਂ ਉਹ ਹੈਰਾਨ ਰਹਿ ਗਈ। ਡਾਕਟਰਾਂ ਨੇ ਉਸਨੂੰ ਦੱਸਿਆ ਕਿ ਇਸ ਸਮੱਸਿਆ ਦਾ ਇੱਕੋ ਇੱਕ ਇਲਾਜ ਸਰਜਰੀ ਹੈ।

ਉਹ ਇਸ ਤੋਂ ਬਹੁਤ ਦੁਖੀ ਸੀ ਅਤੇ ਸੋਸ਼ਲ ਮੀਡੀਆ 'ਤੇ ਆਪਣੀ ਦੁਰਦਸ਼ਾ ਸਾਂਝੀ ਕੀਤੀ। ਛੇ ਸਾਲ ਬਾਅਦ, ਜਦੋਂ ਉਹ ਡਾਕਟਰ ਕੋਲ ਗਈ, ਤਾਂ ਉਸਨੂੰ ਪਤਾ ਲੱਗਾ ਕਿ ਸਰਜਰੀ ਹੀ ਇੱਕੋ ਇੱਕ ਇਲਾਜ ਹੈ। ਜਿਵੇਂ ਹੀ ਇਹ ਪੋਸਟ ਵਾਇਰਲ ਹੋਈ, ਬਹੁਤ ਸਾਰੇ ਲੋਕਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਗੋਲਗੱਪਾ ਵਰਗੀ ਸਧਾਰਨ ਚੀਜ਼ ਨਾਲ ਸ਼ੁਰੂ ਹੋਈ ਸਮੱਸਿਆ ਸਰਜਰੀ ਦਾ ਕਾਰਨ ਬਣ ਗਈ ਸੀ। ਬਹੁਤ ਸਾਰੇ ਉਪਭੋਗਤਾਵਾਂ ਨੇ ਸੁਝਾਅ ਦਿੱਤਾ ਕਿ ਸਮੱਸਿਆ TMJ (ਜਬਾੜੇ ਦੇ ਜੋੜ ਨਾਲ ਸਬੰਧਤ ਇੱਕ ਵਿਕਾਰ) ਹੋ ਸਕਦੀ ਹੈ। ਕਈਆਂ ਨੇ ਗੋਲਗੱਪਾ ਨਾਲ ਸਬੰਧਤ ਆਪਣੇ ਡਰਾਉਣੇ ਅਨੁਭਵ ਵੀ ਸਾਂਝੇ ਕੀਤੇ। ਇੱਕ ਨੇ ਕਿਹਾ ਕਿ ਗੋਲਗੱਪਾ ਉਸਦੇ ਗਲੇ ਵਿੱਚ ਫਸ ਗਿਆ, ਜਦੋਂ ਕਿ ਦੂਜੇ ਨੇ ਕਿਹਾ ਕਿ ਉਹ ਦੁਬਾਰਾ ਕਦੇ ਗੋਲਗੱਪਾ ਨਹੀਂ ਖਾਵੇਗੀ।

ਇਸ ਦੌਰਾਨ, ਕੁਝ ਉਪਭੋਗਤਾਵਾਂ ਨੇ ਸਲਾਹ ਦਿੱਤੀ ਕਿ TMJ ਸਮੱਸਿਆਵਾਂ ਲਈ ਹਮੇਸ਼ਾ ਸਰਜਰੀ ਦੀ ਲੋੜ ਨਹੀਂ ਹੁੰਦੀ; ਬਹੁਤ ਸਾਰੇ ਮਾਮਲਿਆਂ ਵਿੱਚ, ਫਿਜ਼ੀਓਥੈਰੇਪੀ ਅਤੇ ਹੋਰ ਇਲਾਜਾਂ ਵਿੱਚ ਸੁਧਾਰ ਹੋ ਸਕਦਾ ਹੈ। ਉਨ੍ਹਾਂ ਨੇ ਔਰਤ ਨੂੰ ਕਿਸੇ ਹੋਰ ਡਾਕਟਰ ਨਾਲ ਸਲਾਹ ਕਰਨ ਦੀ ਵੀ ਸਲਾਹ ਦਿੱਤੀ।

# ਜਰਮਨ ਰੇਲਗੱਡੀਆਂ ਵਿੱਚ ਭਿਖਾਰੀਆਂ ਦੀ ਭਰਮਾਰ



ਇਨ੍ਹੀਂ ਦਿਨੀਂ, ਦੂਜੇ ਦੇਸ਼ਾਂ ਦੀ ਝਲਕ ਅਤੇ ਸੱਚਾਈ ਦਿਖਾਉਣ ਦਾ ਦਾਅਵਾ ਕਰਨ ਵਾਲੇ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੇ ਹਨ। ਲੱਖਾਂ ਲੋਕ ਜਿਨ੍ਹਾਂ ਨੇ ਕਦੇ ਆਪਣੇ ਦੇਸ਼ ਤੋਂ ਬਾਹਰ ਯਾਤਰਾ ਨਹੀਂ ਕੀਤੀ, ਆਪਣੇ ਸ਼ਹਿਰ ਜਾਂ ਰਾਜ ਦੀ ਗੱਲ ਤਾਂ ਦੂਰ, ਉਸ ਦੇਸ਼ ਦੀ ਸੱਭਿਆਚਾਰ ਅਤੇ ਅਸਲੀਅਤ ਨੂੰ ਦੇਖਣ ਲਈ ਉਤਸੁਕ ਹਨ। ਹਰ ਰੋਜ਼, ਇੱਕ ਵੀਡੀਓ ਵਾਇਰਲ ਹੁੰਦਾ ਹੈ, ਜੋ ਇੱਕ ਅਮੀਰ ਦੇਸ਼ ਵਿੱਚ ਗਰੀਬ ਦੇਸ਼ਾਂ ਵਿੱਚ ਆਮ ਤੌਰ 'ਤੇ ਆਮ ਤੌਰ 'ਤੇ ਪਾਈਆਂ ਜਾਂਦੀਆਂ ਗੰਦਗੀ, ਨਸ਼ਿਆਂ ਦੇ ਢੇਰ, ਬੇਘਰਤਾ ਅਤੇ ਹੋਰ ਕਮੀਆਂ ਨੂੰ ਉਜਾਗਰ ਕਰਦਾ ਹੈ।

ਏਸ਼ੀਅਨ ਅਤੇ ਅਫਰੀਕੀ ਦੇਸ਼ਾਂ ਦੇ ਲੋਕ ਆਮ ਤੌਰ 'ਤੇ ਮੰਨਦੇ ਹਨ ਕਿ ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਕਮੀਆਂ ਦੀ ਘਾਟ ਹੈ। ਸੜਕਾਂ ਦੇ ਕਿਨਾਰੇ ਭੀਖ ਮੰਗਣ ਵਾਲੇ ਲੋਕਾਂ ਦੀ ਭੀੜ ਭਾਰਤੀ ਰੇਲਗੱਡੀਆਂ ਵਿੱਚ ਆਮ ਹੈ। ਇਸ ਲਈ, ਜਦੋਂ ਲੋਕ ਇਹ ਦਰਸਾਉਂਦੇ ਵੀਡੀਓ ਦੇਖਦੇ ਹਨ ਕਿ ਇਹ ਚੀਜ਼ਾਂ ਇੰਗਲੈਂਡ ਜਾਂ ਜਰਮਨੀ ਵਿੱਚ ਵੀ ਆਮ ਹਨ, ਤਾਂ ਉਹ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਇਨ੍ਹੀਂ ਦਿਨੀਂ ਇੱਕ ਅਜਿਹਾ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਇੱਕ ਭਾਰਤੀ ਵਿਅਕਤੀ ਨੇ ਜਰਮਨ ਰੇਲਗੱਡੀਆਂ ਵਿੱਚ ਭੀਖ ਮੰਗਣ ਵਾਲੇ ਲੋਕਾਂ ਦੀ ਭੀੜ ਦਿਖਾਈ ਹੈ।

@rahulmahajan.x ਹੈਂਡਲ ਦੁਆਰਾ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇੱਕ ਵੀਡੀਓ ਸਾਂਝਾ ਕੀਤਾ ਗਿਆ ਹੈ। ਇਸ ਦੇ ਕੈਪਸ਼ਨ ਵਿੱਚ ਲਿਖਿਆ ਹੈ, "ਅਮੀਰ ਦੇਸ਼ਾਂ ਦੇ ਗਰੀਬ ਭਿਖਾਰੀ। ਦੇਖੋ, ਜਰਮਨੀ ਵਿੱਚ ਹਰ ਜਗ੍ਹਾ ਬੇਘਰ ਲੋਕ ਅਤੇ ਭਿਖਾਰੀ ਹਨ।" ਵੀਡੀਓ ਬਰਲਿਨ ਦੀ ਇੱਕ ਸਥਾਨਕ ਰੇਲਗੱਡੀ ਦਾ ਦਾਅਵਾ ਕਰਦਾ ਹੈ। ਅੰਦਰ, ਵ੍ਹੀਲਚੇਅਰਾਂ 'ਤੇ ਕੁਝ ਲੋਕ ਯਾਤਰੀਆਂ ਤੋਂ ਪੈਸੇ ਮੰਗਦੇ ਦਿਖਾਈ ਦੇ ਰਹੇ ਹਨ। ਸਮੱਗਰੀ ਬਣਾਉਣ ਵਾਲਾ ਦਾਅਵਾ ਕਰਦਾ ਹੈ ਕਿ ਇਹ ਸੱਚ ਹੈ।

ਕਿਹਾ ਜਾਂਦਾ ਹੈ ਕਿ ਹਰ ਪੰਜ ਮਿੰਟਾਂ ਵਿੱਚ ਇੱਕ ਭਿਖਾਰੀ ਉੱਥੇ ਰੇਲਗੱਡੀਆਂ ਵਿੱਚ ਆਉਂਦਾ ਹੈ। ਤਾਂ, ਲੋਕ ਕਿਵੇਂ ਕਹਿ ਸਕਦੇ ਹਨ ਕਿ ਭਾਰਤ ਭਿਖਾਰੀਆਂ ਅਤੇ ਗੰਦਗੀ ਨਾਲ ਭਰਿਆ ਹੋਇਆ ਹੈ? ਜਰਮਨੀ ਵਰਗੇ ਅਮੀਰ ਦੇਸ਼ਾਂ ਵਿੱਚ ਵੀ ਸਥਿਤੀ ਅਜਿਹੀ ਹੀ ਹੈ। ਲੋਕਾਂ ਨੇ ਵੀਡੀਓ 'ਤੇ ਕਈ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਹਨ। ਇੱਕ ਉਪਭੋਗਤਾ ਨੇ ਲਿਖਿਆ ਕਿ ਇਹ ਇੱਕ ਵਿਆਪਕ ਸਮੱਸਿਆ ਹੈ। ਇੱਕ ਹੋਰ ਉਪਭੋਗਤਾ ਨੇ ਲਿਖਿਆ, "ਸ਼ਾਨਦਾਰ ਕੰਮ, ਸੱਚਾਈ ਦਿਖਾਉਣ ਲਈ ਹੋਰ ਵੀਡੀਓ ਬਣਾਓ।

# ਉਬੇਰ ਦੀ ਈਵੀ ਬਾਈਕ ਟੈਕਸੀ



ਉਬੇਰ ਇੰਡੀਆ ਨੇ ਮੁੰਬਈ ਵਿੱਚ ਆਪਣੀ ਈਵੀ ਬਾਈਕ ਟੈਕਸੀ ਸੇਵਾ ਸ਼ੁਰੂ ਕੀਤੀ ਹੈ। ਇਸ ਨਾਲ ਮੁੰਬਈ ਵਾਸੀ ਕਿਫਾਇਤੀ, ਤੇਜ਼ ਅਤੇ ਵਾਤਾਵਰਣ ਅਨੁਕੂਲ ਸਵਾਰੀਆਂ ਦਾ ਆਨੰਦ ਮਾਣ ਸਕਣਗੇ।

# ਸੰਤ ਬਾਬਾ ਰਾਮ ਦਾਸ ਦੀ 60ਵੀਂ ਬਰਸੀ ਮਨਾਈ



ਤਪਾ ਮੰਡੀ, 15 ਜਨਵਰੀ (ਰਾਜੂ ਮਹਿਰਾ) : ਸੰਤ ਬਾਬਾ ਰਾਮ ਦਾਸ ਦੀ 60ਵੀਂ ਬਰਸੀ ਡੇਰਾ ਸੰਚਾਲਕ ਬਾਬਾ ਮੋਹਨ ਦਾਸ ਦੀ ਦੇਖ-ਰੇਖ ਹੇਠ ਗੂੰਗਾ ਮਾੜੀ ਬਸਤੀ ਵਿਖੇ ਧੂਮ-ਧਾਮ ਨਾਲ ਮਨਈ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਬਾਬਾ ਮੋਹਨ ਦਾਸ ਨੇ ਸਮੂੰਹੀ ਸੰਗਤ ਨੂੰ ਗੁਰੂਆਂ ਵੱਲੋਂ ਦਿਖਾਏ ਗਏ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਧਾਰਮਿਕ ਸਮਾਗਮ ਮੌਕੇ ਸਮੂਹ ਸ਼ਹਿਰ ਵਾਸੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਗੁਰੂਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਡੇਰਾ ਪ੍ਰਬੰਧਕਾਂ ਵੱਲੋਂ ਆਏ ਪਤਵੰਤਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮਹਾਂਕਾਵੜ ਸੰਘ ਦੇ ਸੂਬਾ ਪ੍ਰਧਾਨ ਤਰਲੋਚਨ ਬਾਂਸਲ, ਸੰਤ ਚਿਤਾ ਨੰਦ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ, ਸਾਬਕਾ ਕੌਂਸਲਰ ਦਵਿੰਦਰ ਕੁਮਾਰ ਟੀਟੂ ਦੀਕਸ਼ਤ, ਡਾ: ਜਗਦੇਵ ਸਿੰਘ ਗੋਂਦੀ, ਡਾ: ਗੁਰਪ੍ਰੀਤ ਸਿੰਘ ਸਿੱਧੂ, ਮਹਿਮਾ ਚੱਠਾ, ਭਗਵੰਤ ਚੱਠਾ, ਜੱਸੀ ਚੱਠਾ, ਜੀਵਨ ਐਂਗਲਾ, ਸਮਾਜ ਸੇਵੀ ਰਘਵੀਰ ਚੰਦ ਅਗਰਵਾਲ ਅਤੇ ਸਤਪਾਲ ਮੌੜ, ਕ੍ਰਿਸ਼ਨ ਪੂਜਾ ਜਵੈਲਰਜ਼,ਜੋਗਿੰਦਰ ਸਿੰਘ ਮੋਗਾ, ਰਾਜੂ ਬੈਟਰੀਆਂ ਵਾਲਾ, ਮਹੰਤ ਬੁੱਕਣ ਦਾਸ, ਜਸਵਿੰਦਰ ਸਿੰਘ ਚੱਠਾ, ਬਲਜੀਤ ਬਾਸੀ,ਮਹੰਤ ਸੋਮ ਦਾਸ, ਮਹੰਤ ਬੀਰਬਲ ਦਾਸ, ਮਹੰਤ ਰਘਵੀਰ ਦਾਸ, ਸਾਬਕਾ ਕੌਂਸਲਰ ਗੁਰਮੀਤ ਸਿੰਘ ਰੋੜ, ਕੌਂਸਲਰ ਧਰਮਪਾਲ ਸ਼ਰਮਾ, ਕੌਂਸਲਰ ਹਰਦੀਪ ਸਿੰਘ ਪੋਪਲ, ਵਿੱਕੀ ਸ਼ਰਮਾ, ਸੰਜੇ ਸ਼ਰਮਾ, ਜਾਗੋ, ਗੁਰਬਿੰਦਰ ਬਾਸੀ, ਜੁਗਰਾਜ ਸਿੰਘ ਜੈਲਦਾਰ, ਨੰਬਰਦਾਰ ਬਲਵੰਤ ਸਿੰਘ, ਨਰੈਣ ਪੰਧੇਰ, ਗੁਲਾਬ ਕਾਲਾ, ਗੱਬਰ ਸਿੰਘ, ਸੁਖਦੇਵ ਸ਼ਰਮਾ, ਸੀਰਾ ਫੌਜੀ ਆਦਿ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

# ਬਰਨਾਲਾ ਪੁਲਿਸ ਵੱਲੋਂ ਪਾਕਿਸਤਾਨ ਤੋਂ ਚੱਲ ਰਹੇ ਨਸ਼ਾ ਤਸਕਰੀ ਅਤੇ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

## ਦੋ ਕਿੱਲੋ ਹੈਰੋਇਨ ਅਤੇ ਵਿਦੇਸ਼ੀ ਪਿਸਤੌਲ ਸਮੇਤ ਤਿੰਨ ਗ੍ਰਿਫਤਾਰ



ਬਰਨਾਲਾ, 15 ਜਨਵਰੀ (ਚਮਕੌਰ ਸਿੰਘ ਗੱਗੀ) : ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਮੁਹਿੰਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਬਰਨਾਲਾ ਪੁਲਿਸ ਨੇ ਪਾਕਿਸਤਾਨ ਤੋਂ ਚੱਲ ਰਹੇ ਨਸ਼ੇ ਅਤੇ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ ਤਿੰਨ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ, ਜਿਸ ਸਬੰਧੀ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਚਾਹਲ ਆਈ ਪੀ ਐੱਸ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਬਰਨਾਲਾ ਪੁਲਿਸ ਵੱਲੋਂ ਗੈਂਗਸਟਰਾਂ ਅਤੇ ਹੋਰ ਸਮਾਜ ਵਿਰੋਧੀ ਮਾੜੇ ਅਨਸਰਾਂ ਖਿਲਾਫ ਵਿਸ਼ੇਸ਼ ਮੁਹਿਮ ਵਿੱਢੀ ਹੋਈ ਹੈ। ਇਸ ਮੁਹਿੰਮ ਤਹਿਤ ਬਰਨਾਲਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਮੁਹੰਮਦ ਸਰਫਰਾਜ਼ ਆਲਮ, IPS ਸੀਨੀਅਰ ਕਪਤਾਨ ਪੁਲਿਸ ਬਰਨਾਲਾ ਦੀ ਯੋਗ ਅਗਵਾਈ ਹੇਠ ਸ੍ਰੀ ਅਸ਼ੋਕ ਕੁਮਾਰ ਪੀ.ਪੀ.ਐੱਸ. ਕਪਤਾਨ ਪੁਲਿਸ (ਇਨ.) ਬਰਨਾਲਾ, ਸ੍ਰੀ ਸਤਵੀਰ ਸਿੰਘ ਬੈਂਸ, ਪੀ.ਪੀ.ਐਸ. ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਬਰਨਾਲਾ, ਇੰਸਪੈਕਟਰ ਬਲਜੀਤ ਸਿੰਘ, ਇੰਚਾਰਜ ਸੀ.ਆਈ.ਏ. ਸਟਾਫ ਬਰਨਾਲਾ ਦੀ ਸਮੁੱਚੀ ਟੀਮ ਵੱਲੋਂ ਪਾਕਿਸਤਾਨ ਤੋਂ ਚਲਾਏ ਜਾ ਰਹੇ ਡਰੱਗ ਮਾਫੀਆ ਦਾ ਪਰਦਾਫਾਸ਼ ਕੀਤਾ, ਉਹਨਾਂ ਕਿਹਾ ਕਿ ਇਹ ਗਿਰੋਹ ਪਾਕਿਸਤਾਨੀ ਏਜੰਸੀ ਆਈ.ਐਸ.ਆਈ. ਨਾਲ ਸਰਹੱਦ ਪਾਰ ਤੋਂ ਮਿਲ ਕੇ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਦਾ ਕੰਮ ਕਰ ਰਿਹਾ ਸੀ। ਦੌਰਾਨੇ ਤਫਤੀਸ਼ ਲਿੰਕ ਰੋਡ, ਫਰਵਾਹੀ ਤੋਂ ਸੇਖਾ, ਨੇੜੇ ਪੁਲ ਸੂਆ ਬਾਹੱਦ ਸੇਖਾ ਤੋਂ ਦੋਸ਼ੀ ਗਗਨਦੀਪ ਸਿੰਘ ਉਰਫ ਗਗਨ ਨੂੰ ਕਾਬੂ ਕਰਕੇ ਉਸਦੇ ਕਬਜ਼ਾ ਵਿੱਚੋਂ 52 ਗ੍ਰਾਮ ਨਸ਼ੀਲਾ ਚਿੱਟਾ (ਹੈਰੋਇਨ) ਬ੍ਰਾਮਦ ਕਰਵਾਈ ਗਈ ਅਤੇ ਗਗਨਦੀਪ ਸਿੰਘ ਉਰਫ ਗਗਨ ਦੀ ਨਿਸ਼ਾਨਦੇਹੀ ਤੇ ਕਰਮਗੜ੍ਹ, ਥਾਣਾ ਨੂੰਲੀਵਾਲ, ਜ਼ਿਲ੍ਹਾ ਬਰਨਾਲਾ ਤੋਂ 255 ਗ੍ਰਾਮ ਨਸ਼ੀਲਾ ਚਿੱਟਾ (ਹੈਰੋਇਨ) ਹੋਰ ਬ੍ਰਾਮਦ ਕੀਤਾ ਗਿਆ। ਗ੍ਰਿਫਤਾਰ ਗਗਨਦੀਪ ਸਿੰਘ ਉਰਫ ਗਗਨ ਦੀ ਪੁੱਛ-ਗਿੱਛ ਵਿੱਚ ਰਾਜਕਰਨ ਸਿੰਘ ਉਰਫ ਘੋਗਾ ਪੁੱਤਰ ਗੁਰਜੰਟ ਸਿੰਘ ਵਾਸੀ ਚੱਕ ਵਜੀਦਾ, ਜ਼ਿਲ੍ਹਾ ਫਾਜਿਲਕਾ ਅਤੇ ਸਾਰਜ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਹਬੀਬਵਾਲਾ, ਜ਼ਿਲ੍ਹਾ ਫਿਰੋਜ਼ਪੁਰ ਨੂੰ ਬਤੌਰ ਦੋਸ਼ੀ ਨਾਮਜ਼ਦ ਕਰਕੇ ਜੁਰਮ 29/61/85 ਐਨ.ਡੀ.ਪੀ.ਐਸ. ਦਾ ਵਾਧਾ ਕੀਤਾ ਗਿਆ ਅਤੇ ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਗਿਆ। ਜਿਨ੍ਹਾਂ ਦੀ ਨਿਸ਼ਾਨਦੇਹੀ ਤੇ ਪਿੰਡ ਹਕੂਮਤ ਸਿੰਘ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਤੋਂ 01 ਕਿੱਲੋ 700 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ ਜੋ ਕਿ ਚਿੱਟੇ ਰੰਗ ਦੀ ਥੈਲੀ ਵਿੱਚ ਜਿਸ ਪਰ ਉਰਦੂ ਲਿਖਿਆ ਹੋਇਆ ਅਤੇ ਇੱਕ ਵਿਦੇਸ਼ੀ ਗਲੋਕ 9 ਐੱਮ.ਐੱਮ. ਪਿਸਤੌਲ ਜੋ ਕਿ ਆਸਟ੍ਰੀਆ ਦਾ ਬਣਿਆ ਹੋਇਆ ਹੈ, ਬ੍ਰਾਮਦ ਕੀਤਾ ਗਿਆ। ਕਿਹਾ ਕਿ ਇਹ ਤਸਕਰ ਪਾਕਿਸਤਾਨ/ਆਈ.ਐੱਸ. ਆਈ ਨਾਲ ਸਬੰਧ, ਨਸ਼ਾ ਤਸਕਰੀ ਅਤੇ ਹਥਿਆਰਾਂ ਦੀ ਸਪਲਾਈ ਦੇ ਪੈਸਿਆਂ ਦੇ ਹਿਸਾਬ ਕਿਤਾਬ ਕਰਦਾ ਸੀ ਅਤੇ ਵੱਖ ਵੱਖ ਖਤੀਆਂ ਵਿੱਚ ਲੈਣ ਦੇਣ ਕਰਦਾ ਸੀ, ਜਿਨ੍ਹਾਂ ਨੂੰ ਫਰੀਜ ਕੀਤਾ ਗਿਆ ਹੈ, ਜਿਹਨਾ ਖਿਲਾਫ ਮੁੱਕਦਮਾ ਨੰਬਰ ਦੇ 06 ਅ/ਧ 111, 112 , 21, 29 ਐਨ ਡੀ ਪੀ ਐਸ ਐਕਟ (113 (3), 152 ਬੀ.ਐੱਨ.ਐਸ., ਅਤੇ 05 ਓ.ਐੱਸ. ਐਕਟ) ਥਾਣਾ ਬਰਨਾਲਾ ਦਰਜ ਰਜਿਸਟਰ ਕੀਤਾ ਗਿਆ ਅਗਲੇਰੀ ਜਾਂਚ ਜਾਰੀ ਹੈ।

# ਸੱਤਵਾਂ ਸੀਨੀਅਰ ਲੀਗ ਕ੍ਰਿਕਟ ਟੂਰਨਾਮੈਂਟ ਸੁਪਰ ਇਲੈਵਨ ਨੇ ਜਿੱਤਿਆ



ਬਰਨਾਲਾ, 15 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਅਤੇ ਗਗਨਦੀਪ ਸਿੰਘ ਸਬ ਡਿਵੀਜ਼ਨਲ ਮੈਜਿਸਟਰੇਟ ਦੀ ਦੇਖਰੇਖ ਚ ਲਗਾਤਾਰ ਸੱਤਵਾਂ ਸੀਨੀਅਰ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ 12 ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ 'ਚ ਬੈਂਕਰ, ਪੰਜਾਬ ਪੁਲਿਸ,ਪੀ ਐਸ ਪੀ ਸੀ ਐਲ, ਐਡਵੋਕੇਟ ਇਲੈਵਨ, ਸਿੱਖਿਆ ਵਿਭਾਗ ਇਲੈਵਨ, ਰੈਵੇਨਿਊ ਕੋਰਟ, ਐਮ ਸੀ ਏ , ਸੁਪਰ ਇਲੈਵਨ, ਐਡਵੋਕੇਟ ਕ੍ਰਿਕਟ ਕਲੱਬ, ਡੀ ਸੀ ਇਲੈਵਨ, ਫੂਡ ਗਰੇਨ ਇਲੈਵਨ, ਸਿੱਖਿਆ ਸੁਪਰ ਇਲੈਵਨ ਦੀਆਂ ਟੀਮਾਂ ਨੇ ਭਾਗ ਲਿਆ। ਇਸ ਲੀਗ ਦਾ ਫਾਈਨਲ ਮੈਚ ਸੁਪਰ ਇਲੈਵਨ ਕ੍ਰਿਕਟ ਟੀਮ ਅਤੇ ਪੰਜਾਬ ਪੁਲਿਸ ਦੀ ਕ੍ਰਿਕਟ ਟੀਮ ਦਰਮਿਆਨ ਐਸਡਡ ਹਾਰਟ ਕਾਲਜ ਧਨੌਲਾ ਰੋਡ ਬਰਨਾਲਾ ਵਿਖੇ ਹੋਇਆ। ਪੰਜਾਬ ਪੁਲਿਸ ਦੀ ਟੀਮ ਨੇ ਟਾਸ ਜਿੱਤਿਆ ਅਤੇ ਪਹਿਲਾਂ ਫੀਲਡਿੰਗ ਕਰਨ ਦਾ ਫ਼ੈਸਲਾ ਕੀਤਾ। ਪੰਜਾਬ ਪੁਲਿਸ ਦੀ ਕ੍ਰਿਕਟ ਟੀਮ 175 ਰਨ ਬਣਾ ਕੇ ਆਊਟ ਹੋ ਗਈ ਅਤੇ ਸੁਪਰ ਇਲੈਵਨ ਦੀ ਕ੍ਰਿਕਟ ਟੀਮ ਨੇ 176 ਰਨ ਬਣਾ ਕੇ ਮੈਚ ਉੱਪਰ ਜਿੱਤ ਪ੍ਰਾਪਤ ਕੀਤੀ। ਇਸ ਦੌਰਾਨ ਅਰਵਿੰਦ ਤੇਜਪਾਲ ਅਤੇ ਸੁਖਦੇਵ ਢੀਂਡਸਾ ਨੇ ਬਹੁਤ ਵਧੀਆ ਬੈਟਿੰਗ ਕੀਤੀ। ਕੁਲਵਿੰਦਰ ਸਿੰਘ, ਤਰਸੇਮ ਸਿੰਘ, ਗਗਨ, ਮਨੀਸ਼ ਸਿੰਗਲਾ ਅਤੇ ਜਗਜੀਤ ਸਿੰਘ ਨੇ ਬਹੁਤ ਵਧੀਆ ਬਾਊਲਿੰਗ ਦਾ ਪ੍ਰਦਰਸ਼ਨ ਕੀਤਾ। ਪੰਜਾਬ ਪੁਲਿਸ ਟੀਮ ਵੀ ਬਹੁਤ ਵਧੀਆ ਖੇਡੀ। ਉਨ੍ਹਾਂ ਦੇ ਬੈਟਸਮੈਨ ਮਨੀ ਨੇ ਬਹੁਤ ਹੀ ਵਧੀਆ ਬੈਟਿੰਗ ਕੀਤੀ। ਇਸ ਰੋਮਾਂਚਿਕ ਮੈਚ ਵਿੱਚ ਵਿਕਾਸ ਭੰਡਾਰੀ ਨੇ ਆਖਰੀ ਸਮੇਂ ਵਿੱਚ ਛੱਕਾ ਲਾ ਕੇ ਸੁਪਰ ਇਲੈਵਨ ਦੀ ਟੀਮ ਨੂੰ ਜਿੱਤ ਹਾਸਿਲ ਕਰਵਾਈ। ਇਸ ਮੌਕੇ ਸੁਪਰ ਟੀਮ ਦੀ ਬਾਜਵਾ ਕਪਤਾਨ ਖੁਸ਼ਪ੍ਰੀਤ ਸਿੰਘ ਨੇ ਕੀਤੀ। ਮੈਨ ਆਫ਼ ਦਾ ਮੈਚ ਅਰਵਿੰਦ ਤੇਜਪਾਲ ਨੂੰ ਐਲਾਨਿਆ ਗਿਆ ਅਤੇ ਲੀਗ ਦਾ ਬੈਸਟ ਬਾਊਲਰ ਤਰਸੇਮ ਸਿੰਘ, ਬੈਸਟ ਬੈਟਸਮੈਨ ਗੁਰਵਿੰਦਰ ਬਾਜਵਾ ਅਤੇ ਟੂਰਨਾਮੈਂਟ ਦਾ ਬੈਸਟ ਪਲੇਅਰ ਜਗਦੀਪ ਸ਼ਰਮਾ ਨੂੰ ਐਲਾਨਿਆ ਗਿਆ। ਇਸ ਲੀਗ ਰਾਹੀਂ ਬਰਨਾਲਾ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਨਾਲ ਜੁੜੇ ਸੀਨੀਅਰ ਵਿਅਕਤੀਆਂ ਨੇ ਨੌਜਵਾਨਾਂ ਨੂੰ ਖੇਡਾਂ ਪ੍ਰਤਿ ਰੁਚੀ ਲਈ ਪ੍ਰੇਰਿਤ ਕੀਤਾ ਅਤੇ ਮਾੜੀ ਸੰਗਤ ਤੋਂ ਬਚਣ ਲਈ ਅਤੇ ਸਰੀਰਕ ਤੰਦਰੁਸਤੀ ਲਈ ਖੇਡਾਂ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ ਗਿਆ।

# ਘਰ ਨੂੰ ਲੱਗੀ ਅੱਗ, ਸਾਮਾਨ ਹੋਇਆ ਸੜ ਕੇ ਸੁਆਹ



ਭਦੌੜ, 15 ਜਨਵਰੀ (ਸੁਖਵਿੰਦਰ ਪਲਾਹਾ) : ਇੱਥੋਂ ਨੇੜਲੇ ਪਿੰਡ ਸੈਦੋਕੇ ਵਿਖੇ ਇੱਕ ਅਤਿ ਗਰੀਬ ਘਰ ਦੇ ਵਿੱਚ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਸਮਾਨ ਸੜ ਕੇ ਸੁਆਹ ਹੋ ਗਿਆ। ਘਰ ਦੇ ਮਾਲਕ ਹਰਮੇਲ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮੈਂ ਦਿਹਾੜੀ ਜੋਤਾ ਕਰਨ ਵਾਲਾ ਵਿਅਕਤੀ ਹਾਂ ਅਤੇ ਮੈਂ ਹਰ ਰੋਜ਼ ਦੀ ਤਰ੍ਹਾਂ ਆਪਣੇ ਕੰਮ 'ਤੇ ਗਿਆ ਹੋਇਆ ਸੀ ਅਤੇ ਬਾਅਦ ਵਿੱਚ ਘਰ ਦੇ ਵਿੱਚ ਫੋਨ ਚਾਰਜਰ ਤੋਂ ਅੱਗ ਭੜਕ ਗਈ ਅਤੇ ਕਮਰੇ ਵਿੱਚ ਪਿਆ ਮੇਰਾ ਲੱਖਾਂ ਦਾ ਸਮਾਨ ਸੜ ਕੇ ਸੁਆਹ ਹੋ ਗਿਆ।ਹਰਮੇਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਰੇ ਹੋਏ ਨੁਕਸਾਨ ਵਿੱਚ ਇੱਕ ਮੋਟਰਸਾਈਕਲ, ਡਬਲ ਬੈਡ ਵਾਸ਼ਿੰਗ ਮਸ਼ੀਨ, ਪੱਖੇ, ਬਿਸਤਰੇ, ਮੰਜੇ ਆਦਿ ਤੋਂ ਇਲਾਵਾ ਛੱਤ ਦੇ ਬਾਲੇ ਵੀ ਸੜ ਗਏ ਹਨ।ਹਰਮੇਲ ਸਿੰਘ ਦੀ ਮਾਤਾ ਬਸੰਤ ਕੌਰ ਨੇ ਅੱਖਾਂ ਵਿੱਚੋਂ ਹੰਝੂ ਪੂੰਝਦੇ ਹੋਏ ਦੱਸਿਆ ਕਿ ਸਾਡੇ ਘਰ ਵਿੱਚ ਕੋਈ ਵੀ ਕਮਾਉਣ ਵਾਲਾ ਨਹੀਂ ਹੈ ਬਸ ਮੇਰਾ ਪੁੱਤ ਤੇ ਮੈਂ ਘਰ ਵਿੱਚ ਰਹਿੰਦੇ ਹਾਂ, ਮੇਰਾ ਪੁੱਤ ਹਰਮੇਲ ਸਿੰਘ ਹੀ ਦਿਹਾੜੀ ਕਰਕੇ ਘਰ ਨੂੰ ਚਲਾ ਰਿਹਾ ਹੈ ਸੀ ਪਰ ਕੁਦਰਤ ਦੀ ਅਣਹੋਣੀ ਅਤੇ ਕਰੋਪੀ ਦੇ ਵਿੱਚ ਸਾਡਾ ਸਭ ਕੁੱਝ ਸੜ ਕੇ ਸੁਆਹ ਹੋ ਗਿਆ ਹੈ। ਹਰਮੇਲ ਸਿੰਘ ਦੀ ਮਾਤਾ ਬਸੰਤ ਕੌਰ ਨੇ ਕਿਹਾ ਕਿ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸਾਨੂੰ ਸਾਡੇ ਹੋਏ ਨੁਕਸਾਨ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਅਸੀਂ ਆਪਣੀ ਰਹਿੰਦੀ ਜ਼ਿੰਦਗੀ ਸੁਖਾਲੀ ਬਸਰ ਕਰ ਸਕੀਏ। ਇਸ ਮੌਕੇ ਪਿੰਡ ਦੇ ਪੰਚਾਇਤ ਮੈਂਬਰ ਅਤੇ ਹੋਰ ਮੋਹਤਵਾਰ ਵਿਅਕਤੀਆਂ ਨੇ ਪਰਿਵਾਰ ਨੂੰ ਦਿਲਾਸਾ ਦਿੱਤਾ ਕਿ ਅਸੀਂ ਵੀ ਇਸ ਪਰਿਵਾਰ ਦੀ ਜਰੂਰ ਮੱਦਦ ਕਰਾਂਗੇ ਅਤੇ ਅਸੀਂ ਬਾਹਰ ਰਹਿੰਦੇ ਸੱਜਣਾਂ, ਮਿੱਤਰਾਂ ਨੂੰ ਬੇਨਤੀ ਕਰਾਂਗੇ। ਇਸ ਘਰ ਦੇ ਮੁੜ ਵਸੇਬੇ ਕਰਨ ਵਿੱਚ ਇਸ ਪਰਿਵਾਰ ਦੀ ਮੱਦਦ ਕੀਤੀ ਜਾਵੇ।

# ਮੁਫ਼ਤ ਸਕਿਉਰਟੀ ਗਾਰਡ ਟ੍ਰੇਨਿੰਗ ਕੋਰਸ ਸ਼ੁਰੂ




ਬਰਨਾਲਾ, 15 ਜਨਵਰੀ (ਬਘੇਲ ਸਿੰਘ ਧਾਲੀਵਾਲ) : ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਬੋੜਾਵਾਲ (ਭੀਖੀ-ਬੁਢਲਾਡਾ ਰੋਡ) ਮਾਨਸਾ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਸਕਿਉਰਟੀ ਟ੍ਰੇਨਿੰਗ ਕੋਰਸ ਕਰਵਾਉਣ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਕੈਂਪ ਬੋੜਾਵਾਲ ਦੇ ਟ੍ਰੇਨਿੰਗ ਅਧਿਕਾਰੀ, ਕੈਪਟਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਟ੍ਰੇਨਿੰਗ ਕੋਰਸ ਮਿਤੀ 27 ਜਨਵਰੀ 2026 ਤੋਂ ਸੀ-ਪਾਈਟ ਕੈਂਪ, ਕਾਲਝਰਾਣੀ (ਬਠਿੰਡਾ) ਵਿਖੇ ਚਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ ਕੋਰਸ ਕਰਨ ਵਾਸਤੇ ਉਮੀਦਵਾਰ ਨੇ ਘੱਟੋਂ ਘੱਟ 10ਵੀਂ ਪਾਸ ਕੀਤੀ ਹੋਣੀ ਚਾਹੀਦੀ ਹੈ ਅਤੇ ਉਮਰ ਸੀਮਾਂ 21 ਤੋਂ 29 ਸਾਲ ਹੋਣੀ ਚਾਹੀਦੀ ਹੈ। ਇਸ ਕੋਰਸ ਦੀਆਂ ਸੀਟਾਂ ਸੀਮਤ ਹਨ, ਨੌਜਵਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੀ ਰਜਿਸਟ੍ਰੇਸ਼ਨ ਪਹਿਲ ਦੇ ਆਧਾਰ 'ਤੇ ਕਰਵਾਉਣ। ਉਨ੍ਹਾਂ ਦੱਸਿਆ ਕਿ ਸਕਿਉਰਟੀ ਗਾਰਡ ਟ੍ਰੇਨਿੰਗ ਦਾ ਕੋਰਸ ਪੂਰਾ ਕਰਨ ਵਾਲੇ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਸਰਟੀਫ਼ਿਕੇਟ ਵੀ ਦਿੱਤਾ ਜਾਵੇਗਾ ਜੋ ਕਿ ਸਰਕਾਰੀ ਸੰਸਥਾ, ਅਰਧ-ਸਰਕਾਰੀ ਸੰਸਥਾ, ਵੱਡੀਆਂ ਇੰਡਸਟਰੀਜ਼ ਵਿੱਚ ਨੌਕਰੀ ਲੈਣ ਵਾਸਤੇ ਵੈਲਿਡ ਮੰਨਿਆ ਜਾਵੇਗਾ। ਕੋਰਸ ਪੂਰਾ ਹੋਣ ਉਪਰੰਤ ਵੱਖ-ਵੱਖ ਸਕਿਉਰਟੀ ਏਜੰਸੀਆਂ ਕੈਂਪ ਵਿਖੇ ਪਲੇਸਮੈਂਟ ਕੈਂਪ ਲਗਾਉਣ ਗਈਆਂ । ਇਸ ਕੋਰਸ ਦੌਰਾਨ ਨੌਜਵਾਨਾਂ ਦੇ ਰਿਹਾਇਸ਼, ਖਾਣ-ਪੀਣ ਦਾ ਖ਼ਰਚ ਪੰਜਾਬ ਸਰਕਾਰ ਦਾ ਹੋਵੇਗਾ। ਬੇਰੋਜ਼ਗਾਰ ਨੌਜਵਾਨ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ । ਜ਼ਿਲ੍ਹਾ ਬਰਨਾਲਾ ਦੇ ਚਾਹਵਾਨ ਨੌਜਵਾਨ ਸਕਿਉਰਟੀ ਗਾਰਡ ਟ੍ਰੇਨਿੰਗ ਕੋਰਸ ਕਰਨ ਅੱਜ ਤੋਂ ਕਿਸੇ ਵੀ ਦਿਨ ਸਵੇਰੇ 9:00 ਵਜੇ ਸੀ-ਪਾਈਟ ਕੈਂਪ, ਪਿੰਡ ਬੋੜਾਵਾਲ ਜ਼ਿਲ੍ਹਾ ਮਾਨਸਾ ਵਿਖੇ 10ਵੀਂ ਜਮਾਤ ਦੇ ਸਰਟੀਫ਼ਿਕੇਟ ਦੀ ਫ਼ੋਟੋ ਕਾਪੀ, ਅਧਾਰ ਕਾਰਡ ਦੀ ਫ਼ੋਟੋ ਕਾਪੀ ਅਤੇ 02 ਤਾਜ਼ਾ ਪਾਸਪੋਰਟ ਸਾਈਜ਼ ਫ਼ੋਟੋ, ਫ਼ਾਈਟ ਕਵਰ ਆਦਿ ਦਸਤਾਵੇਜ਼ ਸਮੇਤ ਨਿੱਜੀ ਤੌਰ 'ਤੇ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ । ਇਸ ਤੋਂ ਇਲਾਵਾ ਕੈਂਪ ਵਿਖੇ ਐਸਐਸਸੀ (ਜੀਡੀ) ਦੇ ਲਿਖਤੀ ਪੇਪਰ ਦੀ ਤਿਆਰੀ ਚੱਲ ਰਹੀ ਹੈ, ਜਿਨ੍ਹਾਂ ਨੌਜਵਾਨਾਂ ਦਾ ਐਸਐਸਸੀ ਵਿੱਚ ਅਪਲਾਈ ਕੀਤਾ ਹੋਇਆ ਹੈ, ਉਹ ਵੀ ਕੈਂਪ ਆ ਕੇ ਪੇਪਰ ਦੀ ਤਿਆਰੀ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ 98148-50214, 98760-11130 'ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਹੋਈ ਮੀਟਿੰਗ



ਸੁਨਾਮ, 15 ਜਨਵਰੀ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਭਾਰਤੀ ਕਿਸਾਨ ਏਕਤਾ ਉਗਰਾਹਾਂ ਯੂਨੀਅਨ ਦੀ ਮੀਟਿੰਗ ਗੁਰੂ ਘਰ ਸੱਚਖੰਡ ਸਾਹਿਬ ਵਿਖੇ ਕੀਤੀ ਗਈ ਇਸ ਮੀਟਿੰਗ ਸਮੇਂ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭਟਾਲ ਕਲਾਂ ਅਤੇ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾ ਝਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਅਤੇ ਜਰਨਲ ਸਕੱਤਰ ਦਰਬਾਰਾ ਸਿੰਘ ਛਾਜਲਾ ਨੇ ਦੱਸਿਆ ਕਿ ਪਿਛਲੇ ਦਿਨੀ ਸੈਂਟਰ ਦੀ ਸਰਕਾਰ ਕਈ ਪ੍ਰਕਾਰ ਦੇ ਲੋਕ ਵਿਰੋਧੀ ਬਿਲ ਸਟੇਟ ਸਰਕਾਰਾਂ ਨੂੰ ਭੇਜ ਚੁੱਕੀ ਹੈ। ਜਿਵੇਂ ਕਿ ਬਿਜਲੀ ਬਿਲ 2025 ਨਰੇਗਾ ਸਕੀਮ ਖਤਮ ਕਰਨ ਵਾਲਾ ਬਿਲ ਲੇਬਰ ਕੋਡ ਬਿਲ ਸੀਡ ਬਿਲ ਅਤੇ ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਨਾ ਸਟੇਟ ਦੀਆਂ ਸਰਕਾਰਾਂ ਵੀ ਸੈਂਟਰ ਨਾਲ ਮਿਲਕੇ ਇਹ ਬਿਲ ਪਾਸ ਕਰਨਾ ਚਾਹੁੰਦੀਆਂ ਹਨ ਕਿਸਾਨ ਆਗੂਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਨ ਸਮੇਂ ਦੱਸਿਆ ਕਿ ਬਿਜਲੀ ਬਿਲ ਪਾਸ ਹੋਣ ਨਾਲ ਬਿਜਲੀ ਬਹੁਤ ਮਹਿੰਗੀ ਹੋ ਜਾਵੇਗੀ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ ਇਸ ਬਿਲ ਰਾਹੀਂ ਪ੍ਰਮਾਣੂ ਨਾਲ ਬਿਜਲੀ ਤਿਆਰ ਕੀਤੀ ਜਾਵੇਗੀ ਹਾਲਾਂਕਿ ਪੂਰੇ ਭਾਰਤ ਅੰਦਰ ਕੁਦਰਤੀ ਸੋਮੇ ਜਿਵੇਂ ਕਿ ਹਵਾ ਸੂਰਜ ਦੀ ਰੌਸ਼ਨੀ ਪਾਣੀ ਅਤੇ ਕੋਇਲੇ ਤੋਂ ਸਸਤੀ ਬਿਜਲੀ ਬਣਾਈ ਜਾ ਸਕਦੀ ਹੈ ਪਰ ਸਰਕਾਰਾਂ ਤਾਂ ਸਮੁੱਚੇ ਲੋਕਾਂ ਦਾ ਘਾਣ ਕਰਨਾ ਚਾਹੁੰਦੀਆਂ ਹਨ ਇਸ ਪਰਮਾਣੂ ਬਿਜਲੀ ਦੇ ਬਹੁਤ ਵੱਡੇ ਖਤਰੇ ਹਨ ਜਪਾਨ ਵਰਗੇ ਵਿਕਸਿਤ ਦੇਸ਼ਾਂ ਅੰਦਰ ਲੱਖਾਂ ਲੋਕ ਇਸਦੀ ਮਾਰ ਹੇਠ ਆਏ ਹਨ। ਅਜੇ ਤੱਕ ਉਹਨਾਂ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਸਹਾਇਤਾ ਨਹੀਂ ਦਿੱਤੀ ਗਈ। ਲੇਬਰ ਕੋਡ ਰਾਹੀਂ ਰੁਜ਼ਗਾਰ ਖਤਮ ਕਰਨਾ ਹੈ ਸੀਡ ਬਿਲ ਰਾਹੀਂ ਪੂਰੀ ਕਿਸਾਨੀ ਤਬਾਹ ਕਰਨੀ ਹੈ ਅਤੇ ਨਿੱਜੀਕਰਨ ਰਾਹੀਂ ਸਾਰੇ ਜਨਤਕ ਅਦਾਰੇ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚਣੇ ਹਨ ਐਸਕੇਐਮ ਦੇ ਸੱਦੇ 'ਤੇ ਪੂਰੇ ਭਾਰਤ ਅੰਦਰ 16 ,1, 26 ਨੂੰ ਡੀਸੀ ਦਫਤਰਾਂ ਦੇ ਅੱਗੇ ਇੱਕ ਦਿਨ ਦੇ ਰੋਸ ਧਰਨੇ ਦੇਣੇ ਹਨ ਇਸ ਦੀ ਕੜੀ ਵਜੋਂ ਸੰਗਰੂਰ ਦੇ ਡੀਸੀ ਦਫਤਰ ਅੱਗੇ ਇੱਕ ਦਿਨ ਦਾ ਰੋਸ ਧਰਨਾ ਮਿਤੀ 16.1 .26 ਨੂੰ ਦੇਣਾ ਹੈ। ਸਮੂਹ ਜਥੇਬੰਦੀਆਂ ਦੇ ਮਿਹਨਤਕਸ਼ ਲੋਕਾਂ ਨੂੰ ਮੁਲਾਜ਼ਮਾਂ ਨੂੰ ਰੇਹੜੀ ਵਾਲਿਆਂ ਨੂੰ ਫੜੀ ਵਾਲਿਆਂ ਨੂੰ ਟੈਕਨੀਕਲ ਕਾਮਿਆਂ ਨੂੰ ਖੇਤ ਮਜ਼ਦੂਰਾਂ ਨੂੰ ਰਾਜ ਮਿਸਤਰੀਆਂ ਨੂੰ ਸਭ ਮਿਹਨਤ ਕਰਨ ਵਾਲੇ ਸਮੁੱਚੇ ਲੋਕਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਰੋਸ ਧਰਨ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ ਅੱਜ ਦੀ ਮੀਟਿੰਗ ਸਮੇਂ ਦਰਸ਼ਨ ਸਿੰਘ ਚੰਗਾਲੀ ਵਾਲਾ ਅਮਨ ਸਿੰਘ ਮਹਿਲਾਂ ਬਹਾਦਰ ਸਿੰਘ ਭਟਾਲ ਖੁਰਦਜਸਵੰਤ ਸਿੰਘ ਤੋਲਾ ਬਾਲ ਹਰਜੀਤ ਸਿੰਘ ਮਹਿਲਾਂ ਗੁਰਪ੍ਰੀਤ ਸਿੰਘ ਸੰਗਤਪੁਰਾ ਮਨਜੀਤ ਸਿੰਘ ਘਰਾਚੋਂ ਸੁਖਦੇਵ ਸਿੰਘ ਕੜੈਲ ਜਗਤਾਰ ਸਿੰਘ ਲੱਡੀ ਹਰਬੰਸ ਸਿੰਘ ਲੱਡਾ ਜਸਵੀਰ ਸਿੰਘ ਗੱਗੜਪੁਰ ਆਦਿ ਹਾਜ਼ਰ ਹੋਏ।

# ਹਰ ਵਰਗ ਦੇ ਲੋਕ ਵੱਡੇ ਪੱਧਰ 'ਤੇ ਬਣ ਰਹੇ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦਾ ਹਿੱਸਾ



ਬਰਨਾਲਾ, 15 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਭਾਰਤੀ ਸਮਾਜ ਵਿੱਚ ਜਦੋਂ ਵੀ ਸਮਾਨਤਾ, ਇਨਸਾਫ਼ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਹੁੰਦੀ ਹੈ, ਤਾਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਆਪਣੇ ਆਪ ਸਾਹਮਣੇ ਆ ਜਾਂਦੀ ਹੈ। ਬਾਬਾ ਸਾਹਿਬ ਦੀ ਇਸ ਮਹਾਨ ਸੋਚ ਨੂੰ ਸਿਰਫ਼ ਕਿਤਾਬਾਂ ਤੱਕ ਸੀਮਿਤ ਨਾ ਰੱਖਦੇ ਹੋਏ, ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦਾ ਕੰਮ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਪਿਛਲੇ ਲੱਗਭੱਗ ਤਿੰਨ ਦਹਾਕਿਆਂ ਤੋਂ ਬੜੀ ਨਿਸ਼ਠਾ ਅਤੇ ਸਮਰਪਣ ਨਾਲ ਕੀਤਾ ਜਾ ਰਿਹਾ ਹੈ।ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੀ ਸਥਾਪਨਾ ਮਾਰਚ 1996 ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਸਾਬਕਾ ਮੈਂਬਰ ਮੈਡਮ ਪੂਨਮ ਕਾਂਗੜਾ ਅਤੇ ਉੱਘੇ ਸਮਾਜ ਸੇਵੀ ਤੇ ਸਾਬਕਾ ਕੌਂਸਲਰ ਦਰਸ਼ਨ ਸਿੰਘ ਕਾਂਗੜਾ ਵੱਲੋਂ ਕੀਤੀ ਗਈ। ਇਸ ਮਿਸ਼ਨ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਹ ਪੂਰੀ ਤਰ੍ਹਾਂ ਗੈਰ-ਸਿਆਸੀ ਜਥੇਬੰਦੀ ਹੈ, ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ। ਮਿਸ਼ਨ ਦਾ ਇਕੋ ਇਕ ਮੰਤਵ ਸਮਾਜ ਸੇਵਾ ਅਤੇ ਸੰਵਿਧਾਨਕ ਮੁੱਲਾਂ ਦਾ ਪ੍ਰਸਾਰ ਹੈ।ਅੱਜ ਭਾਰਤੀਯ ਅੰਬੇਡਕਰ ਮਿਸ਼ਨ ਨਾਲ ਸਮਾਜ ਦੇ ਹਰ ਵਰਗ ਨਾਲ ਸਬੰਧਤ ਲੋਕ ਜੁੜੇ ਹੋਏ ਹਨ। ਚਾਹੇ ਉਹ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਜੁੜੇ ਹੋਣ, ਸਰਕਾਰੀ ਜਾਂ ਗੈਰ-ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਹੋਣ ਜਾਂ ਸਿਰਫ਼ ਬਾਬਾ ਸਾਹਿਬ ਦੀ ਸੋਚ ਨੂੰ ਮੰਨਣ ਵਾਲੇ ਜਾਗਰੂਕ ਨਾਗਰਿਕ ਹੋਣ, ਸਭ ਇਕਜੁੱਟ ਹੋ ਕੇ ਸਮਾਜਿਕ ਬਦਲਾਅ ਦੀ ਇਸ ਮੁਹਿੰਮ ਵਿੱਚ ਯੋਗਦਾਨ ਪਾ ਰਹੇ ਹਨ। ਪਿਛਲੇ 28 ਸਾਲਾਂ ਤੋਂ ਮਿਸ਼ਨ ਦੇ ਹਜ਼ਾਰਾਂ ਸਾਥੀਆਂ ਨੇ ਨਿਸ਼ਕਾਮ ਭਾਵ ਨਾਲ ਸਮਾਜ ਸੇਵਾ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਭਾਰਤੀਯ ਅੰਬੇਡਕਰ ਮਿਸ਼ਨ ਦਾ ਮੁੱਖ ਧਿਆਨ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਉੱਪਰ ਉਠਾਉਣ 'ਤੇ ਕੇਂਦਰਿਤ ਹੈ। ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਵਿੱਦਿਅਕ ਸਹਾਇਤਾ, ਮੁਫ਼ਤ ਕੰਪਿਊਟਰ ਕੋਰਸ ਅਤੇ ਕੌਸ਼ਲ ਵਿਕਾਸ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸਦੇ ਨਾਲ ਹੀ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਹਰ ਸੰਭਵ ਮੱਦਦ ਕਰਨਾ ਮਿਸ਼ਨ ਦੀ ਮਨੁੱਖੀ ਸੋਚ ਨੂੰ ਦਰਸਾਉਂਦਾ ਹੈ। ਸਿਹਤ ਦੇ ਖੇਤਰ ਵਿੱਚ ਵੀ ਮਿਸ਼ਨ ਦੀ ਭੂਮਿਕਾ ਸਰਾਹਣਯੋਗ ਹੈ। ਪਿੰਡਾਂ ਅਤੇ ਸਲਮ ਇਲਾਕਿਆਂ ਵਿੱਚ ਮੁਫ਼ਤ ਮੈਡੀਕਲ ਕੈਂਪ, ਅੱਖਾਂ ਦੇ ਕੈਂਪ, ਖੂਨਦਾਨ ਕੈਂਪ ਅਤੇ ਪਲਸ ਪੋਲੀਓ ਕੈਂਪ ਲਗਾ ਕੇ ਹਜ਼ਾਰਾਂ ਲੋਕਾਂ ਨੂੰ ਰਾਹਤ ਦਿੱਤੀ ਗਈ ਹੈ। ਲਾਚਾਰ ਅਤੇ ਬਿਮਾਰ ਲੋਕਾਂ ਦਾ ਇਲਾਜ ਕਰਵਾਉਣਾ ਵੀ ਮਿਸ਼ਨ ਦੀ ਪ੍ਰਾਥਮਿਕਤਾ ਵਿੱਚ ਸ਼ਾਮਲ ਹੈ।ਨਸ਼ਾ ਮੁਕਤੀ, ਇਨਸਾਫ਼ ਅਤੇ ਜਾਗਰੂਕਤਾ ਦੀ ਲੜਾਈ ਮੌਜੂਦਾ ਸਮੇਂ ਵਿੱਚ ਨਸ਼ਾ ਸਮਾਜ ਲਈ ਸਭ ਤੋਂ ਵੱਡੀ ਚੁਣੌਤੀ ਬਣ ਚੁੱਕਾ ਹੈ।ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਤਸ਼ੱਦਦ ਅਤੇ ਧੱਕੇਸ਼ਾਹੀ ਦੇ ਸ਼ਿਕਾਰ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਅਤੇ ਸਮਾਜਿਕ ਪੱਧਰ 'ਤੇ ਮੱਦਦ ਕੀਤੀ ਜਾਂਦੀ ਹੈ। ਸੰਵਿਧਾਨ ਪ੍ਰਤੀ ਜਾਗਰੂਕਤਾ ਅਤੇ ਮਹਿਲਾ ਸਸ਼ਕਤੀਕਰਨ ਭਾਰਤੀ ਸੰਵਿਧਾਨ ਦੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਮਿਸ਼ਨ ਦਾ ਮੁੱਖ ਲਕਸ਼ ਹੈ।ਮਿਸ਼ਨ ਵੱਲੋਂ ਲੜਕੀਆਂ ਅਤੇ ਮਹਿਲਾਵਾਂ ਨੂੰ ਸਸ਼ਕਤ ਕਰਨ ਲਈ ਸਿਲਾਈ-ਕਢਾਈ, ਹੱਥੀਂ ਕਿੱਤੇ ਅਤੇ ਸਵੈ-ਰੋਜ਼ਗਾਰ ਨਾਲ ਜੁੜੇ ਕੋਰਸ ਕਰਵਾਏ ਜਾਂਦੇ ਹਨ।

# ਬਾਲ ਭਿੱਖਿਆ ਮੁਕਤ ਅਭਿਆਨ ਤਹਿਤ 2 ਬੱਚੇ ਕੀਤੇ ਰੈਸਕਿਊ



ਬਰਨਾਲਾ, 15 ਜਨਵਰੀ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਰਨਾਲਾ ਸ੍ਰੀ ਪ੍ਰਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਪ੍ਰੋਜੈਕਟ ਜੀਵਨਜੋਤ 2.0 ਦੇ ਅਧੀਨ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਬਰਨਾਲਾ ਵੱਲੋਂ ਸ਼ਹਿਰ ਧਨੌਲਾ ਵਿੱਚ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਾਲ ਭਿੱਖਿਆ ਨੂੰ ਰੋਕਣ ਲਈ ਇੱਕ ਵਿਸ਼ੇਸ਼ ਰੈਸਕਿਊ ਅਭਿਆਨ ਚਲਾਇਆ ਗਿਆ।

ਇਸ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਮੈਡਮ ਗੁਰਜੀਤ ਕੌਰ ਦੀ ਨੇ ਦੱਸਿਆ ਕਿ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਮਕਸਦ ਬੱਚਿਆਂ ਨੂੰ ਭੀਖ ਮੰਗਣ, ਬਾਲ ਮਜ਼ਦੂਰੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਅਭਿਆਨ ਦੌਰਾਨ ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਖ਼ਾਸ ਕਰਕੇ ਸਲਮ ਏਰੀਆ ਵਿੱਚ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਗਈ ਅਤੇ ਭੀਖ ਮੰਗਦੇ ਬੱਚਿਆਂ ਦੀ ਭਾਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਅਭਿਆਨ ਦੌਰਾਨ 2 ਨਾਬਾਲਿਗ ਬੱਚਿਆਂ ਨੂੰ ਭੀਖ ਮੰਗਦੇ ਹੋਏ ਰੈਸਕਿਊ ਕੀਤਾ ਗਿਆ।ਰੇਸਕਿਊ ਉਪਰੰਤ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਅਗਲੀ ਕਾਨੂੰਨੀ ਕਾਰਵਾਈ ਅਤੇ ਪੁਨਰਵਾਸ ਲਈ ਚਾਈਲਡ ਵੈਲਫ਼ੇਅਰ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਇਸ ਕਾਰਵਾਈ ਦਾ ਮਕਸਦ ਬੱਚਿਆਂ ਨੂੰ ਭੀਖ ਮੰਗਣ ਵਰਗੀਆਂ ਗੈਰ ਕਾਨੂੰਨੀ ਅਤੇ ਅਨੈਤਿਕ ਪ੍ਰਥਾਵਾਂ ਤੋਂ ਬਚਾਉਣਾ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਬੱਚਿਆਂ ਤੋਂ ਭੀਖ ਨਾ ਮੰਗਵਾਈ ਜਾਵੇ ਜੇਕਰ ਕੋਈ ਅਜਿਹਾ ਕਰਦਾ ਹੈ, ਤਾਂ ਉਸ ਦੇ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ । ਉਨ੍ਹਾਂ ਕਿਹਾ ਕਿ ਕੋਈ ਬੱਚਾ ਭੀਖ਼ ਮੰਗਦਾ ਨਜ਼ਰ ਆਉਂਦਾ ਹੈ, ਤਾਂ ਤੁਰੰਤ ਚਾਈਲਡ ਹੈਲਪ ਲਾਈਨ ਨੰਬਰ 1098 ਜਾਂ ਸੰਬੰਧਿਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਅਤੇ ਸੁਨਿਹਰਾ ਭਵਿੱਖ ਪ੍ਰਦਾਨ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਬਰਨਾਲਾ ਤੋਂ ਮੈਡਮ ਪ੍ਰਿਤਪਾਲ ਕੌਰ, ਅਮਨਪ੍ਰੀਤ ਗੌਤਮ , ਰੁਪਿੰਦਰ ਸਿੰਘ ਤੇ ਲੱਖਾ ਸਿੰਘ, ਸਿਹਤ ਵਿਭਾਗ ਤੋਂ ਲਖਵੀਰ ਸਿੰਘ ਅਤੇ ਐਸ.ਐਚ.ਓ ਲਖਵੀਰ ਸਿੰਘ, ਹੈਡ ਕਾਸਟੇਬਲ ਰਣਜੀਤ ਸਿੰਘ ਅਤੇ ਪ੍ਰਨੀਤ ਕੌਰ, ਗੁਰਪ੍ਰੀਤ ਸਿੰਘ ਸਿੱਖਿਆ ਵਿਭਾਗ ਤੋਂ ਹਾਜ਼ਰ ਸਨ।

# ਮਦਰਾਈਟਸ ਕਰਾਟੇ ਮੁਕਾਬਲੇ ਵਿੱਚ ਚਮਕੇ





ਬਰਨਾਲਾ, 15 ਜਨਵਰੀ (ਇਸ਼ੇਨ ਕੰਗ) : ਮਦਰ ਟੀਚਰ ਸਕੂਲ ਦੇ ਵਿਦਿਆਰਥੀਆਂ ਨੇ ਕਿਓ ਰਿਨ ਸ਼ੋਟੋਕਨ ਕਰਾਟੇ-ਡੂ ਐਸੋਸੀਏਸ਼ਨ ਆਫ਼ ਇੰਡੀਆ ਦੁਆਰਾ ਆਯੋਜਿਤ ਕਰਾਟੇ ਮੁਕਾਬਲੇ ਵਿੱਚ ਸੋਨੇ ਅਤੇ ਕਾਂਸੀ ਦੇ ਤਗਮੇ ਜਿੱਤ ਕੇ ਸੰਸਥਾ ਦਾ ਮਾਣ ਵਧਾਇਆ। ਨੌਜਵਾਨ ਕਰਾਟੇਕਾਂ ਨੇ ਅਸਾਧਾਰਨ ਹੁਨਰ, ਅਨੁਸ਼ਾਸਨ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ। ਤੀਜੀ ਜਮਾਤ ਦੀ ਗੁਨਤਾਸ਼ ਕੌਰ ਨੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦੇ ਹੋਏ ਅੰਡਰ-11 ਵਰਗ ਵਿੱਚ ਸੋਨੇ ਦਾ ਤਗਮਾ ਪ੍ਰਾਪਤ ਕੀਤਾ। ਸਕੂਲ ਦੀ ਸ਼ਾਨ ਵਿੱਚ ਵਾਧਾ ਕਰਦੇ ਹੋਏ, ਚੌਥੀ ਜਮਾਤ ਦੇ ਮਨਵੇਸ਼ ਮਲਿਕ ਨੇ ਅੰਡਰ-11 ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ, ਜਦੋਂ ਕਿ ਅੱਠਵੀਂ ਜਮਾਤ ਦੀ ਅਸ਼ਿਤਾ ਨੇ ਅੰਡਰ-14 ਵਰਗ ਵਿੱਚ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ। ਸਕੂਲ ਪ੍ਰਬੰਧਨ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਕੋਚਾਂ ਅਤੇ ਮਾਪਿਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਹ ਪ੍ਰਾਪਤੀ ਵਿਦਿਆਰਥੀਆਂ ਦੇ ਸਮਰਪਣ ਅਤੇ ਖੇਡਾਂ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਤਨਖ਼ਾਹਾਂ ਨਾ ਮਿਲਣ ਕਾਰਨ ਨਗਰ ਕੌਂਸਲ ਮੁਲਾਜ਼ਮਾਂ ਵਲੋਂ ਕਾਰਜ ਸਾਧਕ ਅਫ਼ਸਰ ਦੀ ਅਰਥੀ ਫੂਕ ਪ੍ਰਦਰਸ਼ਨ



ਧਨੌਲਾ, 15 ਜਨਵਰੀ (ਚਮਕੌਰ ਸਿੰਘ ਗੱਗੀ): ਪਿਛਲੇ ਲੰਮੇਂ ਸਮੇਂ ਤੋਂ ਨਗਰ ਕੌਂਸਲ ਧਨੌਲਾ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਮਿਲਣ ਕਾਰਨ ਧਰਨੇ 'ਤੇ ਬੈਠੇ ਦੇ ਕੇ ਸਰਕਾਰ ਵਿਰੁੱਧ ਨਾਅਰਬਾਜ਼ੀ ਕੀਤੀ, ਅਤੇ ਅੱਜ ਭਰਾਤਰੀ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆ ਨਾਲ ਮਿਲ ਕੇ ਅੱਜ ਕਾਰਜਸਾਧਕ ਅਫ਼ਸਰ ਦੀ ਅਰਥੀ ਫੂਕ ਰੋਸ ਮੁਜ਼ਾਹਰਾ ਕੀਤਾ, ਕੜਾਕੇ ਦੀ ਪੈ ਰਹੀ ਠੰਢ ਦੇ ਬਾਵਜੂਦ ਆਪਣੀਆਂ ਤਨਖਾਹਾਂ ਲੀਂ ਲਈ ਮਾਲਵਿੰਦਰ ਸਿੰਘ ਸੰਧੂ ਦਰਸ਼ਨ ਸਿੰਘ ਚੀਮਾ ਬੂਟਾ ਸਿੰਘ ਸੁਖਦੇਵ ਸਿੰਘ ਚੰਗਾਲੀ ਚੰਚਲ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਦਫਤਰ ਅੱਗੇ ਧਰਨਾ ਲਗਾਇਆ ਗਿਆ। ਦਫਤਰ ਦਾ ਕੰਮਕਾਜ ਬੰਦ ਕਰਕੇ ਸਮੂਹ ਮੁਲਾਜਮਾਂ ਵਲੋਂ ਪਿਛਲੇ ਨੌ ਦਿਨਾਂ ਤੋਂ ਧਰਨੇ 'ਤੇ ਬੈਠ ਕੇ ਆਪਣੀਆਂ ਹੱਕੀ ਮੰਗਾਂ ਲਈ ਪ੍ਰਦਰਸ਼ਨ ਕੇ ਰਹੇ ਹਨ, ਜਿਨਾ ਦੇ ਸਮਰਥਨ ਵਿੱਚ ਪੀ ਡਬਲਿਊ ਡੀ ਦੇ ਮੁਲਾਜ਼ਮ ਯੂਨੀਅਨ ਸਮੇਤ ਪੰਜਾਬ ਦੀ ਮੁਲਾਜ਼ਮ ਵਰਕਰ ਯੂਨੀਅਨ ਅਤੇ ਕਿਸਾਨ ਯੂਨੀਅਨ ਨੇ ਹਾਜਰੀ ਭਰੀ, ਗਲਬਾਤ ਕਰਦੇ ਹੋਏ ਕਰਮਚਾਰੀਆਂ ਨੇ ਦੱਸਿਆ ਕਿ ਕਈ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲ ਰਹੀਆ, ਜਿਸ ਕਰਕੇ ਸਾਡੇ ਘਰਾਂ ਦਾ ਖਰਚਾ ਵੀ ਚਲਾਉਣਾ ਬਹੁਤ ਮੁਸ਼ਕਲ ਹੋ ਗਿਆ ਹੈ। ਬੱਚਿਆਂ ਦੀ ਪੜ੍ਹਾਈ, ਘਰ ਦਾ ਕਿਰਾਇਆ, ਬਿਜਲੀ-ਪਾਣੀ ਦੇ ਬਿੱਲ ਅਤੇ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨਾ ਉਨ੍ਹਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਤਿਉਹਾਰ ਦੇ ਮੌਕੇ 'ਤੇ ਪਰਿਵਾਰ ਲਈ ਜਰੂਰੀ ਸਮਾਨ ਖਰੀਦਣਾ ਵੀ ਸੰਭਵ ਨਹੀਂ ਹੋ ਸਕਿਆ। ਜਿਸ ਕਾਰਨ ਦੀਵਾਲੀ ਦੁਸਿਹਰਾ ਨਵ ਸਾਲ ਸਮੇਤ ਲੋਹੜੀ ਦੀ ਖੁਸ਼ੀ ਨਹੀਂ ਮਨਾਈ ਗਈ, ਧਰਨੇ 'ਤੇ ਬੈਠੇ ਕਰਮਚਾਰੀਆਂ ਦੇ ਹੱਕ ਵਿੱਚ ਵੱਖ ਵੱਖ ਆਈਆਂ ਕਿਸਾਨ ਜਥੇਬੰਦੀਆਂ ਵੱਲੋਂ ਰੋਸ ਜਾਹਰ ਕੀਤਾ ਤੇ ਕਾਰਜਸਾਧਕ ਅਫ਼ਸਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਪ੍ਰਸ਼ਾਸਨ ਦਾ ਤੇ ਸਰਕਾਰ ਅਤੇ ਮੰਤਰੀਆਂ ਦਾ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। 11 ਦਿਨ ਬੀਤ ਜਾਣ ਦੇ ਬਾਵਜੂਦ ਨਾ ਤਾਂ ਕੋਈ ਅਧਿਕਾਰੀ ਗੱਲਬਾਤ ਲਈ ਨਹੀਂ ਪਹੁੰਚਿਆ ਅਤੇ ਨਾ ਹੀ ਤਨਖ਼ਾਹ ਜਾਰੀ ਕਰਨ ਬਾਰੇ ਕੋਈ ਠੋਸ ਭਰੋਸਾ ਦਿੱਤਾ ਗਿਆ।ਕਰਮਚਾਰੀ ਬੂਟਾ ਸਿੰਘ ਅਤੇ ਚੰਚਲ ਕੁਮਾਰ ਨੇ ਦੋ ਟੁੱਕ ਸ਼ਬਦਾਂ ਵਿੱਚ ਕਿਹਾ ਕਿ ਇਹ ਸਿਰਫ਼ ਲਾਪਰਵਾਹੀ ਨਹੀਂ, ਸਗੋਂ ਕਰਮਚਾਰੀਆਂ ਨੂੰ ਜਾਣਬੁੱਝ ਕੇ ਭੁੱਖਮਰੀ ਵੱਲ ਧੱਕਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਇਸ ਧਰਨੇ ਦੌਰਾਨ ਜ਼ਿਲ੍ਹਾ ਪੱਧਰੀ ਕਰਮਚਾਰੀ ਨੇਤਾ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਈਓ ਅਤੇ ਸਰਕਾਰ ਦਾ ਅਰਥੀ ਫੂਕ ਮੁਜ਼ਾਰਾ ਕੀਤਾ ਅਤੇ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 22 ਜਨਵਰੀ ਤੱਕ ਤਨਖ਼ਾਹ ਜਾਰੀ ਨਾ ਹੋਈਆ, ਤਾਂ ਸਾਰੇ ਕਰਮਚਾਰੀ ਸੰਗਠਨਾਂ ਸਬੂਤ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਜਾਵੇਗਾ। ਇਸ ਤੋਂ ਬਾਅਦ ਪੂਰੇ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਅਤੇ ਨਗਰ ਨਿਗਮਾਂ ਵਿੱਚ ਕੰਮ ਬੰਦ ਹੜਤਾਲ ਕੀਤੀ ਜਾਵੇਗੀ। ਪਾਣੀ ਦੀ ਸਪਲਾਈ ਅਤੇ ਸਫ਼ਾਈ ਪ੍ਰਣਾਲੀ ਪੂਰੀ ਤਰ੍ਹਾਂ ਠੱਪ ਕਰ ਦਿੱਤੀ ਜਾਵੇਗੀ, ਜਿਸ ਦੀ ਸਿੱਧੀ ਜ਼ਿੰਮੇਵਾਰੀ ਜ਼ਿਲ੍ਹਾ ਡਿਪਟੀ ਕਮਿਸ਼ਨਰ ਅਤੇ ਰਾਜ ਸਰਕਾਰ ਦੀ ਹੋਵੇਗੀ।ਹੁਣ ਸਵਾਲ ਇਹ ਹੈ ਕਿ ਕੀ ਪ੍ਰਸ਼ਾਸਨ ਹੁਣ ਵੀ ਅੱਖਾਂ ਬੰਦ ਕਰਕੇ ਬੈਠਾ ਰਹੇਗਾ ਜਾਂ ਕਰਮਚਾਰੀਆਂ ਦੀਆਂ ਟੁੱਟੀਆਂ ਉਮੀਦਾਂ ਅਤੇ ਖਾਲੀ ਥਾਲੀਆਂ ਦੀ ਆਵਾਜ਼ ਸੁਣ ਕੇ ਕੋਈ ਠੋਸ ਫ਼ੈਸਲਾ ਲਵੇਗਾ ? ਜੇਕਰ ਸਮੇਂ ਸਿਰ ਕਦਮ ਨਾ ਚੁੱਕੇ ਗਏ, ਤਾਂ ਹਾਲਾਤਾਂ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਅਤੇ ਮੌਜੂਦਾ ਸਰਕਾਰ ਨੂੰ ਹੀ ਝੱਲਣੀ ਪਵੇਗੀ। ਡੀਸੀ ਦਫਤਰ ਆ ਅੱਗੇ ਵੀ ਜੰਗੀ ਪੱਧਰ 'ਤੇ ਧਰਨਾ ਲਾਇਆ ਜਾਵੇਗਾ। ਇਸ ਮੌਕੇ ਮਾਲਵਿੰਦਰ ਸਿੰਘ ਸੰਧੂ ਦਰਸ਼ਨ ਸਿੰਘ ਚੀਮਾ ਬੂਟਾ ਸਿੰਘ ਸੁਖਦੇਵ ਸਿੰਘ ਨੇ ਦੱਸਿਆ ਕਿ ਆਗੂ ਚੰਚਲ ਕੁਮਾਰ ਸ਼ਰਮਾ ਦੀ ਬਦਲੀ ਕਰ ਦਿੱਤੀ ਤਨਖਾਹ ਪਾਉਣ ਦੇ ਨਾਲ ਇਸ ਦੀ ਬਦਲੀ ਵੀ ਰੱਦ ਕੀਤੀ ਜਾਵੇ। ਉਹਨਾਂ ਨਾਲ ਅਜਿੰਦਰਪਾਲ ਸਿੰਘ ਰਨ ਸਿੰਘ ਉਪਲੀ ਹਰਬੰਸ ਸਿੰਘ ਦਰਸ਼ਨ ਦਾਸ ਬੀਕੇਯੂ ਡਕੌਂਦਾ ਬਹਾਦਰ ਸਿੰਘ ਬੀਕੇਯੂ ਕੇਵਲ ਸਿੰਘ ਪ੍ਰਧਾਨ ਬੀਕੇਯੂ ਰਾਮ ਨਿਵਾਸ ਪ੍ਰਧਾਨ ਸਫਾਈ ਸੇਵਕ ਯੂਨੀਅਨ ਸੋਮਨਾਥ ਕ੍ਰਾਂਤੀਕਾਰੀ ਅਤੇ ਅਮਰੀਕ ਸਿੰਘ ਦੇ ਆਪਣੇ ਸਾਥੀਆਂ ਸਮੇਤ ਹਾਜ਼ਰ ਸਨ।

# ਗਣਤੰਤਰ ਦਿਵਸ ਸਬੰਧੀ ਪਹਿਲੀ ਰਿਹਰਸਲ ਕਰਵਾਈ



ਤਪਾ ਮੰਡੀ, 15 ਜਨਵਰੀ (ਰਾਜੂ ਮਹਿਰਾ) : ਗਣਤੰਤਰ ਦਿਵਸ ਨੂੰ ਮੁੱਖ ਰੱਖਦਿਆਂ ਉਪ ਮੰਡਲ ਮੈਜਿਸਟਰੇਟ ਐਸ.ਡੀ.ਐਮ. ਤਪਾ ਆਯੂਸ਼ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਕੂਲੀ ਬੱਚਿਆਂ ਦੀ ਪਹਿਲੀ ਰਿਹਰਸਲ ਅਗਰਵਾਲ ਧਰਮਸ਼ਾਲਾ ਵਿਖੇ ਹੋਈ। ਜਿਸ 'ਚ ਸ਼ਹਿਰ ਅਤੇ ਪਿੰਡਾਂ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਰਿਹਰਸਲ ਦੌਰਾਨ ਸਕੂਲੀ ਬੱਚਿਆਂ ਨੇ ਗਣਤੰਤਰ ਦਿਵਸ ਨਾਲ ਸੰਬੰਧਿਤ ਕੋਰੀਓਗ੍ਰਾਫੀ, ਦੇਸ਼ ਭਗਤੀ ਗੀਤ, ਸਕਿੱਟ ਅਤੇ ਹੋਰ ਆਈਟਮਾਂ ਪੇਸ਼ ਕੀਤੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਨੇ ਦੱਸਿਆ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਬਾਹਰਲੀ ਅਨਾਜ ਮੰਡੀ ਵਿਖੇ ਮਨਾਇਆ ਜਾ ਰਿਹਾ ਹੈ, ਜਿੱਥੇ ਉਪ-ਮੰਡਲ ਮੈਜਿਸਟਰੇਟ ਐਸ.ਡੀ.ਐਮ. ਤਪਾ ਆਯੂਸ਼ ਗੋਇਲ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਤਹਿਸੀਲਦਾਰ ਓਂਕਾਰ ਸਿੰਘ,ਅਵਤਾਰ ਸਿੰਘ ਬਾਹੀਆ,ਸਕੂਲ ਇੰਚਾਰਜ ਤਲਵਿੰਦਰ ਸਿੰਘ,ਪ੍ਰਿੰਸੀਪਲ ਵਰਿੰਦਰ ਸਿੰਘ,ਅਵਤਾਰ ਸਿੰਘ ਸਿੱਧੂ,ਮਾਸਟਰ ਬੂਟਾ ਤਪਾ,ਗੁਰਪ੍ਰੀਤ ਸਿੰਘ ਸੁਮਲ,ਧਰਮਿੰਦਰ ਸਿੰਘ ਸੋਨੂੰ ਮਾਂਗਟ,ਸੁਨੀਲ ਆਦਿ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਪਾਣੀ ਨਾਲ ਸੁੰਨ ਹੋ ਜਾਂਦੇ ਨੇ ਹੱਥ, ਸਰਦੀਆਂ 'ਚ ਭਾਂਡੇ ਧੋਣ ਲਈ ਅਪਣਾਓ ਇਹ ਤਰੀਕੇ

ਸਰਦੀਆਂ ਦੇ ਆਉਣ ਨਾਲ, ਭਾਂਡੇ ਅਤੇ ਕੱਪੜੇ ਧੋਣ ਵਰਗੇ ਕੰਮ ਡਰਾਉਣ ਲੱਗ ਜਾਂਦੇ ਹਨ। ਕਿਉਂਕਿ ਪਾਣੀ ਬਰਫ਼ ਵਰਗਾ ਠੰਡਾ ਹੁੰਦਾ ਹੈ, ਇਸ ਲਈ ਨਾ ਸਿਰਫ਼ ਸਰੀਰ ਕੰਬਦਾ ਹੈ, ਸਗੋਂ ਉਂਗਲਾਂ ਸੁੰਨ ਹੋ ਜਾਂਦੀਆਂ ਹਨ ਅਤੇ ਚਮੜੀ ਸੁੱਕ ਜਾਂਦੀ ਹੈ। ਅਕਸਰ, ਅਸੀਂ ਇਹਨਾਂ ਕੰਮਾਂ ਨੂੰ ਟਾਲ ਦਿੰਦੇ ਹਾਂ,



ਜਿਸ ਨਾਲ ਸਿੰਕ ਵਿੱਚ ਭਾਂਡਿਆਂ ਦਾ ਢੇਰ ਲੱਗ ਜਾਂਦਾ ਹੈ। ਇਸ ਲਈ, ਇੱਥੇ ਕੁਝ ਸਮਾਰਟ ਹੈਕ ਹਨ ਜੋ ਤੁਹਾਨੂੰ ਸਰਦੀਆਂ ਵਿੱਚ ਬਿਨਾਂ ਕਿਸੇ ਪਰੇਸ਼ਾਨੀ ਦੇ ਭਾਂਡੇ ਧੋਣ ਵਿੱਚ ਮਦਦ ਕਰਨਗੇ।

**ਸਰਦੀਆਂ ਵਿੱਚ ਭਾਂਡੇ ਧੋਣ ਲਈ ਵਰਤੋਂ ਲਈ ਸੁਝਾਅ**

**ਰਬੜ ਦੇ ਦਸਤਾਨੇ ਪਹਿਨੋ** : ਰਬੜ ਦੇ ਦਸਤਾਨੇ ਪਹਿਨਣਾ ਠੰਡੇ ਪਾਣੀ ਵਿੱਚ ਭਾਂਡੇ ਧੋਣ ਦਾ ਇੱਕ ਵਧੀਆ ਤਰੀਕਾ ਹੈ। ਇਹ ਦਸਤਾਨੇ ਸਰਦੀਆਂ ਦੌਰਾਨ ਬਹੁਤ ਮਦਦਗਾਰ ਹੁੰਦੇ ਹਨ। ਦਸਤਾਨੇ ਨਾ ਸਿਰਫ਼ ਤੁਹਾਡੇ ਹੱਥਾਂ ਨੂੰ ਗਿੱਲੇ ਹੋਣ ਤੋਂ ਬਚਾਉਂਦੇ ਹਨ ਬਲਕਿ ਠੰਡੇ ਪਾਣੀ ਨੂੰ ਤੁਹਾਡੀ ਚਮੜੀ ਤੱਕ ਪਹੁੰਚਣ ਤੋਂ ਵੀ ਰੋਕਦੇ ਹਨ, ਤੁਹਾਡੇ ਨਾਜ਼ੁਕ ਹੱਥਾਂ ਦੀ ਰੱਖਿਆ ਕਰਦੇ ਹਨ।

**ਕੋਸੇ ਪਾਣੀ ਦੀ ਵਰਤੋਂ ਕਰੋ** ; ਤੁਸੀਂ ਇੱਕ ਵੱਡੇ ਭਾਂਡੇ ਵਿੱਚ ਪਾਣੀ ਗਰਮ ਕਰਕੇ ਵੀ ਭਾਂਡੇ ਧੋ ਸਕਦੇ ਹੋ। ਕੋਸਾ ਪਾਣੀ ਜਲਦੀ ਗਰੀਸ ਨੂੰ ਹਟਾ ਦਿੰਦਾ ਹੈ, ਬਿਨਾਂ ਕਿਸੇ ਮਿਹਨਤ ਦੇ ਭਾਂਡੇ ਸਾਫ਼ ਛੱਡ ਦਿੰਦਾ ਹੈ।

**ਭਾਂਡਿਆਂ ਨੂੰ ਪਾਣੀ ਵਿੱਚ ਭਿਓ ਦਿਓ** ; ਠੰਡੇ ਪਾਣੀ ਵਿੱਚ ਸਿੱਧੇ ਬਰਤਨਾਂ ਨੂੰ ਰਗੜਨ ਦੀ ਬਜਾਏ, ਸਿੰਕ ਵਿੱਚ ਥੋੜ੍ਹਾ ਜਿਹਾ ਗਰਮ ਪਾਣੀ ਅਤੇ ਤਰਲ ਸਾਬਣ ਪਾਓ ਅਤੇ ਉਹਨਾਂ ਨੂੰ 10 ਮਿੰਟ ਲਈ ਰੈਸਟ ਦਿਓ। ਇਹ ਬਰਤਨਾਂ 'ਤੇ ਲੱਗੀ ਗੰਦਗੀ ਅਤੇ ਗਰੀਸ ਨੂੰ ਘੋਲ ਦਿੰਦਾ ਹੈ। ਇਸ ਤੋਂ ਬਾਅਦ, ਤੁਹਾਨੂੰ ਸਿਰਫ਼ ਸਪੰਜ ਨੂੰ ਹੌਲੀ-ਹੌਲੀ ਰਗੜਨਾ ਹੈ ਅਤੇ ਬਰਤਨ ਸਾਫ਼ ਹੋ ਜਾਣਗੇ।

**ਬੁਰਸ਼ ਦੀ ਵਰਤੋਂ ਕਰੋ** ;ਭਾਂਡਿਆਂ ਵਿੱਚੋਂ ਗੰਦਗੀ ਅਤੇ ਗਰੀਸ ਨੂੰ ਹਟਾਉਣ ਲਈ ਲੰਬੇ ਹੱਥ ਵਾਲੇ ਬੁਰਸ਼ ਦੀ ਵਰਤੋਂ ਕਰੋ। ਇਹ ਬਰਤਨਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨ ਵਿੱਚ ਮਦਦ ਕਰਦਾ ਹੈ ਅਤੇ ਤੁਹਾਡੇ ਹੱਥਾਂ ਨੂੰ ਪਾਣੀ ਤੋਂ ਦੂਰ ਰੱਖਦਾ ਹੈ।

**ਹੌਲੀ-ਹੌਲੀ ਕੰਮ ਕਰੋ** ; ਭਾਂਡਿਆਂ ਦੇ ਢੇਰ ਲਗਾਉਣ ਦੀ ਬਜਾਏ, ਜਿਵੇਂ ਹੀ ਕੋਈ ਬਰਤਨ ਗੰਦਾ ਹੋ ਜਾਂਦਾ ਹੈ, ਉਹਨਾਂ ਨੂੰ ਤੁਰੰਤ ਧੋ ਲਓ। ਦਿਨ ਭਰ ਬਰਤਨ ਇਕੱਠੇ ਕਰਨ ਨਾਲ ਉਹਨਾਂ ਨੂੰ ਧੋਣ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ ਅਤੇ ਤੁਹਾਨੂੰ ਲੰਬੇ ਸਮੇਂ ਤੱਕ ਠੰਡੇ ਪਾਣੀ ਵਿੱਚ ਕੰਮ ਕਰਨਾ ਪੈਂਦਾ ਹੈ, ਜਿਸ ਨਾਲ ਤੁਹਾਡੇ ਹੱਥ ਸੁੰਨ ਹੋ ਜਾਂਦੇ ਹਨ।

# ਸੰਸਦ ਮੈਂਬਰਾਂ ਪ੍ਰਤੀ ਜਵਾਬਦੇਹ ਮਸਨੂਈ ਬੁੱਧੀ ਵਿਕਸਤ ਕਰਨ ਵਿੱਚ ਮਨੁੱਖਾਂ ਦਾ ਸੰਸਥਾਗਤ ਗਿਆਨ ਬਹੁਤ ਮਹੱਤਵਪੂਰਨ :ਹਰਿਵੰਸ਼

ਨਵੀਂ ਦਿੱਲੀ, 15 ਜਨਵਰੀ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਦੇ ਡਿਪਟੀ ਚੇਅਰਮੈਨ ਸ਼੍ਰੀ ਹਰਿਵੰਸ਼ ਨੇ ਵਿਧਾਨ ਸਭਾਵਾਂ ਵਿੱਚ ਨਕਲੀ ਬੁੱਧੀ ਦੇ ਉਪਯੋਗ ਨੂੰ ਆਕਾਰ ਦੇਣ ਵਿੱਚ ਮਨੁੱਖੀ ਸੰਸਥਾਗਤ ਯਾਦਦਾਸ਼ਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸ਼੍ਰੀ ਹਰਿਵੰਸ਼ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਵਿਧਾਨ ਸਭਾਵਾਂ ਵਿੱਚ ਕੰਮ ਲਈ ਏਆਈ ਨੂੰ ਅਪਣਾਇਆ ਜਾਣਾ ਹੈ, ਤਾਂ ਇਹ ਜਵਾਬਦੇਹ, ਪ੍ਰਸੰਗਿਕ ਅਤੇ ਭਰੋਸੇਯੋਗ ਹੋਣਾ ਚਾਹੀਦਾ ਹੈ।

ਉਨ੍ਹਾਂ ਨੇ ਇਹ ਟਿੱਪਣੀਆਂ ਨਵੀਂ ਦਿੱਲੀ ਵਿੱਚ ਆਯੋਜਿਤ ਰਾਸ਼ਟਰਮੰਡਲ ਦੇਸ਼ਾਂ ਦੇ ਸੰਸਦਾਂ ਦੇ ਸਪੀਕਰਾਂ ਅਤੇ ਪ੍ਰਧਾਨ ਅਧਿਕਾਰੀਆਂ ਦੇ 28ਵੇਂ ਸੰਮੇਲਨ ਵਿੱਚ ਆਯੋਜਿਤ ਸੰਸਦ ਵਿੱਚ ਏਆਈ ਨੂੰ ਅਪਣਾਉਣ 'ਤੇ ਇੱਕ ਵਰਕਸ਼ਾਪ ਵਿੱਚ ਕੀਤੀਆਂ। ਆਪਣੇ ਸੰਬੋਧਨ ਦੌਰਾਨ, ਉਨ੍ਹਾਂ ਨੇ ਭਾਰਤੀ ਸੰਸਦ ਵਿੱਚ ਕੁਸ਼ਲ ਕੰਮਕਾਜ ਲਈ ਵਿਕਸਤ ਕੀਤੇ ਜਾ ਰਹੇ ਵੱਖ-ਵੱਖ ਡਿਜੀਟਲ ਅਤੇ ਏਆਈ ਟੂਲਸ ਦਾ ਵੀ ਜ਼ਿਕਰ ਕੀਤਾ। ਏਆਈ ਵਿਕਾਸ ਲਈ ਇੱਕ ਹਾਈਬ੍ਰਿਡ ਪਹੁੰਚ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ



ਕਿਹਾ, ਜਦੋਂ ਕੋਈ ਮਨੁੱਖ ਇੱਕ ਨਵੇਂ ਸੰਗਠਨ ਵਿੱਚ ਦਾਖਲ ਹੁੰਦਾ ਹੈ, ਤਾਂ ਉਹ ਆਪਣੇ ਨਾਲ ਦੋ ਜ਼ਰੂਰੀ ਗੁਣ ਲੈ ਕੇ ਆਉਂਦਾ ਹੈ: ਹੁਨਰ ਅਤੇ ਗਿਆਨ। ਹੁਨਰਾਂ ਨੂੰ ਬਾਹਰੀ ਸਰੋਤਾਂ ਤੋਂ ਪ੍ਰਾਪਤ, ਟ੍ਰਾਂਸਫਰ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਗਿਆਨ ਸੰਸਥਾ ਦੇ ਅੰਦਰ ਪ੍ਰਸੰਗਿਕ ਅਤੇ ਡੂੰਘਾਈ ਨਾਲ ਜੁੜਿਆ ਹੋਇਆ ਹੈ। ਸੰਸਦੀ ਗਿਆਨ ਵਿਲੱਖਣ ਹੈ। ਇਹ ਦਹਾਕਿਆਂ ਤੋਂ ਬਹਿਸਾਂ, ਨਿਰਣਿਆਂ, ਪਰੰਪਰਾਵਾਂ ਅਤੇ ਸੰਵਿਧਾਨਕ ਪਰੰਪਰਾਵਾਂ ਦੁਆਰਾ ਬਣਾਇਆ ਗਿਆ ਹੈ।

ਇਹੀ ਸਿਧਾਂਤ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਵੀ ਲਾਗੂ ਹੁੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੰਸਦਾਂ ਪ੍ਰਤੀ ਜਵਾਬਦੇਹ ਏਆਈ ਨੂੰ ਵਿਕਸਤ ਕਰਨ ਵਿੱਚ ਮਨੁੱਖਾਂ ਦਾ ਸੰਸਥਾਗਤ ਗਿਆਨ ਬਹੁਤ ਮਹੱਤਵਪੂਰਨ ਹੈ। ਆਪਣੇ ਸਮਾਪਤੀ ਭਾਸ਼ਣ ਵਿੱਚ, ਉਨ੍ਹਾਂ ਨੇ ਏਆਈ ਦੀ ਵਰਤੋਂ ਸੰਬੰਧੀ ਰਾਸ਼ਟਰਮੰਡਲ ਦੇਸ਼ਾਂ ਵਿੱਚ ਵਧੇਰੇ ਸੰਸਦੀ ਸਹਿਯੋਗ ਦੀ ਮੰਗ ਵੀ ਕੀਤੀ।

ਇਹ ਦੋ-ਰੋਜ਼ਾ ਕਾਨਫਰੰਸ ਭਾਰਤ ਦੁਆਰਾ ਚੌਥੀ ਵਾਰ ਆਯੋਜਿਤ ਕੀਤੀ ਜਾ ਰਹੀ ਹੈ; ਇਸ ਤੋਂ ਪਹਿਲਾਂ ਇਹ 1971, 1986 ਅਤੇ 2010 ਵਿੱਚ ਆਯੋਜਿਤ ਕੀਤੀ ਗਈ ਸੀ। ਇਸ ਕਾਨਫਰੰਸ ਦਾ ਉਦਘਾਟਨ ਪਹਿਲਾਂ ਸੰਸਦ ਦੇ ਕੇਂਦਰੀ ਹਾਲ (ਸੰਵਿਧਾਨ ਸਦਨ) ਵਿੱਚ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਕੀਤਾ ਗਿਆ ਸੀ।

# ਰਾਸ਼ਟਰਪਤੀ ਨੇ ਸੰਸਦ ਮੈਂਬਰ ਵਿਕਰਮ ਸਿੰਘ ਸਾਹਨੀ ਨੂੰ ਆਨਰੇਰੀ ਡਾਕਟਰੇਟ ਪ੍ਰਦਾਨ ਕੀਤੀ

ਅੰਮ੍ਰਿਤਸਰ, 15 ਜਨਵਰੀ (ਅੰਮ੍ਰਿਤਪਾਲ ਸਿੰਘ) : ਪੰਜਾਬ ਵਿੱਚ ਡਾ. ਸਾਹਨੀ ਦੇ ਪ੍ਰਭਾਵਸ਼ਾਲੀ ਕੰਮ, ਖਾਸ ਕਰਕੇ ਹੜ੍ਹ ਰਾਹਤ ਅਤੇ ਪੁਨਰਵਾਸ, ਨਸ਼ਾ ਛੁਡਾਊ, ਅਤੇ ਰੁਜ਼ਗਾਰ ਨਾਲ ਜੁੜੇ ਵੱਡੇ ਪੈਮਾਨੇ 'ਤੇ ਹੁਨਰ ਵਿਕਾਸ ਪਹਿਲਕਦਮੀਆਂ ਦੇ ਸਨਮਾਨ ਵਿੱਚ ਇਹ ਆਨਰੇਰੀ ਡਾਕਟਰੇਟ ਪ੍ਰਦਾਨ ਕੀਤੀ ਗਈ। ਹਾਲ ਹੀ ਵਿੱਚ ਆਏ ਪੰਜਾਬ ਦੇ ਹੜ੍ਹਾਂ ਦੌਰਾਨ ਉਨ੍ਹਾਂ ਦੀ ਅਗਵਾਈ ਅਤੇ ਪਰਉਪਕਾਰ, ਪੰਜਾਬ ਭਰ ਵਿੱਚ ਨਸ਼ਾ ਮੁਕਤੀ ਅਤੇ ਪੁਨਰਵਾਸ ਲਈ ਨਿਰੰਤਰ ਯਤਨ, ਅਤੇ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਲਈ ਹੁਨਰ ਪ੍ਰਦਾਨ ਕਰਨ ਵਾਲੇ ਵੱਖ-ਵੱਖ ਵਿਸ਼ਵ ਪੱਧਰੀ ਹੁਨਰ ਕੇਂਦਰਾਂ ਦੀ ਸਥਾਪਨਾ ਨੇ ਰਾਜ ਭਰ ਵਿੱਚ ਰੋਜ਼ੀ-ਰੋਟੀ ਬਹਾਲ ਕਰਨ ਅਤੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਮੌਕੇ 'ਤੇ ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ. ਗੁਲਾਬ ਚੰਦ ਕਟਾਰੀਆ ਨੇ ਡਾ. ਸਾਹਨੀ ਦੀ ਸਮਾਜ ਪ੍ਰਤੀ ਮਿਸਾਲੀ ਸੇਵਾ ਦੀ ਸ਼ਲਾਘਾ




ਕੀਤੀ ਅਤੇ ਕਿਹਾ, ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਦਿਖਾਇਆ ਹੈ ਕਿ ਕਿਵੇਂ ਦਇਆ, ਦੂਰਦਰਸ਼ੀ ਅਤੇ ਅਮਲ ਸਾਰਥਕ ਸਮਾਜਿਕ ਤਬਦੀਲੀ ਲਿਆ ਸਕਦੇ ਹਨ। ਪੰਜਾਬ ਦੇ ਹੜ੍ਹਾਂ ਦੌਰਾਨ ਉਨ੍ਹਾਂ ਦੇ ਕੰਮ, ਨਸ਼ਾ ਮੁਕਤੀ, ਮੁੜ ਵਸੇਬੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ, ਅਤੇ 5000 ਤੋਂ ਵੱਧ ਨੌਜਵਾਨਾਂ ਨੂੰ ਸਨਮਾਨਜਨਕ ਰੁਜ਼ਗਾਰ ਲਈ ਹੁਨਰਮੰਦ ਬਣਾਉਣ 'ਤੇ ਉਨ੍ਹਾਂ ਦੇ ਫੋਕਸ ਨੇ ਸਥਾਈ ਪ੍ਰਭਾਵ ਪੈਦਾ ਕੀਤਾ ਹੈ ਅਤੇ ਜਨਤਕ ਜੀਵਨ ਲਈ ਪ੍ਰੇਰਨਾ ਵਜੋਂ ਕੰਮ ਕਰਦੇ ਹਨ। ਭਾਰਤ ਦੇ ਮਾਣਯੋਗ ਰਾਸ਼ਟਰਪਤੀ ਤੋਂ ਆਨਰੇਰੀ ਡਾਕਟਰੇਟ ਪ੍ਰਾਪਤ ਕਰਨ @ਤੇ ਧੰਨਵਾਦ ਪ੍ਰਗਟ ਕਰਦੇ ਹੋਏ, ਡਾ. ਸਾਹਨੀ ਨੇ ਕਿਹਾ ਕਿ ਉਹ ਇਸ ਸਨਮਾਨ ਲਈ ਬਹੁਤ ਹੀ ਨਿਮਰ ਹਨ ਅਤੇ ਇਹ ਮਾਨਤਾ ਨਸ਼ਾ ਮੁਕਤ ਪੰਜਾਬ, ਨੌਕਰੀਆਂ ਵਾਲੇ ਸਸ਼ਕਤ ਨੌਜਵਾਨਾਂ ਅਤੇ ਲਚਕੀਲੇ ਭਾਈਚਾਰਿਆਂ ਲਈ ਹੋਰ ਵੀ ਸਖ਼ਤ ਮਿਹਨਤ ਕਰਨ ਦੇ ਮੇਰੇ ਇਰਾਦੇ ਨੂੰ ਮਜ਼ਬੂਤ ਕਰਦੀ ਹੈ।

# ਟੀ-20 ਵਿਸ਼ਵ ਕੱਪ-2026 ਲਈ ਪੰਜਾਬ ਦਾ ਗੱਭਰੂ ਦਿਲਪ੍ਰੀਤ ਸਿੰਘ ਬਾਜਵਾ ਬਣਿਆ ਕੈਨੇਡਾ ਦੀ ਕ੍ਰਿਕਟ ਟੀਮ ਦਾ ਕਪਤਾਨ

ਟੋਰਾਂਟੋ , 15 ਜਨਵਰੀ (ਚ.ਨ.ਸ.) : ਟੀ-20 ਵਿਸ਼ਵ ਕੱਪ 2026: ਕੈਨੇਡਾ ਨੇ ਅਗਲੇ ਮਹੀਨੇ ਭਾਰਤ ਅਤੇ ਸ਼੍ਰੀਲੰਕਾ ਦੁਆਰਾ ਸਾਂਝੇ ਤੌਰ @ਤੇ ਹੋਣ ਵਾਲੇ ਟੀ-20 ਵਿਸ਼ਵ ਕੱਪ 2026 ਲਈ ਆਪਣੀ ਟੀਮ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿੱਚ ਜਨਮੇ ਦਿਲਪ੍ਰੀਤ ਬਾਜਵਾ ਨੂੰ 15 ਮੈਂਬਰੀ ਟੀਮ ਦਾ ਕਪਤਾਨ ਨਿਯੁਕਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਟੀਮ ਵਿੱਚ ਅਜੈਵੀਰ ਹੁੰਦਲ, ਅੰਸ਼ ਪਟੇਲ, ਦਿਲਨ ਹੇਲੇਗਰ, ਹਰਸ਼ ਠਾਕਰ, ਜਸਕਰਨਦੀਪ ਬੁੱਟਰ, ਕਲੀਮ ਸਨਾ, ਕੰਵਰਪਾਲ ਤਥਗੁਰ, ਨਵਨੀਤ ਧਾਲੀਵਾਲ, ਨਿਕੋਲਸ ਕੀਰਤਨ, ਰਵਿੰਦਰਪਾਲ ਸਿੰਘ, ਸਾਦ ਬਿਨ ਜ਼ਫਰ, ਸ਼ਿਵਮ ਸ਼ਰਮਾ, ਸ਼੍ਰੇਅਸ ਮੋਵਾ, ਯੁਵਰਾਜ ਸਮਰਾ ਸ਼ਾਮਲ ਹਨ।ਆਪਣੇ ਪਹਿਲੇ ਵਿਸ਼ਵ ਕੱਪ ਵਿੱਚ ਕੈਨੇਡਾ ਗਰੁੱਪ ਪੜਾਅ ਵਿੱਚ ਚੌਥੇ ਸਥਾਨ 'ਤੇ ਰਿਹਾ ਪਰ ਤਿੰਨ ਅੰਕ ਹਾਸਲ ਕਰਨ ਵਿੱਚ ਕਾਮਯਾਬ ਰਿਹਾ, ਜਿਸ ਵਿੱਚ ਯੂਰਪੀਅਨ ਟੀਮ ਆਇਰਲੈਂਡ @ਤੇ 12 ਦੌੜਾਂ ਦੀ ਜਿੱਤ ਵੀ ਸ਼ਾਮਲ ਹੈ। ਟੀ-20 ਵਿਸ਼ਵ ਕੱਪ ਹੁਣ ਭਾਰਤ




ਅਤੇ ਸ਼੍ਰੀਲੰਕਾ ਦੁਆਰਾ ਸਾਂਝੇ ਤੌਰ @ਤੇ ਆਯੋਜਿਤ ਕੀਤਾ ਜਾ ਰਿਹਾ ਹੈ।ਕੈਨੇਡਾ ਨੇ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ ਅਮਰੀਕਾ ਰੀਜਨਲ ਫਾਈਨਲ ਜਿੱਤ ਕੇ ਟੂਰਨਾਮੈਂਟ ਦੇ ਇਸ ਐਡੀਸ਼ਨ ਲਈ ਕੁਆਲੀਫਾਈ ਕੀਤਾ।ਟੀਮ ਨੇ ਛੇ ਮੈਚ ਖੇਡੇ ਅਤੇ ਸਾਰੇ ਜਿੱਤੇ, ਟੇਬਲ ਵਿੱਚ ਸਿਖਰ @ਤੇ ਰਹੀ ਅਤੇ ਟੀ-20 ਵਿਸ਼ਵ ਕੱਪ ਲਈ ਕੁਆਲੀਫਾਈ ਕੀਤਾ।

ਟੀ-20 ਵਿਸ਼ਵ ਕੱਪ 2026 ਲਈ ਕੈਨੇਡਾ ਦੀ ਟੀਮ : ਦਿਲਪ੍ਰੀਤ ਬਾਜਵਾ (ਕਪਤਾਨ), ਅਜੈਵੀਰ ਹੁੰਦਲ, ਅੰਸ਼ ਪਟੇਲ, ਦਿਲਨ ਹੇਲਾਈਗਰ, ਹਰਸ਼ ਠਾਕਰ, ਜਸਕਰਨਦੀਪ ਬੁੱਟਰ, ਕਲੀਮ ਸਨਾ, ਕੰਵਰਪਾਲ ਤਾਥਗੁਰ, ਨਵਨੀਤ ਧਾਲੀਵਾਲ, ਨਿਕੋਲਸ ਕਿਰਟਨ, ਰਵਿੰਦਰਪਾਲ ਸਿੰਘ, ਸਾਦ ਬਿਨ ਜ਼ਫਰ, ਸ਼ਿਵਮ ਸ਼ਰਮਾ, ਸ਼੍ਰੇਅਸ ਮੋਵਵਾ ਅਤੇ ਯੁਵਰਾਜ ਸਮਰਾ।

# ਈਰਾਨ ਨੇ ਆਪਣਾ ਹਵਾਈ ਖੇਤਰ ਮੁੜ ਖੋਲ੍ਹਿਆ

## ਅਮਰੀਕਾ ਦੀ ਚਿਤਾਵਨੀ ਤੋਂ ਬਾਅਦ ਕੀਤਾ ਗਿਆ ਸੀ ਬੰਦ

ਦੁਬਈ, 15 ਜਨਵਰੀ (ਚ.ਨ.ਸ.) : ਅਮਰੀਕਾ ਦੀ ਇਰਾਨ ਖ਼ਿਲਾਫ਼ ਸੰਭਾਵੀ ਫੌਜੀ ਕਾਰਵਾਈ ਕਾਰਨ ਇਰਾਨ ਨੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ ਤੇ ਪੰਜ ਘੰਟੇ ਦੇ ਬੰਦ ਹੋਣ ਤੋਂ ਬਾਅਦ ਇਰਾਨ ਨੇ ਆਪਣਾ ਹਵਾਈ ਖੇਤਰ ਮੁੜ ਖੋਲ੍ਹ ਦਿੱਤਾ ਹੈ।ਇਸ ਤੋਂ ਪਹਿਲਾਂ ਇਰਾਨ ਨੇ



ਆਪਣਾ ਹਵਾਈ ਖੇਤਰ ਵਪਾਰਕ ਉਡਾਣਾਂ ਲਈ ਬੰਦ ਕਰ ਦਿੱਤਾ ਸੀ ਤੇ ਇਸ ਸਬੰਧੀ ਹੁਕਮਾਂ ਨੂੰ ਅੱਜ ਸਵੇਰੇ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਹੋਰ ਵਧਾ ਦਿੱਤਾ। ਇਹ ਫੈਸਲਾ ਅਮਰੀਕਾ ਦੇ ਸੰਭਾਵੀ ਹਮਲੇ ਦੇ ਮੱਦੇਨਜ਼ਰ ਕੀਤਾ ਗਿਆ। ਇਸ ਤੋਂ ਪਹਿਲਾਂ ਇਰਾਨ ਨੇ ਦੇਰ ਰਾਤ ਇਨ੍ਹਾਂ ਉਡਾਣਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਦੀ ਚਿਤਾਵਨੀ ਤੋਂ ਬਾਅਦ ਉਥੇ ਫਾਂਸੀ ਦੇਣ ਦੇ ਮਾਮਲੇ ਰੁਕ ਗਏ ਹਨ ਤੇ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਕਿਹਾ ਕਿ ਇਰਾਨ ਵਲੋਂ ਲੋਕਾਂ ਨੂੰ ਫਾਂਸੀ ਦੇਣ ਦੀ ਕੋਈ ਯੋਜਨਾ ਨਹੀਂ ਹੈ।

ਈਰਾਨ ਨੇ ਬੁੱਧਵਾਰ ਦੇਰ ਰਾਤ ਜ਼ਿਆਦਾਤਰ ਉਡਾਣਾਂ ਲਈ ਆਪਣਾ ਹਵਾਈ ਖੇਤਰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਜਿਸ ਕਾਰਨ ਏਅਰਲਾਈਨਾਂ ਨੇ ਕਈ ਉਡਾਣਾਂ ਨੂੰ ਰੱਦ ਕਰ ਦਿੱਤਾ ਹੈ ਤੇ ਕਈ ਏਅਰਲਾਈਨ ਨੇ ਆਪਣੇ ਰੂਟ ਬਦਲ ਲਏ ਹਨ ਜਿਸ ਕਾਰਨ ਯਾਤਰੀਆਂ ਨੂੰ ਦੇਰੀ ਦਾ ਸਾਹਮਣਾ ਕਰਨਾ ਪਿਆ। ਇਹ ਖੇਤਰ ਸੰਯੁਕਤ ਰਾਜ ਅਮਰੀਕਾ ਦੀ ਸੰਭਾਵੀ ਫੌਜੀ ਕਾਰਵਾਈ ਦੇ ਮੱਦੇਨਜ਼ਰ ਬੰਦ ਕੀਤਾ ਗਿਆ ਹੈ।ਇਰਾਨ ਨੇ ਨੋਟਿਸ ਵਿੱਚ ਕਿਹਾ ਕਿ ਉਸ ਨੇ 5:15 ਵਜੇ ET (BBAE GMT) 'ਤੇ ਇਰਾਨ ਵਿਚ ਆਉਣ ਤੇ ਜਾਣ ਵਾਲੀਆਂ ਅੰਤਰਰਾਸ਼ਟਰੀ ਉਡਾਣਾਂ ਨੂੰ ਛੱਡ ਕੇ ਸਾਰੀਆਂ ਉਡਾਣਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਇਹ ਪਾਬੰਦੀ ਅੰਦਾਜ਼ਨ 7:30 pm ET, ਜਾਂ 0030 GMT ਤੱਕ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਰਹਿਣ ਲਈ ਨਿਰਧਾਰਤ ਕੀਤੀ ਗਈ ਸੀ ਪਰ ਬਾਅਦ ਵਿੱਚ ਇਸ ਨੂੰ ਵਧਾ ਦਿੱਤਾ ਗਿਆ।

# ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲਾ 22 ਤੋਂ

## ਦੋ ਰੋਜ਼ਾ ਸਮਾਗਮਾਂ ਦੌਰਾਨ ਕਵੀ ਦਰਬਾਰ, ਢਾਡੀ ਦਰਬਾਰ ਅਤੇ ਵਿਸ਼ੇਸ਼ ਕੀਰਤਨ ਦੀਵਾਨ ਹੋਣਗੇ

ਪਟਿਆਲਾ , 15 ਜਨਵਰੀ (ਚ.ਨ.ਸ.) : ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਜੋੜ ਮੇਲਾ @ਬਸੰਤ ਪੰਚਮੀ@ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਇਹ ਸਮਾਗਮ 22 ਜਨਵਰੀ ਤੋਂ 23 ਜਨਵਰੀ 2026 ਤੱਕ ਚੱਲਣਗੇ।

ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸਮਾਗਮਾਂ ਦੀ ਰੂਪਰੇਖਾ ਹੇਠ ਲਿਖੇ ਅਨੁਸਾਰ ਹੋਵੇਗੀ:

* 22 ਜਨਵਰੀ (ਰਾਤ): ਰਾਤ 8:00 ਵਜੇ ਤੋਂ 11:00 ਵਜੇ ਤੱਕ ਕਵੀ ਦਰਬਾਰ ਕਰਵਾਇਆ ਜਾਵੇਗਾ, ਜਿਸ ਵਿੱਚ ਨਾਮਵਰ ਕਵੀ ਆਪਣੀਆਂ ਰਚਨਾਵਾਂ ਰਾਹੀਂ ਗੁਰੂ ਜਸ ਗਾਇਨ ਕਰਨਗੇ।
* 23 ਜਨਵਰੀ (ਸਵੇਰ): ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਢਾਡੀ ਦਰਬਾਰ ਸਜਾਇਆ ਜਾਵੇਗਾ।
* 23 ਜਨਵਰੀ (ਰਾਤ): ਰਾਤ 7:00 ਵਜੇ ਤੋਂ 11:00 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਬਸੰਤ ਰਾਗ 'ਤੇ ਅਧਾਰਿਤ ਗੁਰਮਤਿ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।

ਗੁਰਦੁਆਰਾ ਸਾਹਿਬ ਦੇ ਮੈਨੇਜਰ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਜ਼ਿਕਰਯੋਗ ਹੈ ਕਿ ਬਸੰਤ ਪੰਚਮੀ ਮੌਕੇ ਇਸ ਇਤਿਹਾਸਕ ਅਸਥਾਨ @ਤੇ ਇਸ਼ਨਾਨ ਕਰਨ ਦੀ ਵਿਸ਼ੇਸ਼ ਮਹਿਮਾ ਹੈ, ਜਿਸ ਕਾਰਨ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਇੱਥੇ ਨਤਮਸਤਕ ਹੁੰਦੀਆਂ ਹਨ। ਪ੍ਰਬੰਧਕਾਂ ਵੱਲੋਂ ਸੰਗਤ ਦੀ ਸਹੂਲਤ ਲਈ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ।

# ਈਰਾਨ 'ਚ ਪ੍ਰਦਰਸ਼ਨਕਾਰੀਆਂ ਦੇ ਕਤਲਾਂ ਤੇ ਫਾਂਸੀ 'ਤੇ ਲੱਗੀ ਰੋਕ

ਤਹਿਰਾਨ, 15 ਜਨਵਰੀ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਲੈ ਕੇ ਇੱਕ ਵਾਰ ਫਿਰ ਵੱਡਾ ਦਾਅਵਾ ਕੀਤਾ ਹੈ। ਟਰੰਪ ਦਾ ਕਹਿਣਾ ਹੈ ਕਿ ਖਾਮੇਨੇਈ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਰੋਕ ਦਿੱਤੀ ਹੈ। ਲੋਕਾਂ @ਤੇ ਗੋਲੀਆਂ ਚਲਾਉਣ ਅਤੇ ਉਨ੍ਹਾਂ ਨੂੰ ਫਾਂਸੀ ਦੇਣ ਦਾ ਸਿਲਸਿਲਾ ਬੰਦ ਹੋ ਗਿਆ ਹੈ।ਹਾਲ ਹੀ ਵਿੱਚ ਟਰੰਪ ਨੇ ਈਰਾਨ ਦੇ ਪ੍ਰਦਰਸ਼ਨਕਾਰੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਸੀ ਕਿ ਮਦਦ ਪਹੁੰਚਣ ਵਾਲੀ ਹੈ। ਇਸ ਤੋਂ ਬਾਅਦ ਈਰਾਨ @ਤੇ ਹਮਲੇ ਦੇ ਕਿਆਸ ਲਗਾਏ ਜਾਣ ਲੱਗੇ ਸਨ।




ਹਾਲਾਂਕਿ, ਟਰੰਪ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਕਿਸ ਤਰ੍ਹਾਂ ਦੀ ਮਦਦ ਦੀ ਗੱਲ ਕਰ ਰਹੇ ਸਨ।ਡੋਨਾਲਡ ਟਰੰਪ ਅਨੁਸਾਰ, ÷ਸਾਨੂੰ ਪਤਾ ਲੱਗਾ ਹੈ ਕਿ ਈਰਾਨ ਵਿੱਚ ਹੱਤਿਆਵਾਂ ਰੋਕ ਦਿੱਤੀਆਂ ਗਈਆਂ ਹਨ। ਸਭ ਕੁਝ ਬੰਦ ਹੋ ਗਿਆ ਹੈ। ਅਜੇ ਈਰਾਨ @ਤੇ ਕਾਰਵਾਈ ਕਰਨ ਦੀ ਕੋਈ ਯੋਜਨਾ ਨਹੀਂ ਹੈ।÷ਟਰੰਪ ਨੇ ਬੀਤੇ ਦਿਨ ਈਰਾਨ ਬਾਰੇ ਗੱਲ ਕਰਦਿਆਂ ਕਿਹਾ ਸੀ ਕਿ ਉੱਥੇ ਹੋ ਰਹੀਆਂ ਹੱਤਿਆਵਾਂ ਚਿੰਤਾਜਨਕ ਹਨ। ਇਸ ਤੋਂ ਬਾਅਦ ਹੀ ਟਰੰਪ ਨੇ ਆਪਣੀ ਰਾਸ਼ਟਰੀ ਸੁਰੱਖਿਆ ਟੀਮ ਨਾਲ ਬੈਠਕ ਕੀਤੀ ਸੀ। ਇਸ ਬੈਠਕ ਵਿੱਚ ਉਪ-ਰਾਸ਼ਟਰਪਤੀ ਜੇਡੀ ਵੈਂਸ, ਵਿਦੇਸ਼ ਸਕੱਤਰ ਮਾਰਕੋ ਰੂਬੀਓ ਸਮੇਤ ਵ੍ਹਾਈਟ ਹਾਊਸ ਦੇ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ।ਅਮਰੀਕੀ ਮਨੁੱਖੀ ਅਧਿਕਾਰ ਨਿਊਜ਼ ਏਜੰਸੀ ਅਨੁਸਾਰ, ਈਰਾਨੀ ਹਿੰਸਾ ਵਿੱਚ 2586 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ। ਈਰਾਨ ਵਿੱਚ ਕਈ ਪ੍ਰਦਰਸ਼ਨਕਾਰੀਆਂ ਨੂੰ ਬੰਦੀ ਬਣਾ ਲਿਆ ਗਿਆ ਹੈ ਅਤੇ ਉਨ੍ਹਾਂ ਦੇ ਖਿਲਾਫ ਟਰਾਇਲ ਚੱਲ ਰਿਹਾ ਹੈ। ਈਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਅਤੇ ਇਜ਼ਰਾਈਲ ਨੇ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦਿੱਤਾ, ਤਾਂ ਇਸ ਦੇ ਨਤੀਜੇ ਭਿਆਨਕ ਹੋ ਸਕਦੇ ਹਨ।

# ਸਨਾਤਨ ਸੱਭਿਆਚਾਰ ਦੀ ਮਹਿਮਾ ਵਿਸ਼ਵ ਪੱਧਰ 'ਤੇ ਸਥਾਪਿਤ: ਆਚਾਰੀਆ ਬਾਲਕ੍ਰਿਸ਼ਨ

ਹਰਿਦੁਆਰ, 15 ਜਨਵਰੀ (ਚ.ਨ.ਸ.) : ਪਤੰਜਲੀ ਯੂਨੀਵਰਸਿਟੀ (ਯੂਓਪੀ) ਅਤੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਰੁੜਕੀ (ਆਈਆਈਟੀਆਰ) ਦੀ ਅਗਵਾਈ ਹੇਠ, ਗਲੋਬਲ ਨਾਲੇਜ ਫਾਊਂਡੇਸ਼ਨ (ਜੀਕੇਐਫ) ਦੀ ਅਮਰੀਕੀ ਅਕਾਦਮਿਕ ਸ਼ਾਖਾ, ਅਮਰੀਕਨ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਏਆਈਐਮਟੀ), ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ (ਬੀਆਈਐਸ), ਦੇਹਰਾਦੂਨ ਦੇ ਡਾਇਰੈਕਟਰ ਅਤੇ ਯੂਨੀਵਰਸਿਟੀ ਆਫ਼ ਮੈਰੀਲੈਂਡ ਈਸਟਰਨ ਸ਼ੋਰ (ਯੂਐਮਈਐਸ) ਦੇ ਵਪਾਰ, ਪ੍ਰਬੰਧਨ ਅਤੇ ਲੇਖਾ ਵਿਭਾਗ ਦੇ ਸਹਿਯੋਗ ਨਾਲ, ਪਤੰਜਲੀ ਰਿਸਰਚ ਫਾਊਂਡੇਸ਼ਨ ਅਤੇ ਯੂਨੀਵਰਸਿਟੀ ਦੇ ਸਹਿਯੋਗ ਨਾਲ ÷ਸਿਹਤ ਸੰਭਾਲ ਅਤੇ ਪ੍ਰਬੰਧਨ ਵਿੱਚ ਸਮਾਰਟ ਤਕਨਾਲੋਜੀਆਂ ਦਾ ਏਕੀਕਰਨ÷ ਵਿਸ਼ੇ 'ਤੇ ਤਿੰਨ ਦਿਨਾਂ ਅੰਤਰਰਾਸ਼ਟਰੀ ਸਿੰਪੋਜ਼ੀਅਮ 15-17 ਜਨਵਰੀ ਤੱਕ ਆਡੀਟੋਰੀਅਮ ਵਿੱਚ ਆਯੋਜਿਤ ਕੀਤਾ ਗਿਆ। ਇਹ ਸਿੰਪੋਜ਼ੀਅਮ ਸਮਾਰਟ ਤਕਨਾਲੋਜੀਆਂ ਦੇ ਏਕੀਕਰਨ ਰਾਹੀਂ ਤਕਨਾਲੋਜੀ-ਅਧਾਰਤ, ਟਿਕਾਊ ਸਿਹਤ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਪੱਧਰ 'ਤੇ ਜਨਤਕ ਸਿਹਤ ਸੁਧਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ। ਸਤਿਕਾਰਯੋਗ ਆਚਾਰੀਆ ਬਾਲਕ੍ਰਿਸ਼ਨ ਜੀ ਨੇ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ, ਚੋਗਾ ਅਤੇ ਯਾਦਗਾਰੀ ਚਿੰਨ੍ਹ ਨਾਲ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਦੀਵਾ ਜਗਾਉਣ, ਧਨਵੰਤਰੀ ਵੰਦਨਾ ਅਤੇ ਸ਼੍ਰੀ ਚੰਦਰਮੋਹਨ ਅਤੇ ਉਨ੍ਹਾਂ ਦੀ ਟੀਮ ਦੁਆਰਾ ਇੱਕ ਸਮੂਹ ਗੀਤ ਨਾਲ ਹੋਈ। ਸਵਾਗਤ ਭਾਸ਼ਣ ਵਾਈਸ ਚਾਂਸਲਰ ਪ੍ਰੋ. ਮਯੰਕ ਕੁਮਾਰ ਅਗਰਵਾਲ ਨੇ ਮੁੱਖ ਭਾਸ਼ਣ



ਦਿੱਤਾ, ਜਿਸ ਤੋਂ ਬਾਅਦ ਆਚਾਰੀਆ ਸ਼੍ਰੀ ਅਤੇ ਮਹਿਮਾਨਾਂ ਦੁਆਰਾ ਸੰਖੇਪ ਕਿਤਾਬ ਦਾ ਰਿਲੀਜ਼ ਕੀਤਾ ਗਿਆ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਡਾ. ਦੇਵ ਸ਼ਰਮਾ ਨੇ ਕਬੀਰ ਦੇ ਦੋਹੇ ਰਾਹੀਂ ਸੇਵਾ ਅਤੇ ਲੋਕ ਭਲਾਈ 'ਤੇ ਜ਼ੋਰ ਦਿੱਤਾ, ਡਿਜੀਟਲ ਸਿਹਤ ਪ੍ਰਬੰਧਨ, ਸਾਈਬਰ ਸੁਰੱਖਿਆ, ਅਤੇ ਏਆਈ-ਸਹਾਇਤਾ ਪ੍ਰਾਪਤ ਸਮਾਰਟ ਪ੍ਰਣਾਲੀਆਂ ਰਾਹੀਂ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਉੱਨਤ ਡਾਕਟਰੀ ਦੇਖਭਾਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਮਾਗਮ ਵਿੱਚ ਬੋਲਦੇ ਹੋਏ, ਆਈਆਈਟੀ ਮੰਡੀ ਦੇ ਡਾਇਰੈਕਟਰ ਪ੍ਰੋ. ਲਕਸ਼ਮੀਧਰ ਬੇਹਰਾ ਨੇ ਨੋਟ ਕੀਤਾ ਕਿ ਆਧੁਨਿਕ ਏਆਈ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਤ ਕਰਦਾ ਹੈ, ਪਰ ਨੈਤਿਕਤਾ ਜ਼ਰੂਰੀ ਹੈ। ਉਨ੍ਹਾਂ ਨੇ ਪਤੰਜਲੀ ਦੁਆਰਾ ਸਿੰਕ੍ਰੋਨੋਸਿਟੀ, ਨਵੀਨਤਾ, ਸਟਾਰਟਅੱਪਸ, ਅਤੇ ਭਾਰਤੀ ਬੁੱਧੀ ਅਤੇ ਸਦੀਵੀ ਮੁੱਲਾਂ ਦੀ ਸੰਭਾਲ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਪੂਜਯ ਆਚਾਰੀਆ ਬਾਲਕ੍ਰਿਸ਼ਨ ਜੀ ਨੇ ਕਿਹਾ ਕਿ ਸਹਸ੍ਰ ਚੰਦਰ ਦਰਸ਼ਨ ਭਾਰਤੀ ਸਨਾਤਨ ਪਰੰਪਰਾ ਵਿੱਚ ਇੱਕ ਲੰਬੇ, ਸਿਹਤਮੰਦ ਅਤੇ ਪ੍ਰਕਾਸ਼ਮਾਨ ਜੀਵਨ ਦੇ ਜਸ਼ਨ ਦਾ ਪ੍ਰਤੀਕ ਹੈ, ਜਿਸਦਾ ਡੂੰਘਾ ਸੱਭਿਆਚਾਰਕ ਅਤੇ ਅਧਿਆਤਮਿਕ ਮਹੱਤਵ ਹੈ। ਉਨ੍ਹਾਂ ਦੱਸਿਆ ਕਿ ਸਨਾਤਨ ਦੇ ਬੁਨਿਆਦੀ ਸਿਧਾਂਤ ਖੇਤੀਬਾੜੀ ਅਤੇ ਕਿਸਾਨਾਂ ਦੇ ਜੀਵਨ ਵਿੱਚ ਡੂੰਘਾਈ ਨਾਲ ਜੁੜੇ ਹੋਏ ਹਨ, ਜੋ ਕੁਦਰਤੀ ਖੇਤੀ, ਪੰਜ ਤੱਤਾਂ ਲਈ ਸਤਿਕਾਰ ਅਤੇ ਕੁਦਰਤ ਨਾਲ ਸਦਭਾਵਨਾ ਦੁਆਰਾ ਇੱਕ ਖੁਸ਼ਹਾਲ ਅਤੇ ਸੰਤੁਲਿਤ ਜੀਵਨ ਦੇ ਸੰਦੇਸ਼ ਨੂੰ ਮੂਰਤੀਮਾਨ ਕਰਦੇ ਹਨ। ਅੱਜ, ਸਨਾਤਨ ਸੱਭਿਆਚਾਰ ਦੀ ਪ੍ਰਤਿਸ਼ਠਾ ਵਿਸ਼ਵ ਪੱਧਰ 'ਤੇ ਸਥਾਪਿਤ ਹੋ ਰਹੀ ਹੈ। ਵਿਸ਼ਵੀਕਰਨ ਦੀ ਧਾਰਨਾ 'ਤੇ ਚਰਚਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਇਸਨੇ ਦੇਸ਼ਾਂ ਨੂੰ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਤੌਰ 'ਤੇ ਜੋੜਿਆ ਹੈ, ਜਿਸ ਨਾਲ ਦੁਨੀਆ ਇੱਕ ਗਲੋਬਲ ਪਿੰਡ ਬਣ ਗਈ ਹੈ। ਇਸ ਸੰਦਰਭ ਵਿੱਚ, ਵਸੁਧੈਵ ਕੁਟੁੰਬਕਮ ਦਾ ਸਿਧਾਂਤ ਵਿਸ਼ਵ ਏਕਤਾ, ਸਾਂਝੀ ਜ਼ਿੰਮੇਵਾਰੀ ਅਤੇ ਸਮੂਹਿਕ ਹੱਲਾਂ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਸਿਹਤ ਸੰਭਾਲ ਵਿੱਚ ਇੰਟਰਨੈੱਟ ਆਫ਼ ਥਿੰਗਜ਼ ਦੀ ਭੂਮਿਕਾ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪਹਿਨਣਯੋਗ ਸੈਂਸਰ, ਜੁੜੇ ਮੈਡੀਕਲ ਪੰਪ ਅਤੇ ਸਮਾਰਟ ਹਸਪਤਾਲ ਉਪਕਰਣ ਇੰਟਰਨੈਟ ਅਤੇ ਸੌਫਟਵੇਅਰ ਰਾਹੀਂ ਜੁੜੇ ਹੋਏ ਹਨ, ਜੋ ਸਿਹਤ ਡੇਟਾ ਦੇ ਸੰਗ੍ਰਹਿ, ਸਾਂਝਾਕਰਨ ਅਤੇ ਵਿਸ਼ਲੇਸ਼ਣ ਨੂੰ ਸਮਰੱਥ ਬਣਾਉਂਦੇ ਹਨ।

# ਐਂਡਰਸ ਐਂਟੋਨਸਨ ਨੇ ਦਿੱਲੀ ਦੀ ਜ਼ਹਿਰੀਲੀ ਹਵਾ ਕਾਰਨ ਇੰਡੀਆ ਓਪਨ ਤੋਂ ਨਾਂ ਲਿਆ ਵਾਪਸ

ਨਵੀਂ ਦਿੱਲੀ, 15 ਜਨਵਰੀ (ਚ.ਨ.ਸ.) : ਵਿਸ਼ਵ ਦੇ ਤੀਜੇ ਨੰਬਰ ਦੇ ਦਿੱਗਜ ਬੈਡਮਿੰਟਨ ਖਿਡਾਰੀ ਐਂਡਰਸ ਐਂਟੋਨਸਨ ਨੇ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੇ @ਬਹੁਤ ਜ਼ਿਆਦਾ@ ਪੱਧਰ ਦਾ ਹਵਾਲਾ ਦਿੰਦੇ ਹੋਏ ਇੰਡੀਆ ਓਪਨ ਵਿੱਚੋਂ ਆਪਣਾ ਨਾਮ ਵਾਪਸ ਲੈ ਲਿਆ ਹੈ। ਵਿਸ਼ਵ ਚੈਂਪੀਅਨਸ਼ਿਪ ਦੇ ਚਾਰ ਵਾਰ ਦੇ ਤਮਗਾ ਜੇਤੂ ਐਂਟੋਨਸਨ ਨੇ ਟੂਰਨਾਮੈਂਟ ਤੋਂ ਹਟਣ ਦੇ ਆਪਣੇ ਇਸ ਫੈਸਲੇ ਕਾਰਨ ਬੈਡਮਿੰਟਨ ਵਰਲਡ ਫੈਡਰੇਸ਼ਨ (2⇨6) ਨੂੰ 5,000 ਅਮਰੀਕੀ ਡਾਲਰ ਦਾ ਜੁਰਮਾਨਾ ਅਦਾ ਕੀਤਾ ਹੈ। ਇਹ ਘਟਨਾ 14 ਜਨਵਰੀ 2026 ਦੀ ਹੈ, ਜਿਸ ਨੇ ਖੇਡ ਜਗਤ ਵਿੱਚ ਦਿੱਲੀ ਦੇ ਵਾਤਾਵਰਣ ਸਬੰਧੀ ਚਿੰਤਾਵਾਂ ਨੂੰ ਮੁੜ ਸੁਰਖੀਆਂ ਵਿੱਚ ਲਿਆ ਦਿੱਤਾ ਹੈ।ਐਂਟੋਨਸਨ ਦਾ ਇਹ ਕਦਮ ਉਸ @ਖਤਰੇ ਦੀ ਘੰਟੀ@ ਵਾਂਗ ਹੈ, ਜੋ ਇਹ ਦਰਸਾਉਂਦਾ ਹੈ ਕਿ ਵਾਤਾਵਰਣ ਦੀਆਂ ਮਾੜੀਆਂ ਸਥਿਤੀਆਂ ਹੁਣ ਸਿਰਫ਼ ਆਮ ਜੀਵਨ ਨੂੰ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਅਤੇ ਦੁਨੀਆ ਦੇ ਚੋਟੀ ਦੇ ਖਿਡਾਰੀਆਂ ਦੇ ਫੈਸਲਿਆਂ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ।

# ਪ੍ਰੋਫੈਸਰ ਸੁਰਿੰਦਰ ਸਿੰਘ ਚੱਢਾ ਨੂੰ ਸਦਮਾ, ਮਾਤਾ ਸਤਵੰਤ ਕੌਰ ਚੱਢਾ ਦਾ ਦੇਹਾਂਤ

ਪਟਿਆਲਾ , 15 ਜਨਵਰੀ (ਚ.ਨ.ਸ.) : ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਕੋਲਰ ਫੀਲਡਜ਼ ਪਬਲਿਕ ਸਕੂਲ ਦੇ ਚੇਅਰਮੈਨ, ਪ੍ਰਸਿੱਧ ਸਿੱਖ ਬੁੱਧੀਜੀਵੀ ਪ੍ਰੋਫੈਸਰ ਸੁਰਿੰਦਰ ਸਿੰਘ ਚੱਡਾ ਦੇ



ਪੂਜਨੀਕ ਮਾਤਾ , ਮਾਤਾ ਸ਼੍ਰੀਮਤੀ ਸਤਵੰਤ ਕੌਰ ਚੱਡਾ ਜੀ ਦਾ ਅੱਜ ਸੰਖੇਪ ਬਿਮਾਰੀ ਉਪਰੰਤ ਅਕਾਲ ਚਲਾਣਾ ਹੋ ਗਿਆ। ਮਾਤਾ ਸਤਵੰਤ ਕੌਰ ਚੱਡਾ ਜੀ ਇਕ ਸੁਭਾਅਵਾਨ, ਧਾਰਮਿਕ ਅਤੇ ਸੰਸਕਾਰਸ਼ੀਲ ਜੀਵਨ ਜੀਊਣ ਵਾਲੀ ਮਹਾਨ ਸ਼ਖ਼ਸੀਅਤ ਸਨ, ਅਤੇ ਅਧਿਆਪਕ ਸਨ। ਉਹਨਾਂ ਦੇ ਅਚਾਨਕ ਵਿਛੋੜੇ ਨਾਲ ਚੱਡਾ ਪਰਿਵਾਰ, ਰਿਸ਼ਤੇਦਾਰਾਂ, ਮਿਤਰਾਂ ਅਤੇ ਸਮੂਹ ਇਲਾਕੇ ਵਿੱਚ ਡੂੰਘੇ ਸ਼ੋਕ ਦੀ ਲਹਿਰ ਹੈ। ਦੁੱਖ ਦੀ ਇਸ ਘੜੀ ਵਿੱਚ ਸਮਾਜ ਦੇ ਵੱਖ ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਨੇ ਪਰਿਵਾਰ ਨਾਲ ਹਮਦਰਦੀ ਅਤੇ ਸਾਂਝਾ ਦੁੱਖ ਪ੍ਰਗਟ ਕਰ ਰਹੇ ਹਨ। ਮਾਤਾ ਜੀ ਦਾ ਅੰਤਿਮ ਸੰਸਕਾਰ ਮਿਤੀ 16 ਜਨਵਰੀ 2026 ਨੂੰ ਦੁਪਹਿਰ 12:00 ਵਜੇ ਪਟਿਆਲਾ ਦੇ ਬੱਡੂਗਰ ਵਿਖੇ ਸਥਿਤ ਸ਼ਮਸ਼ਾਨ ਘਾਟ ਵਿੱਚ ਕੀਤਾ ਜਾਵੇਗਾ। ਪਰਮਾਤਮਾ ਅਕਾਲ ਪੁਰਖ ਜੀ ਅੱਗੇ ਅਰਦਾਸ ਹੈ ਕਿ ਵਿਛੁੜੀ ਆਤਮਾ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣ ।

# ਲੁਧਿਆਣਾ ਦੀ ਧੀ ਨੇ ਕੈਥੋਲਿਕ ਯੂਨੀਵਰਸਿਟੀ ਮਿਲਾਨ ਤੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ

ਰੋਮ 15 ਜਨਵਰੀ (ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਭਾਰਤੀ ਭਾਈਚਾਰੇ ਦੀਆਂ ਧੀਆਂ ਦੀ ਮਿਹਨਤ ਤੇ ਦ੍ਰਿੜ ਇਰਾਦਿਆਂ ਨੇ ਵੱਖ-ਵੱਖ ਵਿੱਦਿਆਦਕ ਖੇਤਰਾਂ ਵਿੱਚ ਜਿਸ ਤਰ੍ਹਾਂ ਨਵੀਆਂ ਪੈੜਾਂ ਪਾਉਂਦਿਆਂ ਕਾਮਯਾਬੀ ਦਾ ਇਤਿਹਾਸ ਸਿਰਜਦਿਆਂ ਭਾਰਤ ਦੀ ਬੱਲੇ-ਬੱਲੇ ਕਰਵਾਈ ਹੈ ਉਹ ਕਾਬਲੇ ਤਾਰੀਫ਼ ਹੈ।ਜਿਹੜੀਆਂ ਧੀਆਂ ਕਦੀਂ ਸਾਇਕਲ ਚਲਾਉਂਦਿਆਂ ਵੀ ਡਰਦੀਆਂ ਸਨ ਅੱਜ ਉਹੀ ਇਟਲੀ ਦੇ ਰਾਸ਼ਟਰੀ ਮਾਰਗਾਂ ਉੱਪਰ ਟਰੱਕ,ਟਰਾਲੇ ਅਤੇ ਬੱਸਾਂ ਸੁੱਚਜੇ ਢੰਗ ਨਾਲ ਚਲਾ ਇਟਲੀ ਦੀ ਉੱਨਤੀ ਵਿੱਚ ਅਹਿਮ ਰੋਲ ਨਿਭਾਅ ਰਹੀਆਂ ਹਨ।ਅਸੀਂ ਆਪਣੇ ਪਾਠਕਾਂ ਨਾਲ ਪੰਜਾਬ ਦੀ ਇੱਕ ਅਜਿਹੀ ਧੀ ਦੀ ਹੀ ਗੱਲ ਕਰਨ ਜਾ ਰਹੇ ਹਨ ਜਿਹੜੀ ਕਿ ਪਿੰਡ ਰਸੂਲਪੁਰ ਮੱਲਾਂ ਲੁਧਿਆਣਾ ਜਿਲ੍ਹੇ ਨਾਲ ਸਬੰਧਤ ਹੈ।ਭਾਰਤੀ ਮੂਲ ਦੀ ਨਿਮਰਤ ਕੌਰ ਜਿਸ ਨੂੰ ਰਜਿੰਦਰ ਸਿੰਘ ਅਤੇ ਕੁਲਵੰਤ ਕੌਰ ਮਾਪਿਆਂ ਨੇ ਰੱਜਵਾਂ ਪਿਆਰ-ਦੁਲਾਰ ਦਿੰਦਿਆਂ ਪੜ੍ਹਾਇਆ ਤੇ ਅੱਜ ਇਸ ਧੀ ਰਾਣੀ ਨੇ ਕੈਥੋਲਿਕ ਯੂਨੀਵਰਸਿਟੀ ਮਿਲਾਨ ਤੋਂ ਅੰਤਰ ਰਾਸ਼ਟਰੀ ਆਰਥਿਕਤਾ ਅਤੇ ਵਪਾਰ ਪ੍ਰਬੰਧਕ ਵਿੱਚ ਮਾਸਟਰੀ ਡਿਗਰੀ 30/30 ਵੋਟ ਲੈਕੇ ਪਹਿਲੇ ਦਰਜ਼ੇ ਵਿੱਚ ਪਾਸ ਕਰਕੇ ਪਰਿਵਾਰ ਸਮੇਤ ਭਾਰਤ ਦਾ ਨਾਮ ਚਮਕਾਇਆ ਹੈ।ਪ੍ਰੈੱਸ ਨਾਲ ਗੱਲਬਾਤ ਕਰਦਿਆਂ ਨਿਮਰਤ ਕੌਰ ਨੇ ਇਟਲੀ ਰਹਿਣ ਬਸੇਰਾ



ਕਰਦੇ ਭਾਰਤੀ ਬੱਚਿਆਂ ਨੂੰ ਕਿਹੋ ਕਿ ਪੜ੍ਹਾਈ ਨਾਲ ਇਨਸਾਨ ਹਰ ਉਸ ਬੁਲੰਦੀ ਨੂੰ ਛੂਹ ਸਕਦਾ ਜਿਸ ਨੂੰ ਸਰ ਕਰਨਾ ਕਈ ਵਾਰ ਸੁਪਨਾ ਹੀ ਬਣ ਜਾਂਦਾ ਹੈ।ਜਿਹੜੇ ਮਾਪੇ ਬੱਚਿਆਂ ਦੀ ਜਿੰਦਗੀ ਬਣਾਉਣ ਲਈ ਆਪਣੇ ਸੁੱਖਾਂ ਦੀ ਪਰਵਾਹ ਕੀਤੇ ਬਿਨ੍ਹਾਂ ਦਿਨ-ਰਾਤ ਇੱਕ ਕਰ ਦਿੰਦੇ ਹਨ ਉਹਨਾਂ ਲਈ ਬੱਚਿਆਂ ਨੂੰ ਵੀ ਆਪਣੇ ਫਰਜ਼ ਪੂਰੇ ਕਰਨ ਲਈ ਮੂਹਰੇ ਆਉਣਾ ਚਾਹੀਦਾ ਹੈ ਤੇ ਚੰਗੀ ਪੜ੍ਹਾਈ ਕਰਦਿਆਂ ਮਾਪਿਆਂ ਦਾ ਨਾਮ ਰੁਸ਼ਨਾਉਣਾ ਚਾਹੀਦਾ ਹੈ।ਇਸ ਮੌਕੇ ਇਟਲੀ ਦੇ ਪਿਆਚੈਂਸਾ ਇਲਾਕੇ ਵਿੱਚ ਰਹਿੰਦੇ ਰਜਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਧੀ ਬਚਪਨ ਤੋਂ ਹੀ ਬਹੁਤ ਹੁਸਿ ?ਆਰ ਸੀ ਤੇ ਅੱਜ ਚੰਗੀ ਪੜ੍ਹਾਈ ਕਰਦਿਆਂ ਜੋ ਧੀ ਰਾਣੀ ਨੇ ਮਾਸਟਰ ਡਿਗਰੀ ਹਾਸਲ ਕੀਤੀ ਹੈ ਜਿਸ ਨਾਲ ਸਾਰਾ ਪਰਿਵਾਰ ਬਾਗੋ-ਬਾਗ ਹੈ।ਇਸ ਧੀ ਦੀ ਪੜ੍ਹਾਈ ਨੂੰ ਦੇਖਦਿਆਂ ਹੀ ਇਸ ਨੂੰ ਕੰਮ ਵੀ ਕਸਟਮ ਵਿਭਾਗ ਵਿੱਚ ਪਹਿਲ ਦੇ ਅਧਾਰ ਤੇ ਮਿਲ ਗਿਆ ਹੈ ।ਇਟਲੀ ਰਹਿੰਦੇ ਭਾਰਤੀ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਝਦਿਆਂ ਉਸ ਦੇ ਹੁਨੰਰ ਅਨੁਸਾਰ ਪੜ੍ਹਾਈ ਲਈ ਜ਼ਰੂਰ ਪ੍ਰੇਰਿਤ ਕਰਨਾ ਚਾਹੀਦਾ ਹੈ।

## ਜਨਮ ਦਿਨ ਮੁਬਾਰਕ



ਗੁਰਪ੍ਰਤਾਪ ਸਿੰਘ



ਬਰਕਤਪ੍ਰੀਤ ਕੌਰ




# ਮਾਘੀ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ



ਅਜਨਾਲਾ, 15 ਜਨਵਰੀ (ਸੁਖਦੇਵ ਸਿੰਘ ਖਾਲਸਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਗੁਰਦੁਆਰਾ ਡੇਰਾ ਸਾਹਿਬ ਮਹਿਲ ਜੰਡਿਆਲਾ ਵਿਖੇ ਮਾਘੀ ਦੇ ਪਵਿੱਤਰ ਦਿਹਾੜੇ ਮੌਕੇ 40 ਮੁਕਤਿਆਂ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਭਾਈ ਕੁਲਵੰਤ ਸਿੰਘ ਦੇ ਜਥੇ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਈਆਂ ਸੰਗਤਾਂ ਨੂੰ ਰੱਬੀ ਬਾਣੀ ਦਾ ਕੀਰਤਨ ਸੁਣਾਕੇ ਨਿਹਾਲ ਕੀਤਾ। ਇਸ ਮੌਕੇ ਬਾਬਾ ਪ੍ਰਭਜੀਤ ਸਿੰਘ ਜੀ ਕੰਦੋਵਾਲੀ ਕਾਰ ਸੇਵਾ ਵਾਲੇ, ਰਿਸੀਵਰ ਚਰਨਜੀਤ ਸਿੰਘ, ਮੈਨੇਜਰ ਜਗਜੀਤ ਸਿੰਘ, ਸੇਵਾਦਾਰ ਸੁਖਚੇਨ ਸਿੰਘ ਵੱਲੋਂ ਕੀਰਤਨੀ ਜਥੇ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ, ਗ੍ਰੰਥੀ ਬਾਬਾ ਬੀਰ ਸਿੰਘ, ਅਰਜਨ ਸਿੰਘ ਕੰਦੋਵਾਲੀ, ਸਤਨਾਮ ਸਿੰਘ, ਸਲਵੰਤ ਸਿੰਘ, ਸੰਤੋਖ ਸਿੰਘ, ਗ੍ਰੰਥੀ ਗੁਰਦੇਵ ਸਿੰਘ, ਰਾਜਵਿੰਦਰ ਸਿੰਘ,ਗੁਲਜਾਰ ਸਿੰਘ ਦੋਧੀ, ਅੰਗਰੇਜ਼ ਸਿੰਘ ਕੰਦੋਵਾਲੀ, ਕੈਪਟਨ ਸਿੰਘ ਪੁਤਲੀ, ਸਾਬਕਾ ਸਰਪੰਚ ਦਲਜੀਤ ਸਿੰਘ ਚੇਤਨਪੁਰਾ, ਤੇ ਹੋਰ ਸੰਗਤਾਂ ਨੇ ਇਲਾਹੀ ਬਾਣੀ ਦਾ ਕੀਰਤਨ ਸੁਰਵਣ ਕੀਤਾ।

# ਅੰਮ੍ਰਿਤਸਰ ਤੋਂ 40 ਕਿੱਲੋ ਹੈਰੋਇਨ ਦੀ ਖੇਪ ਬਰਾਮਦ, ਚਾਰ ਸੰਚਾਲਕ ਕਾਬੂ

## ਗ੍ਰਿਫ਼ਤਾਰ ਮੁਲਜ਼ਮਾਂ ਨੇ ਆਪਣੇ ਹੈਂਡਲਰ ਦੇ ਨਿਰਦੇਸ਼ਾਂ 'ਤੇ ਹੈਰੋਇਨ ਦੀ ਖੇਪ ਬਰਾਮਦ ਕੀਤੀ : ਡੀ.ਜੀ.ਪੀ. ਗੌਰਵ ਯਾਦਵ




ਅੰਮ੍ਰਿਤਸਰ, 15 ਜਨਵਰੀ (ਬਬਲੂ ਮਹਾਜਨ ) :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਨਾਰਕੋਟਿਕ ਤਸਕਰੀ ਮਾਡਿਊਲ ਦੇ ਚਾਰ ਸੰਚਾਲਕਾਂ ਨੂੰ 40 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਇਸ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੰਜਾਬ (ਡੀਜੀਪੀ) ਗੌਰਵ ਯਾਦਵ ਨੇ ਦਿੱਤੀ।ਇਹਨਾਂ ਫੜੇ ਗਏ ਵਿਅਕਤੀਆਂ ਦੀ ਪਛਾਣ ਨਰਿੰਦਰ ਸਿੰਘ ਉਰਫ਼ ਨੰਨੀ, ਸੂਰਜ, ਜੈਕਬ ਮਸੀਹ ਅਤੇ ਅਜੇ ਕੁਮਾਰ ਉਰਫ਼ ਰਵੀ, ਸਾਰੇ ਵਾਸੀ ਕੋਟ ਈਸੇ ਖਾਂ ਮੋਗਾ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਨਸ਼ਿਆਂ ਦੀ ਖੇਪ ਲੈ ਜਾਣ ਲਈ ਵਰਤੀਆਂ ਜਾ ਰਹੀਆਂ ਕਾਰਾਂ ਟੋਇਟਾ ਕੋਰੋਲਾ ਐਲਟਿਸ (ਰਜਿਸਟ੍ਰੇਸ਼ਨ ਨੰਬਰ ਪੀ.ਬੀ.03ਏ.ਕੇ.1810) ਅਤੇ ਬੀ.ਐਮ.ਡਬਲਯੂ. (ਰਜਿਸਟ੍ਰੇਸ਼ਨ ਨੰਬਰ ਯੂ.ਪੀ.14 ਸੀ.ਜੇ.4646) ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਫੜੇ ਗਏ ਮੁਲਜ਼ਮਾਂ ਨੇ ਹੈਰੋਇਨ ਦੀ ਵੱਡੀ ਖੇਪ ਆਪਣੇ ਹੈਂਡਲਰ, ਜੋ ਕਿ ਨਸ਼ਾ ਤਸਕਰ ਹੈ, ਦੇ ਨਿਰਦੇਸ਼ਾਂ 'ਤੇ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਸਪਲਾਈ ਕਰਨ ਲਈ ਪ੍ਰਾਪਤ ਕੀਤੀ ਸੀ।ਜਾਣਕਾਰੀ ਅਨੁਸਾਰ ਸੀ.ਆਈ.ਅੰਮ੍ਰਿਤਸਰ ਨੂੰ ਖਾਸ ਸੂਚਨਾ ਮਿਲੀ ਸੀ ਕਿ ਇੱਕ ਨਾਮੀ ਨਸ਼ਾ ਤਸਕਰ, ਜੋ ਕਿ ਭਗੌੜਾ ਵੀ ਹੈ, ਆਪਣੇ ਸਾਥੀਆਂ ਦੀ ਮੱਦਦ ਨਸ਼ਾ ਤਸਕਰੀ ਨੈੱਟਵਰਕ ਚਲਾ ਰਿਹਾ ਸੀ ਅਤੇ ਉਸ ਦੇ ਨਿਰਦੇਸ਼ਾਂ 'ਤੇ ਉਸ ਦੇ ਸਾਥੀ ਹੈਰੋਇਨ ਦੀ ਵੱਡੀ ਖੇਪ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਆਏ ਸਨ।ਡੀ.ਜੀ.ਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਅੰਮ੍ਰਿਤਸਰ-ਤਰਨਤਾਰਨ ਹਾਈਵੇਅ 'ਤੇ ਨਾਕਾ ਲਗਾਇਆ ਅਤੇ ਡੀਪੀਐਸ ਸਕੂਲ, ਅੰਮ੍ਰਿਤਸਰ ਨੇੜੇ ਨਰਿੰਦਰ ਸਿੰਘ ਉਰਫ਼ ਨੰਨੀ, ਸੂਰਜ, ਜੈਕਬ ਮਸੀਹ ਅਤੇ ਅਜੈ ਕੁਮਾਰ ਨੂੰ ਰੋਕ ਕੇ ਉਨ੍ਹਾਂ ਦੀ ਤਲਾਸ਼ੀ ਲਈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 40 ਕਿੱਲੋ ਹੈਰੋਇਨ ਬਰਾਮਦ ਕੀਤੀ।ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ ਪਿਛਲੇ ਸਬੰਧਾਂ ਅਤੇ ਸਮੁੱਚੀ ਸਪਲਾਈ ਚੇਨ, ਜਿਸ ਦੇ ਅੰਤਰ-ਸਰਹੱਦੀ ਕਨੈਕਸ਼ਨ ਹੋਣ ਦੀ ਸੰਭਾਵਨਾ ਹੈ, ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।ਇਸ ਸਬੰਧੀ ਕੇਸ ਥਾਣਾ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ 21, 25 ਅਤੇ 29 ਤਹਿਤ ਐੱਫ.ਆਈ.ਆਰ ਨੰਬਰ 1 ਮਿਤੀ 14-01-2026 ਨੂੰ ਦਰਜ ਕੀਤਾ ਗਿਆ ਹੈ।

# ਗੁਰਦੁਆਰਾ ਬਾਬਾ ਗੰਮ ਚੁੱਕ ਜੀ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ



ਚੋਗਾਵਾਂ, 15 ਜਨਵਰੀ (ਸੁਬੇਗ ਸਿੰਘ ਸੋਨਾ): ਮਾਘੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਅੱਜ ਬ੍ਰਹਮ ਗਿਆਨੀ ਗੁਰਦੁਆਰਾ ਬਾਬਾ ਗੰਮ ਚੁੱਕ ਜੀ ਪਿੰਡ ਭਿੰਡੀ ਸੈਦਾ ਵਿਖੇ ਵਿਸ਼ਾਲ ਨਗਰ ਕੀਰਤਨ ਸਮੂਹ ਨਗਰ ਦੇ ਸਹਿਯੋਗ ਨਾਲ ਸਜਾਇਆ ਗਿਆ। ਅੱਜ ਸਵੇਰੇ ਠੰਢੀ ਸੀਤ ਲਹਿਰ ਵਿੱਚ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਸੁੰਦਰ ਫੁੱਲਾਂ ਨਾਲ ਸਜੀ ਬੱਸ 'ਚ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਆਰੰਭ ਹੋਇਆ। ਥਾਂ-ਥਾਂ 'ਤੇ ਨਗਰ ਕੀਰਤਨ ਦਾ ਸੰਗਤਾਂ ਵੱਲੋ ਨਿੱਘਾ ਸਵਾਗਤ ਕੀਤਾ ਗਿਆ। ਸੰਗਤਾਂ ਵਾਹਿਗੁਰੂ ਦਾ ਨਾਮ ਜਪਦੀਆਂ ਨਾਲ ਨਾਲ ਜਾ ਰਹੀਆਂ ਸਨ। ਸੰਗਤਾਂ ਦੇ ਵੱਲੋਂ ਪਾਲਕੀ ਸਾਹਿਬ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਹ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ। ਇਸ ਮੌਕੇ 'ਤੇ ਸੇਵਾਦਾਰਾਂ ਵੱਲੋਂ ਸੰਗਤਾਂ ਦੇ ਲਈ ਚਾਹ ਪਕੌੜਿਆਂ ਸਮੇਤ ਗੁਰੂ ਕੇ ਅਨੇਕਾਂ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ 'ਤੇ ਗ੍ਰੰਥੀ ਬਾਬਾ ਸੁਖਚੈਨ ਸਿੰਘ, ਸ਼ਰਮਾ ਸਿੰਘ, ਪ੍ਰਧਾਨ ਬੀਰ ਸਿੰਘ, ਹਲਕਾ ਸੰਗਠਨ ਇੰਚਾਰਜ ਲਖਵਿੰਦਰ ਸਿੰਘ ਲੱਖਾ ਆਮ ਆਦਮੀ ਪਾਰਟੀ, ਜੱਸਾ ਸਿੰਘ,ਭਜਨ ਸਿੰਘ,ਕਾਲਾ ਸਿੰਘ,ਕਰਨੈਲ ਸਿੰਘ, ਤਰਸੇਮ ਸਿੰਘ, ਬੀਰਾ ਸਿੰਘ, ਧਰਮਾਂ ਸਿੰਘ, ਮਹਿਲ ਸਿੰਘ, ਜਸਬੀਰ ਸਿੰਘ, ਨਿਸਾਨ ਸਿੰਘ, ਬਗੀਚਾ ਸਿੰਘ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਨਗਰ ਕੌਂਸਲਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ

## ਮੁਕੰਮਲ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਜਲਦੀ ਤੋਂ ਜਲਦੀ ਦੇਣ ਦੇ ਨਿਰਦੇਸ਼



ਨਵਾਂਸ਼ਹਿਰ, 15 ਜਨਵਰੀ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹੇ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ ਅਤੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵਾਮਿਤਵ ਯੋਜਨਾ, ਐੱਲ.ਈ.ਡੀ. ਲਾਈਟਾਂ, ਪ੍ਰਾਪਰਟੀ ਟੈਕਸ ਦੀ ਵਸੂਲੀ, ਠੋਸ ਅਤੇ ਤਰਲ ਕੂੜਾ ਪ੍ਰਬੰਧਨ, ਸੀਵਰੇਜ ਪ੍ਰਣਾਲੀ ਅਤੇ ਵਾਟਰ ਟ੍ਰੀਟਮੈਂਟ ਪਲਾਂਟਾਂ ਦੇ ਚੱਲ ਰਹੇ ਕੰਮ, ਗ੍ਰਾਂਟ ਦੀ ਵਰਤੋਂ ਅਤੇ ਅਣ-ਅਧਿਕਾਰਤ ਉਸਾਰੀਆਂ ਦੀ ਰਿਪੋਰਟ ਆਦਿ ਵਿਕਾਸ ਕਾਰਜਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੀਟਿੰਗ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮੁਕੰਮਲ ਕੀਤੇ ਗਏ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫਿਕੇਟ ਜਲਦੀ ਤੋਂ ਜਲਦੀ ਦੇਣ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜ ਵਿੱਚ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਮੇਂ-ਸਿਰ ਕੰਮ ਪੂਰੇ ਨਾ ਕਰਨ ਵਾਲੇ ਅਧਿਕਾਰੀਆਂ ਅਤੇ ਏਜੰਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਾਰੇ ਪ੍ਰਾਜੈਕਟ ਨਿਰਧਾਰਤ ਸਮੇਂ ਅੰਦਰ ਪੂਰੇ ਕੀਤੇ ਜਾਣ ਅਤੇ ਜਮੀਨੀ ਪੱਧਰ 'ਤੇ ਨਿਯਮਤ ਨਿਗਰਾਨੀ ਯਕੀਨੀ ਬਣਾਈ ਜਾਵੇ।ਡਿਪਟੀ ਕਮਿਸ਼ਨਰ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸ਼ਹਿਰ ਵਿੱਚ ਵੱਖ-ਵੱਖ ਹੋਟਲਾਂ, ਢਾਬਿਆਂ, ਹਸਪਤਾਲਾਂ ਆਦਿ ਵਿੱਚ ਠੋਸ ਅਤੇ ਤਰਲ ਕੂੜਾ ਪ੍ਰਬੰਧਨ ਤੇ ਐਸ.ਟੀ.ਪੀ. ਜਾਂਚ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਪ੍ਰਾਪਰਟੀ ਟੈਕਸ ਦੇ ਮਿੱਥੇ ਗਏ ਟੀਚਿਆਂ ਤੋਂ ਵੱਧ ਪ੍ਰਾਪਰਟੀ ਟੈਕਸ ਇਕੱਠਾ ਕਰਨ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਸਾਫ਼-ਸੁਥਰੇ, ਸੁਵਿਧਾਜਨਕ ਅਤੇ ਸੁੰਦਰ ਸ਼ਹਿਰ ਬਣਾਉਣਾ ਪ੍ਰਸ਼ਾਸਨ ਦੀ ਪ੍ਰਾਥਮਿਕਤਾ ਹੈ ਅਤੇ ਇਸ ਲਈ ਸਾਨੂੰ ਸਾਰਿਆਂ ਨੂੰ ਇੱਕ ਟੀਮ ਦੀ ਤਰ੍ਹਾਂ ਇੱਕਜੁੱਟ ਹੋ ਕੇ ਕੰਮ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਐਲ.ਈ.ਡੀ ਲਾਈਟਾਂ ਵਿੱਚ ਵਾਧਾ ਕਰਨ ਅਤੇ ਮੁਆਇਨਾ ਕਰਨ ਦੇ ਨਿਰਦੇਸ਼ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜਿੱਥੇ ਐਲ.ਈ.ਡੀ. ਲਾਈਟ ਖਰਾਬ ਹੈ ਉਸ ਨੂੰ ਤੁਰੰਤ ਠੀਕ ਕਰਵਾਇਆ ਜਾਵੇ ਅਤੇ ਹਨੇਰੇ ਵਾਲੇ ਇਲਾਕੇ/ਥਾਂਵਾਂ 'ਤੇ ਐਲ.ਈ.ਡੀ. ਲਾਈਟ ਲਗਾਈ ਜਾਵੇ ਇਸ ਮੌਕੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਇਨਫੇਸਿਸ ਵੱਲੋਂ 15 ਰੋਜ਼ਾ ਬੈਂਕਿੰਗ ਟ੍ਰੇਨਿੰਗ ਸ਼ੁਰੂ



ਅੰਮ੍ਰਿਤਸਰ, 15 ਜਨਵਰੀ (ਬਬਲੂ ਮਹਾਜਨ):ਸਥਾਨਕ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਇੱਕ ਅਹਿਮ ਕਦਮ ਚੁੱਕਿਆ ਗਿਆ ਹੈ। ਕਾਲਜ ਵੱਲੋਂ 93" ਜੰਮੂ ਨਾਲ ਕੀਤੇ ਗਏ ਵਿਸ਼ੇਸ਼ ਸਮਝੌਤੇ ਤਹਿਤ, ਕਾਮਰਸ ਅਤੇ ਆਰਟਸ ਵਿਭਾਗ ਦੇ ਤੀਜੇ ਸਾਲ ਦੇ ਵਿਦਿਆਰਥੀਆਂ ਲਈ ਪ੍ਰੀਮੀਅਰ ਬੈਂਕਿੰਗ ਵਿਸ਼ੇ 'ਤੇ 15 ਦਿਨਾਂ ਦੀ ਸਿਖਲਾਈ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ। ਇਹ ਟ੍ਰੇਨਿੰਗ ਪ੍ਰਸਿੱਧ ਆਈ.ਟੀ. ਕੰਪਨੀ ਇਨਫੇਸਿਸ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ।ਟ੍ਰੇਨਿੰਗ ਦੇ ਪਹਿਲੇ ਦਿਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੰਪਿਊਟਰ ਸਾਇੰਸ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ. ਇਕਵਿੰਦਰਪਾਲ ਸਿੰਘ ਨੇ ਕਿਹਾ ਕਿ ਅੱਜ ਦੇ ਮੁਕਾਬਲੇਬਾਜ਼ੀ ਵਾਲੇ ਯੁੱਗ ਵਿੱਚ ਅਜਿਹੀਆਂ ਟ੍ਰੇਨਿੰਗਾਂ ਵਿਦਿਆਰਥੀਆਂ ਲਈ ਨੌਕਰੀ ਦੇ ਰਾਹ ਪੱਧਰੇ ਕਰਦੀਆਂ ਹਨ। ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਿਰਫ਼ ਡਿਗਰੀ ਹਾਸਲ ਕਰਨਾ ਹੀ ਕਾਫ਼ੀ ਨਹੀਂ ਹੈ, ਸਗੋਂ ਕਾਰਪੋਰੇਟ ਜਗਤ ਦੀਆਂ ਮੌਜੂਦਾ ਲੋੜਾਂ ਅਤੇ ਵਿਸ਼ਿਆਂ ਦੀ ਪ੍ਰੈਕਟੀਕਲ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਉਮੀਦ ਜਤਾਈ ਕਿ ਇਹ 15 ਦਿਨਾਂ ਦਾ ਪ੍ਰੋਗਰਾਮ ਵਿਦਿਆਰਥੀਆਂ ਦੇ ਹੁਨਰ ਨੂੰ ਨਿਖਾਰਨ ਵਿੱਚ ਮੱਦਦਗਾਰ ਸਾਬਤ ਹੋਵੇਗਾ।ICT ਜੰਮੂ ਤੋਂ ਪਹੁੰਚੇ ਲਵਤੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਸਫ਼ਲਤਾ ਦਾ ਮੰਤਰ ਦਿੰਦਿਆਂ ਕਿਹਾ ਕਿ ਸਮੇਂ ਦੀ ਪਾਬੰਦੀ ਅਤੇ ਅਨੁਸ਼ਾਸਨ ਹੀ ਜੀਵਨ ਵਿੱਚ ਉੱਚੀਆਂ ਮੰਜ਼ਿਲਾਂ ਤੱਕ ਪਹੁੰਚਣ ਦਾ ਸਹੀ ਰਸਤਾ ਹੈ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਲੱਗਭੱਗ 65 ਵਿਦਿਆਰਥੀ ਹਿੱਸਾ ਲੈ ਰਹੇ ਹਨ, ਜਿਨ੍ਹਾਂ ਨੂੰ ਮੁੱਖ ਟ੍ਰੇਨਰ ਸ੍ਰੀ ਅਰੁਨ ਮਿਸ਼ਰਾ ਬੈਂਕਿੰਗ ਖੇਤਰ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇਣਗੇ। ਪਹਿਲੇ ਦਿਨ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਉਨ੍ਹਾਂ ਨੇ ਬਹੁਤ ਹੀ ਉਤਸੁਕਤਾ ਨਾਲ ਟ੍ਰੇਨਰ ਨਾਲ ਵਿਚਾਰਾਂ ਦੀ ਸਾਂਝ ਪਾਈ।ਇਸ ਮੌਕੇ ਡਾ ਗੁਰਜੰਟ ਸਿੰਘ, ਪ੍ਰੋ ਸੁਖਮਨੀ ਕੌਰ ਅਤੇ ਪ੍ਰੋ ਮੋਨਾ ਹਾਜ਼ਰ ਸਨ।

# ਪ੍ਰਿੰ. ਸੰਧੂ ਨੂੰ ਦਿੱਤੀਆਂ ਮੁਬਾਰਕਾਂ



ਬਟਾਲਾ,15 ਜਨਵਰੀ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਬੀਤੇ ਦਿਨੀਂ ਮੈਰੀਗੋਲਡ ਪਬਲਿਕ ਸਕੂਲ ਅਲੀਵਾਲ ਦੇ ਪ੍ਰਿੰਸੀਪਲ ਹਰਪਿੰਦਰਪਾਲ ਸਿੰਘ ਸੰਧੂ ਨੂੰ ਆਮ ਆਦਮੀ ਪਾਰਟੀ ਵੱਲੋਂ ਮਾਝਾ ਜ਼ੋਨ ਦਾ ਸਿੱਖਿਆ ਇੰਚਾਰਜ ਬਣਾਇਆ ਗਿਆ। ਜਿਸ ਦੀ ਖ਼ਬਰ ਸੁਣਦਿਆਂ ਹੀ ਪੂਰੇ ਹਲਕੇ 'ਚ ਖ਼ੁਸ਼ੀ ਦੀ ਲਹਿਰ ਫੈਲ ਗਈ ਤੇ ਉਹਨਾਂ ਨੂੰ ਵਧਾਈਆਂ ਮਿਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸੇ ਸਿਲਸਲੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਤੇ ਸੀਨੀਅਰ ਆਪ ਆਗੂ ਗੁਰਵਿੰਦਰ ਸਿੰਘ ਕੋਟਲਾ ਬਾਮਾ ਵੀ ਪ੍ਰਿੰਸੀਪਲ ਹਰਪਿੰਦਰਪਾਲ ਸਿੰਘ ਸੰਧੂ ਨੂੰ ਵਧਾਈਆਂ ਦੇਣ ਲਈ ਪੁੱਜੇ ਤੇ ਅਹੁਦੇ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਅਨਮੋਲ ਰੰਧਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਲਖਵਿੰਦਰ ਸਿੰਘ ਬੱਦੋਵਾਲ, ਕੈਪਟਨ ਸਿੰਘ ਸੁੰਡਲ, ਗੁਰਪ੍ਰੀਤ ਸਿੰਘ, ਜਤਿੰਦਰ ਵਿਰਕ, ਅਤੇ ਬਲਕਾਰ ਸਿੰਘ ਹਾਜ਼ਰ ਸਨ ।

# 336 ਗੱਟੂ ਚਾਈਨਾ ਡੋਰ ਦੇ ਬਰਾਮਦ

ਹਰਿਆਣਾ, 15 ਜਨਵਰੀ (ਕਮਲ):ਬਸੰਤ ਪੰਚਮੀ ਦੇ ਸਬੰਧ ਵਿੱਚ ਧੜੱਲੇ ਨਾਲ ਚੱਲ ਰਹੀ ਚਾਈਨਾ ਡੋਰ ਦੀ ਵਿਕਰੀ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਐੱਸ ਐੱਸ ਪੀ ਸੰਦੀਪ ਮਲਿਕ ਹੁਸ਼ਿਆਰਪੁਰ ਦੇ ਨਿਰਦੇਸ਼ਾਂ ਅਧੀਨ ਅੱਜ ਸ਼ਪੈਸਲ ਬ੍ਰਾਂਚ ਹੁਸ਼ਿਆਰਪੁਰ ਵੱਲੋਂ ਚਾਈਨਾ ਡੋਰ ਦੀ ਵਿਕਰੀ ਕਰਨ ਵਾਲਿਆਂ 'ਤੇ ਕਾਰਵਾਈ ਕਰਦਿਆਂ ਕਸਬਾ ਹਰਿਆਣਾ ਜੀਜੀਡੀਐੱਸ ਡੀ ਕਾਲਜ ਵਾਲੀ ਗਲੀ ਵਿੱਚ ਸਟੋਰ ਕੀਤੇ ਚਾਈਨਾ ਡੋਰ ਦੇ 336 ਗੱਟੂ ਬਰਾਮਦ ਕੀਤੇ ਗਏ ਹਨ ।ਜਾਣਕਾਰੀ ਮੁਤਾਬਕ ਸ਼ਪੈਸਲ ਬ੍ਰਾਂਚ ਹੁਸ਼ਿਆਰਪੁਰ ਵੱਲੋਂ ਗੁਪਤ ਸੂਚਨਾ ਦੇ ਅਧਾਰ 'ਤੇ ਅੱਜ ਹਰਿਆਣਾ ਵਿਖੇ ਛਾਪੇਮਾਰੀ ਕੀਤੀ ਗਈ। ਉਨ੍ਹਾਂ ਵੱਲੋਂ ਸਟੋਰ ਕੀਤੇ ਚਾਈਨਾ ਡੋਰ ਦੇ ਗੱਟੂ ਬ੍ਰਾਮਦ ਕਰਕੇ ਥਾਣਾ ਹਰਿਆਣਾ ਦੇ ਐੱਸ.ਐੱਚ.ਓ.ਕਿਰਨ ਸਿੰਘ ਦੇ ਹਵਾਲੇ ਕੀਤੇ ਗਏ। ਚਾਈਨਾ ਡੋਰ ਦੀ ਵਿਕਰੀ ਕਰਨ ਵਾਲੇ ਵਿਅਕਤੀ ਦੀ ਪਹਿਚਾਣ ਰਾਕੇਸ਼ ਕੁਮਾਰ ਉਰਫ ਰਾਜੂ ਜੋ ਕਿ ਕਸਬਾ ਹਰਿਆਣਾ ਦੇ ਠਠਿਆਰਾਂ ਬਾਜ਼ਾਰ ਵਿੱਚ ਪਤੰਗਾਂ ਦੀ ਦੁਕਾਨ ਕਰਦਾ ਹੈ। ਜਿਸ ਵੱਲੋਂ ਕਾਲਜ ਹਰਿਆਣਾ ਦੇ ਪਿੱਛੇ ਇੱਕ ਬਣਾਏ ਗੋਦਾਮ ਵਿੱਚ ਭਾਰੀ ਗਿਣਤੀ 'ਚ ਚਾਈਨਾ ਡੋਰ ਰੱਖੀ ਹੋਈ ਹੈ। ਪੁਲਿਸ ਨੇ ਤੁਰੰਤ ਡੋਰ ਨੂੰ ਜ਼ਬਤ ਕਰ ਲਿਆ ਅਤੇ ਮੁਲਜ਼ਮ ਖ਼ਿਲਾਫ਼ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਥਾਣਾ ਹਰਿਆਣਾ ਦੇ ਐੱਸ ਐੱਚ.ਓ ਕਿਰਨ ਸਿੰਘ ਨੇ ਕਿਹਾ ਕਿ ਚਾਈਨਾ ਡੋਰ ਬੇਹੱਦ ਖ਼ਤਰਨਾਕ ਹੁੰਦੀ ਹੈ, ਜਿਸ ਨਾਲ ਹਰ ਸਾਲ ਕਈ ਨਿਰਦੋਸ਼ ਲੋਕ ਜ਼ਖ਼ਮੀ ਹੋ ਜਾਂਦੇ ਹਨ ਅਤੇ ਕਈ ਵਾਰ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਖ਼ਾਸ ਕਰਕੇ ਦੋਪਹੀਆ ਵਾਹਨ ਚਾਲਕ, ਪੈਦਲ ਯਾਤਰੀ ਅਤੇ ਬੱਚੇ ਇਸ ਦਾ ਆਸਾਨੀ ਨਾਲ ਸ਼ਿਕਾਰ ਬਣ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਚਾਈਨਾ ਡੋਰ ਵੇਚਣ ਜਾਂ ਵਰਤਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਹਰਿਆਣਾ ਪੁਲਿਸ ਦੀ ਇਹ ਮੁਹਿੰਮ ਅੱਗੇ ਵੀ ਲਗਾਤਾਰ ਜਾਰੀ ਰਹੇਗੀ।

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਧਾਰਮਿਕ ਸਮਾਗਮ 20 ਤੋਂ 24 ਤੱਕ: ਭਾਈ ਹਰਵਿੰਦਰ ਪਾਲ ਲਿਟਲ ਵੀਰ



ਅੰਮ੍ਰਿਤਸਰ, 15 ਜਨਵਰੀ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਾਵਨ ਜਨਮ ਦਿਹਾੜੇ ਦੇ ਆਗਮਨ ਮੌਕੇ ਪੰਜ ਰੋਜ਼ਾ ਵਿਸ਼ੇਸ਼ ਅੰਮ੍ਰਿਤ ਵੇਲਾ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਜੀ 'ਲਿਟਲ ਵੀਰ' ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ।ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ ਵੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਅੰਮ੍ਰਿਤ ਵੇਲਾ ਸਮਾਗਮ 20 ਜਨਵਰੀ ਤੋਂ 24 ਜਨਵਰੀ ਤੱਕ ਸ਼ਾਮ 5 ਤੋਂ 7 ਵਜੇ ਤੱਕ ਵੱਖ-ਵੱਖ ਸਥਾਨਾਂ 'ਤੇ ਹੋਣਗੇ। ਸਮਾਗਮਾਂ ਦੀ ਸ਼ੁਰੂਆਤ 20 ਜਨਵਰੀ ਦਿਨ ਮੰਗਲਵਾਰ ਨੂੰ ਸਰਦਾਰ ਸਵਰਾਜ ਸਿੰਘ, ਗਰੀਨ ਐਵਨਿਊ ਵਿਖੇ ਕੀਤੀ ਜਾਵੇਗੀ। 21 ਜਨਵਰੀ ਨੂੰ ਸਰਬਜੀਤ ਸਿੰਘ, ਸ਼ਾਸਤਰੀ ਨਗਰ, ਲਾਰੇਂਸ਼ ਰੋਡ ਵਿਖੇ ਅੰਮ੍ਰਿਤ ਵੇਲਾ ਸਮਾਗਮ ਹੋਵੇਗਾ।ਉਨ੍ਹਾਂ ਅੱਗੇ ਦੱਸਿਆ ਕਿ 22 ਜਨਵਰੀ ਨੂੰ ਜਗਮੋਹਨ ਸਿੰਘ ਅਤੇ ਮਨਜੀਤ ਸਿੰਘ ਦੀ ਰਹਾਇਸ਼, ਗਲੀ ਹੀਰਾ ਚੌਧਰੀ, ਗੁਰਦੁਆਰਾ ਸ਼ਹੀਦਾ ਸਾਹਿਬ ਦੇ ਨੇੜੇ ਸਮਾਗਮ ਕਰਵਾਇਆ ਜਾਵੇਗਾ। 23 ਜਨਵਰੀ ਨੂੰ ਬਾਬਾ ਦੀਪ ਸਿੰਘ ਐਜੂਕੇਸ਼ਨ ਸੋਸਾਇਟੀ ਵੱਲੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ, ਰਣਜੀਤ ਐਵਨਿਊ ਵਿਖੇ ਵਿਸ਼ੇਸ਼ ਅੰਮ੍ਰਿਤ ਵੇਲਾ ਸਮਾਗਮ ਹੋਵੇਗਾ। ਪੰਜ ਰੋਜ਼ਾ ਸਮਾਗਮਾਂ ਦੀ ਸਮਾਪਤੀ 24 ਜਨਵਰੀ ਨੂੰ ਡਾਕਟਰ ਸਰਦਾਰ ਕਰਤਾਰ ਸਿੰਘ, 485 ਈਸਟ ਮੋਹਨ ਨਗਰ ਵਿਖੇ ਕੀਤੀ ਜਾਵੇਗੀ।ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਕੇ ਬਾਬਾ ਦੀਪ ਸਿੰਘ ਜੀ ਦੀ ਬਖ਼ਸ਼ਿਸ਼ ਅਤੇ ਖੁਸ਼ੀਆਂ ਪ੍ਰਾਪਤ ਕਰਨ।ਇਸ ਮੌਕੇ ਜਗਮੋਹਨ ਸਿੰਘ ਟਰੱਸਟੀ ਡਾਕਟਰ ਜੇ ਐਸ਼ ਖਾਲਸਾ ਮੇਨੇਜ਼ਰ ਪਰਮਜੀਤ ਦਲਬੀਰ ਸਿੰਘ ਓਂਕਾਰ ਸਿੰਘ ਪੱਪੂ ਵੀਰ ਹਰਿੰਦਰ ਸਿੰਘ ਗੋਲਡੀ ਸੁਰਿੰਦਰ ਸਿੰਘ ਰਿੰਕੂ ਗਗਨਦੀਪ ਸਿੰਘ ਭੂਪਿੰਦਰ ਸਿੰਘ ਰਾਜੂ ਕਵਲਜੀਤ ਸਿੰਘ ਭਾਟੀਆ ਸਰਵਿੰਦਰ ਪਾਲ ਸਿੰਘ ਕਾਲੂ ਮਨਪ੍ਰੀਤ ਸਿੰਘ ਗੁਰਪ੍ਰੀਤ ਸਿੰਘ ਚਾਹਤ ਅਤੇ ਹੋਰ ਮੈਂਬਰ ਹਾਜ਼ਰ ਸਨ।

# ਹੈਪੀ ਸੀਡਰ ਤਕਨੀਕ ਨਾਲ ਕਣਕ ਦੀ ਸਿੱਧੀ ਬਿਜਾਈ ਸਬੰਧੀ ਦੌਰਾ




ਮਾਹਿਲਪੁਰ, 15 ਜਨਵਰੀ (ਰਵੀ ਬੱਗਾ): ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਜ਼ਿਲ੍ਹਾ ਪੱਧਰੀ ਪਸਾਰ ਅਦਾਰੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਪਰਾਲੀ ਵਿੱਚ ਹੈਪੀ ਸੀਡਰ ਤਕਨੀਕ ਨਾਲ ਕਣਕ ਦੀ ਸਿੱਧੀ ਬਿਜਾਈ ਸਬੰਧੀ ਪਿੰਡ ਠੀਂਡਾ, ਬਲਾਕ ਮਾਹਿਲਪੁਰ ਵਿਖੇ ਵਿੱਦਿਅਕ ਦੌਰਾ ਕੀਤਾ ਗਿਆ। ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਿੰਦਰ ਸਿੰਘ ਬੌਂਸ ਨੇ ਮੌਜੂਦ ਕਿਸਾਨਾਂ ਨੂੰ ਜੀ ਆਇਆਂ ਕਿਹਾ ਅਤੇ ਖੇਤ ਦੀ ਮਿੱਟੀ ਨੂੰ ਪੌਸ਼ਟਿਕ ਤੱਤਾਂ ਦਾ ਬੈਂਕ ਦੱਸਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾ ਕੇ ਅਸੀਂ ਇਸ ਨੂੰ ਖਾਲੀ ਨਾ ਕਰੀਏ, ਕਿਉਂਕਿ ਖ਼ਾਦਾਂ ਦਾ ਇਕ ਤਿਹਾਈ ਹਿੱਸਾ ਪਰਾਲੀ ਵਿਚ ਹੁੰਦਾ ਹੈ, ਜੋ ਅੱਗ ਲਗਾਉਣ ਨਾਲ ਇਸਦੇ ਨਾਲ ਹੀ ਨਸ਼ਟ ਹੋ ਜਾਂਦਾ ਹੈ।ਇਸ ਮੌਕੇ ਕਿਸਾਨਾਂ ਦੀ ਜਾਣਕਾਰੀ ਵਿੱਚ ਵਾਧੇ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਵੱਲੋਂ ਵੱਖ-ਵੱਖ ਤਕਨੀਕੀ ਲੈਕਚਰ ਦਿੱਤੇ ਗਏ। ਇਸ ਤਕਨੀਕ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਡਾ. ਅਜੈਬ ਸਿੰਘ ਨੇ ਦੱਸਿਆ ਕਿ ਹੈਪੀ ਸੀਡਰ ਮਸ਼ੀਨ ਸਿਰਫ ਫਾਲਿਆਂ ਦੇ ਸਾਹਮਣੇ ਆਉਣ ਵਾਲੀ ਪਰਾਲੀ ਨੂੰ ਕੱਟਦੀ ਹੈ ਅਤੇ ਪਰਾਲੀ ਨੂੰ ਜ਼ਮੀਨ ਦੀ ਸਤਿਹ ਉੱਪਰ ਮੱਲਚ ਬਣਾ ਕੇ ਛੱਡਦੀ ਹੈ।ਇਹ ਮਸ਼ੀਨ ਪਰਾਲੀ ਸਾਂਭਣ ਵਾਲਾ ਰੋਟਰ ਅਤੇ ਜ਼ੀਰੋ ਟਿਲ ਡਰਿੱਲ ਮਸ਼ੀਨ ਦਾ ਸੁਮੇਲ ਹੈ, ਜਿਸ ਵਿਚ ਰੋਟਰ ਝੋਨੇ ਦੀ ਪਰਾਲੀ ਦੀ ਯੋਗ ਵਿਵਸਥਾ ਲਈ ਅਤੇ ਡਰਿਲ ਕਣਕ ਦੀ ਬਿਜਾਈ ਲਈ ਲੱਗੀ ਹੋਈ ਹੈ। ਉਨ੍ਹਾਂ ਦੱਸਿਆ ਕਿ ਹੈਪੀ ਸੀਡਰ ਮਸ਼ੀਨ 50 ਹਾਰਸ ਪਾਵਰ ਟਰੈਕਟਰ ਨਾਲ ਚੱਲਦੀ ਹੈ ਅਤੇ ਇਕ ਦਿਨ ਵਿਚ ਤਕਰੀਬਨ 6-8 ਏਕੜ ਰਕਬੇ ਵਿੱਚ ਬਿਜਾਈ ਕਰ ਦਿੰਦੀ ਹੈ। ਸਹਿਯੋਗੀ ਪ੍ਰੋਫੈਸਰ (ਪਸ਼ੂ ਵਿਗਿਆਨ) ਡਾ. ਪਰਮਿੰਦਰ ਸਿੰਘ ਨੇ ਝੋਨੇ ਦੀ ਪਰਾਲੀ ਦੀ ਪਸ਼ੂ ਖੁਰਾਕ ਵਜੋਂ ਵਰਤੋਂ ਤੇ ਦੁਧਾਰੂ ਪਸ਼ੂਆਂ ਦੀ ਸਰਦੀ ਵਿੱਚ ਸਾਂਭ-ਸੰਭਾਲ ਬਾਬਤ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਪਿੰਡ ਠੀਂਡਾ ਤੋਂ ਸਰਪੰਚ ਹਰਪ੍ਰੀਤ ਸਿੰਘ, ਉਂਕਾਰ ਸਿੰਘ, ਕੁਲਵੀਰ ਸਿੰਘ, ਬਲਜੀਤ ਸਿੰਘ, ਦਲਵਿੰਦਰ ਸਿੰਘ, ਹਰਜੀਤ ਸਿੰਘ, ਮਨਜੀਤ ਸਿੰਘ, ਮਹਿੰਦਰ ਸਿੰਘ ਅਤੇ ਪਿੰਡ ਕੋਟਲਾ ਤੋਂ ਸ. ਦਲੇਰ ਸਿੰਘ ਆਦਿ ਅਗਾਂਹਵਧੂ ਕਿਸਾਨ ਮੌਜੂਦ ਸਨ।

# ਵੱਖ-ਵੱਖ ਸ਼ਖਸੀਅਤਾਂ ਡਾ. ਗੁਪਤਾ ਦੇ ਘਰ ਉਨ੍ਹਾਂ ਦੀ ਪਤਨੀ ਦੇ ਦੇਹਾਂਤ'ਤੇ ਦੁੱਖ ਪ੍ਰਗਟ ਕਰਨ ਲਈ ਪਹੁੰਚੀਆਂ



ਅੰਮ੍ਰਿਤਸਰ, 15 ਜਨਵਰੀ, (ਗੁਰਦਿਆਲ ਸਿੰਘ/ਬਬਲੂ ਮਹਾਜਨ) ਅੰਮ੍ਰਿਤਸਰ ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਦੀ ਪਤਨੀ ਰੇਣੂ ਗੁਪਤਾ ਦਾ ਲੰਬੀ ਬਿਮਾਰੀ ਤੋਂ ਬਾਅਦ 13 ਜਨਵਰੀ ਦੀ ਰਾਤ ਨੂੰ ਦੇਹਾਂਤ ਹੋ ਗਿਆ। ਸਵਰਗੀ ਰੇਣੂ ਗੁਪਤਾ ਦਾ ਅੰਤਿਮ ਸੰਸਕਾਰ 14 ਜਨਵਰੀ ਨੂੰ ਦੁਰਗਿਆਣਾ ਸ਼ਿਵਪੁਰੀ ਵਿੱਚ ਕੀਤਾ ਗਿਆ। ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਵੱਡੀ ਗਿਣਤੀ ਵਿੱਚ ਪ੍ਰਤੀਨਿਧੀ ਅੱਜ ਵਿਧਾਇਕ ਡਾ. ਅਜੇ ਗੁਪਤਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਉਨ੍ਹਾਂ ਦੇ ਘਰ ਜਾ ਕੇ ਡੂੰਘਾ ਦੁੱਖ ਪ੍ਰਗਟ ਕਰਨ ਲਈ ਪਹੁੰਚੇ।ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਵਿੰਦਰ ਜੀਤ ਸਿੰਘ, ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ, ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ, ਸਾਬਕਾ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਅਤੇ ਹੋਰਾਂ ਨੇ ਅੱਜ ਵਿਧਾਇਕ ਡਾ. ਅਜੇ ਗੁਪਤਾ ਦੇ ਕੈਨਾਲ ਕਲੋਨੀ ਸਥਿਤ ਘਰ ਜਾ ਕੇ ਦੁੱਖ ਪ੍ਰਗਟ ਕੀਤਾ।ਸਵਰਗੀ ਰੇਣੂ ਗੁਪਤਾ ਦੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਸ਼ਰਧਾਂਜਲੀ ਭੇਟ ਕਰਨ ਅਤੇ ਪ੍ਰਾਰਥਨਾ ਕਰਨ ਲਈ ਇੱਕ ਪ੍ਰਾਰਥਨਾ ਸਭਾ ਸ਼ੁੱਕਰਵਾਰ, 16 ਜੁਲਾਈ ਨੂੰ ਦੁਪਹਿਰ 2:00 ਵਜੇ ਤੋਂ 3:00 ਵਜੇ ਤੱਕ ਮਾਲੀਬੂ ਗਾਰਡਨ, ਵੇਰਕਾ-ਮਜੀਠਾ ਬਾਈਪਾਸ ਰੋਡ, ਅੰਮ੍ਰਿਤਸਰ ਵਿਖੇ ਹੋਵੇਗੀ।

# ਕੰਡੀ ਨਿਵਾਸੀਆਂ ਨੇ ਰੁਜ਼ਗਾਰ ਤੇ ਵਿਕਾਸ ਲਈ ਮੰਗ ਪੱਤਰ ਸੌਂਪਿਆ

ਗੜ੍ਹਦੀਵਾਲਾ, 15 ਜਨਵਰੀ (ਗੌਰਵ): ਕੰਡੀ ਨਿਵਾਸੀਆਂ ਦੇ ਰੁਜ਼ਗਾਰ ਅਤੇ ਇਲਾਕਾ ਨਿਵਾਸੀਆਂ ਦੇ ਵਿਕਾਸ ਲਈ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਹਲਕਾ ਉੜਮੁੜ ਨੂੰ ਮੰਗ ਪੱਤਰ ਸੌਂਪਿਆ ਗਿਆ। ਇਲਾਕਾ ਨਿਵਾਸੀਆਂ ਨੇ ਕਿਹਾ ਕਿ ਅਸੀਂ ਆਸ ਕਰਦੇ ਹਾਂ ਪੰਜਾਬ ਸਰਕਾਰ ਇਹ ਸਾਰੀਆਂ ਮੰਗਾ ਹੱਲ ਕਰੇਗੀ।**ਨੌਜਵਾਨਾਂ ਨੂੰ ਰੁਜ਼ਗਾਰ ਦੇਣ ਸਬੰਧੀ ਬੇਨਤੀ**:ਡੀ ਲਿਸਟਡ ਕੰਡੀ ਦੇ ਹਰ ਪਿੰਡ ਲਈ ਪੰਜ ਏਕੜ ਪੰਚਾਇਤੀ ਜਮੀਨ ਕੀਤੀ ਜਾਵੇ ਅਤੇ ਬਿਨਾਂ ਪ੍ਰਦੂਸ਼ਣ ਰਹਿਤ ਕਾਰਖਾਨੇ ਲਗਾਉਣ ਲਈ ਲੋਨ ਦਾ ਪ੍ਰਬੰਧ ਸਰਕਾਰ ਕਰੇ ਤਾਂ ਜੋ ਬੇਰੁਜ਼ਗਾਰ ਨੌਜਵਾਨਾ ਨੂੰ ਰੁਜ਼ਗਾਰ ਮਿਲ ਸਕੇ।**ਸਿਹਤ ਸੇਵਾਵਾ ਲਈ ਬੇਨਤੀ**:ਕੰਡੀ ਇਲਾਕਾ ਪਿੰਡ ਮਨਹੋਤਾ ਆਦਿ ਪਿੰਡਾ ਦੇ ਨਜਦੀਕ ਦੱਸ ਕਿਲੋ ਮੀਟਰ ਦੇ ਅੰਦਰ ਕੋਈ ਸਰਕਾਰੀ/ਪ੍ਰਾਈਵੇਟ ਹਸਪਤਾਲ ਨਹੀ ਹੈ। ਸੱਪਾ/ਜੰਗਲੀ ਜਾਨਵਰਾਂ ਦਾ ਏਰੀਆ ਹੈ ਦੂਰ ਦੁਰਾਡੇ ਨਾ ਪਹੁੰਚ ਕਾਰਣ ਮਰੀਜਾ ਦੀ ਮੌਤ ਦਰ ਜ਼ਿਆਦਾ ਹੈ, ਘੱਟ ਤੋਂ ਘੱਟ ਦੱਸ ਜਾਂ ਵੀਹ ਬੈੱਡ ਦਾ ਹਸਪਤਾਲ ਦਿੱਤਾ ਜਾਵੇ।**ਹਵਾ ਪਾਣੀ ਨੂੰ ਸ਼ੁੱਧ ਰੱਖਣ ਲਈ ਬੇਨਤੀ**:ਪਿੰਡਾ ਲਈ ਵੀਹ ਏਕੜ ਪੰਚਾਇਤੀ /ਸਰਕਾਰੀ ਜ਼ਮੀਨ ਡੀ ਲਿਸਟਿੱਡ ਕਰਕੇ ਸਰਕਾਰ ਪੁਰਾਣੇ ਦਰਖਤ ਬੋਹੜ ਪਿੱਪਲ ਅੰਬ ਆਕਸੀਜਨ ਦੇਣ ਵਾਲੇ ਦਰਖਤਾ ਦੀ ਨਾਨਕ ਬੈਗੀਚੀ ਲਗਾਉਣ ਦਾ ਪ੍ਰਬੰਧ ਕਰੇ।**ਸਿੱਖਿਆ ਦਾ ਪ੍ਰਬੰਧ ਕਰਨ ਵਾਰੇ ਬੇਨਤੀ**: ਮਹਾਰਾਜਾ ਰਣਜੀਤ ਸਿੰਘ ਦੀ ਸੋਚ ਨੂੰ ਵਧਾਉਣ ਲਈ ਕੰਡੀ ਦੇ ਬੱਚਿਆਂ ਦੇ ਵਿਕਾਸ ਲਈ ਵਧਿਆ ਨਵੀਂ ਟੈਕਨੋਲਜੀ ਡਿਪਲੋਮਾ ਆਈ.ਟੀ.ਆਈ ਆਦਿ ਨਾਲ ਸਬੰਧਤ ਕਾਲਜ ਦਿੱਤਾ ਜਾਵੇ।**ਜੰਗਲੀ ਜਾਨਵਰਾਂ ਤੋਂ ਫਸਲਾਂ ਦੇ ਬਚਾਅ ਸਬੰਧੀ ਬੇਨਤੀ**:ਫਸਲ/ਦਰਖਤਾ ਨੂੰ ਜੰਗਲੀ ਜਾਨਵਰ ਖਰਾਬ ਕਰ ਦਿੰਦੇ ਹਨ। ਫਸਲ 10 % ਹੀ ਜ਼ਿਮੀਂਦਾਰਾਂ ਦੇ ਪੱਲੇ ਪੈਂਦੀ ਹੈ। ਕੰਡੀ ਨਿਵਾਸੀਆਂ ਨੂੰ ਆਪਣੇ ਖੇਤਾਂ ਦੁਆਲੇ ਜਾਲ ਲਗਾਉਣ ਲਈ ਸਮੇਤ ਲੇਬਰ ਸਰਕਾਰ ਸਬਸਿਟੀ ਦਾ ਪ੍ਰਬੰਧ 80 % ਕਰੇ। :ਇਲਾਕਾ ਕੁਦਰਤੀ ਉੱਚਾ ਨੀਵਾ ਬਹੁੱਤ ਜ਼ਿਆਦਾ ਹੈ ਫਸਲਾਂ/ ਦਰੱਖਤਾਂ ਨੂੰ ਪਾਣੀ ਦੇਣਾ ਅਤਿ ਮੁਸ਼ਕਿਲ ਕੰਮ ਹੈ। ਸਰਕਾਰ ਸਪੈਸ਼ਲ ਪਾਵਰਾ ਵਰਤ ਕੇ ਕੰਡੀ ਲਈ ਟਿਊਵੈਲ ਕਨੈਕਸ਼ਨ ਜਾਰੀ ਕਰੇ ਅਤੇ ਅਗਾਹ ਪਾਣੀ ਦੀ ਵਰਤੋਂ ਲਈ ਸਪਰਿੰਕਲ/ ਫੁਆਰਾ ਸਿਸਟਮ ਪਾਉਣ ਲਈ 90 % ਸਬਸਿਟੀ ਦਾ ਪ੍ਰਬੰਧ ਕਰੇ। **ਲੋਰ ਪਲਾਟ ਹਰ ਘਰ ਵਿੱਚ ਲਗਾਉਣ ਵਾਰੇ ਬੇਨਤੀ**:ਕੰਡੀ ਸੰਘਣੇ ਦਰਖਤਾ ਵਾਲਾ ਇਲਾਕਾ ਹੈ ਫਾਲਟ ਦੌਰਾਨ ਹਫਤਾ ਕਈ ਵਾਰ ਲਾਇਟ ਨਹੀਂ ਆਉਂਦੀ। ਕੰਢੀ ਦੇ ਹਰ ਪਿੰਡ ਦੇ ਹਰੇਕ ਘਰ ਦੀ ਛੱਤ ਉੱਪਰ ਸੋਲਰ ਲਗਾਉਣ ਦਾ ਵਰਕ ਸਰਕਾਰ ਆਪਣੇ ਪੱਧਰ 'ਤੇ ਕਰਾਵੇ। ਸਪੈਸ਼ਲ ਪਿੰਡ ਕਟੋਹੜ ਤੋਂ ਲੈ ਕਿ ਪਿੰਡ ਰਾਮਟੂਟਵਾਲੀ ਡਿਫੈਸ ਰੋਡ ਤੱਕ ਸੋਲਰ ਲਾਇਟਾ ਲਗਾਇਆ ਜਾਣ ਤਾ ਜੋ ਪਿੰਡਾਂ ਦੀ ਪਬਲਿਕ ਇਸ ਰਸਤੇ ਨੂੰ ਸੈਰ ਲਈ ਵਰਤ ਸਕਣ ਜੰਗਲੀ ਜਾਨਵਰਾਂ ਦੇ ਖਤਰੇ ਕਾਰਣ ਲਾਈਟਾਂ ਜਰੂਰੀ ਹਨ।**ਟੋਲ ਟੈਕਸ ਲਗਾਉਣ ਬਾਰੇ ਬੇਨਤੀ**:ਹਿਮਾਚਲ ਸਰਕਾਰ ਦਾ ਬਾਡਰ ਕਰੋਸ ਕਰਨ ਸਮੇ ਬਾਹਰ ਦੀਆ ਸਟੇਟਾਂ ਦੀਆਂ ਗੱਡੀਆਂ ਤੋਂ ਟੋਲ ਟੈਕਸ ਵਸੂਲ ਕਰਦੀ ਹੈ। ਕੰਡੀ ਦੇ ਪਿੰਡਾਂ ਤੋਂ ਜਿਹਨਾਂ ਰਸਤਿਆਂ ਤੋਂ ਹਿਮਾਚਲ ਵੱਲੋਂ ਆਉਣ ਵਾਲੀਆਂ ਗੱਡੀਆਂ ਦੀ ਪਹੁੰਚ ਹੈ, ਪੰਜਾਬ ਸਰਕਾਰ ਟੋਲ ਟੈਕਸ ਲਗਾਵੇ ਜਾਂ ਪੰਚਾਇਤ ਨੂੰ ਟੋਲ ਟੈਕਸ ਲਗਾਉਣ ਦਾ ਅਧਿਕਾਰ ਦਿੱਤਾ ਜਾਵੇ ਅਤੇ ਇਸ ਆਉਣ ਵਾਲੇ ਫੰਡ ਨੂੰ ਕੰਡੀ ਦੇ ਪਿੰਡਾਂ ਦੇ ਵਿਕਾਸ ਲਈ ਵਰਤਿਆ ਜਾਵੇ।**ਖਾਲੀ ਪੋਸਟਾਂ ਭਰਨ ਬਾਰੇ ਬੇਨਤੀ**:ਮਹਾਰਾਣਾ ਪ੍ਰਤਾਪ ਕਾਲਜ ਢੋਲਬਾਹਾ ਵਿਖੇ ਸਟਾਫ ਦੀ ਬਹੁਤ ਜਿਆਦਾ ਘਾਟ ਹੈ ਜਲਦ ਤੋਂ ਜਲਦ ਖਾਲੀ ਪਈਆਂ ਪੋਸਟਾਂ ਭਰੀਆਂ ਜਾਣ।**ਸੰਚਾਈ ਲਈ ਟਿਊਬਵੈੱਲ ਅਤੇ ਸੜਕ ਬਣਾਉਣ ਬਾਰੇ ਬੇਨਤੀ**:ਪਿੰਡ ਥਾਣਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੰਚਾਈ ਲਈ ਟਿਊਬਵੈੱਲ ਕਨੈਕਸ਼ਨ ਨਹੀਂ ਸਰਕਾਰ ਸਪੈਸ਼ਲ ਪਾਵਰਾਂ ਵਰਤ ਕੇ ਇੱਕ ਸੰਚਾਈ ਲਈ ਟਿਊਵੈਲ ਕਨੈਕਸਨ ਲਗਾਏ।ਮਨਹੋਤਾ ਵਾਟਰ ਸਪਲਾਈ ਤੋਂ ਲੈ ਕਿ ਦਹੇਰੀਆ ਪਿੰਡ ਤੱਕ ਪੱਕੀ ਸੜਕ ਬਣਾਈ ਜਾਵੇ ਜੋ ਅਤਿ ਜਰੂਰੀ ਹੈ।**ਬਿਜਲੀ ਸੁਧਾਰ ਸਬੰਧੀ ਬੇਨਤੀ**:ਜੰਗਲੀ ਤੇ ਦਰਖਤਾਂ ਵਾਲਾ ਇਲਾਕਾ ਹੋਣ ਕਾਰਣ ਫਾਲਟ ਦੌਰਾਨ ਹਫਤਾ ਤੱਕ ਬਿਜਲੀ ਕਈ ਏਰੀਆ ਵਿੱਚ ਨਹੀ ਆਉਂਦੀ। ਉਪਨ ਤਾਰ ਦੀ ਜਗ੍ਹਾ ਸੰਘਣੇ ਦਰੱਖਤਾਂ ਵਾਲੇ ਏਰੀਆ ਵਿੱਚ ਪਛਾਣ ਕਰਕੇ ਕੇਵਲ ਪਾਈ ਜਾਵੇ।

# ਪ੍ਰਜਾਪਤ ਭਾਈਚਾਰੇ ਵੱਲੋਂ ਨਵੀਂ ਵਾਰਡਬੰਦੀ ਦਾ ਵਿਰੋਧ

ਦਸੂਹਾ, 15 ਜਨਵਰੀ(ਰਾਜਿੰਦਰ ਸਿੰਘ ਦਸੂਹਾ):ਇੱਥੇ ਨਗਰ ਕੌਂਸਲ ਦੀਆਂ ਅਗਾਮੀ ਚੋਣਾਂ ਨੂੰ ਲੈ ਕੇ ਹਾਕਮ ਧਿਰ ਵੱਲੋਂ ਕੀਤੀ ਨਵੀਂ ਵਾਰਡਬੰਦੀ ਖਿਲਾਫ ਦਸੂਹਾ ਦੇ ਪ੍ਰਜਾਪਤ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਮਿਸ਼ਨ ਰੋਡ 'ਤੇ ਸ੍ਰੀ ਦਕਸ਼ ਪ੍ਰਜਾਪਤੀ ਵੈੱਲਫੇਅਰ ਸੁਸਾਇਟੀ ਦੀ ਬੈਠਕ ਪ੍ਰਧਾਨ ਜਸਵੰਤ ਸਿੰਘ ਪੱਪੂ ਸੋਹਲ ਅਤੇ ਚੇਅਰਮੈਨ ਸੁੱਚਾ ਸਿੰਘ ਲੂਫਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵਾਰਡਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਪ੍ਰਧਾਨ ਪੱਪੂ ਸੋਹਲ ਨੇ ਕਿਹਾ ਕਿ ਹਾਕਮ ਧਿਰ ਵੱਲੋਂ ਕੀਤੀ ਗਈ ਵਾਰਡਬੰਦੀ ਵਿੱਚ ਪ੍ਰਜਾਪਤ ਭਾਈਚਾਰੇ ਨਾਲ ਸਰਾਸਰ ਅਣਗੌਲਿਆਂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਾਰਡਾਂ ਵਿੱਚ ਬੀ.ਸੀ ਅਤੇ ਜਰਨਲ ਵਰਗ ਦੇ ਵੋਟਰ ਵੱਡੀ ਗਿਣਤੀ ਵਿੱਚ ਹਨ, ਉਨ੍ਹਾਂ ਨੂੰ ਐਸ.ਸੀ ਵਾਰਡ ਘੋਸ਼ਿਤ ਕੀਤਾ ਗਿਆ ਹੈ, ਜੋ ਲੋਕਤੰਤਰਕ ਦਾ ਸਿੱਧਾ ਘਾਣ ਹੈ। ਅਰਮੈਨ ਸੁੱਚਾ ਸਿੰਘ ਲੂਫਾ ਨੇ ਕਿਹਾ ਕਿ ਨਵੀਂ ਵਾਰਡਬੰਦੀ ਵਿੱਚ ਪ੍ਰਜਾਪਤ ਸਮਾਜ ਨੂੰ ਸਿਆਸੀ ਤੌਰ 'ਤੇ ਕਮਜ਼ੋਰ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਗਈ ਹੈ।ਤਾਂ ਜੋ ਪ੍ਰਜਾਪਤ ਸਮਾਜ ਦੀ ਆਵਾਜ਼ ਨੂੰ ਦਬਾਇਆ ਜਾ ਸਕੇ। ਸੁਸਾਇਟੀ ਦੇ ਸਕੱਤਰ ਜੇ.ਐਸ ਮੱਲੀ ਨੇ ਕਿਹਾ ਕਿ ਪ੍ਰਜਾਪਤ ਭਾਈਚਾਰਾ ਹਾਕਮ ਧਿਰਦੀ ਇਸ ਮਨਮਾਨੀ ਦਾ ਚੋਣਾਂ ਵਿੱਚ ਗੰਭੀਰ ਨੋਟਿਸ ਲਵੇਗਾ। ਇਸ ਮੌਕੇ ਪ੍ਰਜਾਪਤ ਸਭਾ ਦੇ ਪ੍ਰਧਾਨ ਚਮਨ ਲਾਲ ਜੰਬਾ, ਨਿਰਮਲ ਸਿੰਘ ਤਲਵਾੜ, ਗੋਪਾਲ ਜੋਹਰ, ਅੰਗਰੇਜ਼ ਸਿੰਘ, ਕਾਲਾ ਸਿੰਘ, ਮੰਗਾ ਸਿੰਘ, ਨਵਲ ਜੋਹਰ, ਵਿਜੇ ਕੁਮਾਰ ਤਲਵਾੜ, ਪਰਮਜੀਤ ਪੰਮਾ, ਕਰਨ ਸਿੰਘ, ਕਾਕਾ ਜੋਹਰ ਅਤੇ ਬਾਊ ਰਾਮ ਸਮੇਤ ਕਈ ਹੋਰ ਆਗੂ ਅਤੇ ਮੈਂਬਰ ਮੌਜੂਦ ਸਨ।

# ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਲੰਗਰ ਦੀ ਹੋਈ ਸ਼ੁਰੂਆਤ



ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 15 ਜਨਵਰੀ (ਡਾਕਟਰ ਨਰਿੰਦਰ ਸਿੰਘ ਘੁਮਾਣ /ਜਗੀਰ ਸਿੰਘ ਮੰਡ): ਬ੍ਰਹਮ ਗਿਆਨੀ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ 676ਵੇਂ ਜੋਤੀ ਜੋਤਿ ਪੁਰਬ ਅਤੇ ਸਾਲਾਨਾ ਜੋੜ ਮੇਲਾ ਲੋਹੜੀ ਮਾਘੀ ਨੂੰ ਸਮਰਪਿਤ ਭਗਤ ਨਾਮਦੇਵ ਸੇਵਾ ਸੁਸਾਇਟੀ ਘੁਮਾਣ ਵੱਲੋਂ ਸ੍ਰੀ ਨਾਮਦੇਵ ਦਰਬਾਰ ਕਮੇਟੀ ਘੁਮਾਣ ਦੇ ਸਹਿਯੋਗ ਨਾਲ ਅੱਜ ਗੁਰੂ ਕੇ ਲੰਗਰਾਂ ਦੀ ਸ਼ੁਰੂਆਤ ਅਰਦਾਸ ਕਰਨ ਤੋਂ ਬਾਅਦ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਕੁਲਵਿੰਦਰ ਸਿੰਘ ਟਿੱਕੂ, ਮੈਂਬਰ ਪੰਚਾਇਤ ਰਜਿੰਦਰ ਕੁਮਾਰ ਪੱਪੀ, ਮੋਹਨਜੀਤ ਸਿੰਘ ਮੋਹਣਾ, ਗੁਰਸ਼ਰਨ ਸਿੰਘ ਬੱਬਲੂ, ਅਮਰਜੀਤ ਸਿੰਘ ਮਾੜੂ, ਅਮਰਪਾਲ ਸਿੰਘ ਪੱਪੂ ਅਤੇ ਸਤਨਾਮ ਸਿੰਘ ਕੁੱਕੂ ਆਦਿ ਨੇ ਦੱਸਿਆ ਕਿ ਅੱਜ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 676 ਵੇ ਜੋਤੀ ਜੋਤਿ ਪੁਰਬ ਵਾਲੇ ਦਿਨ ਗੁਰੂ ਕੇ ਲੰਗਰ ਦੀ ਸ਼ੁਰੂਆਤ ਕੀਤੀ ਗਈ ਹੈ। ਜੋ ਕਿ ਰੋਜ਼ਾਨਾ ਸਵੇਰੇ 7 ਵਜ਼ੇ ਤੋਂ ਲੈਕੇ ਰਾਤ ਦੇ 8 ਵੱਜੇ ਤੱਕ ਨਿਰੰਤਰ 18 ਜਨਵਰੀ ਤੱਕ ਚੱਲਣਗੇ। ਉਨ੍ਹਾਂ ਕਿਹਾ ਕਿ ਇਹ ਲੰਗਰ ਇਲਾਕੇ ਦੀਆਂ ਸੰਗਤਾਂ ਅਤੇ ਸ੍ਰੀ ਨਾਮਦੇਵ ਦਰਬਾਰ ਕਮੇਟੀ ਦੇ ਸਹਿਯੋਗ ਨਾਲ ਚੱਲਦੇ ਹਨ। ਉਨ੍ਹਾਂ ਕਿਹਾ ਕਿ ਰੋਜ਼ਾਨਾ ਸਵੇਰੇ 7 ਵੱਜੇ ਲੰਗਰ ਦੀ ਸ਼ੁਰੂਆਤ ਚਾਹ ਪਕੌੜੇ, ਮੱਠੀਆਂ, ਮਿੱਠੇ ਪ੍ਰਸ਼ਾਦੇ ਦੇ ਨਾਲ ਹੋਵੇਗੀ। ਉਸ ਤੋਂ ਬਾਅਦ ਵਿੱਚ ਦਾਲ, ਮਟਰ ਪਨੀਰ,ਪ੍ਰਸ਼ਾਦੇ, ਜਲੇਬੀਆਂ,ਚੌਲ, ਪੂੜੀਆਂ ਛੋਲੇ, ਦੁੱਧ ਦੀ ਖੀਰ ਸਮੇਤ ਹੋਰ ਅਨੇਕਾਂ ਹੀ ਕਿਸਮਾਂ ਦੇ ਪਕਵਾਨ ਲੰਗਰ ਵਿਚ ਸੰਗਤਾਂ ਨੂੰ ਵਰਤਾਏ ਜਾਣਗੇ। ਇਸ ਮੌਕੇ ਅਸ਼ਵਨੀ ਕੁਮਾਰ ਮਿੰਟਾਂ, ਸੁਖਜੀਤ ਸਿੰਘ ਨੋਨੂ, ਰਜਿੰਦਰ ਸਿੰਘ ਵਿੱਕੀ, ਬਲਦੇਵ ਸਿੰਘ ਚੰਦੂ, ਪਰਮਿੰਦਰ ਸਿੰਘ ਕਾਕਾ, ਜਸਵਿੰਦਰ ਸਿੰਘ ਸੋਨੀ, ਗੋਲਡੀ ਘੁਮਾਣ, ਏਕਮਜੋਤ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿਚ ਸੇਵਾਦਾਰ ਹਾਜ਼ਰ ਸਨ।

### ਸੰਤੁਲਨ ਅਤੇ ਉਦੇਸ਼ ਦੀ ਪਾਲਣਾ ਵੱਲ ਇੱਕ ਕਦਮ:

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਉਤਪਾਦਕ ਸਰਗਰਮੀਆਂ 'ਤੇ ਸੈਮੀਨਾਰ



ਫਤਿਹਗੜ੍ਹ ਸਾਹਿਬ, 15 ਜਨਵਰੀ (ਹਰਪ੍ਰੀਤ ਕੌਰ ਟਿਵਾਣਾ)ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਇੰਟਰਨਲ ਕੁਆਲਿਟੀ ਅਸ਼ਿਉਰੈਂਸ ਸੈੱਲ (ਆਈ ਕਿਉ ਏ ਸੀ) ਵੱਲੋਂ ਯੂਨੀਵਰਸਿਟੀ ਸੈਮੀਨਾਰ ਹਾਲ ਵਿੱਚ ਆਪਣੀਆਂ ਉਤਪਾਦਕ ਸਰਗਰਮੀਆਂ ਪ੍ਰਤੀ ਸਮੱਗਰੀਕ ਦ੍ਰਿਸ਼ਟੀਕੋਣ ਵਿਸ਼ੇ 'ਤੇ ਇੱਕ ਇੰਟਰਐਕਟਿਵ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਤੋਂ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਕਰਮਕਾਂਡ ਦੀ ਸ਼ੁਰੂਆਤ ਪ੍ਰੋ. (ਡਾ.) ਪਰਿਤ ਪਾਲ ਸਿੰਘ, ਮਾਣਯੋਗ ਵਾਈਸ-ਚਾਂਸਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸੰਬੋਧਨ ਨਾਲ ਹੋਈ। ਉਨ੍ਹਾਂ ਅਕਾਦਮਿਕ, ਪੇਸ਼ਾਵਰ ਅਤੇ ਨਿੱਜੀ ਜੀਵਨ ਵਿੱਚ ਸੰਤੁਲਨ ਅਤੇ ਸਮੱਗਰੀਕ ਦ੍ਰਿਸ਼ਟੀਕੋਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਤਪਾਦਕਤਾ ਦਾ ਸਬੰਧ ਉਦੇਸ਼ ਦੀ ਸਪਸ਼ਟਤਾ, ਮਾਨਸਿਕ ਸੁਖ-ਸ਼ਾਂਤੀ ਅਤੇ ਨੈਤਿਕ ਵਚਨਬੱਧਤਾ ਨਾਲ ਹੈ। ਵਾਈਸ-ਚਾਂਸਲਰ ਨੇ ਆਈ ਕਿਉ ਏ ਸੀ ਵੱਲੋਂ ਕੀਤੇ ਜਾ ਰਹੇ ਅਜਿਹੇ ਅਕਾਦਮਿਕ ਉਪਰਾਲਿਆਂ ਦੀ ਸਾਰਾਹਨਾ ਕੀਤੀ, ਜੋ ਅਧਿਆਪਕ ਵਰਗ ਦੀ ਸਮੁੱਚੀ ਵਿਕਾਸ ਅਤੇ ਪ੍ਰਭਾਵਸ਼ੀਲਤਾ ਵਿੱਚ ਯੋਗਦਾਨ ਪਾਉਂਦੇ ਹਨ।ਸੰਮੇਲਨ ਵਿੱਚ ਭਾਗ ਲੈਂਦੇ ਹੋਏ, ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਨੇ ਲਗਾਤਾਰ ਪੇਸ਼ਾਵਰ ਵਿਕਾਸ ਅਤੇ ਵਿਚਾਰਸ਼ੀਲ ਅਕਾਦਮਿਕ ਅਭਿਆਸਾਂ ਦੀ ਲੋੜ ਉੱਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਸਮੱਗਰੀਕ ਭਾਗੀਦਾਰੀ ਨਾਲ ਅਧਿਆਪਕ ਅਧਿਆਪਨ, ਖੋਜ ਅਤੇ ਸੰਸਥਾਗਤ ਜ਼ਿੰਮੇਵਾਰੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਸਕਦੇ ਹਨ। ਉਨ੍ਹਾਂ ਭਾਗੀਦਾਰਾਂ ਨੂੰ ਸੈਮੀਨਾਰ ਤੋਂ ਪ੍ਰਾਪਤ ਸਿੱਖਿਆਵਾਂ ਨੂੰ ਆਪਣੇ ਦਿਨਚਰੀ ਅਕਾਦਮਿਕ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।ਡਾ. ਅੰਕਦੀਪ ਕੌਰ ਅਟਵਾਲ, ਡਾਇਰੈਕਟਰ, ਆਈ ਕਿਉ ਏ ਸੀ, ਨੇ ਮਾਣਯੋਗ ਮਹਿਮਾਨਾਂ, ਸਰੋਤ ਵਿਅਕਤੀ ਅਤੇ ਸਾਰੇ ਭਾਗੀਦਾਰਾਂ ਦਾ ਆਧਿਕਾਰਿਕ ਸਵਾਗਤ ਕੀਤਾ। ਆਪਣੇ ਸਵਾਗਤੀ ਸੰਬੋਧਨ ਵਿੱਚ ਉਨ੍ਹਾਂ ਸੈਮੀਨਾਰ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਗੁਣਵੱਤਾ ਸੁਧਾਰ ਅਤੇ ਫੈਕਲਟੀ ਵਿਕਾਸ ਲਈ ਆਈ ਕਿਉ ਏ ਸੀ ਦੀ ਵਚਨਬੱਧਤਾ ਨੂੰ ਦੁਹਰਾਇਆ।ਤਕਨੀਕੀ ਸੈਸ਼ਨ ਪ੍ਰੋ. ਆਰ. ਐਸ. ਸਲਾਰੀਆ, ਡੀਨ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼, ਗੁਰੂ ਨਾਨਕ ਯੂਨੀਵਰਸਿਟੀ, ਹੈਦਰਾਬਾਦ, ਅਤੇ ਹੈਡ, ਸੈਂਟਰ ਆਫ਼ ਐਕਸਲੈਂਸ ਇਨ ਕੋਡਿੰਗ ਐਂਡ ਕੋਡ ਆਪਟੀਮਾਈਜ਼ੇਸ਼ਨ, ਗੁਰੂ ਨਾਨਕ ਇੰਸਟੀਚਿਊਸ਼ਨਜ਼, ਹੈਦਰਾਬਾਦ ਵੱਲੋਂ ਸੰਚਾਲਿਤ ਕੀਤਾ। ਆਪਣੇ ਵਿਚਾਰਸ਼ੀਲ ਲੈਕਚਰ ਵਿੱਚ ਪ੍ਰੋ. ਸਲਾਰੀਆ ਨੇ ਕਿਹਾ ਕਿ ਅਸਲੀ ਉਤਪਾਦਕਤਾ ਲੰਬੇ ਘੰਟਿਆਂ ਦੀ ਮਿਹਨਤ ਨਾਲ ਨਹੀਂ, ਸਗੋਂ ਮਾਨਸਿਕ ਸੁਖ-ਸਥਿਰਤਾ, ਸਮੇਂ ਦੇ ਸੁਚੱਜੇ ਪ੍ਰਬੰਧਨ, ਲਗਾਤਾਰ ਹੁਨਰ ਵਿਕਾਸ ਅਤੇ ਨੈਤਿਕ ਪੇਸ਼ਾਵਰ ਅਭਿਆਸਾਂ ਦੇ ਸੰਤੁਲਿਤ ਸਮਾਵੇਸ਼ ਨਾਲ ਸੰਭਵ ਹੁੰਦੀ ਹੈ।ਉਨ੍ਹਾਂ ਲਕਸ਼ ਨਿਰਧਾਰਨ, ਕੇਂਦਰਿਤ ਧਿਆਨ, ਅਨੁਕੂਲਤਾ ਅਤੇ ਸਵੈ-ਅਨੁਸ਼ਾਸਨ ਨੂੰ ਟਿਕਾਊ ਅਕਾਦਮਿਕ ਅਤੇ ਪੇਸ਼ਾਵਰ ਉਤਕ੍ਰਿਸ਼ਟਤਾ ਲਈ ਬਹੁਤ ਜ਼ਰੂਰੀ ਦੱਸਿਆ। ਆਪਣੇ ਵਿਸ਼ਾਲ ਅਕਾਦਮਿਕ ਅਤੇ ਪ੍ਰਸ਼ਾਸਕੀ ਤਜ਼ਰਬੇ ਦੇ ਆਧਾਰ 'ਤੇ ਉਨ੍ਹਾਂ ਅਧਿਆਪਕਾਂ ਨੂੰ ਨਵੀਨਤਾ, ਅੰਤਰ-ਵਿਸ਼ਿਆਤਮਕ ਅਧਿਐਨ ਅਤੇ ਆਤਮ-ਚਿੰਤਨ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ, ਤਾਂ ਜੋ ਅਧਿਆਪਨ ਵਿਧੀਆਂ ਅਤੇ ਖੋਜ ਕਾਰਜਾਂ ਨੂੰ ਹੋਰ ਸੁਧਾਰਿਆ ਜਾ ਸਕੇ। ਉਨ੍ਹਾਂ ਕੰਮ-ਜੀਵਨ ਸੰਤੁਲਨ, ਸਚੇਤਤਾ ਅਤੇ ਭਾਵਨਾਤਮਕ ਬੁੱਧੀਮਤਾ ਨੂੰ ਸਮੱਗਰੀਕ ਉਤਪਾਦਕਤਾ ਦੇ ਅਹਿਮ ਅੰਗ ਕਰਾਰ ਦਿੱਤਾ।ਇਸ ਲੈਕਚਰ ਅਤੇ ਇੰਟਰਐਕਟਿਵ ਚਰਚਾ ਨੂੰ ਮਿਸ ਜਸਪ੍ਰੀਤ ਕੌਰ, ਮੈਂਬਰ, ਆਈ ਕਿਉ ਏ ਸੀ, ਨੇ ਵਧੀਆ ਢੰਗ ਨਾਲ ਮੋਡਰੇਟ ਕੀਤਾ, ਜਿਸ ਨਾਲ ਸਰੋਤ ਵਿਅਕਤੀ ਅਤੇ ਭਾਗੀਦਾਰਾਂ ਵਿਚਕਾਰ ਪ੍ਰਭਾਵਸ਼ਾਲੀ ਸਾਂਝ ਬਣੀ ਅਤੇ ਸੈਮੀਨਾਰ ਹੋਰ ਵੀ ਉਪਯੋਗੀ ਅਤੇ ਪ੍ਰਭਾਵਸ਼ਾਲੀ ਬਣਿਆ।ਕਰਮਕਾਂਡ ਦਾ ਅੰਤ ਡਾ. ਮੋਨਿਕਾ ਐਰੀ, ਮੈਂਬਰ, ਆਈ ਕਿਉ ਏ ਸੀ ਵੱਲੋਂ ਪੇਸ਼ ਕੀਤੇ ਧੰਨਵਾਦ ਪ੍ਰਸਤਾਵ ਨਾਲ ਹੋਇਆ। ਉਨ੍ਹਾਂ ਵਾਈਸ-ਚਾਂਸਲਰ, ਡੀਨ ਅਕਾਦਮਿਕ ਮਾਮਲੇ, ਸਰੋਤ ਵਿਅਕਤੀ, ਫੈਕਲਟੀ ਮੈਂਬਰਾਂ ਅਤੇ ਆਯੋਜਕ ਟੀਮ ਦਾ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਸੈਮੀਨਾਰ ਸਫਲਤਾਪੂਰਵਕ ਸੰਪੰਨ ਹੋਇਆ।

# ਆਰੀਆ ਸਮਾਜ ਮੰਦਰ ਵਿਖੇ ਹਵਨ ਯੱਗ ਕਰਕੇ ਲੋਹੜੀ ਦਾ ਤਿਉਹਾਰ ਮਨਾਇਆ



ਧਾਰੀਵਾਲ 15 ਜਨਵਰੀ (ਅਸ਼ੋਕ ਕੁਮਾਰ) ਆਰੀਆ ਸਮਾਜ ਮੰਦਰ ਧਾਰੀਵਾਲ ਵਿਖੇ ਹਵਨ ਯੱਗ ਕਰਕੇ ਲੋਹੜੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮੰਦਰ ਨੂੰ ਸੁੰਦਰ ਫੁੱਲਾਂ ਅਤੇ ਦੀਵਿਆਂ ਨਾਲ ਸਜਾਇਆ ਗਿਆ। ਸਵੇਰੇ ਸਭ ਤੋਂ ਪਹਿਲਾਂ ਵਿਦਵਾਨ ਪੰਡਿਤਾਂ ਵੱਲੋਂ ਵੇਦ ਮੰਤ੍ਰਾਂ ਦੇ ਉਚਾਰਣ ਨਾਲ ਹਵਨ ਯੱਗ ਆਰੰਭ ਕੀਤਾ ਗਿਆ। ਹਵਨ ਵਿੱਚ ਘੀ, ਸਮੱਗਰੀ ਅਤੇ ਤਿਲ ਆਦਿ ਅਰਪਿਤ ਕਰਕੇ ਪਰਮਾਤਮਾ ਦੀ ਉਪਾਸਨਾ ਕੀਤੀ ਗਈ ਅਤੇ ਸਭ ਦੇ ਸੁੱਖ-ਸ਼ਾਂਤੀ, ਤੰਦਰੁਸਤੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਗਈ। ਇਸ ਤੋਂ ਬਾਅਦ ਉਪਰੰਤ ਲੋਹੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ ਗਏ। ਜਯਾ ਸੂਦ ਨੇ ਦੱਸਿਆ ਕਿ ਲੋਹੜੀ ਸਰਦੀ ਦੇ ਮੌਸਮ ਦੇ ਅੰਤ ਅਤੇ ਨਵੀਂ ਫ਼ਸਲ ਦੀ ਆਮਦ ਦੀ ਖੁਸ਼ੀ ਦਾ ਪ੍ਰਤੀਕ ਹੈ। ਇਸ ਦਿਨ ਅੱਗ ਦੀ ਪੂਜਾ ਕਰਕੇ ਕੁਦਰਤ ਦਾ ਧੰਨਵਾਦ ਕੀਤਾ ਜਾਂਦਾ ਹੈ। ਸਮਾਰੋਹ ਦੌਰਾਨ ਭਜਨ ਗਾਏ ਗਏ, ਜਿਨ੍ਹਾਂ ਨਾਲ ਆਤਮਕ ਸ਼ਾਂਤੀ ਅਤੇ ਖੁਸ਼ੀ ਦਾ ਮਾਹੌਲ ਬਣ ਗਿਆ। ਅੰਤ ਵਿੱਚ ਸਾਰਿਆਂ ਨੂੰ ਪ੍ਰਸਾਦ ਅਤੇ ਰੇਵੜੀ, ਮੂੰਗਫਲੀ ਅਤੇ ਗੱਜਕ ਵੰਡੇ ਗਏ। ਬੱਚਿਆਂ ਅਤੇ ਵੱਡਿਆਂ ਨੇ ਮਿਲਜੁਲ ਕੇ ਲੋਹੜੀ ਮਨਾਈ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦਿੱਤਾ ਉਸ ਮੌਕੇ ਜਯਾ ਸੂਦ, ਸਰਜੀਤ,ਵਿਰਨ, ਕੁਸ਼ਮ , ਸ਼ੁਭ੍ਰਾ,ਗੋਤੂ ਬਾਲਾ,ਮਮਤਾ,ਰਮਾ ਖੋਸਲਾ, ਮਧੂ ਮਲਹੋਤਰਾ, ਮਧੂ ਕੋਹਲੀ,ਯਸ਼ ਮਹਾਜਨ, ਸੋਮ ਨਾਥ, ਓਮਕਾਸ਼, ਬ੍ਰਮ ਦੱਤ, ਸੁਖਦੇਵ ਸਿੰਘ, ਪੁਰੀ, ਰਵੀ ਮਹਾਜਨ, ਦੇਵ ਰਾਜ, ਰਜਿੰਦਰ ਸ਼ਰਮਾ, ਸੁਭਾਸ਼ ਤੋਂ ਇਲਾਵਾ ਹੋਰ ਮਜੂਦ ਸਨ।ਇਹ ਤਿਹਾਰ ਸਾਨੂੰ ਆਪਣੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ।

# ਵੇਦ ਪ੍ਰਕਾਸ਼ ਕਾਮਰਾ ਦੀਆਂ ਅੱਖਾਂ ਨਾਲ ਸੰਸਾਰ ਦੇਖਣਗੇ 2 ਨੇਤਰਹੀਣ



ਫਾਜ਼ਿਲਕਾ 15 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਫਾਜ਼ਿਲਕਾ ਦੀ ਕਾਮਰਾ ਸਟ੍ਰੀਟ ਦੇ ਰਹਿਣ ਵਾਲੇ ਵੇਦ ਪ੍ਰਕਾਸ਼ ਕਾਮਰਾ (72 ਸਾਲ) ਦਾ ਅਚਾਨਕ ਦਿਹਾਂਤ ਹੋ ਗਿਆ। ਇਸ ਤੇ ਉਨ੍ਹਾਂ ਦੇ ਪਰਿਵਾਰ ਵਿੱਚ ਧਰਮ ਪਤਨੀ ਅਨੀਤਾ ਰਾਣੀ, ਸਪੁੱਤਰ ਦੀਪਕ ਕਾਮਰਾ ਅਤੇ ਨੂੰਹ ਗਿੰਨੀ ਨੇ ਅੱਖਾਂ ਦਾਨ ਕਰਨ ਦੀ ਇੱਛਾ ਪ੍ਰਗਟਾਈ। ਸਵਰਗੀ ਕਾਮਰਾ ਦੇ ਪਰਿਵਾਰਕ ਮੈਂਬਰਾਂ ਸੰਦੀਪ, ਰਤਨ ਕਾਮਰਾ, ਸ਼ੰਪੀ ਕਾਮਰਾ ਅਤੇ ਅਜੇ ਮੱਕੜ ਨੇ ਵੀ ਨੇਤਰਦਾਨ ਦੇ ਪ੍ਰਸਤਾਵ ਤੇ ਸਹਿਮਤੀ ਜਤਾਈ। ਇਸ ਤੇ ਉਨ੍ਹਾਂ ਦੇ ਰਿਸ਼ਤੇਦਾਰ ਐਡਵੋਕੇਟ ਕਪਿਲ ਦਹੂਜਾ ਨੇ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਜਨਰਲ ਸਕੱਤਰ ਰਾਕੇਸ਼ ਗਿਲਹੋਤਰਾ ਨਾਲ ਸੰਪਰਕ ਕੀਤਾ ਅਤੇ ਅੱਖਾਂ ਦਾਨ ਕਰਨ ਲਈ ਬੇਨਤੀ ਕੀਤੀ।ਇਸ ਤੋਂ ਬਾਅਦ ਸੁਸਾਇਟੀ ਦੇ ਪ੍ਰਤੀਨਿਧੀ ਮੰਡਲ ਜਿਸ ਵਿੱਚ ਪ੍ਰਧਾਨ ਸ਼ਸ਼ੀਕਾਂਤ, ਰਾਕੇਸ਼ ਗਿਲਹੋਤਰਾ, ਨੇਤਰਦਾਨ ਪ੍ਰੋਜੈਕਟ ਚੇਅਰਮੈਨ ਰਵੀ ਜੁਨੇਜਾ, ਵਿੱਤ ਸਕੱਤਰ ਨਰੇਸ਼ ਮਿੱਤਲ, ਅਵਨੀਸ਼ ਸਚਦੇਵਾ, ਮੋਹਨ ਲਾਲ ਦਾਮੜੀ, ਜਗਦੀਸ਼ ਸਿਰੋਵਾ ਸ਼ਾਮਲ ਸਨ, ਨੇ ਤੁਰੰਤ ਸਵਰਗੀ ਵੇਦ ਪ੍ਰਕਾਸ਼ ਕਾਮਰਾ ਦੇ ਨੇਤਰ ਸੁਰੱਖਿਅਤ ਕਰਵਾਏ ਅਤੇ ਉਨ੍ਹਾਂ ਦਾ ਕੋਰਨੀਆ ਪੁਨਰਜੋਤ ਆਈ ਬੈਂਕ ਸੁਸਾਇਟੀ ਲੁਧਿਆਣਾ ਨੂੰ ਟ੍ਰਾਂਸਪਲਾਂਟ ਲਈ ਭੇਜ ਦਿੱਤਾ। ਇਸ ਨੇਤਰਦਾਨ ਵਿੱਚ ਅਬੋਹਰ ਦੇ ਮਸ਼ਹੂਰ ਸਮਾਜ ਸੇਵੀ ਅਤੇ ਨੇਤਰਦਾਨ ਨੂੰ ਉਤਸ਼ਾਹਿਤ ਕਰਨ ਵਾਲੇ ਡਾ. ਸ਼੍ਰੀਰਾਮ ਅਤੇ ਡਾ. ਕਪਿਲ ਚੌਧਰੀ ਦਾ ਸਰਗਰਮ ਸਹਿਯੋਗ ਰਿਹਾ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸ਼ਸ਼ੀਕਾਂਤ ਅਤੇ ਪ੍ਰੋਜੈਕਟ ਚੇਅਰਮੈਨ ਰਵੀ ਜੁਨੇਜਾ ਨੇ ਦੱਸਿਆ ਕਿ ਸਵਰਗੀ ਵੇਦ ਪ੍ਰਕਾਸ਼ ਕਾਮਰਾ ਦੇ ਪਰਿਵਾਰ ਨੇ ਦੱਸਿਆ ਕਿ ਉਹ ਖੁਦ ਨੇਤਰਦਾਨ ਕਰਨ ਦੀ ਇੱਛਾ ਰੱਖਦੇ ਸਨ। ਉਨ੍ਹਾਂ ਦੀ ਇੱਛਾ ਪੂਰੀ ਕਰਨ ਲਈ ਦੁੱਖ ਦੀ ਇਸ ਘੜੀ ਵਿੱਚ ਪਰਿਵਾਰ ਨੇ ਅੱਖਾਂ ਦਾਨ ਕਰਨ ਦਾ ਦਲੇਰਾਨਾ ਕਦਮ ਚੁੱਕਿਆ, ਜਿਸ ਸਦਕਾ ਉਹ ਸੁਸਾਇਟੀ ਦੇ 446ਵੇਂ ਨੇਤਰਦਾਨੀ ਬਣੇ ਹਨ। ਇਸ ਤੋਂ ਪਹਿਲਾਂ 445 ਲੋਕਾਂ ਦੇ ਨੇਤਰਦਾਨ ਕਰਵਾਏ ਜਾ ਚੁੱਕੇ ਹਨ, ਜਿਸ ਨਾਲ 890 ਦ੍ਰਿਸ਼ਟੀਹੀਣਾਂ ਦੇ ਜੀਵਨ ਵਿੱਚ ਉਜਾਲਾ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ ਸਵਰਗੀ ਕਾਮਰਾ ਦਾ 72 ਸਾਲ ਦੀ ਉਮਰ ਵਿੱਚ ਵੀ ਕੋਰਨੀਆ ਬਹੁਤ ਵਧੀਆ ਹਾਲਤ ਵਿੱਚ ਸੀ, ਜਿਸ ਦੇ ਟ੍ਰਾਂਸਪਲਾਂਟ ਹੋਣ ਨਾਲ 2 ਹੋਰ ਨੇਤਰਹੀਣ ਇਸ ਰੰਗ-ਬਿਰੰਗੀ ਦੁਨੀਆ ਨੂੰ ਦੇਖ ਸਕਣਗੇ। ਸੋਸ਼ਲ ਵੈਲਫੇਅਰ ਸੁਸਾਇਟੀ ਦੇ ਵਫ਼ਦ ਨੇ ਵੇਦ ਪ੍ਰਕਾਸ਼ ਕਾਮਰਾ ਦੇ ਅੰਤਿਮ ਸਸਕਾਰ ਮੌਕੇ ਉਨ੍ਹਾਂ ਦੀ ਦੇਹ ਤੇ ਨੇਤਰਦਾਨੀ ਦੀ ਚਾਦਰ ਚੜ੍ਹਾਈ ਅਤੇ ਚਿਖਾ ਤੇ ਫੁੱਲ ਮਾਲਾ ਭੇਟ ਕਰਕੇ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਅਤੇ ਅੱਖਾਂ ਦਾਨ ਕਰਨ ਲਈ ਪਰਿਵਾਰ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਨੇਤਰਦਾਨ ਲਈ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਅਜੇ ਤੱਕ ਕਿਸੇ ਵੀ ਪ੍ਰਯੋਗਸ਼ਾਲਾ ਵਿੱਚ ਬਣਾਉਟੀ ਕੋਰਨੀਆ ਨਹੀਂ ਬਣ ਸਕਿਆ ਹੈ। ਇਸ ਦਾਨ ਨਾਲ ਹੀ ਦੇਸ਼ ਦੇ ਲੱਖਾਂ ਨੇਤਰਹੀਣਾਂ ਦੇ ਜੀਵਨ ਵਿੱਚ ਰੋਸ਼ਨੀ ਆ ਸਕੇਗੀ।

# ਸਿਵਲ ਹਸਪਤਾਲ ਫਾਜ਼ਿਲਕਾ ਵਿੱਚ ਹੱਡੀਆਂ ਦੀ ਸਰਜਰੀ ਅਤੇ ਓਪੀਡੀ ਸੇਵਾਵਾਂ ਨੇ ਬਣਾਈ ਨਵੀਂ ਮਿਸਾਲ



ਫਾਜ਼ਿਲਕਾ 15 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸਿਵਿਲ ਹਸਪਤਾਲ ਫਾਜ਼ਿਲਕਾ ਵੱਲੋਂ ਹੱਡੀਆਂ (ਆਰਥੋਪੀਡਿਕ) ਦੇ ਇਲਾਜ ਦੇ ਖੇਤਰ ਵਿੱਚ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਹਸਪਤਾਲ ਵਿੱਚ ਤਾਇਨਾਤ ਦੋ ਮਾਹਿਰ ਆਰਥੋਪੀਡਿਕ ਡਾਕਟਰਾਂ ਦੀ ਮਿਹਨਤ ਅਤੇ ਤਜਰਬੇ ਸਦਕਾ ਓਪੀਡੀ ਤੋਂ ਲੈ ਕੇ ਵੱਡੀਆਂ ਸਰਜਰੀਆਂ ਤੱਕ ਮਰੀਜ਼ਾਂ ਨੂੰ ਉੱਚ-ਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਸਿਵਿਲ ਹਸਪਤਾਲ ਫਾਜ਼ਿਲਕਾ ਦੀ ਹੱਡੀਆਂ ਦੀ ਓਪੀਡੀ ਵਿੱਚ ਹਰ ਰੋਜ਼ ਵੱਡੀ ਗਿਣਤੀ ਵਿੱਚ ਮਰੀਜ਼ ਆਪਣਾ ਇਲਾਜ ਕਰਵਾਉਣ ਲਈ ਪਹੁੰਚ ਰਹੇ ਹਨ। ਇੱਥੇ ਗੋਡਿਆਂ ਦੇ ਦਰਦ, ਕੂਲ੍ਹੇ ਦੇ ਜੋੜਾਂ ਦੀ ਸਮੱਸਿਆ, ਹੱਡੀਆਂ ਦੇ ਟੁੱਟਣ, ਪੁਰਾਣੀਆਂ ਚੋਟਾਂ, ਜੋੜਾਂ ਦੀ ਘਿਸਾਈ, ਸਪਾਈਨ ਨਾਲ ਸੰਬੰਧਿਤ ਬਿਮਾਰੀਆਂ ਅਤੇ ਹੋਰ ਆਰਥੋਪੀਡਿਕ ਰੋਗਾਂ ਦਾ ਸੁਚੱਜਾ ਇਲਾਜ ਕੀਤਾ ਜਾ ਰਿਹਾ ਹੈ। ਹਸਪਤਾਲ ਵਿੱਚ ਤਾਇਨਾਤ ਦੋਨਾਂ ਆਰਥੋਪੀਡਿਕ ਡਾਕਟਰ ਵਿਕਾਸ ਗਾਂਧੀ ਅਤੇ ਡਾਕਟਰ ਨਿਸ਼ਾਂਤ ਸੇਤੀਆ ਵੱਲੋਂ ਪਿਛਲੇ ਸਮੇਂ ਦੌਰਾਨ ਆਯੁਸ਼ਮਾਨ ਭਾਰਤ ਸਕੀਮ ਤਹਿਤ ਸੈਂਕੜਿਆਂ ਮਰੀਜ਼ਾਂ ਦੀਆਂ ਹੱਡੀਆਂ ਨਾਲ ਸੰਬੰਧਿਤ ਸਰਜਰੀਆਂ ਸਫਲਤਾਪੂਰਵਕ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਗੋਡੇ ਦੇ ਰਿਪਲੇਸਮੈਂਟ, ਕੂਲ੍ਹੇ ਦੇ ਰਿਪਲੇਸਮੈਂਟ, ਹੱਡੀਆਂ ਦੇ ਟੁੱਟਣ ਦੀ ਸਰਜਰੀ, ਰੌਡ ਪਾਉਣ, ਪਲੇਟਾਂ ਲਗਾਉਣ ਅਤੇ ਹੋਰ ਜਟਿਲ ਓਪਰੇਸ਼ਨ ਸ਼ਾਮਲ ਹਨ। ਇਸ ਨਾਲ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਨਿੱਜੀ ਹਸਪਤਾਲਾਂ ਦੇ ਮਹਿੰਗੇ ਖਰਚਿਆਂ ਤੋਂ ਵੱਡੀ ਰਹਤ ਮਿਲੀ ਹੈ। ਸਰਜਰੀ ਤੋਂ ਬਾਅਦ ਕਈ ਮਰੀਜ਼, ਜੋ ਲੰਬੇ ਸਮੇਂ ਤੋਂ ਤੁਰਨ-ਫਿਰਨ ਤੋਂ ਲਾਚਾਰ ਸਨ, ਹੁਣ ਮੁੜ ਸਧਾਰਣ ਜੀਵਨ ਜੀ ਰਹੇ ਹਨ। ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਸਿਵਿਲ ਹਸਪਤਾਲ ਫਾਜ਼ਿਲਕਾ ਦੀ ਸਿਹਤ ਟੀਮ ਦੀ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਸਾਲ 2025 ਦੌਰਾਨ ਫਾਜ਼ਿਲਕਾ ਸਿਵਿਲ ਹਸਪਤਾਲ ਵਿਖੇ ਹੱਡੀਆਂ ਦੇ ਰੋਗਾਂ ਦੀ ਕੁਲ ਓ ਪੀ ਡੀ 29449 ਹੋਈ ਜਿਸ ਵਿਚ ਵਡੇ ਆਪ੍ਰੇਸ਼ਨ 542 ਅਤੇ 1415 ਛੋਟੀ ਸਰਜਰੀ ਹੋਈ ਹੈ। ਇਸ ਮੌਕੇ ਡਾਕਟਰ ਨਿਸ਼ਾਤ ਸੇਤੀਆ ਅਤੇ ਡਾਕਟਰ ਵਿਕਾਸ ਗਾਂਧੀ ਨੇ ਕਿਹਾ ਕਿ ਬਾਰਡਰ ਖੇਤਰ ਵਿਖੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣਾ ਉਹਨਾਂ ਦੀ ਡਿਊਟੀ ਹੈ ਅਤੇ ਇਸ ਵਿਚ ਟੀਮ ਵਰਕ ਦਾ ਕੰਮ ਹੈ। ਉਹਨਾਂ ਦਾ ਕਹਿਣਾ ਹੈ ਉਹਨਾਂ ਦੀ ਕੋਸ਼ਿਸ ਹੈ ਕਿ ਫਾਜ਼ਿਲਕਾ ਸਿਵਿਲ ਹਸਪਤਾਲ ਵਿਖੇ ਆਰਥੋ ਸਰਜਰੀ ਦੀ ਗਿਣਤੀ ਮੈਡੀਕਲ ਕਾਲਜ ਦੇ ਬਰਾਬਰ ਹੋਵੇ। ਸੀਨੀਅਰ ਮੈਡੀਕਲ ਅਫਸਰ ਡਾਕਟਰ ਏਰਿਕ ਅਤੇ ਸਹਾਇਕ ਸਿਵਿਲ ਸਰਜਨ ਡਾਕਟਰ ਰੋਹਿਤ ਗੋਇਲ ਨੇ ਕਿਹਾ ਕਿ ਫਾਜ਼ਿਲਕਾ ਸਿਵਿਲ ਹਸਪਤਾਲ ਵਿਖੇ ਦੋਨਾਂ ਡਾਕਟਰਾਂ ਨੇ ਸਾਲ 2025 ਦੌਰਾਨ ਕਾਫੀ ਵਧੀਆ ਕੰਮ ਕੀਤਾ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਇਸ ਮੌਕੇ ਸਿਵਿਲ ਸਰਜਨ ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਸਿਵਿਲ ਹਸਪਤਾਲ ਫਾਜ਼ਿਲਕਾ ਵਿੱਚ ਪੰਜਾਬ ਸਰਕਾਰ ਦੀਆਂ ਸਿਹਤ ਯੋਜਨਾਵਾਂ ਨੂੰ ਜਮੀਨੀ ਪੱਧਰ 'ਤੇ ਸਫਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪਿੰਡ ਲਟੌਰ ਵਿਖੇ ਕੀਤਾ ਜਾਗਰੂਕਤਾ ਪ੍ਰੋਗਰਾਮ

## ਪੰਜਾਬ ਸਰਕਾਰ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਵਚਨਬੱਧ : ਵਿਧਾਇਕ ਰਾਏ



ਫਤਿਹਗੜ੍ਹ ਸਾਹਿਬ 15 ਜਨਵਰੀ (ਹਰਪ੍ਰੀਤ ਕੌਰ ਟਿਵਾਣਾ) ਬਲਾਕ ਸਰਹਿੰਦ ਦੇ ਪਿੰਡ ਲਟੌਰ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਅਗਵਾਈ ਦੇ ਹੇਠ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਅਤੇ ਨਸ਼ਿਆਂ ਦੇ ਕੋਹੜ ਨੂੰ ਜੜੋਂ ਖਤਮ ਕਰਨ ਦੇ ਲਈ ਪੂਰੀ ਤਰਹਾਂ ਵਚਨਬੱਧ ਹੈ। ਪੰਜਾਬ ਸਰਕਾਰ ਆਪਣੇ ਮਕਸਦ ਦੇ ਵਿੱਚ ਉਦੋਂ ਹੀ ਕਾਮਯਾਬ ਹੋ ਸਕਦੀ ਹੈ ਅਗਰ ਸੂਬੇ ਦੀ ਜਨਤਾ ਸਰਗਰਮ ਸਹਿਯੋਗ ਕਰੇ। ਉਹਨਾਂ ਕਿਹਾ ਕਿ ਪੰਜਾਬ ਦੇ ਵਿੱਚ ਵੱਡੀ ਗਿਣਤੀ ਚ ਨੌਜਵਾਨ ਪੀੜੀ ਨੂੰ ਨਸ਼ੇ ਨੇ ਆਪਣੀ ਗਿਰਫਤ ਦੇ ਵਿੱਚ ਲੈ ਲਿਆ ਸੀ, ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਆਗਾਜ਼ ਕੀਤਾ ਗਿਆ, ਜਿਸ ਦੇ ਤਹਿਤ ਨਸ਼ਾ ਸਪਲਾਈ ਕਰਨ ਵਾਲੇ ਨਸ਼ਾ ਤਸਕਰਾਂ ਨੂੰ ਜੇਲਾਂ ਦੇ ਵਿੱਚ ਡੱਕਿਆ ਗਿਆ ਅਤੇ ਨਸ਼ਾ ਛੱਡਣ ਦੇ ਇੱਛਕ ਨੌਜਵਾਨਾਂ ਨੂੰ ਨਸ਼ਾ ਛਡਾਊ ਕੇਂਦਰਾਂ ਦੇ ਵਿੱਚ ਭਰਤੀ ਕਰਕੇ ਨਸ਼ਾ ਛਡਵਾਇਆ ਗਿਆ। ਇੱਥੇ ਹੀ ਬੱਸ ਨਹੀਂ ਬਹੁਤ ਸਾਰੇ ਨਸ਼ਾ ਤਸਕਰਾਂ ਦੇ ਘਰਾਂ ਨੂੰ ਵੀ ਢਾਇਆ ਗਿਆ। ਤਾਂ ਜੋ ਪੰਜਾਬ ਦੇ ਵਿੱਚ ਨਸ਼ੇ ਦੀ ਸਪਲਾਈ ਨੂੰ ਤੋੜਿਆ ਜਾ ਸਕੇ। ਪੰਜਾਬ ਸਰਕਾਰ ਆਪਣੇ ਮਕਸਦ ਦੇ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਈ ਹੈ। ਹੁਣ ਦੂਸਰੇ ਪੜਾਅ ਦੇ ਵਿੱਚ ਮੁਹਿੰਮ ਚਲੀ ਗਈ ਹੈ ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਪੰਜਾਬ ਸਰਕਾਰ ਦੀ ਇਸ ਮੁਹਿੰਮ ਨੂੰ ਵੱਧ ਚੜ ਕੇ ਸਹਿਯੋਗ ਕਰੀਏ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ੇ ਵਰਗੀਆਂ ਕੁਰੀਤੀਆਂ ਤੋਂ ਬਚਾ ਸਕਾਂਗੇ। ਵਿਰੋਧੀ ਧੀਰਾਂ ਨਹੀਂ ਚਾਹੁੰਦੀਆਂ ਕਿ ਪੰਜਾਬ ਦੇ ਵਿੱਚੋਂ ਅਜਿਹੀਆਂ ਲਾਹਮਤਾਂ ਨੂੰ ਖਤਮ ਕੀਤਾ ਜਾਵੇ। ਪੰਜਾਬ ਦੇ ਲੋਕਾਂ ਨੂੰ ਇੱਕਜੁੱਟ ਹੋ ਕੇ ਨਸ਼ੇ ਦੇ ਖਿਲਾਫ ਕਦਮ ਚੁੱਕਣ ਦੀ ਲੋੜ ਹੈ ਤਾਂ ਹੀ ਅਸੀਂ ਇਸ ਮੁਹਿੰਮ ਦੇ ਤਹਿਤ ਨਸ਼ੇ ਨੂੰ ਜੜੋਂ ਖਤਮ ਕਰਨ ਦੇ ਵਿੱਚ ਕਾਮਯਾਬ ਹੋਵਾਂਗੇ।ਇਸ ਮੌਕੇ ਡਾ. ਸੁਰਿੰਦਰ ਸਿੰਘ ਐਸਐਮਓ ਚਨਾਰਥਲ ਕਲਾਂ, ਗੁਰਜੀਤ ਸਿੰਘ ਬਿੱਟਾ ਬਲਾਕ ਸੰਮਤੀ ਮੈਂਬਰ, ਸਰਪੰਚ ਰੋਹਿਤ ਸਿੰਗਲਾ, ਸਾਬਕਾ ਸਰਪੰਚ ਮਨਜੀਤ ਸਿੰਘ ਸਾਬਕਾ ਸਰਪੰਚ ਹਰਨੇਕ ਸਿੰਘ ਦਿਆਲ ਸਿੰਘ ਤਰਸੇਮ ਦਾਸ ਬਲਜੀਤ ਸਿੰਘ ਜਰਨੈਲ ਸਿੰਘ ਰਣਜੀਤ ਸਿੰਘ ਬਹਾਦਰ ਅਲੀ ਹਰਪ੍ਰੀਤ ਸਿੰਘ ਹਰਿੰਦਰ ਸਿੰਘ ਪੰਚ ਬਹਾਦਰ ਅਲੀ, ਪੀ ਏ ਸਤੀਸ਼ ਕੁਮਾਰ ਲਟੌਰ, ਰਣਧੀਰ ਸਿੰਘ, ਗਿਆਨ ਸਿੰਘ, ਦਰਸ਼ਨ ਸਿੰਘ, ਪੰਚ ਰਫੀਕ ਮੁਹੰਮਦ ਐਸਐਚਓ ਮੂਲੇਪੁਰ ਜਤਿੰਦਰ ਪਾਲ ਆਦਿ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਟੀ.ਬੀ. ਮਰੀਜਾਂ ਨੂੰ ਪੋਸ਼ਟਿਕ ਆਹਾਰ ਦੀਆਂ ਰਾਸ਼ਨ ਕਿੱਟਾਂ ਦੀ ਕੀਤੀ ਵੰਡ

ਫਾਜ਼ਿਲਕਾ 15 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਟੀ.ਬੀ. ਮੁਕਤ ਭਾਰਤ ਅਭਿਆਨ ਦੇ ਉਦੇਸ਼ ਦੀ ਪੂਰਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਫਾਜ਼ਿਲਕਾ ਅਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ 100 ਦੇ ਕਰੀਬ ਟੀ.ਬੀ. ਮਰੀਜਾਂ ਨੂੰ ਪੋਸ਼ਟਿਕ ਆਹਾਰ ਨਾਲ ਭਰਪੂਰ ਰਾਸ਼ਨ ਕਿੱਟਾ ਦੀ ਵੰਡ ਕੀਤੀ। ਉਨ੍ਹਾਂ ਟੀ.ਬੀ. ਮਰੀਜਾਂ ਦੀ ਹੌਸਲਾਅਫਜਾਈ ਕਰਦਿਆਂ ਕਿਹਾ ਕਿ ਉਹ ਸਮੇਂ ਸਿਰ ਆਪਣਾ ਇਲਾਜ ਕਰਵਾਉਣ ਤੇ ਇਸ ਬਿਮਾਰੀ ਤੋਂ ਜਲਦ ਉਭਰਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਬਿਮਾਰੀ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ, ਬਲਕਿ ਸਮੇਂ ਸਿਰ ਸਰਕਾਰੀ ਹਸਪਤਾਲ ਵਿਚ ਜਾ ਕੇ ਇਲਾਜ ਲਿਆ ਜਾਵੇ ਤੇ ਪੋਸ਼ਟਿਕ ਖੁਰਾਕ ਲਈ ਜਾਵੇ ਤਾਂ ਇਸ ਬਿਮਾਰੀ ਨੂੰ ਤੋਂ ਜਲਦੀ ਬਾਹਰ ਨਿਕਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਨ ਕਿੱਟਾਂ ਦੀ ਵੰਡ ਦਾ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ ਜੋ ਕਿ ਮਰੀਜਾਂ ਲਈ ਪ੍ਰੋਟੀਨ ਦੀ ਮਾਤਰਾ ਪੂਰੀ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਰਾਸ਼ਨ ਕਿੱਟਾਂ ਵਿਚ ਦਾਲਾਂ, ਤੇਲ, ਸੋਇਆਬੀਨ,ਚੀਨੀ ਆਦਿ ਪ੍ਰੋਟੀਨ ਨਾਲ ਭਰਪੂਰ ਵਸਤਾਂ ਹਨ ਜੋ ਕਿ ਮਰੀਜਾਂ ਦੀ ਛੇਤੀ ਰਿਕਵਰੀ ਵਿਚ ਫਾਇਦਾ ਕਰਦੀਆਂ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਿਮਾਰੀ ਨਾਲ ਜੂਝ ਰਹੇ ਪੀੜਤਾਂ ਨੂੰ ਸੋਸਾਇਟੀ ਵਿਚ ਪੂਰਾ ਮਾਣ ਸਨਮਾਨ ਦੇਈਏ, ਉਨ੍ਹਾਂ ਦਾ ਸਾਥ ਨਿਭਾਈਏ। ਉਨ੍ਹਾਂ ਕਿਹਾ ਕਿ ਮਰੀਜ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਨਾ ਕਰੀਏ ਤਾਂ ਜੋ ਪੀੜਤ ਨੂੰ ਹੌਂਸਲਾ ਮਿਲ ਸਕੇ ਤੇ ਉਹ ਬਿਮਾਰੀ ਨੂੰ ਜਲਦ ਤੋਂ ਜਲਦ ਮਾਤ ਪਾ ਸਕੀਏ। ਉਨ੍ਹਾਂ ਕਿਹਾ ਕਿ ਪੀੜਤਾਂ ਲਈ ਕੀਤੇ ਜਾਂਦੇ ਇਸ ਨੇਕ ਕਾਰਜ ਵਿਚ ਸਭਨਾ ਨੰ ਯੋਗਦਾਨ ਪਾਉਣਾ ਚਾਹੀਦਾ ਹੈ, ਲੋਕਾਂ ਭਲਾਈ ਕਾਰਜ ਕਰਨ ਵਿਚ ਪਿਛੇ ਨਹੀ ਰਹਿਣਾ ਚਾਹੀਦਾ।ਸਿਵਲ ਸਰਜਨ ਡਾ. ਕਵਿਤਾ ਸਿੰਘ ਨੇ ਇਸ ਦੌਰਾਨ ਕਿਹਾ ਕਿ ਸਰਕਾਰੀ ਹਸਪਤਾਲ ਵਿਚ ਟੀ.ਬੀ. ਦਾ ਮੁਫਤ ਇਲਾਜ ਕੀਤਾ ਜਾਂਦਾ ਹੈ ਤੇ ਦਵਾਈਆਂ ਵੀ ਮੁਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਨੂੰ ਵੀ ਇਸ ਬਿਮਾਰੀ ਦਾ ਪਤਾ ਚਲਦਾ ਹੈ ਤਾਂ ਜਲਦ ਤੋਂ ਜਲਦ ਸਿਵਲ ਹਸਪਤਾਲ ਵਿਖੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਿਮਾਰੀ ਨੂੰ ਛਿਪਾਉਣ ਦੀ ਥਾਂ ਸਗੋਂ ਅਗੇ ਆਉਂਦਿਆਂ ਇਸਨੂੰ ਦਸਿਆ ਜਾਵੇ ਤੇ ਇਲਾਜ ਲਿਆ ਜਾਵੇ।ਇਸ ਮੌਕੇ ਜ਼ਿਲ੍ਹਾ ਟੀਬੀ ਅਫਸਰ ਡਾ. ਨੀਲੂ ਚੁੱਘ, ਸੁਪਰਡੰਟ ਪ੍ਰਦੀਪ ਗੱਖੜ, ਜ਼ਿਲ੍ਹਾ ਮਾਸ ਮੀਡੀਆ ਅਫਸਰ ਵਿਨੋਦ ਖੁਰਾਣਾ,ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਤੋਂ ਸਕੱਤਰ ਸੰਜੀਵ ਸੇਠੀ, ਮਨਬੀਰ ਸਿੰਘਬੀ.ਈ.ਈ., ਦਿਵੇਸ਼ ਕੁਮਾਰ, ਵਿਕੀ ਕੁਮਾਰ, ਪੁਸ਼ਪਿੰਦਰ ਸਿੰਘ, ਪਰਮਿੰਦਰ ਸਿੰਘ, ਰਾਜ ਸਿੰਘ, ਸਲੀਮ, ਸਾਹਿਲ, ਸੁਭਾਸ਼ ਚੰਦਰ ਤੇ ਸੁਰਜੀਤ ਕੌਰ ਆਦਿ ਹਾਜਰ ਸਨ।

# ਸਕੂਲ ਦਾ ਸਮਾਂ 31 ਜਨਵਰੀ ਤੱਕ 10 ਤੋਂ 3 ਕਰੇ ਸਰਕਾਰ



ਗੜ੍ਹਦੀਵਾਲਾ 15 ਜਨਵਰੀ (ਗੌਰਵ)ਗੌਰਮਿੰਟ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਜਥੇਬੰਦਕ ਸੀਨੀਅਰ ਆਗੂ ਪ੍ਰਿੰਸ ਪਲਿਆਲ ਗੜ੍ਹਦੀਵਾਲਾ ਅਤੇ ਆਗੂ ਪਰਵੀਨ ਚੌਧਰੀ ਨੇ ਪ੍ਰੈਸ ਨਾਲ ਗੱਲ ਕਰਦਿਆਂ ਕਿਹਾ ਕਿ ਸੰਘਣੀ ਧੁੰਦ ਅਤੇ ਸ਼ੀਤ ਲਹਿਰ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਸਮਾਂ 31 ਜਨਵਰੀ ਤੱਕ 10 ਤੋਂ 3 ਕਰੇ ਪੰਜਾਬ ਸਰਕਾਰ । ਉਹਨਾਂ ਕਿਹਾ ਕਿ ਮੌਸਮ ਵਿਭਾਗ ਵੱਲੋਂ ਪਹਿਲਾਂ ਹੀ ਐਡਵਾਈਜਰੀ ਜਾਰੀ ਕਰ ਦਿੱਤੀ ਗਈ ਹੈ ਕਿ ਆਉਂਦੇ ਦਿਨਾਂ ਵਿੱਚ ਮੌਸਮ ਹੋਰ ਵੀ ਖਰਾਬ ਰਹਿ ਸਕਦਾ ਹੈ। ਅਜਿਹੇ ਧੁੰਦ ਭਰੇ ਮੌਸਮ ਵਿੱਚ ਬੱਚਿਆਂ ਅਤੇ ਦੂਰ ਦੁਰਾਡੇ ਤੋਂ ਆਉਂਦੇ ਅਧਿਆਪਕਾਂ ਦਾ ਸਕੂਲ ਆਉਣਾ-ਜਾਣਾ ਬਹੁਤ ਔਖਾ ਹੈ। ਉਹਨਾਂ ਕਿਹਾ ਕਿ ਕੋਈ ਅਣਸੁਖਾਵੀ ਘਟਨਾ ਵਾਪਰਨ ਤੋਂ ਪਹਿਲਾਂ ਹੀ ਸਰਕਾਰ ਨੂੰ 31 ਜਨਵਰੀ ਤੱਕ ਸਕੂਲ ਸਮਾਂ 10 ਤੋਂ 3 ਕਰ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਕੁਲਵਿੰਦਰ ਸਿੰਘ , ਸਾਹਿਲ ਠਾਕੁਰ, ਦਵਿੰਦਰ ਸਿੰਘ, ਪਰਮਜੀਤ ਸਿੰਘ, ਪਰਵੀਨ ਚੌਧਰੀ, ਸੋਹਣ ਲਾਲ, ਸੰਜੀਵ ਕੁਮਾਰ, ਆਦਿ ਸਾਥੀ ਹਾਜ਼ਰ ਸਨ।

# ਪੀਜ਼ੇ-ਬਰਗਰਾਂ 'ਚ ਗੁਆਚੀ ਮੱਕੀ ਦੀ ਰੋਟੀ -ਸਰੋਂ ਦਾ ਸਾਗ ਖਾਣ ਵਾਲਿਆਂ ਦੀ ਮਾਨਸਿਕਤਾ



ਚਾਟੀ ਵਿੱਚ ਰਿਨਿਆ ਸਰੋਂ ਦਾ ਸਾਗ, ਹੱਥ ਨਾਲ ਬਣਾਈ ਮੱਕੀ ਦੀ ਰੋਟੀ, ਨਾਲ ਲੱਸੀ ਦਾ ਗਿਲਾਸ ਤੇ ਮੂਲੀਆਂ ਦਾ ਸਲਾਦ, ਨਾਲ ਹੋਵੇ ਅਚਾਰ ਤਾਂ ਵਾਹ ਕਿਆ ਹੈ ਬਾਤ, ਪਰ ਅੱਜ ਦੇ ਬੱਚੇ ਭੁੱਲ ਗਏ ਨੇ ਇਹਨਾਂ ਚੀਜ਼ਾਂ ਦਾ ਸਵਾਦ, ਬਰਗਰ, ਪੀਜੇ, ਚਿਪਸ ਅਤੇ ਕੋਲਡ ਡ੍ਰਿੰਕ ਨੇ ਜ਼ਿੰਦਗੀ ਨੂੰ ਬਿਮਾਰੀਆਂ ਦੀ ਚਪੇਟ ਵਿੱਚ ਲਿਆ ਕੇ ਖੜਾ ਕਰ ਦਿੱਤਾ ਹੈ। ਕੋਈ ਵੀ ਇਨਸਾਨ ਇਹ ਨਹੀਂ ਸੋਚਦਾ ਕਿ ਉਹ ਆਪਣੇ ਬੱਚੇ ਨੂੰ ਪਿਆਰ ਤਾਂ ਕਰਦਾ ਹੈ ਪਰ ਉਸਦੇ ਬਿਮਾਰੀਆਂ ਪੈਦਾ ਕਰਨ ਵਾਲੀਆਂ ਚੀਜ਼ਾਂ ਦੇ ਸਵਾਦ ਨੂੰ ਪੂਰਾ ਕਰਕੇ ਆਪ ਹੀ ਬੱਚੇ ਨਾਲ ਦੁਸ਼ਮਣੀ ਕਮਾ ਰਿਹਾ ਹੈ ਕਿਉਂ ਨਹੀਂ ਅਸੀਂ ਬੱਚਿਆਂ ਨੂੰ ਪੁਰਾਣੀਆਂ ਰਿਵਾਇਤੀ ਸਬਜ਼ੀਆਂ ਅਤੇ ਘਰ ਦੀਆਂ ਚੀਜ਼ਾਂ ਪ੍ਰਤੀ ਜਾਣੂ ਕਰਵਾਉਂਦੇ, ਕਿਉਂ ਨਹੀਂ ਗਾਜਰਾਂ ਦਾ ਗਾਜਰਪਾਕ ਬਣਾ ਕੇ ਖਵਾਉਂਦੇ, ਕਿਉਂ ਨਹੀਂ ਸਰੋਂ ਦਾ ਸਾਗ, ਮੱਕੀ ਦੀ ਰੋਟੀ ਅਤੇ ਹੋਰ ਹਰੀਆਂ ਸਬਜ਼ੀਆਂ ਦੀ ਆਦਤ ਪਾਉਂਦੇ, ਕਿਉਂਕਿ ਅੱਜ ਬਚਪਣ ਤੋਂ ਹੀ ਬੱਚਿਆਂ ਦੇ ਅੱਖਾਂ ਨੂੰ ਐਨਕਾਂ ਅਤੇ ਹਾਰਟ ਅਟੈਕ ਵਰਗੀਆਂ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ ਉਸ ਲਈ ਆਪਾਂ ਹੀ ਖੁਦ ਜਿੰਮੇਵਾਰ ਹਾਂ ਕਿਉਂਕਿ ਬੱਚਿਆਂ ਦਾ ਸ਼ੌਕ ਪੂਰਾ ਕਰਨ ਲਈ ਆਪਾਂ ਇਹ ਭੁੱਲ ਜਾਦੇ ਹਾਂ ਕਿ ਇਹ ਬੱਚਿਆਂ ਦੀ ਸਿਹਤ ਲਈ ਨੁਕਸਾਨ ਦੇਹ ਹਨ ਜਿਸ ਕਰਕੇ ਹਰ ਇਨਸਾਨ ਨੂੰ ਆਪਣੇ ਘਰ ਤੋਂ ਹੀ ਘਰ ਦੇ ਹਾਲਾਤ ਬਦਲਣ ਦੀ ਲੋੜ ਹੈ। ਕੁਝ ਸਮਾਂ ਪਹਿਲਾਂ ਹਾਲਾਤ ਵਿਗੜ ਚੁੱਕੇ ਸਨ, ਪਰ ਅੱਜ ਇਨਸਾਨ ਫਿਰ ਉਹਨਾਂ ਪੁਰਾਣੀਆਂ ਰਵਾਇਤੀ ਚੀਜ਼ਾਂ ਵੱਲ ਮੁੜਦਾ ਹੋਇਆ ਨਜ਼ਰ ਆ ਰਿਹਾ ਹੈ, ਘਰਾਂ ਵਿੱਚ ਗੁੜ ਮਿੱਟੀ ਅਤੇ ਪਿੱਤਲ ਦੇ ਭਾਂਡੇ ਆਉਣੇ ਸ਼ੁਰੂ ਹੋ ਗਏ ਹਨ, ਬਿਨਾਂ ਰੇਹ ਸਪਰੇ ਦੀਆਂ ਚੀਜ਼ਾਂ, ਸਬਜ਼ੀਆਂ, ਫਲ ਫਰੂਟ ਨੂੰ ਪਹਿਲ ਦੇਣੀ ਸ਼ੁਰੂ ਹੋ ਗਈ ਹੈ, ਜੋ ਸ਼ੁਭ ਸੰਕੇਤ ਹਨ, ਹੋਰ ਵੀ ਗੰਭੀਰਤਾ ਨਾਲ ਯਤਨ ਦੀ ਲੋੜ ਹੈ ਤਾਂ ਜੋ ਬੱਚਿਆਂ ਨੂੰ ਮੌਸਮੀ ਸਬਜ਼ੀਆਂ ਖਵਾਣ ਦੇ ਨਾਲ ਉਹਨਾਂ ਦੀ ਤੰਦਰੁਸਤ ਸਿਹਤ ਲਈ ਅੱਜ ਦੇ ਤਕਨੀਕੀ ਯੁਗ ਤੋਂ ਪਾਸੇ ਹੋ ਕੇ ਘਰ ਦਾ ਮਾਹੌਲ ਪਰੋਸਣ ਦੀ ਲੋੜ ਹੈ ਜਿਸ ਕਰਕੇ ਆਉਣ ਵਾਲਾ ਸਮਾਂ ਬੱਚਿਆਂ ਦੀ ਤੰਦਰੁਸਤ ਸਿਹਤ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਅਹਿਮ ਰੋਲ ਨਿਭਾ ਸਕਦਾ ਹੈ। ਅਸੀਂ ਅੱਜ ਦੇ ਇਹਨਾਂ ਲਫਜ਼ਾਂ ਨਾਲ ਇਹੀ ਸੰਦੇਸ਼ ਦਿੰਦੇ ਹਾਂ ਕਿ ਆਓ ਆਪਾਂ ਆਪਣੇ ਬੱਚਿਆਂ ਨੂੰ ਮੌਸਮੀ ਸਬਜ਼ੀਆਂ ਖਾਣ ਪੁਰਾਣੀਆਂ ਰਵਾਇਤੀ ਪੀਣ ਦੀਆਂ ਚੀਜ਼ਾਂ ਦੀ ਆਦਤ ਪਾਈਏ, ਐਨਰਜੀ ਡਰਿੰਕ, ਕੋਲਡ ਡਰਿੰਕ, ਚਿਪਸ, ਬਰਗਰ ਪੀਜਿਆਂ ਤੋਂ ਪਾਸੇ ਕਰਕੇ ਤੰਦਰੁਸਤ ਸਿਹਤ ਦੀ ਸਿਰਜਣਾ ਲਈ ਜਾਗਰੂਕ ਕਰਕੇ ਅੱਗੇ ਵਧਾਈਏ।



ਇੰਜੀ. ਅਵਤਾਰ ਸਿੰਘ ਢਿੱਲੋਂ
98151-89490

# ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਮੀਨਾਰ-ਏ-ਬੇਗਮਪੁਰਾ ਤੋਂ ਤਪ ਅਸਥਾਨ ਨੂੰ ਜੋੜਨ ਲਈ ਵਾਲੇ ਪੁਲ ਦਾ ਰੱਖਿਆ ਨੀਂਹ ਪੱਥਰ

## ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਹਨ ਸਿਰਤੋੜ ਯਤਨ: ਜੈ ਕ੍ਰਿਸ਼ਨ ਸਿੰਘ ਰੌੜੀ



ਹੁਸ਼ਿਆਰਪੁਰ, 15 ਜਨਵਰੀ: ਦੀਪਕ ਅਗਨੀਹੋਤਰੀ : ਸ਼੍ਰੀ ਗੁਰੂ ਰਵਿਦਾਸ ਸਾਹਿਬ ਨਾਲ ਸਬੰਧਤ ਇਤਿਹਾਸਕ ਧਰਮ ਅਸਥਾਨ ਸ੍ਰੀ ਖੁਰਾਲਗੜ ਸਾਹਿਬ ਵਿਖੇ ਅੱਜ ਮੀਨਾਰ-ਏ-ਬੇਗਮਪੁਰਾ ਤੋਂ ਤਪ ਅਸਥਾਨ ਨੂੰ ਜੋੜਨ ਵਾਲੇ ਨਵੇਂ ਪੁਲ ਦਾ ਨੀਂਹ ਪੱਥਰ ਅੱਜ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਰੱਖਿਆ ਗਿਆ। ਇਸ ਮੌਕੇ ਡਿਪਟੀ ਸਪੀਕਰ ਰੌੜੀ ਨੇ ਦੱਸਿਆ ਕਿ ਇਹ ਪੁਲ ਪੰਜਾਬ ਸਰਕਾਰ ਵੱਲੋਂ ਪੌਣੇ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ, ਜੋ ਕਿ ਸਦੀਆਂ ਤੱਕ ਟਿਕਾਊ ਰਹੇਗਾ ਅਤੇ ਸੰਗਤਾਂ ਨੂੰ ਆਸਾਨ ਆਵਾਜਾਈ ਸਹੂਲਤ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਸ ਪੁਲ਼ ਦੇ ਨਿਰਮਾਣ ਨੂੰ ਤੈਅ ਸਮਾਂ ਸੀਮਾ ਦੌਰਾਨ ਪੂਰੀ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਵਾਉਣਾ ਵੀ ਯਕੀਨੀ ਬਣਾਇਆ ਜਾਵੇਗਾ।ਡਿਪਟੀ ਸਪੀਕਰ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਵੱਡੇ ਪੁਰਬ ਦੇ ਮੱਦੇਨਜ਼ਰ ਸਾਰੇ ਲੋੜੀਂਦੇ ਪ੍ਰਬੰਧ ਸਮਾਂ ਰਹਿੰਦੇ ਪੂਰੇ ਕਰਵਾਉਣੇ ਯਕੀਨੀ ਬਣਾਏ ਜਾਣਗੇ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਵੱਲੋਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਗਿਆ। ਇਸਦੇ ਨਾਲ ਹੀ ਬਾਬਾ ਸੁਖਦੇਵ ਸਿੰਘ ਅਤੇ ਬਾਬਾ ਨਰੇਸ਼ ਸਿੰਘ ਵੱਲੋਂ ਡਿਪਟੀ ਸਪੀਕਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਵੀ ਗਿਆ। ਇਸ ਨੀਂਹ ਪੱਥਰ ਸਮਾਗਮ ਦੌਰਾਨ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚਾਂ ਨੇ ਵੀ ਹਾਜ਼ਰੀ ਭਰੀ।ਇਸ ਮੌਕੇ ਹਾਜ਼ਰ ਰਹਿਣ ਵਾਲਿਆਂ ਵਿੱਚ ਬਾਬਾ ਕੇਵਲ ਸਿੰਘ ਜੀ, ਬਾਬਾ ਨਰੇਸ਼ ਸਿੰਘ ਜੀ, ਬਾਬਾ ਸੁਖਦੇਵ ਸਿੰਘ ਜੀ, ਸਰਪੰਚ ਰੋਸ਼ਨ ਲਾਲ, ਬਾਬਾ ਸੁਰਿੰਦਰ ਦਾਸ ਚਰਨ ਛੋ ਗੰਗਾ, ਗੁਰਲਾਲ ਸੈਲਾ ਜੀ, ਸਤਪਾਲ ਸਿੰਘ, ਗੁਰਮੁਖ ਸਿੰਘ, ਸਰਪੰਚ ਸੁਰਿੰਦਰ ਸਿੰਘ ਟੱਬਾ, ਸਰਪੰਚ ਮਹਿੰਦਰ ਪਾਲ (ਹਰਮਾ), ਬਲਾਕ ਸੰਮਤੀ ਮੈਂਬਰ ਪਰਵਿੰਦਰ ਕੁਮਾਰ ਸੇਖੋਵਾਲ, ਅਮਰੀਕ ਸਿੰਘ ਬੱਸੀ, ਸੁਰਿੰਦਰ ਸਿੰਘ ਬੱਸੀ, ਸਰਪੰਚ ਅਵਤਾਰ ਸਿੰਘ ਮਜਾਰੀ, ਜਗਤਾਰ ਸਿੰਘ ਮਜਾਰੀ, ਬਲਵੀਰ ਸਿੰਘ ਬੱਸੀ, ਲੱਛੂ ਰਾਮ ਬੱਸੀ, ਮਾਸਟਰ ਜਸਵੀਰ ਜੱਸੀ, ਭਾਗੂ ਰਾਮ ਬੱਸੀ, ਰੋਸ਼ਨ ਲਾਲ, ਬੱਸੀ ਰਾਮ ਲਾਲ ਬੱਸੀ, ਸੋਮਨਾਥ ਬੱਸੀ, ਸਾਹਿਲ ਕੁਮਾਰ, ਵਿਸ਼ਾਲ ਸਿੰਘ, ਹਰਮਨ ਸਿੰਘ, ਗੁਰਮੇਜ ਪੇਂਟਰ, ਲੱਡਾ ਖੁਰਾਲੀ, ਜਸਵਿੰਦਰ ਵਿੱਕੀ, ਐਕਸੀਅਨ ਮੰਡੀ ਬੋਰਡ ਦਿਲਪ੍ਰੀਤ ਸਿੰਘ, ਐਸ.ਡੀ.ਓ. ਅਮਨ ਮਹਿਰਾ ਜੀ, ਠੇਕੇਦਾਰ ਸਰਬਜੀਤ ਸਿੰਘ ਜਾਗੋਵਾਲ ਅਤੇ ਜਤਿੰਦਰ ਸਿੰਘ ਸ਼ਾਮਲ ਸਨ।

### ਪੁਰਾਤਨ ਵਿਰਸਾ

# ਬੋਰਸੀ: ਅੱਗ ਨੂੰ ਜ਼ਿੰਦਾ ਰੱਖਣ ਲਈ ਰਵਾਇਤੀ ਭਾਂਡਾ



ਇੱਕ ਸਮਾਂ ਸੀ ਜਦੋਂ ਹਰ ਘਰ ਵਿੱਚ ਅੱਗ ਹਮੇਸ਼ਾ ਜ਼ਿੰਦਾ ਰੱਖੀ ਜਾਂਦੀ ਸੀ। ਮਿੱਟੀ ਦੀ ਬਣੀ ਬੋਰਸੀ ਇਸ ਕੰਮ ਲਈ ਸਭ ਤੋਂ ਭਰੋਸੇਮੰਦ ਸਾਥੀ ਸੀ। ਇਹ ਅੰਗੀਠੀ ਤੋਂ ਛੋਟੀ ਸੀ ਅਤੇ ਇਸਦਾ ਮੁੱਖ ਉਦੇਸ਼ ਅੰਗਿਆਰਾਂ ਦੇ ਰੂਪ ਵਿੱਚ ਅੱਗ ਨੂੰ ਲਗਾਤਾਰ ਬਲਦਾ ਰੱਖਣਾ ਸੀ।ਜਣੇਪੇ ਦੇ ਮੌਕੇ ਤੇ ਬੋਰਸੀ ਦੀ ਭੂਮਿਕਾ ਹੋਰ ਵੀ ਖਾਸ ਹੋ ਗਈ। ਜਦੋਂ ਘਰ ਵਿੱਚ ਬੱਚਾ ਪੈਦਾ ਹੁੰਦਾ ਸੀ, ਤਾਂ ਬੋਰਸੀ ਨੂੰ ਡਿਲੀਵਰੀ ਰੂਮ ਦੇ ਦਰਵਾਜ਼ੇ ਤੇ ਰੱਖਿਆ ਜਾਂਦਾ ਸੀ। ਬਲਦੇ ਅੰਗਿਆਰਾਂ ਤੇ ਪੈਰ ਗਰਮ ਕਰਨ ਤੋਂ ਬਾਅਦ ਹੀ ਅੰਦਰ ਦਾਖਲ ਹੋ ਸਕਦਾ ਸੀ। ਨਿਯਮ ਇਹ ਸੀ ਕਿ ਪਹਿਲਾਂ ਹੱਥ-ਪੈਰ ਧੋਤੇ ਜਾਣ, ਫਿਰ ਉਨ੍ਹਾਂ ਨੂੰ ਬੋਰਸੀ ਦੀ ਅੱਗ ਵਿੱਚ ਗਰਮ ਕੀਤਾ ਜਾਵੇ, ਫਿਰ ਹੀ ਮਾਂ ਅਤੇ ਬੱਚੇ ਕੋਲ ਜਾ ਸਕਦਾ ਸੀ। ਕਮਰੇ ਤੋਂ ਬਾਹਰ ਜਾਣ ਵੇਲੇ ਵੀ ਇਹੀ ਪ੍ਰਕਿਰਿਆ ਦੁਹਰਾਈ ਜਾਂਦੀ ਸੀ। ਦਰਵਾਜ਼ੇ ਤੇ ਨਿੰਮ ਦੀ ਟਹਿਣੀ ਲਟਕਾਈ ਜਾਂਦੀ ਸੀ, ਤਾਂ ਜੋ ਵਾਤਾਵਰਣ ਸਾਫ਼ ਅਤੇ ਸੁਰੱਖਿਅਤ ਰਹੇ। ਇਹ ਸਾਰੇ ਉਸ ਸਮੇਂ ਇਨਫੈਕਸ਼ਨ ਤੋਂ ਬਚਾਉਣ ਲਈ ਸਧਾਰਨ ਅਤੇ ਵਿਹਾਰਕ ਉਪਾਅ ਸਨ। ਬੋਰਸੀ ਦੀ ਮਹੱਤਤਾ ਸਿਰਫ਼ ਸਿਹਤ ਤੱਕ ਸੀਮਿਤ ਨਹੀਂ ਸੀ। ਇਸਨੂੰ ਘਰ ਦੀ ਖੁਸ਼ਹਾਲੀ ਅਤੇ ਘਰੇਲੂ ਔਰਤ ਦੇ ਹੁਨਰ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਘਰ ਦੀਆਂ ਬਜ਼ੁਰਗ ਔਰਤਾਂ ਵੱਲੋਂ ਸਪੱਸ਼ਟ ਹਦਾਇਤ ਸੀ ਕਿ ਘਰ ਵਿੱਚੋਂ ਅੱਗ ਕਦੇ ਵੀ ਬੁਝਣੀ ਨਹੀਂ ਚਾਹੀਦੀ। ਗੋਬਰ ਦੇ ਛਿਲਕੇ ਅਤੇ ਫੂਸ ਨੂੰ ਅੱਗ ਵਿੱਚ ਪਾ ਕੇ ਅੰਗਿਆਰਾਂ ਨੂੰ ਬਲਦਾ ਰੱਖਿਆ ਜਾਂਦਾ ਸੀ। ਸਮੇਂ-ਸਮੇਂ ਤੇ ਇਸ ਵਿੱਚ ਨਵੇਂ ਗੋਬਰ ਦੀਆਂ ਨਵੀਆਂ ਪਾਥੀਆਂ ਪਾਉਣੀਆਂ ਜ਼ਰੂਰੀ ਸਨ। ਘਰ ਵਿੱਚ ਅੱਗ ਦੀ ਉਪਲਬਧਤਾ ਖੁਸ਼ਹਾਲੀ ਅਤੇ ਸ਼ੁਭਤਾ ਦੀ ਨਿਸ਼ਾਨੀ ਮੰਨੀ ਜਾਂਦੀ ਸੀ।ਇਸ ਦਾ ਜ਼ਿਕਰ ਲੋਕ-ਕਥਾਵਾਂ ਵਿੱਚ ਵੀ ਮਿਲਦਾ ਹੈ। ਕਿਹਾ ਜਾਂਦਾ ਸੀ ਕਿ ਹੋਲੀ ਤੋਂ ਪਹਿਲਾਂ ਅਗਨੀ ਮਾਤਾ ਆਪਣੇ ਸਹੁਰੇ ਘਰ ਰਹਿੰਦੀ ਹੈ ਅਤੇ ਹੋਲੀ ਵਾਲੇ ਦਿਨ ਆਪਣੇ ਪੇਕੇ ਘਰ ਆਉਂਦੀ ਹੈ। ਉਹ ਆਪਣੇ ਨਾਨਕੇ ਘਰ ਵਿੱਚ ਖੁੱਲ੍ਹ ਕੇ ਰਹਿੰਦੀ ਹੈ, ਇਸ ਲਈ ਇਸ ਸਮੇਂ ਅੱਗ ਦਾ ਖਾਸ ਧਿਆਨ ਰੱਖਣਾ ਪੈਂਦਾ ਸੀ ਮਾਨਤਾ ਅਨੁਸਾਰ ਨਹੀਂ ਤਾਂ ਇੱਕ ਛੋਟੀ ਜਿਹੀ ਗਲਤੀ ਬਹੁਤ ਨੁਕਸਾਨ ਕਰ ਸਕਦੀ ਸੀ।ਅੱਜ ਇਹ ਪਰੰਪਰਾ ਲਗਭਗ ਅਲੋਪ ਹੋ ਗਈ ਹੈ। ਨਾ ਤਾਂ ਚੁੱਲ੍ਹੇ ਬਚੇ ਹਨ, ਨਾ ਹੀ ਅੱਗ ਵਿੱਚ ਅੰਗਿਆਰੇ। ਹੁਣ ਹਰ ਘਰ ਵਿੱਚ ਗੈਸ ਦਾ ਚੁੱਲ੍ਹਾ ਹੈ, ਜਿਸਨੂੰ ਲਾਈਟਰ ਜਾਂ ਬਟਨ ਦਬਾ ਕੇ ਜਗਾਇਆ ਜਾਂਦਾ ਹੈ। ਸਹੂਲਤਾਂ ਵਧੀਆਂ ਹਨ, ਪਰ ਉਹ ਬਜ਼ੁਰਗ ਜੋ ਅੱਗ ਨੂੰ ਮਾਂ ਸਮਝਦੇ ਸਨ ਅਤੇ ਇਸਦੀ ਰੱਖਿਆ ਕਰਦੇ ਸਨ, ਹੁਣ ਨਹੀਂ ਹਨ।ਫਿਰ ਵੀ ਜਦੋਂ ਵੀ ਪੁਰਾਣੀ ਬੋਰਸੀ ਦਿਖਾਈ ਦਿੰਦੀ ਹੈ, ਤਾਂ ਇਸ ਨਾਲ ਜੁੜੀਆਂ ਯਾਦਾਂ ਅਤੇ ਕਹਾਣੀਆਂ ਮਨ ਨੂੰ ਅਤੀਤ ਦੇ ਨਿੱਘ ਨਾਲ ਭਰ ਦਿੰਦੀਆਂ ਹਨ। ਬੋਰਸੀ ਨੇ ਨਾ ਸਿਰਫ਼ ਅੱਗ ਨੂੰ ਜ਼ਿੰਦਾ ਰੱਖਿਆ, ਸਗੋਂ ਪਰੰਪਰਾਵਾਂ, ਵਿਸ਼ਵਾਸਾਂ ਅਤੇ ਰਿਸ਼ਤਿਆਂ ਦੀ ਨਿੱਘ ਨੂੰ ਵੀ ਸੁਰੱਖਿਅਤ ਰੱਖਿਆ।

ਮੋਹਿਤ ਸਿੰਗਲਾ, ਤਪਾ ਮੰਡੀ
ਮੋਬਾਈਲ-90412-95900.

# ਨਗਰ ਕੀਰਤਨ ਕੱਢੇ ਜਾਣ ਮਗਰੋਂ ਮਾਘੀ ਮੇਲਾ ਰਵਾਇਤੀ ਤੌਰ 'ਤੇ ਨਾਲ ਸਮਾਪਤ

ਸ੍ਰੀ ਮੁਕਤਸਰ ਸਾਹਿਬ, 15 ਜਨਵਰੀ (ਐਚ.ਐਸ. ਕਪੂਰ): ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ



ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਿਤ ਮਾਘੀ ਮੇਲਾ ਵੀਰਵਾਰ ਨੂੰ ਨਗਰ ਕੀਰਤਨ ਕੱਢੇ ਜਾਣ ਮਗਰੋਂ ਰਵਾਇਤੀ ਤੌਰ 'ਤੇ ਸਮਾਪਤ ਹੋਇਆ। ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਨੇ ਸ਼ਹਿਰ ਵਿੱਚ ਨਗਰ ਕੀਰਤਨ ਦਾ ਆਯੋਜਨ ਕੀਤਾ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਕਾ ਨੰਬਰ 4 ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋਇਆ।ਨਗਰ ਕੀਰਤਨ ਰੇਲਵੇ ਰੋਡ, ਬੈਂਕ ਰੋਡ, ਘਾਸ ਮੰਡੀ ਚੌਕ ਤੋਂ ਜਲਾਲਾਬਾਦ ਰੋਡ ਓਵਰਬ੍ਰਿਜ ਰਾਹੀਂ ਟਿੱਬੀ ਸਾਹਿਬ ਰੋਡ ਤੱਕ ਚੱਲਿਆ ਅਤੇ ਗੁਰਦੁਆਰਾ ਟਿੱਬੀ ਸਾਹਿਬ ਤੇ ਦਾਤਨਸਰ ਸਾਹਿਬ ਪਹੁੰਚਿਆ। ਸ਼ਰਧਾਲੂਆਂ ਨੇ ਮੱਥਾ ਟੇਕਿਆ ਅਤੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਨਗਰ ਕੀਰਤਨ ਫਿਰ ਜਲਾਲਾਬਾਦ ਰੋਡ ਰਾਹੀਂ ਵਾਪਸ ਆਇਆ ਅਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਨਾਕਾ ਨੰਬਰ 7 'ਤੇ ਸਮਾਪਤ ਹੋਇਆ। ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ "ਸਤਿਨਾਮ ਵਾਹਿਗੁਰੂ" ਦਾ ਜਾਪ ਕਰਦੇ ਹੋਏ ਸ਼ਮੂਲੀਅਤ ਕੀਤੀ। ਹਥਿਆਰਬੰਦ ਨਿਹੰਗ ਸਿੰਘ ਸੰਗਤਾਂ ਦੇ ਖਿੱਚ ਦਾ ਕੇਂਦਰ ਬਣੇ ਰਹੇ। ਰਾਗੀ ਢਾਡੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਮੰਤਰਮੁਗਧ ਕੀਤਾ। ਗੱਤਕਾ ਟੀਮਾਂ ਨੇ ਗੱਤਕੇ ਦੇ ਕਰਤੱਬ ਦਿਖਾਏ। ਸ਼ਰਧਾਲੂ ਪਾਲਕੀ ਸਾਹਿਬ ਦੇ ਦਰਸ਼ਨਾਂ ਲਈ ਇੱਕਠੇ ਹੋਏ। ਇਸ ਮੌਕੇ ਦਰਬਾਰ ਸਾਹਿਬ ਦੇ ਮੈਨੇਜਰ ਨਿਰਮਲਜੀਤ ਸਿੰਘ, ਪ੍ਰਬੰਧਕ ਕਮੇਟੀ ਦੇ ਸਕੱਤਰ ਬਿਜੈ ਸਿੰਘ ਧਰਮ ਪ੍ਰਚਾਰ ਕਮੇਟੀ, ਅਕਾਊਂਟੈਂਟ ਕੁਲਵੰਤ ਸਿੰਘ, ਨਵਤੇਜ ਸਿੰਘ ਕੌਣੀ ਸ਼੍ਰੋਮਣੀ ਕਮੇਟੀ ਮੈਂਬਰ, ਜਗਬੀਰ ਸਿੰਘ ਹੈਡ ਗ੍ਰੰਥੀ ਚਾਨਣ ਸਿੰਘ ਮੂਮੂ ਖੇੜਾ, ਸਾਬਕਾ ਮੈਨੇਜਰ ਬਲਦੇਵ ਸਿੰਘ ਸੁਖਦੇਵ ਸਿੰਘ ਮੀਤ ਮੈਨੇਜਰ ਗੁਰਜੀਤ ਸਿੰਘ ਰਿਕਾਰਡ ਕੀਪਰ, ਸਾਬਕਾ ਮੈਨੇਜਰ ਸੁਮੇਰ ਸਿੰਘ, ਜਗਦੀਸ਼ ਸਿੰਘ ਚੀਫ ਗੁਰਨਾਮ ਸਿੰਘ ਮੀਤ ਸਕਤਰ ਮੌਜੂਦ ਸਨ।

# ਕੈਬਨਿਟ ਮੰਤਰੀ ਖੁੱਡੀਆਂ ਵੱਲੋਂ ਭੁੱਲਰਵਾਲਾ ਵਿਖੇ 30 ਲੱਖ ਦੀ ਲਾਗਤ ਨਾਲ ਪਾਈਪ ਲਾਈਨ ਦੇ ਕੰਮ ਦਾ ਉਦਘਾਟਨ

ਲੰਬੀ/ਸ੍ਰੀ ਮੁਕਤਸਰ ਸਾਹਿਬ, 15 ਜਨਵਰੀ (ਐਚ ਐਸ ਕਪੂਰ): ਪੰਜਾਬ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਬੀਤੇ ਦਿਨੀਂ ਹਲਕੇ ਦੇ



ਪਿੰਡ ਭੁੱਲਰਵਾਲਾ ਵਿਖੇ ਮੋਘਾ ਨੰਬਰ- 131250/ TR (ਤਿਉਣਾ ਮਾਈਨਰ) ਅਧੀਨ ਲਗਭਗ 30 ਲੱਖ ਰੁਪਏ ਦੀ ਲਾਗਤ ਨਾਲ 2 ਕਿਲੋਮੀਟਰ ਦੀ ਲੰਬਾਈ ਵਾਲੀ ਪਾਈਪ ਲਾਈਨ ਦੇ ਕੰਮ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਪਾਣੀ ਵਾਲੀ ਪਾਈਪ ਲਾਈਨ ਦੇ ਕੰਮ ਮੁਕੰਮਲ ਹੋਣ ਨਾਲ ਪਿੰਡ ਦੇ 95 ਪਰਿਵਾਰਾਂ ਦੇ 435 ਕਿੱਲਿਆਂ ਲਈ ਪਾਣੀ ਮੁਹੱਈਆ ਕਰਵਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਵਾਅਦਾ ਸੀ ਹਰੇਕ ਕਿਸਾਨ ਦੇ ਖੇਤਾਂ ਤੱਕ ਪਾਣੀ ਨੂੰ ਪਹੁੰਚਾਇਆ ਜਾਵੇ ਅਤੇ ਪੰਜਾਬ ਸਰਕਾਰ ਵੱਲੋਂ ਪਾਣੀ ਟੇਲਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਸਾਬਕਾ ਪੰਚਾਇਤ ਮੈਂਬਰ ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ ਪੰਚਾਇਤ ਮੈਂਬਰ, ਰਜਿੰਦਰ ਕੌਰ ਪੰਚਾਇਤ ਮੈਂਬਰ, ਜਗਵਿੰਦਰ ਸਿੰਘ ਸਰਪੰਚ ਭੀਟੀ ਵਾਲਾ, ਰਾਜ ਬਹਾਦਰ ਸਰਪੰਚ ਰੋੜਾਂਵਾਲੀ, ਹੈਪੀ ਸਰਪੰਚ ਸਿੱਖ ਵਾਲਾ, ਬਲਵਿੰਦਰ ਸਿੰਘ ਸਰਪੰਚ ਤਰਮਾਲਾ, ਗੁਰਮਨ ਸਿੰਘ ਸਰਪੰਚ ਕੰਦੂ ਖੇੜਾ, ਹਰਚਰਨ ਸਿੰਘ ਫੱਤਾਕੇਰਾ, ਸ਼ਿਵਰਾਜ ਸਿੰਘ ਭੁੱਲਰ, ਪੱਪੀ ਭੁੱਲਰ, ਹਰਦੀਪ ਸਿੰਘ, ਰਿੰਕੂ, ਮਿਲਖੀ ਭੁੱਲਰ ਤੇ ਇਕਬਾਲ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਕੇਂਦਰ ਵੱਲੋਂ ਲਿਆਂਦੇ ਜਾ ਰਹੇ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ

ਲਹਿਰਾਗਾਗਾ, 15 ਜਨਵਰੀ (ਗੁਰਦੀਪ ਸਿੰਘ): ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਅੱਜ ਜ਼ਿਲ੍ਹਾ ਸੰਗਰੂਰ ਦੇ ਬਲਾਕ ਮੂਨਕ ਦੇ ਪਿੰਡ ਭੂਟਾਲ ਖੁਰਦ,ਕੜੈਲ ,ਮੂਨਕ ,ਬੱਲਰਾਂ,ਮੰਡਵੀ ,ਸ਼ਾਹਪੁਰ ਥੇੜ੍ਹੀ ,ਹਰੀਗੜ੍ਹ ਗੋਲਾਂ ,ਬੁਸਿਹਰਾ ,ਬਿਸ਼ਨਪੁਰਾ ਖੋਖਰ ਵੱਲੋਂ ਲੋਹੜੀ ਦੇ ਤਿਉਹਾਰ ਦੇ ਉੱਪਰ ਕੇਂਦਰ ਸਰਕਾਰ ਦੇ ਵੱਲੋਂ ਲਿਆਂਦੇ ਜਾ ਰਹੇ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜ਼ਿਲ੍ਹਾ ਆਗੂ ਸੁਖਦੇਵ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਕਿਸਾਨ ਮਜ਼ਦੂਰ ਵਿਰੋਧੀ ਤੇ ਲੋਕ ਵਿਰੋਧੀ ਕਾਨੂੰਨ ਲੋਕਾਂ ਉੱਪਰ ਹਰ ਦਿਨ ਨਵੇਂ ਹਮਲੇ ਦੇ ਰੂਪ ਦੇ ਵਿੱਚ ਲੈ ਕੇ ਆ ਰਹੀ ਹੈ। ਕਿਸਾਨੀ ਨੂੰ ਖਤਮ ਕਰਨ ਦੇ ਲਈ ਜੋ ਬੀਜ ਬਿਲ 2025 ਕੇਂਦਰ ਦੀ ਸਰਕਾਰ ਲੈ ਕੇ ਆ ਰਹੀ ਹੈ, ਉਹ ਪੰਜਾਬ ਦੀ ਤੇ ਭਾਰਤ ਦੀ ਕਿਸਾਨੀ ਲਈ ਬਹੁਤ ਹੀ ਖਤਰਨਾਕ ਹੈ, ਇਹ ਉਹਨਾਂ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਤਰ੍ਹਾਂ ਬਿਲ ਹੈ ਜਿਹਦੇ ਨਾਲ ਕਿਸਾਨੀ ਦਾ ਖੇਤਰ ਪੂਰੀ ਤਰ੍ਹਾਂ ਕਾਰਪੋਰੇਟ ਦੇ ਹਵਾਲੇ ਚਲਾ ਜਾਵੇਗਾ। ਕਿਉਂਕਿ ਕਿਸਾਨ ਦੇ ਘਰ ਦੇ ਵਿੱਚ ਬੀਜ ਤਾਂ ਹੋਵੇਗਾ ,ਪਰ ਉਸ ਕੋਲ ਉਸ ਬੀਜ ਨੂੰ ਬੀਜਣ ਦੀ ਇਜਾਜ਼ਤ ਨਹੀਂ ਹੋਵੇਗੀ ਤੇ ਉਸਨੂੰ ਬੀਜ ਉਹ ਕਾਰਪੋਰੇਟ ਕੰਪਨੀਆਂ ਤੋਂ ਮਹਿੰਗੇ ਭਾਅ ਲੈ ਕੇ ਹੀ ਬੀਜਣੇ ਪੈਣਗੇ। ਇਸੇ ਤਰ੍ਹਾਂ ਬਿਜਲੀ ਬਿਲ 2025 ਜਿਹਦੇ ਨਾਲ ਕਿਸਾਨਾਂ ਤੇ ਗਰੀਬ ਲੋਕਾਂ ਦੇ ਕੋਲੋਂ ਬਿਜਲੀ ਪੂਰੀ ਤਰ੍ਹਾਂ ਪਹੁੰਚ ਤੋਂ ਬਾਹਰ ਹੋ ਜਾਵੇਗੀ, ਕਿਉਂਕਿ ਬਿਜਲੀ ਦਾ ਖੇਤਰ ਪੂਰੀ ਤਰ੍ਹਾਂ ਕਾਰਪੋਰੇਟ ਅਧੀਨ ਚਲਿਆ ਜਾਵੇਗਾ, ਫਿਰ ਕਾਰਪੋਰੇਟ ਘਰਾਣੇ ਮਹਿੰਗੇ ਭਾਅ ਦੇ ਉੱਪਰ ਬਿਜਲੀ ਜਿਹੜੀ ਲੋਕਾਂ ਨੂੰ ਮਨ ਮਰਜ਼ੀ ਦੇ ਭਾਅ ਵੇਚਣਗੇ ਤੇ ਖੇਤਾਂ ਦੀ ਬਿਜਲੀ ਤੇ ਮਿਲਦੀ ਸਬਸਿਡੀ ਇਹ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ ।ਇਸੇ ਤਰ੍ਹਾਂ ਗਰੀਬ ਲੋਕਾਂ ਦਾ ਇੱਕੋ ਇੱਕ ਰੁਜ਼ਗਾਰ ਮਨਰੇਗਾ ਨੂੰ ਵੀ ਕੇਂਦਰ ਦੀ ਸਰਕਾਰ ਪੂਰੀ ਤਰਾ ਬੰਦ ਕਰਨ ਦੇ ਰਾਹ ਪਈ ਹੈ, ਜੀ ਰਾਮ ਜੀ ਦੇ ਬਿਲ ਰਾਹੀਂ ਮਨਰੇਗਾ ਨੂੰ ਖਤਮ ਕੀਤਾ ਜਾ ਰਿਹਾ ਹੈ, ਕਿਉਂਕਿ ਪਹਿਲਾਂ ਕੇਂਦਰ ਸਰਕਾਰ 90% ਹਿੱਸਾ ਮਨਰੇਗਾ ਵਿੱਚ ਪਾਉਂਦੀ ਸੀ ਤੇ ਰਾਜ ਸਰਕਾਰਾਂ 10% ਹਿੱਸਾ ਪਾਉਂਦੀਆਂ ਸਨ। ਪਰ ਹੁਣ ਕੇਂਦਰ ਸਰਕਾਰ 60% ਤੇ ਰਾਜ ਸਰਕਾਰਾਂ 40% ਹਿੱਸਾ ਜਿਹੜਾ ਪਾਉਣਗੀਆਂ, ਕੋਈ ਵੀ ਰਾਜ ਜਿਹੜਾ 40% ਹਿੱਸਾ ਮਨਰੇਗਾ ਲਈ ਨਹੀਂ ਕੱਢ ਸਕਦਾ, ਕਿਉਂਕਿ ਪੰਜਾਬ ਦੀ ਤਰ੍ਹਾਂ ਸਾਰੇ ਰਾਜਾਂ ਦਾ ਕਰਜੇ ਦੇ ਪੱਖੋਂ ਬੁਰਾ ਹਾਲ ਹੈ ।ਇਸ ਲਈ ਕੇਂਦਰ ਸਰਕਾਰ ਬੜੀ ਸੋਚੀ ਸਾਂਝੀ ਸਾਜ਼ਿਸ਼ ਦੇ ਤਹਿਤ ਰਾਜਾਂ ਦੇ ਉੱਪਰ ਬੋਝ ਪਾ ਕੇ ਮਨਰੇਗਾ ਨੂੰ ਖਤਮ ਕਰਨਾ ਚਾਹੁੰਦੀ ਹੈ ।ਪੰਜਾਬ ਸਰਕਾਰ ਵੀ ਇਹਨਾਂ ਸਾਰੇ ਬਿੱਲਾਂ ਨੂੰ ਭਾਵੇਂ ਲੋਕਾਂ ਦੇ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਵਿਧਾਨ ਸਭਾ ਦੇ ਸੈਸ਼ਨ ਸੱਦ ਕੇ ਮਨਰੇਗਾ ਦਾ ਵਿਰੋਧ ਕੀਤਾ ਜਾ ਰਿਹਾ।

ਮੁੱਖ ਮੰਤਰੀ ਟਵੀਟ ਕਰਕੇ ਬਿਜਲੀ ਬਿਲ ਦਾ ਵਿਰੋਧ ਕਰ ਰਹੇ ਹਨ ਪਰ ਬਿਜਲੀ ਬਿੱਲ ਨੂੰ ਜਿੱਥੇ ਵਿਸ਼ੇਸ਼ ਸਦਨ ਸੱਦ ਕੇ ਮੁੱਢੋਂ ਰੱਦ ਕੀਤਾ ਜਾਣਾ ਚਾਹੀਦਾ ਸੀ, ਉਹ ਸਿਰਫ ਟਵੀਟ ਕਰਕੇ ਬੁੱਤਾ ਸਾਰ ਰਹੇ ਹਨ। ਇਸ ਗੱਲ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਤਰ੍ਹਾਂ ਇਹਨਾਂ ਸਾਰੇ ਬਿਲਾਂ ਨੂੰ ਪੰਜਾਬ ਵਿੱਚ ਲਾਗੂ ਕਰਨਾ ਚਾਹੁੰਦੀ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਸਬੰਧਤ ਕਿਸਾਨਾਂ ਦੀਆਂ ਮੰਗਾਂ ਦਾ ਪੰਜਾਬ ਸਰਕਾਰ ਫੌਰੀ ਹੱਲ ਕਰੇ ,ਨਹੀਂ ਆਉਣ ਵਾਲੇ ਦਿਨਾਂ ਵਿੱਚ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਮੰਗਾਂ ਦਾ ਹੱਲ ਕਰਵਾਉਣ ਲਈ ਤਕੜੇ ਸੰਘਰਸ਼ ਕੀਤੇ ਜਾਣਗੇ।

# ਚੋਰਾਂ ਦੀ ਪੁਲਿਸ ਨੂੰ ਚੁਨੌਤੀ, ਝੁੰਡ ਦੇ ਰੂਪ 'ਚ ਕਰਦੇ ਨੇ ਵਾਰਦਾਤਾਂ, ਚੋਰਾਂ ਤੋਂ ਦੁਖੀ ਦੁਕਾਨਦਾਰ ਦੁਕਾਨਾਂ ਵੇਚਣ ਲਈ ਮਜਬੂਰ

ਬਠਿੰਡਾ, 15 ਜਨਵਰੀ (ਦੀਪਕ ਸ਼ਰਮਾ): ਬਠਿੰਡਾ ਦੇ ਵਿੱਚ ਅਪਰਾਧੀਆਂ, ਚੋਰਾਂ ਤੇ ਲੁਟੇਰਿਆਂ ਦੇ ਹੌਂਸਲੇ ਇੰਨੇ ਵੱਧ ਚੁੱਕੇ ਹਨ ਕਿ ਹੁਣ ਉਹ ਇਕੱਲੇ-ਕਹਿਰੇ ਨਹੀਂ, ਬਲਕਿ ਝੁੰਡ ਦੇ ਰੂਪ ਵਿੱਚ ਆਉਂਦੇ ਹਨ। ਇਸ ਤਰ੍ਹਾਂ ਕਰਕੇ ਉਹ ਕਾਨੂੰਨ ਨੂੰ ਸ਼ਰੇਆਮ ਚੁਣੌਤੀ ਪੇਸ਼ ਕਰ ਰਹੇ ਹਨ। ਅਜਿਹਾ ਹੀ ਇੱਕ ਕਿੱਸਾ ਕੁਝ ਦਿਨ ਪਹਿਲਾਂ ਸਾਹਮਣੇ ਆਇਆ ਸੀ ਜਦੋਂ ਥਾਣਾ ਕੋਤਵਾਲੀ ਅਧੀਨ ਪੈਂਦੀ ਬਿਰਲਾ ਮਿਲ ਕਲੋਨੀ ਵਿੱਚ ਔਰਤਾਂ ਦੇ ਇੱਕ ਗਰੋਹ ਨੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਉਕਤ ਔਰਤਾਂ ਵੀ ਝੁੰਡ ਦੇ ਰੂਪ ਵਿੱਚ ਆਈਆਂ ਸਨ। ਭਾਵੇਂ ਕਿ ਥਾਣਾ ਕੋਤਵਾਲੀ ਵਿੱਚ ਉਕਤ ਔਰਤਾਂ ਖਿਲਾਫ਼ ਪਰਚਾ ਦਰਜ ਕੀਤਾ ਗਿਆ ਸੀ, ਪਰ ਇਸ ਦੇ ਬਾਵਜੂਦ ਕੁਝ ਦਿਨਾਂ ਬਾਅਦ ਲੰਘੀ ਰਾਤ ਨੂੰ ਪ੍ਰਤਾਪ ਨਗਰ ਵਿੱਚ ਚੋਰੀ ਦੀ ਇੱਕ ਵੱਡੀ ਵਾਰਦਾਤ ਵਾਪਰ ਗਈ। ਪੁਲਿਸ ਦੇ ਖ਼ੌਫ਼ ਤੋਂ ਬੇਪਰਵਾਹ ਚੋਰਾਂ ਨੇ ਇਸ ਵਾਰ ਵਪਾਰੀਆਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਹੈ, ਜਿਸ ਤੋਂ ਦੁਖੀ ਹੋ ਕੇ ਇਲਾਕੇ ਦੇ ਦੁਕਾਨਦਾਰਾਂ ਨੇ ਰੋਸ ਵਜੋਂ ਆਪਣੀਆਂ ਦੁਕਾਨਾਂ 'ਤੇ 'ਦੁਕਾਨ ਵਿਕਾਊ ਹੈ' ਦੇ ਪੋਸਟਰ ਲਗਾ ਦਿੱਤੇ ਹਨ ਅਤੇ ਪੁਲਿਸ ਦੀ ਕਾਰਜਗਾਰੀ ਤੋਂ ਦੁਖੀ ਹੋ ਕੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ।

ਜਾਣਕਾਰੀ ਅਨੁਸਾਰ ਬੁੱਧਵਾਰ ਦੇਰ ਰਾਤ ਪ੍ਰਤਾਪ ਨਗਰ ਇਲਾਕੇ ਵਿੱਚ 15 ਤੋਂ 20 ਨਕਾਬਪੋਸ਼ ਚੋਰਾਂ ਦੇ ਇੱਕ ਸੰਗਠਿਤ ਗਿਰੋਹ ਨੇ ਖੂਬ ਅੱਤ ਮਚਾਇਆ। ਕੰਬਲਾਂ ਨਾਲ ਮੂੰਹ ਢਕੀ ਇਹ ਚੋਰ ਲੋਹੇ ਦੀਆਂ ਰਾਡਾਂ ਨਾਲ ਲੈਸ ਸਨ। ਚੋਰਾਂ ਨੇ ਸਭ ਤੋਂ ਪਹਿਲਾਂ 'ਪਾਰਸ ਜਵੈਲਰਜ਼' ਨੂੰ ਨਿਸ਼ਾਨਾ ਬਣਾਇਆ ਅਤੇ ਦੁਕਾਨ ਦੇ ਪੰਜ ਤਾਲੇ ਤੋੜ ਕੇ ਅੰਦਰੋਂ ਕਰੀਬ 8 ਕਿੱਲੋ ਚਾਂਦੀ ਅਤੇ ਸੋਨੇ ਦੇ ਗਹਿਣੇ ਸਾਫ਼ ਕਰ ਦਿੱਤੇ। ਇਸ ਤੋਂ ਇਲਾਵਾ ਇੱਕ ਹੋਰ ਜਵੈਲਰ ਦੀ ਦੁਕਾਨ ਦੇ ਤਾਲੇ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਉੱਥੇ ਉਹ ਸਫਲ ਨਹੀਂ ਹੋ ਸਕੇ। ਚੋਰਾਂ ਨੇ ਬਾਜ਼ਾਰ ਦੀਆਂ ਕਈ ਹੋਰ ਦੁਕਾਨਾਂ ਦੇ ਵੀ ਤਾਲੇ ਤੋੜੇ ਅਤੇ ਕੀਮਤੀ ਸਾਮਾਨ ਲੈ ਕੇ ਫ਼ਰਾਰ ਹੋ ਗਏ।

ਪੀੜਤ ਦੁਕਾਨਦਾਰਾਂ ਵਿੱਚ ਪੁਲਿਸ ਪ੍ਰਤੀ ਭਾਰੀ ਗੁੱਸਾ ਦੇਖਣ ਨੂੰ ਮਿਲਿਆ। ਵਪਾਰੀਆਂ ਦਾ ਦੋਸ਼ ਹੈ ਕਿ ਰਾਤ ਸਾਢੇ ਤਿੰਨ ਵਜੇ ਚੋਰੀ ਦੀ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਪੁਲਿਸ ਨੂੰ ਫੋਨ ਕੀਤਾ ਗਿਆ ਸੀ, ਪਰ ਪੁਲਿਸ ਦੀ ਟੀਮ ਕਰੀਬ ਡੇਢ ਘੰਟਾ ਦੇਰੀ ਨਾਲ ਮੌਕੇ 'ਤੇ ਪਹੁੰਚੀ। ਇਸੇ ਰੋਸ ਦੇ ਚਲਦਿਆਂ ਵੀਰਵਾਰ ਸਵੇਰੇ ਪ੍ਰਤਾਪ ਨਗਰ ਮੇਨ ਰੋਡ ਦੇ ਸਮੂਹ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰਕੇ 'ਆਪ' ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਵਪਾਰੀਆਂ ਨੇ ਸਪੱਸ਼ਟ ਕਿਹਾ ਕਿ ਜੇਕਰ ਉਹ ਸੁਰੱਖਿਅਤ ਨਹੀਂ ਹਨ, ਤਾਂ ਉਹ ਇੱਥੇ ਕਾਰੋਬਾਰ ਕਰਨ ਲਈ ਮਜਬੂਰ ਨਹੀਂ ਰਹਿਣਗੇ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਮੌਕੇ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਲੜਖੜਾ ਚੁੱਕੀ ਹੈ। ਸਿੰਗਲਾ ਨੇ ਦੋਸ਼ ਲਾਇਆ ਕਿ ਨਸ਼ੇ ਤੇ ਅਪਰਾਧੀਆਂ ਦੇ ਗਠਜੋੜ ਨੂੰ ਸਿਆਸੀ ਸਰਪ੍ਰਸਤੀ ਮਿਲ ਰਹੀ ਹੈ, ਜਿਸ ਕਾਰਨ ਚੋਰ ਬੇਖ਼ੌਫ਼ ਹੋ ਕੇ ਘੁੰਮ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਪੁਲਿਸ ਦੀ ਗਸ਼ਤ ਵਧਾਈ ਜਾਵੇ ਅਤੇ ਦੁਕਾਨਦਾਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ।

ਦੂਜੇ ਪਾਸੇ ਮਾਹੌਲ ਤਣਾਅਪੂਰਨ ਹੁੰਦਾ ਦੇਖ ਐਸ.ਪੀ. ਸਿਟੀ ਨਰਿੰਦਰ ਸਿੰਘ ਅਤੇ ਡੀ.ਐਸ.ਪੀ. ਅੰਮ੍ਰਿਤਪਾਲ ਸਿੰਘ ਭਾਟੀ ਭਾਰੀ ਪੁਲਿਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਐਸ.ਪੀ. ਸਿਟੀ ਨੇ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਸੀ.ਆਈ.ਏ. ਸਟਾਫ਼-2 ਅਤੇ ਥਾਣਾ ਕੈਨਾਲ ਕਲੋਨੀ ਦੀਆਂ ਟੀਮਾਂ ਸੀਸੀਟੀਵੀ ਫੁਟੇਜ ਖੰਗਾਲ ਰਹੀਆਂ ਹਨ ਅਤੇ ਜਲਦ ਹੀ ਚੋਰਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ। ਪੁਲਿਸ ਦੇ ਭਰੋਸੇ ਤੋਂ ਬਾਅਦ ਵਪਾਰੀਆਂ ਨੇ ਧਰਨਾ ਖ਼ਤਮ ਕਰ ਦਿੱਤਾ, ਪਰ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਨਤੀਜੇ ਨਾ ਮਿਲੇ ਤਾਂ ਉਹ ਐਸ.ਐਸ.ਪੀ. ਦਫ਼ਤਰ ਦਾ ਘੇਰਾਓ ਕਰਨਗੇ।

# ਕੰਗਨਾ ਰਣੌਤ ਨੂੰ ਮਾਣਹਾਨੀ ਮਾਮਲੇ ਵਿੱਚ ਨਿੱਜੀ ਪੇਸ਼ੀ ਤੋਂ ਮਿਲੀ ਛੋਟ, ਅਗਲੀ ਸੁਣਵਾਈ 27 ਨੂੰ

ਬਠਿੰਡਾ, 15 ਜਨਵਰੀ (ਦੀਪਕ ਸ਼ਰਮਾ): ਭਾਜਪਾ ਦੀ ਸੰਸਦ ਮੈਂਬਰ ਅਤੇ ਫ਼ਿਲਮ ਅਦਾਕਾਰਾ ਕੰਗਨਾ ਰਣੌਤ ਖ਼ਿਲਾਫ਼ ਚੱਲ ਰਹੇ ਮਾਨਹਾਨੀ ਮਾਮਲੇ ਵਿੱਚ ਵੀਰਵਾਰ ਨੂੰ ਬਠਿੰਡਾ ਦੀ ਅਦਾਲਤ ਵਿੱਚ ਅਹਿਮ ਸੁਣਵਾਈ ਹੋਈ। ਇਹ ਮਾਮਲਾ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਦੌਰਾਨ ਬਜ਼ੁਰਗ ਮਹਿਲਾ ਮਹਿੰਦਰ ਕੌਰ ਬਾਰੇ ਕੀਤੀ ਗਈ ਕਥਿਤ ਆਪਮਾਨ ਜਨਕ ਟਿੱਪਣੀ ਨਾਲ ਜੁੜਿਆ ਹੋਇਆ ਹੈ। ਵੀਰਵਾਰ ਦੀ ਪੇਸ਼ੀ ਦੌਰਾਨ ਕੰਗਨਾ ਰਣੌਤ ਅਦਾਲਤ ਵਿੱਚ ਨਿੱਜੀ ਤੌਰ 'ਤੇ ਹਾਜ਼ਰ ਨਹੀਂ ਹੋਈ, ਸਗੋਂ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ੀ ਹੋਈ। ਇਸ ਦੌਰਾਨ ਕੰਗਨਾ ਰਣੌਤ ਵੱਲੋਂ ਪਹਿਲਾਂ ਦਾਇਰ ਕੀਤੀ ਗਈ ਨਿੱਜੀ ਪੇਸ਼ੀ ਤੋਂ ਛੋਟ ਸਬੰਧੀ ਅਰਜ਼ੀ 'ਤੇ ਅਦਾਲਤ ਵਿੱਚ ਲੰਬੀ ਬਹਿਸ ਹੋਈ। ਕੰਗਨਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਹ ਸੰਸਦ ਮੈਂਬਰ ਹਨ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਰੁੱਝੇ ਰਹਿਣ ਕਰਕੇ ਹਰ ਪੇਸ਼ੀ 'ਤੇ ਨਿੱਜੀ ਤੌਰ 'ਤੇ ਹਾਜ਼ਰ ਹੋਣਾ ਉਨ੍ਹਾਂ ਲਈ ਸੰਭਵ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕੰਗਨਾ ਅੱਗੇ ਵੀ ਅਦਾਲਤੀ ਕਾਰਵਾਈ ਦੌਰਾਨ ਵੀਡੀਓ ਕਾਨਫਰੰਸਿੰਗ ਪੇਸ਼ ਹੁੰਦੀ ਰਹੇਗੀ। ਦੂਜੇ ਪਾਸੇ ਸ਼ਿਕਾਇਤਕਰਤਾ ਮਹਿੰਦਰ ਕੌਰ ਦੇ ਵਕੀਲ ਰਘੁਬੀਰ ਸਿੰਘ ਬਹਿਣੀਵਾਲ ਨੇ ਇਸ ਅਰਜ਼ੀ ਦਾ ਤਿੱਖਾ ਵਿਰੋਧ ਕੀਤਾ। ਉਨ੍ਹਾਂ ਨੇ ਅਦਾਲਤ ਨੂੰ ਦੱਸਿਆ ਕਿ ਕੰਗਨਾ ਰਣੌਤ ਜਾਣ-ਬੁੱਝ ਕੇ ਨਿੱਜੀ ਪੇਸ਼ੀ ਤੋਂ ਬਚ ਰਹੀ ਹੈ, ਜਿਸ ਕਾਰਨ ਮਾਮਲੇ ਦੀ ਸੁਣਵਾਈ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪਿਛਲੇ ਚਾਰ ਸਾਲਾਂ ਤੋਂ ਅਦਾਲਤ ਵਿੱਚ ਲੰਬਿਤ ਹੈ ਅਤੇ ਪੀੜਤ ਪੱਖ ਲਗਾਤਾਰ ਇਨਸਾਫ਼ ਲਈ ਸੰਘਰਸ਼ ਕਰ ਰਿਹਾ ਹੈ। ਅਜਿਹੇ ਵਿੱਚ ਨਿੱਜੀ ਪੇਸ਼ੀ ਤੋਂ ਛੋਡ ਦੇਣਾ ਨਿਆਂ ਦੇ ਹਿਤ ਵਿੱਚ ਨਹੀਂ ਹੈ। ਦੋਵਾਂ ਪੱਖਾਂ ਦੀਆਂ ਦਲੀਲਾਂ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਅਦਾਲਤ ਨੇ ਕੰਗਨਾ ਰਣੌਤ ਦੀ ਨਿੱਜੀ ਤੌਰ 'ਤੇ ਪੇਸ਼ੀ ਛੋਟ ਸਬੰਧੀ ਅਰਜ਼ੀ ਮਨਜ਼ੂਰ ਕਰ ਲਈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕੰਗਨਾ ਅਗਲੀ ਸੁਣਵਾਈ ਦੌਰਾਨ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋ ਸਕੇਗੀ। ਇਸ ਮਾਮਲੇ ਵਿੱਚ ਇਸ ਤੋਂ ਪਹਿਲਾਂ ਵੀ ਗਵਾਹਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ ਤੇ ਕੁਝ ਸਬੂਤ ਅਦਾਲਤ ਦੇ ਸਾਹਮਣੇ ਪੇਸ਼ ਹੋ ਚੁੱਕੇ ਹਨ। ਦੂਜੇ ਪਾਸੇ ਸ਼ਿਕਾਇਤਕਰਤਾ ਪੱਖ ਦਾ ਦੋਸ਼ ਹੈ ਕਿ ਕਿਸਾਨ ਅੰਦੋਲਨ ਦੌਰਾਨ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇਕ ਪੋਸਟ ਰਾਹੀਂ ਕੰਗਨਾ ਰਣੌਤ ਨੇ ਬਜ਼ੁਰਗ ਮਹਿਲਾ ਮਹਿੰਦਰ ਕੌਰ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ, ਜਿਸ ਨਾਲ ਉਸਦੀ ਮਾਨਹਾਣੀ ਹੋਈ ਹੈ।

ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 27 ਜਨਵਰੀ ਦੀ ਤਾਰੀਖ਼ ਰੱਖੀ ਹੈ। ਅਗਲੀ ਪੇਸ਼ੀ ਦੌਰਾਨ ਗਵਾਹਾਂ ਨਾਲ ਸਬੰਧਤ ਮਸਲਿਆਂ ਤੇ ਅਗਲੀ ਕਾਨੂੰਨੀ ਪ੍ਰਕਿਰਿਆ 'ਤੇ ਸੁਣਵਾਈ ਕੀਤੀ ਜਾਵੇਗੀ। ਮਹਿੰਦਰ ਕੌਰ ਨੇ ਇੱਕ ਵਾਰ ਫਿਰ ਦੁਹਰਾਇਆ ਕਿ ਉਹ ਇਨਸਾਫ਼ ਮਿਲਣ ਤਕ ਆਪਣੀ ਇਹ ਕਾਨੂੰਨੀ ਲੜਾਈ ਜਾਰੀ ਰੱਖੇਗੀ ਤੇ ਕੰਗਨਾ ਨੂੰ ਬਠਿੰਡਾ ਦੀ ਅਦਾਲਤ 'ਚ ਪੇਸ਼ ਹੋਣਾ ਹੀ ਪਵੇਗਾ। ਜ਼ਿਕਰਯੋਗ ਹੈ ਕੰਗਨਾ ਨੇ ਪਹਿਲੀ ਪੇਸ਼ੀ ਮੌਕੇ ਹੀ ਮਾਤਾ ਮਹਿੰਦਰ ਕਰ ਤੋਂ ਮਾਫ਼ੀ ਮੰਗ ਲਈ ਸੀ, ਪਰ ਮਾਤਾ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

# ਮਾਹੀ ਮਹੰਤ ਲੜ ਸਕਦੇ ਨੇ ਨਗਰ ਕੌਂਸਲ ਚੋਣਾਂ

ਸੁਨਾਮ ਊਧਮ ਸਿੰਘ ਵਾਲਾ, 15 ਜਨਵਰ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ):



ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਜਿਵੇਂ ਜਿਵੇਂ ਨਜ਼ਦੀਕ ਆ ਰਹੀਆਂ ਹਨ ਉਸ ਨੂੰ ਲੈਕੇ ਸੁਨਾਮ ਊਧਮ ਸਿੰਘ ਵਾਲਾ ਵਿਖੇ ਚੋਣਾਂ ਲੜਨ ਦੇ ਦਾਅਵੇਦਾਰ ਵਿਅਕਤੀ ਆਪਣੇ ਆਪਣੇ ਵਾਰਡਾਂ ਵਿੱਚ ਦਿਨ ਰਾਤ ਮੇਹਨਤ ਕਰ ਰਹੇ ਹਨ ਸੂਤਰਾਂ ਤੋ ਮਿਲੀ ਜਾਨਕਾਰੀ ਅਨੁਸਾਰ ਮਾਹੀਂ ਮਹੰਤ ਡੇਰਾ ਗਜ਼ ਸ਼ਹੀਦਾਂ ਵਾਲੇ ਵਾਰਡ ਨੰਬਰ 7 ਪੁਰਾਣਾ ਤਿੰਨ ਤੋ ਵੀ ਨਗਰ ਕੌਂਸਲ ਚੋਣਾਂ ਲੜ ਸਕਦੇ ਹਨ ਪਹਿਲਾਂ ਇਹ ਵਾਰਡ ਤਿੰਨ ਸੀ ਹੁਣ ਸੀ ਹੁਣ ਸੱਤ ਬਣ ਗਿਆ ਹੈ ਵਾਰਡ ਦੇ ਸਹਿਜੋਗ ਸਾਰੇ ਵਾਰਡ ਵਾਲਿਆਂ ਦੀ ਸਹਿਮਤੀ ਨਾਲ ਰਲਕੇ ਚੋਣਾਂ ਲੜਨਗੇ ਅਤੇ ਆਪਣੇ ਵਾਰਡ ਅੰਦਰ ਵੱਧ ਤੋਂ ਵੱਧ ਕੰਮ ਕਰਵਾਉਣਗੇ।

# ਮਕਰ ਸੰਕ੍ਰਾਤੀ ਮੌਕੇ ਖ਼ਾਲਸ ਪ੍ਰੇਮ ਮਾਰਗ ਗਊਸ਼ਾਲਾ ਵਿਖੇ ਕੀਰਤਨ ਕੀਤਾ

ਸੁਨਾਮ, 15 ਜਨਵਰੀ (ਮੋਹਣ ਸ਼ਰਮਾ/ਰਾਉਵਰਿੰਦਰ ਮਠਾੜੂ): ਸਥਾਨਕ ਓਵਰ ਬਰਿਜ ਦੇ ਥੱਲੇ ਸਥਿਤ ਖਾਲਸ ਪ੍ਰੇਮ ਮਾਰਗ



ਬਿਮਾਰ ਗਊਆਂ ਦੇ ਪਿੰਗਲਵਾੜੇ (ਗਊਸ਼ਾਲਾ) ਵਿੱਚ ਮਕਰ ਸੰਕ੍ਰਾਤੀ ਦੇ ਪਵਿੱਤਰ ਦਿਹਾੜੇ ਤੇ ਗਊਆਂ ਦੀ ਸੇਵਾ ਹਿੱਤ ਕਮਲ ਮੈਨਨ ਦੀ ਅਗਵਾਈ ਹੇਠ ਕੀਰਤਨ ਮੰਡਲੀ ਵੱਲੋਂ ਕੀਰਤਨ ਕੀਤਾ ਗਿਆ ਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਤੇ ਕੀਰਤਨ ਮੰਡਲੀ ਵੱਲੋਂ ਗਊਆਂ ਲਈ 11 ਕੁਵਿੰਟਲ ਹਰਾ ਚਾਰਾ, ਪੰਜ ਬੋਰੀਆਂ ਫੀਡ ਤੇ ਕੁਝ ਰਾਸ਼ੀ ਗੁਪਤ ਦਾਨ ਵਜੋਂ ਗਊਸ਼ਾਲਾ ਨੂੰ ਭੇਂਟ ਕੀਤੀ ਗਈ। ਕਮਲ ਮੈਨਨ ਆਪਣੀ ਮੰਡਲੀ ਦੀਆਂ ਭੈਣਾਂ ਨਾਲ ਪਿਛਲੇ ਕਾਫੀ ਸਮੇ ਤੋਂ ਗਊਸ਼ਾਲਾ ਵਿੱਚ ਲਗਾਤਾਰ ਕੀਰਤਨ ਦੀ ਸੇਵਾ ਕਰਦੇ ਆ ਰਹੇ ਹਨ। ਇਸ ਮੌਕੇ ਤੇ ਜੋਗਿੰਦਰ ਸਿੰਘ ਸਾਰੋਂ ਸਰਪ੍ਰਸਤ, ਸਾਮ ਲਾਲ ਬਾਂਸਲ ਪ੍ਰਧਾਨ, ਵਿਕਰਮ ਜੀਤ ਸਿੰਘ ਵਿਕੀ ਮੈਨੇਜਰ, ਕ੍ਰਿਸ਼ਨ ਸੰਦੋਹਾ, ਅਸ਼ੋਕ ਕੁਮਾਰ ਜਿੰਦਲ, ਰਾਜ ਕੁਮਾਰ ਗੋਇਲ, ਓਮ ਪ੍ਰਕਾਸ਼ ਮਾਰਡੇ, ਡਾ, ਸਤਪਾਲ ਗਰਗ,ਡਾ, ਗਗਨਦੀਪ ਸਿੰਘ, ਡਾ. ਰਸਵੀਰ ਸਿੰਘ ਜਵੰਧਾ, ਡਾ. ਗੁਰਪ੍ਰੀਤ ਸਿੰਘ ਬਖਸੀਵਾਲਾ, ਲਾਜ ਪਤ ਰਾਏ ਗਰਗ, ਅਸ਼ੋਕ ਸਿੰਗਲਾ ਸਕੱਤਰ, ਡਾ. ਬਿਮਲ ਸ਼ਰਮਾ ਸਾਲੂ, ਡਾ, ਹਰਜਿੰਦਰ ਸਿੰਘ, ਗੁਰਦੀਪ ਸਿੰਘ ਦੀਪੀ, ਜੀਤ ਸਿੰਘ ਸਾਰੋਂ, ਤੋਂ ਇਲਾਵਾ ਕਮਲ ਮੈਨਨ, ਸੱਸੀ ਗਰਗ, ਸੰਤੋਸ਼ ਬਾਸਲ, ਬਿੱਟੀ ਸ਼ਰਮਾ, ਰੀਟਾ, ਭੋਲੀ, ਪੁਸ਼ਪਾ, ਕੰਚਨ, ਮਮਤਾ ਤੇ ਊਸਾ ਸਮੇਤ ਮੰਡਲੀ ਦੀਆਂ ਭੈਣਾਂ ਹਾਜਰ ਸਨ। ਇਸ ਮੌਕੇ ਤੇ ਕਮਲ ਮੈਨਨ ਵੱਲੋ ਗਊਸ਼ਾਲਾ ਦੇ ਸੇਵਾਦਾਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਗਊਸ਼ਾਲਾ ਕਮੇਟੀ ਵੱਲੋਂ ਕਮਲ ਮੈਨਨ ਸਮੇਤ ਸਾਰੀ ਮੰਡਲੀ ਦਾ ਧੰਨਵਾਦ ਕੀਤਾ ਗਿਆ।

# ਬ੍ਰਾਹਮਣ ਸਭਾ ਨੇ ਮਾਘੀ ਮੌਕੇ ਵਿਸ਼ਾਲ ਭੰਡਾਰਾ ਲਗਾਇਆ

ਰਾਮਪੁਰਾ ਫੂਲ, 15 ਜਨਵਰੀ (ਮਨਪ੍ਰੀਤ ਮਿੰਟੂ): ਮਾਘੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ, ਭਗਵਾਨ ਸ੍ਰੀ ਪਰਸ਼ੂਰਾਮ ਜੀ ਦੀ ਅਪਾਰ ਕਿਰਪਾ ਸਦਕਾ ਰਾਮਪੁਰਾ ਫੂਲ ਵਿਖੇ ਬ੍ਰਾਹਮਣ ਸਭਾ ਦੇ ਮੰਦਰ ਵਿਖੇ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ; ਜਿਸ ਵਿਚ ਸੰਗਤਾਂ ਨੇ ਭਰਪੂਰ ਹਾਜ਼ਰੀ ਲਵਾਈ।ਸਮਾਗਮ ਦੀ ਸ਼ੁਰੂਆਤ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੀ ਪੂਜਾ-ਅਰਚਨਾ ਨਾਲ ਕੀਤੀ ਗਈ। ਇਸ ਮੌਕੇ ਮਾਹੌਲ ਪੂਰੀ ਤਰ੍ਹਾਂ ਭਗਤੀ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। ਸਭਾ ਦੇ ਪ੍ਰਧਾਨ ਗੁਰਤੇਜ ਸ਼ਰਮਾ ਨੇ ਦੱਸਿਆ ਕਿ ਇਹ ਭੰਡਾਰਾ ਲੋਕਾਂ ਵਿੱਚ ਆਪਸੀ ਭਾਈਚਾਰਾ ਵਧਾਉਣ ਅਤੇ ਮਾਘੀ ਦੇ ਸ਼ੁਭ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਦੇ ਮਕਸਦ ਨਾਲ ਲਗਾਇਆ ਗਿਆ।ਸ਼ਹਿਰ ਨਿਵਾਸੀਆਂ ਤੋਂ ਇਲਾਵਾ ਆਲੇ-ਦੁਆਲੇ ਤੋਂ ਆਈਆਂ ਸੰਗਤਾਂ ਨੇ ਵੀ ਬੜੀ ਸ਼ਰਧਾ ਨਾਲ ਭੰਡਾਰਾ ਛਕਿਆ। ਵਲੰਟੀਅਰਾਂ ਵੱਲੋਂ ਬੜੀ ਨਿਮਰਤਾ ਅਤੇ ਪ੍ਰੇਮ ਭਾਵਨਾ ਨਾਲ ਸੇਵਾ ਨਿਭਾਈ ਗਈ।ਸਭਾ ਦੇ ਪ੍ਰਧਾਨ ਗੁਰਤੇਜ ਸ਼ਰਮਾ ਨੇ ਕਿਹਾ ਕਿ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੀ ਕਿਰਪਾ ਨਾਲ ਹੀ ਅਜਿਹੇ ਨੇਕ ਕਾਰਜ ਸੰਭਵ ਹੁੰਦੇ



ਹਨ। ਲੋਕਾਂ ਨੇ ਪ੍ਰਬੰਧਕੀ ਕਮੇਟੀ ਅਤੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸਭਾ ਦੀ ਸਲਾਹਕਾਰ ਮਹਿੰਦਰਜੀਤ ਕੌਰ ਤੋਂ ਇਲਾਵਾ ਵੇਦ ਰਾਜ ਸ਼ਰਮਾ, ਰਾਮ ਸ਼ੰਮਲ ਤ੍ਰਿਪਾਠੀ, ਓਮ ਪ੍ਰਕਾਸ਼ ਸ਼ਾਸਤਰੀ, ਕੁਲਭੂਸ਼ਨ ਸ਼ਰਮਾ,ਡਾ.ਰਾਜ ਰਾਣੀ ਸ਼ਰਮਾ, ਬਲਦੇਵ ਕਰਿਸ਼ਨ ਬੱਲੀ,ਪੰਕਜ ਤਿਰਪਾਠੀ, ਪੰਡਿਤ ਹਰਿਓਮ ਸ਼ਾਸਤਰੀ, ਡਾ. ਜੁਗਲ ਕਿਸ਼ੋਰ, ਹਰਿਓਮ ਸ਼ਾਸਤਰੀ, ਪੱਤਰਕਾਰ ਹਰਪ੍ਰੀਤ ਹੈਪੀ, ਪੱਤਰਕਾਰ ਮਨਪ੍ਰੀਤ ਮਿੰਟੂ, ਪ੍ਰਿਅੰਕਾ ਸ਼ਰਮਾ, ਰਾਜਿੰਦਰ ਤਿਰਪਾਠੀ, ਪਰਿੰਸ, ਰਮੇਸ਼ ਜਿਲੇਦਾਰ, ਡਾ. ਭਰਥਰੀ ਸ਼ਰਮਾ, ਰਕੇਸ਼ ਸ਼ਰਮਾ, ਪਵਨ ਸ਼ਰਮਾ, ਕੇਵਲ ਕ੍ਰਿਸ਼ਨ ਸ਼ਰਮਾ, ਪ੍ਰਕਾਸ਼ ਤਿਰਪਾਠੀ, ਕੀਰਤ ਸ਼ਰਮਾ, ਰਾਮ ਸਰੂਪ ਸ਼ਰਮਾ, ਦਰਸ਼ਨ ਸ਼ਰਮਾ, ਜਨਕ ਰਾਜ ਸ਼ਰਮਾ ਤੇ ਪੁਜਾਰੀ ਬ੍ਰਹਮਾਨੰਦ ਪਰਾਸ਼ਰ ਨੇ ਵੀ ਭਰਪੂਰ ਹਾਜ਼ਰੀ ਲਵਾਈ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ 19 ਨੂੰ

ਸ੍ਰੀ ਮੁਕਤਸਰ ਸਾਹਿਬ, 15 ਜਨਵਰੀ (ਐਚ ਐਸ ਕਪੂਰ): ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ 19 ਜਨਵਰੀ ਦਿਨ ਸੋਮਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਦਿਲਬਾਗ ਸਿੰਘ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿੱਚ ਇਲਾਇਟ ਇੰਪ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਰੀਕਰੂਟਮੈਂਟ ਐਸੋਸੀਏਟ ਦੀਆਂ 10 ਅਸਾਮੀਆਂ ਲਈ ਕੇਵਲ ਲੜਕੀਆਂ ਦੀ ਇੰਟਰਵਿਊ ਕੀਤੀ ਜਾਣੀ ਹੈ। ਇੰਟਰਵਿਊ ਲਈ ਵਿੱਦਿਅਕ ਯੋਗਤਾ 12ਵੀਂ ਪਾਸ, ਉਮਰ 18 ਤੋਂ 30 ਸਾਲ ਤੇ ਪ੍ਰਾਰਥੀ ਨੂੰ ਹਿੰਦੀ ਭਾਸ਼ਾ ਪੜ੍ਹਣੀ/ਲਿਖਣੀ ਆਉਂਣੀ ਲਾਜ਼ਮੀ ਹੈ।ਪਲੇਸਮੈਂਟ ਅਫ਼ਸਰ ਦਲਜੀਤ ਸਿੰਘ ਬਰਾੜ ਨੇ ਵਧੇਰੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਕਿ ਕੈਂਪ ਵਿੱਚ ਭਾਗ ਲੈਣ ਸਮੇਂ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਦਸਤਾਵੇਜ, 2 ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਜਰੂਰ ਨਾਲ ਲੈ ਕੇ ਆਉਣ (ਅਸਲ + ਫੋਟੋ ਕਾਪੀ)।

ਉਨ੍ਹਾਂ ਦੱਸਿਆ ਕਿ ਪ੍ਰਾਰਥੀ ਵਿਭਾਗ ਵੱਲੋਂ ਮੁਹੱਈਆ ਕਰਵਾਈ ਜਾਂਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਦਫਤਰ ਦੇ ਵੈਟਸਐਪ ਨੰਬਰ 98885-62317 'ਤੇ ਆਪਣੇ ਵੇਰਵੇ ਭੇਜ ਕੇ ਗਰੁੱਪ ਜੁਆਇਨ ਕਰਨ ਤਾਂ ਜੋ ਪ੍ਰਾਰਥੀਆਂ ਨੂੰ ਦਫ਼ਤਰ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪ/ਰੋਜ਼ਗਾਰ ਮੇਲੇ ਅਤੇ ਹੋਰ ਪ੍ਰੋਗਰਾਮ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ. ਤੇ ਡੀ.ਏ. ਦੇਣ ਯੋਗ ਨਹੀਂ ਹੋਵੇਗਾ।ਵਧੇਰੇ ਜਾਣਕਾਰੀ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਸ੍ਰੀ ਮੁਕਤਸਰ ਸਾਹਿਬ ਦੇ ਨੰਬਰ 98885-62317 'ਤੇ ਸੰਪਰਕ ਕਰ ਸਕਦੇ ਹਨ।

# ਗੁਰਦੁਆਰਾ ਪ੍ਰਬੰਧਕ ਕਮੇਟੀ ਕੇਸਰ ਸਿੰਘ ਵਾਲਾ ਵੱਲੋਂ ਵਿਦਿਆਰਥੀ ਨੂੰ ਵਰਦੀਆਂ ਭੇਟ



ਭਗਤਾ ਭਾਈ ਕਾ, 15 ਜਨਵਰੀ (ਸਵਰਨ ਸਿੰਘ ਭਗਤਾ): ਪਿਛਲੇ ਦਿਨੀਂ ਮਾਘੀ ਦੇ ਪਵਿੱਤਰ ਦਿਹਾੜੇ ਮੌਕੇ ਨੇੜਲੇ ਪਿੰਡ ਕੇਸਰ ਸਿੰਘ ਵਾਲਾ ਦੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਾਇਮਰੀ ਸਕੂਲ ਕੇਸਰ ਸਿੰਘ ਵਾਲਾ ਦੇ ਬੱਚਿਆਂ ਨੂੰ ਵਰਦੀਆਂ ਸਮੇਤ ਬਲੇਜ਼ਰ (ਕੋਟ) ਦਾਨ ਕੀਤੇ ਗਏ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਚੈਨ ਸਿੰਘ ਨੇ ਦੱਸਿਆ ਕਿ ਠੰਢ ਦੇ ਚੱਲਦਿਆਂ ਇਹ ਬੱਚਿਆਂ ਦੀ ਮੁਢਲੀ ਲੋੜ ਸੀ। ਪਿੰਡ ਦੇ ਦਾਨੀ ਸੱਜਣਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਇਹ ਸ਼ਲਾਘਾਯੋਗ ਉੱਦਮ ਹੈ। ਸਕੂਲ ਦੇ ਐਚ.ਟੀ. ਸਤਵੀਰ ਕੌਰ ਤੇ ਅਧਿਆਪਕ ਮਨਜੀਤ ਸਿੰਘ ਨੇ ਆਏ ਹੋਏ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾਸਟਰ ਸਵਰਨ ਸਿੰਘ, ਮੈਂਬਰ ਗੁਰਮੇਲ ਧਨੇਸਰ, ਸਿਕੰਦਰ ਸਿੰਘ, ਮੱਖਣ ਸਿੰਘ, ਜਗਦੇਵ ਸਿੰਘ ਪੰਮਾ, ਸਵਰਨ ਸਿੰਘ, ਗੁਰਮੇਲ ਸਿੰਘ ਫੌਜੀ, ਲਖਵੀਰ ਸਿੰਘ ਲੱਖਾ ਤੇ ਸਕੂਲ ਦੇ ਸਮੂਹ ਮੈਂਬਰ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਰੈਲੀ ਕੱਢੀ

ਮੂਨਕ, 15 ਜਨਵਰੀ (ਸਮਸ਼ੇਰ ਸਿੰਘ ਭੁਟਾਲ): ਤਹਿਸੀਲ ਮੂਨਕ ਦੇ ਨੇੜਲੇ ਪਿੰਡ ਭੁਟਾਲ ਖੁਰਦ ਵਿੱਖੇ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਜਾਗਰੂਕਤਾ ਰੈਲੀ ਕੱਢੀ ਗਈ ਜਿਸ ਵਿੱਚ ਆਂਗਣਵਾੜੀ ਵਿਭਾਗ, ਪੰਚਾਇਤ ਵਿਭਾਗ, ਸਿਹਤ ਵਿਭਾਗ, ਸਕੂਲੀ ਵਿਦਿਆਰਥੀ ਤੇ ਟੀਚਰਾਂ ਸਮੇਤ ਆਮ



ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਹ ਰੈਲੀ ਆਂਗਣਵਾੜੀ ਸੈਂਟਰ ਤੋਂ ਚੱਲ ਕੇ ਸਾਰੇ ਪਿੰਡ ਵਿੱਚ ਲੋਕਾਂ ਨੂੰ ਜਾਗਰੂਕ ਕਰਦੀ ਹੋਈ ਮੁੜ ਦੁਬਾਰਾ ਰਵੀਦਾਸ ਧਰਮਸ਼ਾਲਾ ਕੋਲ ਸਮਾਪਤ ਕੀਤੀ ਗਈ, ਜਿੱਥੇ ਠੰਡ ਕਾਰਨ ਪੰਚਾਇਤ ਵੱਲੋਂ ਮੌਕੇ ਤੇ ਮੌਜੂਦ ਪਤਵੰਤਿਆਂ ਅਤੇ ਸਕੂਲੀ ਬੱਚਿਆਂ ਲਈ ਚਾਹ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ।ਇਸ ਰੈਲੀ ਨੂੰ ਪਿੰਡ ਵਾਸੀਆਂ ਵੱਲੋਂ ਭਰਵਾਂ ਸਮਰਥਨ ਅਤੇ ਹੁੰਗਾਰਾ ਦਿੱਤਾ ।ਮੌਕੇ ਤੇ ਮੌਜੂਦ ਨਗਰ ਪੰਚਾਇਤ ਆਮ ਆਦਮੀ ਪਾਰਟੀ ਦੇ ਵਲੰਟੀਅਰ ਅਤੇ ਵੱਖ ਵੱਖ ਵਿਭਾਗਾਂ ਦੇ ਸਾਮਲ ਹੋਏ ਮੁਲਾਜ਼ਮਾਂ ਵੱਲੋਂ ਯੁੱਧ ਨਸਿਆਂ ਵਿਰੁੱਧ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਬਚਨ ਲਿਆ ।ਇਸ ਮੌਕੇ ਆਂਗਣਵਾੜੀ ਵਰਕਰ ਅਮਰਜੀਤ ਕੌਰ ,ਨਛੱਤਰ ਕੌਰ, ਮਨਜੀਤ ਕੌਰ ਸਮੇਤ ਸਮੂਹ ਹੈਲਪਰ ਸਿਹਤ ਵਿਭਾਗ ਵੱਲੋਂ ਮਲਟੀਪਰਪਜ ਹੈਲਥ ਵਰਕਰ ਬਲਜਿੰਦਰ ਸਿੰਘ ਰੰਧਾਵਾ ਸਮੇਤ ਪਿੰਡ ਦੀਆਂ ਆਸਾ ਵਰਕਰਾਂ ਸਿੱਖਿਆ ਵਿਭਾਗ ਵੱਲੋਂ ਮਾਸਟਰ ਅਮਨਦੀਪ ਸਿੰਘ ਤਰਸੇਮ ਸਿੰਘ ਸਮੇਤ ਸਮੂਹ ਸਟਾਫ ਸਕੂਲ ਦੇ ਵਿਦਿਆਰਥੀ ਸਰਪੰਚ ਨਾਹਰ ਸਿੰਘ ਸਮੇਤ ਸਮੂਹ ਪੰਚਾਇਤ ਸੈਕਟਰੀ ਰਾਜਵਿੰਦਰ ਸਿੰਘ ਆਮ ਆਦਮੀ ਪਾਰਟੀ ਵੱਲੋਂ ਸੋਸ਼ਲ ਮੀਡੀਆ ਸੈਕਟਰੀ ਮਲਕੀਤ ਸਿੰਘ ਪ੍ਰਧਾਨ, ਸਤਿਗੁਰ ਸਿੰਘ ਸਰਗਰਮ ਵਰਕਰ ਦਰਸ਼ਨ ਸਿੰਘ ਸਰਗਰਮ ਵਰਕਰ, ਡਾਕਟਰ ਬੱਗਾ ਸਿੰਘ ਸਮੇਤ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਪਿੰਡ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਸੁਚੇਤ ਕੀਤਾ ਜਾਵੇ : ਐਸ.ਐਮ.ਓ.

ਭਗਤਾ ਭਾਈ ਕਾ, 15 ਜਨਵਰੀ (ਸਵਰਨ ਸਿੰਘ ਭਗਤਾ): ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਦੇ ਦੂਜੇ ਪੜਾ ਸਬੰਧੀ ਸਿਵਲ



ਸਰਜਨ ਬਠਿੰਡਾ ਡਾ. ਤਪਿੰਦਰ ਜੋਤ ਵੱਲੋਂ ਤਾਜ਼ਾ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇੰਨਾਂ ਹਦਾਇਤਾਂ ਉੱਪਰ ਕਾਰਵਾਈ ਕਰਦੇ ਹੋਏ ਸਮਦਾਇਕ ਸਿਹਤ ਕੇਂਦਰ ਭਗਤਾ ਭਾਈ ਕਾ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਨੇ ਫੀਲਡ ਸਟਾਫ ਨੂੰ ਆਪੋ ਆਪਣੇ ਖੇਤਰ ਦੇ ਵਿਦਿਅਕ ਅਦਾਰਿਆਂ ਵਿੱਚ ਪਹੁੰਚਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਕਿਹਾ ਗਿਆ। ਉਹਨਾਂ ਕਿਹਾ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਦੇ ਦੂਜੇ ਪੜਾ ਦੌਰਾਨ ਸਮਾਜ ਵਿੱਚ ਫੈਲੇ ਨਸ਼ਿਆਂ ਸੰਬੰਧੀ ਸਕੂਲਾਂ ਕਾਲਜ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ। ਨਸ਼ਿਆਂ ਦੀ ਵਰਤੋਂ ਕਾਰਨ ਹੋਣ ਬਾਰੇ ਸਰੀਰਕ ਅਤੇ ਮਾਨਸਿਕ ਨੁਕਸਾਨ ਸਬੰਧੀ ਵੀ ਸੁਚੇਤ ਕੀਤਾ ਜਾਵੇ। ਉਹਨਾਂ ਕਿਹਾ ਕਿ ਸਮਾਜ ਵਿੱਚ ਨਸ਼ੇ ਖਤਮ ਕਰਨਾ ਕੇਵਲ ਪੁਲਿਸ ਵਿਭਾਗ ਦੀ ਜਿੰਮੇਵਾਰੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜਿੰਮੇਵਾਰੀ ਬਣਦੀ ਹੈ । ਉਹਨਾਂ ਫੀਲਡ ਸਟਾਫ ਦੇ ਮੁਲਾਜ਼ਮਾਂ ਨੂੰ ਕਿਹਾ ਕਿ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਨਸ਼ਾ ਛਡਾਊ ਸਕੀਮਾਂ ਅਤੇ ਪ੍ਰੋਗਰਾਮਾਂ ਸਬੰਧੀ ਵਿਸਥਾਰ ਵਿੱਚ ਦੱਸਦਿਆਂ ਆਪਣਾ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ



ਦਿੜ੍ਹਬਾ ਮੰਡੀ, 15 ਜਨਵਰੀ (ਹੈਪੀ): ਸਹਿਰ ਦੇ ਇਤਿਹਾਸਕ ਧਾਰਮਿਕ ਅਸਥਾਨ ਸ਼ਹੀਦ ਬਾਬਾ ਬਰਸੀਆਣਾ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਭਰਵੀਂ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿਚ ਕਿਸਾਨ ਆਗੂ ਤੇ ਕਿਸਾਨ ਹਾਜ਼ਰ ਹੋਏ। ਹੋਈ ਇਸ ਮੀਟਿੰਗ ਚ ਕਿਸਾਨੀ ਖੇਤਰ ਚ ਦਰਪੇਸ਼ ਆ ਰਹੀਆਂ ਸਮਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਬਲਾਕ ਪ੍ਰਧਾਨ ਹਰਜੀਤ ਸਿੰਘ ਮਹਿਲਾ ਅਤੇ ਜਿਲ੍ਹਾ ਖਜਾਨਚੀ ਅਮਨਦੀਪ ਸਿੰਘ ਮਹਿਲਾ ਨੇ ਦੱਸਿਆ ਕਿ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਭਾਰਤ ਦੇ ਸਾਰੇ ਡੀ ਸੀ ਦਫਤਰਾਂ ਅੱਗੇ ਇੱਕ ਰੋਜ਼ਾ ਧਰਨੇ ਦਿੱਤੇ ਜਾਣਗੇ। ਉਕਤ ਬੁਲਾਰਿਆਂ ਨੇ ਦਾਅਵਾ ਕਰਦਿਆਂ ਕਿਹਾ ਕਿ ਸਰਕਾਰ ਬਿਜਲੀ ਬਿਜਲੀ ਬਿੱਲ 2025, ਸੀਡ ਬਿਲ, ਮਨਰੇਗਾ ਕਾਨੂੰਨ ਵਿੱਚ ਫੇਰ ਬਦਲ ਕਰਕੇ ਮਨਰੇਗਾ ਸਕੀਮ ਨੂੰ ਖਤਮ ਕਰਨਾ ਚਾਹੁੰਦੀ ਹੈ ਤੇ ਚਾਰ ਲੇਬਰ ਕੋਡ ਬਣਾ ਕੇ ਕਥਿਤ ਤੌਰ ਤੇ ਕਿਰਤੀ ਲੋਕਾਂ ਨੂੰ ਲੁੱਟਣ ਦੇ ਰਾਹ ਤੁਰੀ ਹੋਈ ਹੈ। ਜਿਸ ਦੇ ਵਿਰੋਧ ਵਿੱਚ ਕੱਲ ਨੂੰ ਡੀਸੀ ਦਫਤਰ ਸੰਗਰੂਰ ਅੱਗੇ ਵੱਡਾ ਇਕੱਠ ਕਰਕੇ ਸਰਕਾਰ ਨੂੰ ਚੇਤਾਵਨੀ ਦਿੱਤੀ ਜਾਵੇਗੀ ਕਿ ਜੇਕਰ ਸਰਕਾਰ ਆਪਣੇ ਇਰਾਦਿਆਂ ਤੋਂ ਵਾਪਸ ਨਾ ਮੁੜੀ ਤਾਂ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੋਈ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਬਲਾਕ ਖਜਾਨਚੀ ਜਗਦੀਪ ਸਿੰਘ ਮਹਿਲਾ ਮਿਸ਼ਰਾ ਸਿੰਘ ਨਿਹਾਲਗੜ੍ਹ ਜੋਗਿੰਦਰ ਸਿੰਘ ਖੇੜੀ ਨਾਗਾ ਹਰਬੰਸ ਸਿੰਘ ਦਿੜ੍ਹਬਾ ਜਸਵੰਤ ਸਿੰਘ ਸਮੂਰਾਂ ਮੇਜਰ ਸਿੰਘ ਕੌਹਰੀਆਂ ਜਗਜੀਤ ਸਿੰਘ ਗੁਰਮੀਤ ਸਿੰਘ ਰਘਵੀਰ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

# ਪਾਵਰਕਾਮ ਦੀ 'ਐਵਰੇਜ ਬਿਲਿੰਗ' ਨੇ ਖਪਤਕਾਰਾਂ ਦੇ ਕੱਢੇ ਵੱਟ; ਲੋਕਾਂ 'ਚ ਭਾਰੀ ਰੋਸ

ਧੂਰੀ, 15 ਜਨਵਰੀ (ਰਾਜੇਸ਼ਵਰ ਪਿੰਟੂ): ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ 300 ਯੂਨਿਟ ਮੁਫ਼ਤ ਬਿਜਲੀ ਦੇ ਕੇ "ਰਾਹਤ" ਦੇਣ ਦੇ ਕੀਤੇ ਜਾ ਰਹੇ ਵੱਡੇ-ਵੱਡੇ ਦਾਅਵਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ। ਧੂਰੀ ਸ਼ਹਿਰ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਵਰਕਾਮ ਵੱਲੋਂ ਖਪਤਕਾਰਾਂ ਨੂੰ ਭੇਜੇ ਗਏ ਹਜ਼ਾਰਾਂ ਰੁਪਏ ਦੇ 'ਐਵਰੇਜ ਬਿਲਾਂ' ਨੇ ਆਮ ਜਨਤਾ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਕੜਾਕੇ ਦੀ ਠੰਢ ਦੇ ਇਸ ਮੌਸਮ ਵਿੱਚ, ਜਦੋਂ ਬਿਜਲੀ ਦੀ ਵਰਤੋਂ ਨਿਗੂਣੀ ਰਹਿ ਜਾਂਦੀ ਹੈ, ਉਦੋਂ ਇੰਨੇ ਮੋਟੇ ਬਿਲਾਂ ਨੇ ਲੋਕਾਂ ਨੂੰ ਸੋਚੀਂ ਪਾ ਦਿੱਤਾ ਹੈ।

ਕੁਝ ਖਪਤਕਾਰਾਂ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਸਰਦੀਆਂ ਵਿੱਚ ਅਕਸਰ ਉਨ੍ਹਾਂ ਦੇ ਬਿਲ ਜ਼ੀਰੋ ਆਉਂਦੇ ਸਨ। ਪਰ ਇਸ ਵਾਰ 20 ਅਕਤੂਬਰ 2025 ਤੋਂ ਬਿਲਿੰਗ ਪ੍ਰਕਿਰਿਆ ਠੱਪ ਰਹਿਣ ਕਾਰਨ ਪਾਵਰਕਾਮ ਨੇ ਮੀਟਰ ਰੀਡਿੰਗ ਲਏ ਬਿਨਾਂ ਹੀ, ਅੰਦਾਜ਼ਨ ਖਪਤ ਦੇ ਆਧਾਰ 'ਤੇ ਭਾਰੀ-ਭਰਕਮ ਬਿਲ ਥੋਪ ਦਿੱਤੇ ਹਨ। ਇਸ ਕਾਰਨ ਲੋਕਾਂ ਅੰਦਰ ਸਰਕਾਰ ਅਤੇ ਮਹਿਕਮੇ ਪ੍ਰਤੀ ਤਿੱਖਾ ਰੋਸ ਪਾਇਆ ਜਾ ਰਿਹਾ ਹੈ।

ਧੂਰੀ ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ ਤੇ ਚੇਅਰਮੈਨ ਹੰਸ ਰਾਜ ਬਜਾਜ ਨੇ ਪਾਵਰਕਾਮ ਦੀ ਇਸ ਕਾਰਗੁਜ਼ਾਰੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ "ਬਿਨਾਂ ਰੀਡਿੰਗ, ਐਵਰੇਜ ਬਿਲਿੰਗ" ਸਰਾਸਰ ਬੇਇਨਸਾਫ਼ੀ ਅਤੇ ਜਨਤਾ ਦੀ ਆਰਥਿਕ ਲੁੱਟ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਦਾ ਵਪਾਰੀ ਪਹਿਲਾਂ ਹੀ ਮਹਿੰਗਾਈ ਦੀ ਮਾਰ ਅਤੇ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਕਈਆਂ ਲਈ ਤਾਂ ਰੋਜ਼ੀ-ਰੋਟੀ ਦਾ ਜੁਗਾੜ ਕਰਨਾ ਵੀ ਦੁੱਭਰ ਹੋਇਆ ਪਿਆ ਹੈ। ਅਜਿਹੀ ਸਥਿਤੀ ਵਿੱਚ ਅਜਿਹੇ ਗੈਰ-ਵਾਜਬ ਬਿਲ ਭੇਜਣਾ ਲੋਕਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਤੁਲ ਹੈ।

ਲੋਕਾਂ ਨੇ ਮੰਗ ਕੀਤੀ ਹੈ ਕਿ ਮਹਿਕਮਾ ਹੜਤਾਲੀ ਕਰਮਚਾਰੀਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢੇ ਜਾਂ ਫਿਰ ਰੀਡਿੰਗ ਲਈ ਕੋਈ ਬਦਲਵਾਂ ਠੋਸ ਪ੍ਰਬੰਧ ਕਰੇ, ਤਾਂ ਜੋ ਆਮ ਜਨਤਾ ਨੂੰ ਅਜਿਹੀਆਂ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰਨਾ ਪਵੇ।

# ਧੂਰੀ ਓਵਰਬ੍ਰਿਜ ਮਾਮਲੇ 'ਚ ਸਿਆਸਤ ਤੋਂ ਉੱਪਰ ਉੱਠ ਕੇ ਕੇਂਦਰ ਵਿਰੁੱਧ ਇੱਕਜੁੱਟ ਹੋਣ ਦੀ ਲੋੜ : ਦੌਲਤਪੁਰ

ਧੂਰੀ, 15 ਜਨਵਰੀ (ਰਾਜੇਸ਼ਵਰ ਪਿੰਟੂ): ਧੂਰੀ ਦੇ ਬਹੁ-ਚਰਚਿਤ ਓਵਰਬ੍ਰਿਜ ਦੀ ਉਸਾਰੀ ਨੂੰ ਲੈ ਕੇ ਪੈਦਾ ਹੋਏ ਸਿਆਸੀ ਘਮਾਸਾਨ ਦਰਮਿਆਨ, ਪੰਜਾਬ ਪ੍ਰਦੇਸ਼ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਦੇ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਇੱਕ ਅਹਿਮ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਸੱਤਾਧਾਰੀ ਧਿਰ ਅਤੇ ਸਮੁੱਚੀਆਂ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਗੰਭੀਰ ਮਸਲੇ 'ਤੇ ਇੱਕ ਮੰਚ 'ਤੇ ਇਕੱਠੇ ਹੋ ਕੇ ਕੇਂਦਰ ਸਰਕਾਰ ਦੀਆਂ ਕਥਿਤ ਮਾਰੂ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ।

ਦੌਲਤਪੁਰ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੰਬੋਧਿਤ ਹੁੰਦਿਆਂ ਸਪੱਸ਼ਟ ਕੀਤਾ ਕਿ ਓਵਰਬ੍ਰਿਜ ਦਾ ਨਿਰਮਾਣ ਕੋਈ ਸਧਾਰਨ ਸਿਆਸੀ ਮੁੱਦਾ ਨਹੀਂ ਹੈ, ਸਗੋਂ ਇਹ ਧੂਰੀ ਦੇ ਹਜ਼ਾਰਾਂ ਲੋਕਾਂ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਅਤਿ ਸੰਵੇਦਨਸ਼ੀਲ ਮਾਮਲਾ ਹੈ। ਉਨ੍ਹਾਂ ਕਿਹਾ ਕਿ



ਲੋਕਾਂ ਦੀਆਂ ਸਹੂਲਤਾਂ ਦੀ ਬਲੀ ਸਿਆਸੀ ਖਹਿਬਾਜ਼ੀ ਦੀ ਭੇਂਟ ਨਹੀਂ ਚੜ੍ਹਨੀ ਚਾਹੀਦੀ।

ਮੁੱਖ ਮੰਤਰੀ ਦੇ ਹਾਲੀਆ ਬਿਆਨ ਦਾ ਸਮਰਥਨ ਕਰਦਿਆਂ ਦੌਲਤਪੁਰ ਨੇ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਜੇਕਰ ਰਵਨੀਤ ਬਿੱਟੂ ਸਿਆਸੀ ਰੰਜਿਸ਼ ਤਹਿਤ ਇਸ ਪ੍ਰੋਜੈਕਟ ਵਿੱਚ ਰੋੜਾ ਬਣ ਰਹੇ ਹਨ, ਤਾਂ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਕੇਂਦਰੀ ਮੰਤਰੀ ਦੇ ਘਰ ਅੱਗੇ ਧਰਨਾ ਦੇਣ ਦਾ ਐਲਾਨ ਕਰਨ। ਉਨ੍ਹਾ ਕਿਹਾ ਕਿ ਬਿੱਟੂ ਲੋਕ ਹਿੱਤਾਂ ਨੂੰ ਅਣਗੌਲਿਆ ਕਰਕੇ ਓਵਰਬ੍ਰਿਜ ਦੇ ਮਾਮਲੇ ਵਿੱਚ "ਸਿਆਸੀ ਸੌਦੇਬਾਜ਼ੀ" ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਮਿਲੀ ਹਾਰ ਦਾ ਬਦਲਾ ਉਹ ਪੰਜਾਬੀਆਂ ਅਤੇ ਖਾਸ ਕਰਕੇ ਧੂਰੀ ਵਾਸੀਆਂ ਤੋਂ ਲੈ ਰਹੇ ਹਨ।

ਕਾਂਗਰਸੀ ਆਗੂ ਨੇ ਦੋਸ਼ ਲਾਇਆ ਕਿ ਰਵਨੀਤ ਬਿੱਟੂ ਭਾਜਪਾ ਵੱਲੋਂ ਦਿੱਤੀ ਗਈ ਮੰਤਰੀ ਦੀ ਕੁਰਸੀ ਦਾ ਮੁੱਲ ਤਾਰਨ ਲਈ ਪੰਜਾਬ ਦੇ ਵਿਕਾਸ ਕਾਰਜਾਂ ਵਿੱਚ ਅੜਿੱਕੇ ਡਾਹ ਰਹੇ ਹਨ, ਜੋ ਉਨ੍ਹਾਂ ਨੂੰ 'ਪੰਜਾਬ ਵਿਰੋਧੀ' ਸਾਬਿਤ ਕਰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਧੂਰੀ ਦੇ ਵਿਕਾਸ ਲਈ ਸਾਰੀਆਂ ਪਾਰਟੀਆਂ ਨੂੰ ਸੌੜੀ ਸਿਆਸਤ ਤਿਆਗ ਕੇ ਲੋਕਾਂ ਦੇ ਹੱਕ ਵਿੱਚ ਡਟਣਾ ਚਾਹੀਦਾ ਹੈ।

# ਟਰੱਕ ਯੂਨੀਅਨ ਦਿੜ੍ਹਬਾ ਵਿਖੇ ਸੜਕ ਸੁਰੱਖਿਆ ਜਾਗਰੂਕਤਾ ਕੈਂਪ

ਦਿੜ੍ਹਬਾ ਮੰਡੀ, 15 ਜਨਵਰੀ (ਹੈਪੀ): ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਤੇ ਸੜਕ ਹਾਦਸਿਆਂ ਨੂੰ ਘਟਾਉਣ ਦੇ ਉਦੇਸ਼ ਨਾਲ 15 ਜਨਵਰੀ ਨੂੰ ਰੀਜਨਲ ਟਰਾਂਸਪੋਰਟ ਦਫ਼ਤਰ (ਆਰ.ਟੀ.ਓ.), ਸੰਗਰੂਰ ਤੇ ਟ੍ਰੈਫਿਕ ਪੁਲਿਸ, ਸੰਗਰੂਰ ਦੇ ਸਹਿਯੋਗ ਨਾਲ ਟਰੱਕ ਯੂਨੀਅਨ, ਦਿੜ੍ਹਬਾ ਵਿਖੇ ਸਾਂਝਾ ਸੜਕ ਸੁਰੱਖਿਆ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਰੀਜਨਲ ਟਰਾਂਸਪੋਰਟ ਅਫ਼ਸਰ ਕਰਨਬੀਰ ਸਿੰਘ ਤੇ ਗੁਰਜੀਤ ਸਿੰਘ ਔਲਖ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਮਕਸਦ ਟਰੱਕ ਚਾਲਕਾਂ ਨੂੰ ਸੁਰੱਖਿਅਤ ਡਰਾਈਵਿੰਗ ਅਭਿਆਸਾਂ ਤੇ ਟ੍ਰੈਫਿਕ ਨਿਯਮਾਂ ਦੀ ਸਖਤੀ ਨਾਲ ਪਾਲਣਾ ਬਾਰੇ ਜਾਗਰੂਕ ਕਰਨਾ ਸੀ। ਚਾਲਕਾਂ ਨੂੰ ਸੜਕ ਹਾਦਸਿਆਂ ਦੇ ਮੁੱਖ ਕਾਰਨਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸੜਕ 'ਤੇ ਸਫ਼ਰ ਕਰਨ ਵਾਲੇ ਸਾਰੇ ਲੋਕਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਡਰਾਈਵਿੰਗ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਅਧਿਕਾਰੀਆਂ ਵੱਲੋਂ ਸੀਟ ਬੈਲਟ ਲਾਉਣ, ਅਤਿ-ਤੇਜ਼ੀ, ਓਵਰਲੋਡਿੰਗ ਅਤੇ ਸ਼ਰਾਬ ਦੇ ਨਸ਼ੇ ਵਿੱਚ ਵਾਹਨ ਚਲਾਉਣ ਤੋਂ ਸਖ਼ਤੀ ਨਾਲ ਬਚਣ ਦੀ ਮਹੱਤਤਾ ਉਭਾਰੀ ਗਈ। ਇਸ ਤੋਂ ਇਲਾਵਾ ਵਾਹਨਾਂ ਦੀ



ਫਿਟਨੈੱਸ, ਸਮੇਂ-ਸਿਰ ਰੱਖ-ਰਖਾਵ ਅਤੇ ਨਿਯਮਿਤ ਜਾਂਚ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ ਤਾਂ ਜੋ ਮਕੈਨਿਕਲ ਖਾਮੀਆਂ ਤੋਂ ਬਚਿਆ ਜਾ ਸਕੇ। ਮੌਜੂਦਾ ਸਰਦੀ ਅਤੇ ਧੁੰਦ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ, ਚਾਲਕਾਂ ਨੂੰ ਵਾਧੂ ਸਾਵਧਾਨੀ ਵਰਤਣ, ਸੁਰੱਖਿਅਤ ਦੂਰੀ ਬਣਾਈ ਰੱਖਣ, ਹੈੱਡਲਾਈਟਾਂ ਤੇ ਫੌਗ ਲਾਈਟਾਂ ਦੀ ਸਹੀ ਵਰਤੋਂ ਕਰਨ ਤੇ ਲਾਪਰਵਾਹ ਡਰਾਈਵਿੰਗ ਤੋਂ ਬਚਣ ਦੀ ਸਲਾਹ ਦਿੱਤੀ ਗਈ। ਲੰਬੇ ਸਫ਼ਰ ਦੌਰਾਨ ਥਕਾਵਟ ਨਾਲ ਸਬੰਧਤ ਹਾਦਸਿਆਂ ਤੋਂ ਬਚਣ ਲਈ ਨਿਯਮਿਤ ਵਿਸ਼ਰਾਮ ਲੈਣ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਸਾਂਝੀਕੀਤੀ ਗਈ। ਆਰ.ਟੀ.ਓ. ਤੇ ਟ੍ਰੈਫਿਕ ਪੁਲਿਸ ਦੇ ਅਧਿਕਾਰੀਆਂ ਨੇ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਨ ਤੇ ਸੁਰੱਖਿਅਤ ਸੜਕ ਮਾਹੌਲ ਬਣਾਉਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਪਹਲ ਦਾ ਉਦੇਸ਼ ਜ਼ਿਲ੍ਹੇ ਭਰ ਵਿੱਚ ਜ਼ਿੰਮੇਵਾਰ ਡਰਾਈਵਿੰਗ ਮਾਹੌਲ ਨੂੰ ਉਤਸ਼ਾਹਿਤ ਕਰਨਾ ਤੇ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ।



# ਪਟਿਆਲਾ-ਆਸ/ਪਾਸ



## ਡਿਪਟੀ ਕਮਿਸ਼ਨਰ ਵੱਲੋਂ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ



ਮਲੇਰਕੋਟਲਾ, 15 ਜਨਵਰੀ (ਚ.ਨ.ਸ.): ਜ਼ਿਲ੍ਹੇ ਦੀਆਂ ਸਮੂਹ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਅਤੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵਾਮਿਤਵ ਯੋਜਨਾ, ਇਸ਼ਤਿਹਾਰ ਪਾਲਸੀ, ਵੈਂਡਿੰਗ ਜ਼ੋਨ, ਪ੍ਰਾਪਰਟੀ ਟੈਕਸ ਦੀ ਵਸੂਲੀ, ਠੋਸ ਅਤੇ ਤਰਲ ਕੂੜਾ ਪ੍ਰਬੰਧਨ, ਸੀਵਰੇਜ ਪ੍ਰਣਾਲੀ ਅਤੇ ਵਾਟਰ ਟ੍ਰੀਟਮੈਂਟ ਪਲਾਂਟਾਂ ਦੇ ਚੱਲ ਰਹੇ ਕੰਮ, ਗ੍ਰਾਂਟ ਦੀ ਵਰਤੋਂ, ਅਵਾਰਾ ਕੁੱਤਿਆਂ ਦੀ ਨਸਬੰਦੀ ਅਤੇ ਅਵਾਰਾ ਪਸ਼ੂਆਂ ਦੀ ਸੰਭਾਲ ਸਬੰਧੀ ਕਾਰਜਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਹਰ ਵਿਕਾਸ ਕਾਰਜ ਵਿੱਚ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਮੇਂ-ਸਿਰ ਕੰਮ ਪੂਰੇ ਨਾ ਕਰਨ ਵਾਲੇ ਅਧਿਕਾਰੀਆਂ ਅਤੇ ਏਜੰਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਾਰੇ ਪ੍ਰਾਜੈਕਟ ਨਿਰਧਾਰਤ ਸਮੇਂ ਅੰਦਰ ਪੂਰੇ ਕੀਤੇ ਜਾਣ ਅਤੇ ਜ਼ਮੀਨੀ ਪੱਧਰ 'ਤੇ ਨਿਯਮਤ ਨਿਗਰਾਨੀ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਨੇ ਸ਼ਹਿਰਾਂ ਵਿੱਚ ਗੈਰ-ਅਧਿਕਾਰਤ ਸਥਾਨਾਂ 'ਤੇ ਲੱਗੀਆਂ ਹੋਰਡਿੰਗਾਂ ਅਤੇ ਇਸ਼ਤਿਹਾਰਾਂ ਨੂੰ ਤੁਰੰਤ ਹਟਾਉਣ ਅਤੇ ਟਰੈਫਿਕ ਜਾਂ ਆਵਾਜਾਈ ਵਿੱਚ ਰੁਕਾਵਟ ਬਣ ਰਹੇ ਪੋਸਟਰਾਂ ਖ਼ਿਲਾਫ਼ ਕਾਰਵਾਈ ਕਰਨ ਦੇ ਹੁਕਮ ਦਿੱਤੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ 03 ਕਰੋੜ 42 ਲੱਖ 96 ਹਜ਼ਾਰ ਰੁਪਏ ਪ੍ਰਾਪਰਟੀ ਟੈਕਸ ਇਕੱਠਾ ਕਰਨ 'ਤੇ ਕਾਰਜ ਸਾਧਕ ਅਧਿਕਾਰੀਆਂ ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀ ਟੀਮ ਦੀ ਸ਼ਲਾਘਾ ਕੀਤੀ। ਇਸ ਮੌਕੇ ਕਾਰਜ ਸਾਧਕ ਅਫਸਰ ਮਾਲੇਰਕੋਟਲਾ, ਅਹਿਮਦਗੜ੍ਹ ਅਤੇ ਅਮਰਗੜ੍ਹ ਚੰਦਰ ਪ੍ਰਕਾਸ਼ ਵਧਵਾ, ਕਾਰਜ ਸਾਧਕ ਅਫ਼ਸਰ ਇੰਪਰੂਵਮੈਂਟ ਟਰੱਸਟ ਨੀਰੂ ਬਾਲਾ, ਸਹਾਇਕ ਮਿਊਂਸਪਲ ਇੰਜੀਨੀਅਰ ਇੰਜ. ਨਰਿੰਦਰ ਕੁਮਾਰ, ਐਸ.ਸੀ.ਓ ਵਿਕਰਮ ਸਿੰਘ, ਐਸ.ਡੀ.ਈ ਪਰਵਿੰਦਰ ਸਿੰਘ, ਸਕੱਤਰ ਮਾਰਕੀਟ ਕਮੇਟੀ ਅਮਨਦੀਪ ਸਿੰਘ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਆਟੋ ਯੂਨੀਅਨ ਨੂੰ ਟ੍ਰੈਫਿਕ ਨਿਯਮਾਂ ਬਾਰੇ ਦਿੱਤੀ ਜਾਣਕਾਰੀ




**ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ ਜੋ 1 ਤੋਂ 31 ਜਨਵਰੀ ਤੱਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਟ੍ਰੈਫਿਕ ਪੁਲਿਸ ਸਿਟੀ-2 ਦੇ ਇੰਚਾਰਜ ਜਗਵਿੰਦਰ ਸਿੰਘ ਬੁੱਟਰ ਆਟੋ ਯੂਨੀਅਨ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹੋਏ।**

**(ਫੋਟੋ ਤੇ ਵੇਰਵਾ : ਚੜ੍ਹਦੀਕਲਾ ਬਿਊਰੋ)**

## 66 ਕੂਕਾ ਸਿੱਖ ਸ਼ਹੀਦਾਂ ਦੀ ਯਾਦ 'ਚ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਭਲਕੇ

### ਡੀ.ਸੀ. ਵੱਲੋਂ ਪ੍ਰਬੰਧਾਂ ਦੀ ਸਮੀਖਿਆ



ਮਲੇਰਕੋਟਲਾ, 15 ਜਨਵਰੀ (ਚ.ਨ.ਸ.): 17 ਜਨਵਰੀ 2026 ਨੂੰ 66 ਕੂਕਾ ਸਿੱਖ ਸ਼ਹੀਦਾਂ ਦੀ ਅਮਰ ਯਾਦ ਨੂੰ ਸਮਰਪਿਤ ਸਥਾਨਕ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਕਰਵਾਏ ਜਾ ਰਹੇ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਸਮੇਤ ਵੱਖ-ਵੱਖ ਵਿਭਾਗਾਂ ਦੇ ਪ੍ਰਤੀਨਿਧੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ 66 ਕੂਕਾ ਸਿੱਖ ਸ਼ਹੀਦਾਂ ਦੀ ਕੁਰਬਾਨੀ ਭਾਰਤੀ ਇਤਿਹਾਸ ਦਾ ਸੁਨਹਿਰਾ ਅਧਿਆਇ ਹੈ ਅਤੇ ਇਸ ਸ਼ਰਧਾਂਜਲੀ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਦੇ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਸ਼ਰਧਾਲੂਆਂ ਲਈ ਸਾਰੇ ਪ੍ਰਬੰਧ ਸਮੇਂ ਸਿਰ, ਸੁਚੱਜੇ ਅਤੇ ਸ਼ਰਧਾ ਭਾਵਨਾ ਨਾਲ ਮੁਕੰਮਲ ਕੀਤੇ ਜਾਣ ਤਾਂ ਜੋ ਕਿਸੇ ਨੂੰ ਕਿਸੇ ਤਰ੍ਹਾਂ ਦੀ ਕੋਈ ਅਸੁਵਿਧਾ ਨਾ ਆਵੇ। ਇਸ ਮੌਕੇ ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਸਮਾਗਮ ਨੂੰ ਸ਼ਾਂਤੀਪੂਰਵਕ ਅਤੇ ਸੁਚੱਜੇ ਢੰਗ ਨਾਲ ਸੰਪੰਨ ਕਰਵਾਉਣ ਲਈ ਵਿਸ਼ੇਸ਼ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ.ਡੀ.ਐਮ ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ,ਐਸ.ਪੀ (ਡੀ) ਸੱਤਪਾਲ ਸ਼ਰਮਾ, ਚੇਅਰਮੈਨ ਟਰੱਸਟ ਕੂਕਾ ਸਮਾਰਕ ਸੁਰਿੰਦਰ ਸਿੰਘ ਨਾਮਧਾਰੀ, ਗੁਰਸੇਵਕ ਸਿੰਘ ਨਾਮਧਾਰੀ, ਡੀ.ਐਫ.ਪੀ.ਓ ਡਾ. ਸੀਮਾ ਜੱਸਲ, ਐਕਸੀਅਨ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਜੀ. ਆਦਰਸ਼ ਨਿਰਮਲ, ਐਕਸੀਅਨ ਪੀ.ਐਸ. ਪੀ. ਸੀ. ਐਲ ਹਰਵਿੰਦਰ ਸਿੰਘ, ਐਸ.ਡੀ.ਓ.ਇੰਜ. ਯੁਦਵੀਰ ਸਿੰਘ, ਐਸ.ਡੀ.ਈ ਸੀਵਰੇਜ਼ ਬੋਰਡ ਪਰਮਿੰਦਰ ਸਿੰਘ ਤੋਂ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## 110 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 15 ਜਨਵਰੀ (ਵਿਨੋਦ ਸ਼ਰਮਾ): ਥਾਣਾ ਸਨੌਰ ਪੁਲਿਸ ਨੇ ਕਥਿਤ ਦੋਸ਼ੀ ਕਰਨਪ੍ਰੀਤ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀ ਪਿੰਡ ਸਮਸਪੁਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਸੁਰਜਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅਨਾਜ ਮੰਡੀ ਸਨੌਰ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 110 ਖੁੱਲੀਆ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਕਮਰੇ 'ਚ ਆਪਣੇ ਆਪ ਨੂੰ ਅੱਗ ਲਗਾ ਕੇ ਕੀਤੀ ਖੁਦਕੁਸ਼ੀ

ਪਟਿਆਲਾ, 15 ਜਨਵਰੀ (ਵਿਨੋਦ ਸ਼ਰਮਾ): ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਬੰਤੀ ਦੇਵੀ ਪਤਨੀ ਕ੍ਰਿਸ਼ਨ ਚੰਦ ਵਾਸੀ ਗਲੀ ਨੰ.1 ਗ੍ਰੀਨ ਲਹਿਲ ਕਲੋਨੀ ਪਟਿਆਲਾ ਨੇ ਕਥਿਤ ਦੋਸ਼ੀ ਮਹਿਲਾ ਸੀਮਾ ਵਾਸੀ ਗਲੀ ਨੰ. 01 ਗ੍ਰੀਨ ਲਹਿਲ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਲੜਕੇ ਵਿਜੈ ਕੁਮਾਰ ਉਮਰ ਕਰੀਬ 38 ਸਾਲ ਦਾ ਵਿਆਹ ਕਥਿਤ ਦੋਸ਼ੀ ਮਹਿਲਾ ਸੀਮਾ ਵਾਸੀ ਬਨੂੜ ਨਾਲ ਹੋਇਆ ਸੀ, ਜੋ ਅਕਸਰ ਹੀ ਉਸ ਦੇ ਲੜਕੇ ਨੂੰ ਤੰਗ ਪ੍ਰੇਸ਼ਾਨ ਕਰਦੀ ਹੁੰਦੀ ਸੀ ਅਤੇ ਬੱਚਿਆਂ ਨੂੰ ਮਿਲਣ ਨਹੀ ਦਿੰਦੀ ਸੀ। ਕਥਿਤ ਦੋਸ਼ੀ ਮਹਿਲਾ ਆਪਣੇ ਕੰਮ ਪਰ ਚਲੀ ਗਈ ਅਤੇ ਉਸ ਦੇ ਲੜਕੇ ਨੇ ਕਥਿਤ ਦੋਸ਼ੀ ਮਹਿਲਾ ਤੋਂ ਤੰਗ ਆ ਕੇ ਘਰ ਵਿੱਚ ਹੀ ਆਪਣੇ ਕਮਰੇ ਅੰਦਰ ਆਪਣੇ ਆਪ ਨੂੰ ਅੱਗ ਲਗਾ ਕੇ ਖੁਦਕੁਸ਼ੀ ਕਰ ਲਈ। ਪੁਲਿਸ ਨੇ ਧਾਰਾ 108 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਕੁੜੀਆਂ ਵੀ ਮੁੰਡਿਆਂ ਦੇ ਬਰਾਬਰ ਦੀਆਂ ਹੱਕਦਾਰ : ਡਾ. ਵੀਨੂੰ ਗੋਇਲ



ਨਾਭਾ, 15 ਜਨਵਰੀ (ਗੁਰਚਰਨ ਸਿੰਘ ਚੌਧਰੀਮਾਜਰਾ): ਸਿਵਲ ਹਸਪਤਾਲ ਨਾਭਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ.ਵੀਨੂੰ ਗੋਇਲ ਦੀ ਅਗਵਾਈ ਹੇਠ ਧੀਆਂ ਦੀ ਲੋਹੜੀ ਮਨਾਈ ਗਈ। ਇਸ ਪ੍ਰੋਗਰਾਮ ਵਿੱਚ ਨਵਜੰਮੀਆਂ ਧੀਆਂ ਅਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਡਾ. ਵੀਨੂੰ ਗੋਇਲ ਨੇ ਮਾਪਿਆਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਅਤੇ ਨਵ ਜਨਮੀਆਂ ਬੱਚੀਆਂ ਨੂੰ ਤੋਹਫੇ ਦਿੱਤੇ ਗਏ ਅਤੇ ਕਿਹਾ ਕਿ ਲੜਕੀਆਂ ਨੂੰ ਸਮਾਜ ਵਿੱਚ ਲੜਕਿਆਂ ਦੇ ਬਰਾਬਰ ਦਾ ਦਰਜਾ ਮਿਲਣਾ ਚਾਹੀਦਾ ਹੈ, ਕਿਉਂਕਿ ਲੜਕੀਆਂ ਤੋਂ ਬਿਨਾਂ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਵੀ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦੇ ਹੱਕ ਦਿੱਤੇ ਗਏ ਹਨ। ਉਨ੍ਹਾਂ ਸਮਾਜ ਵਿੱਚ ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਦਾ ਦਰਜਾ ਦਿੱਤੇ ਜਾਣ ਦਾ ਸੁਨੇਹਾ ਦਿੱਤਾ ਗਿਆ। ਉਹਨਾਂ ਕਿਹਾ ਕਿ ਮਾਪਿਆਂ ਨੂੰ ਲੜਕੀਆਂ ਪ੍ਰਤੀ ਸਕਾਰਾਤਮਕ ਸੋਚ ਰੱਖਣ ਦੀ ਲੋੜ ਹੈ ਅਤੇ ਅੱਜ ਲੜਕੀਆਂ ਕਿਸੇ ਵੀ ਖੇਤਰ ਵਿੱਚ ਮੁੰਡਿਆ ਨਾਲੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਸਮਾਜ ਵਿੱਚ ਕੁੜੀਆਂ ਦੇ ਨਾਲ ਹੁੰਦੇ ਵਿਤਕਰੇ ਨੂੰ ਰੋਕੀਏ ਅਤੇ ਉਨ੍ਹਾਂ ਨੂੰ ਅੱਗੇ ਵਧਣ ਵਿੱਚ ਮਦਦ ਕਰੀਏ। ਇਸ ਮੌਕੇ ਸਿਵਲ ਹਸਪਤਾਲ ਨਾਭਾ ਦਾ ਸਮੂਹ ਸਟਾਫ ਹਾਜ਼ਰ ਸੀ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਲਈ ਵਜ਼ੀਫ਼ਾ ਰਾਸ਼ੀ ਦਾ ਚੈੱਕ ਭੇਟ



ਸਮਾਣਾ, 15 ਜਨਵਰੀ (ਵਿਜੇ ਕੁਮਾਰ/ਜਵੰਦਾ): ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਪਬਲਿਕ ਕਾਲਜ, ਸਮਾਣਾ ਵਿੱਚ ਪੜ੍ਹਦੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜਾਰੀ ਵਜ਼ੀਫ਼ਾ ਰਾਸ਼ੀ ਦਾ ਚੈੱਕ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੂੰ ਭੇਟ ਕੀਤਾ ਗਿਆ। ਇਸ ਮੌਕੇ ਆਯੋਜਿਤ ਸੰਖੇਪ ਸਮਾਗਮ ਵਿੱਚ ਸੰਨੀ ਓਬਰਾਏ ਸਕਾਲਰਸ਼ਿਪ ਤਹਿਤ ਮਾਤਾ/ਪਿਤਾ ਤੋਂ ਸੱਖਣੇ (ਯਤੀਮ) ਪਰ ਹੋਣਹਾਰ 23 ਵਿਦਿਆਰਥੀਆਂ ਨੂੰ 2 ਲੱਖ 30 ਹਜ਼ਾਰ ਦਾ ਚੈੱਕ ਦੇਣ ਲਈ ਉਚੇਚੇ ਤੌਰ 'ਤੇ ਕਾਲਜ ਵਿੱਚ ਪਹੁੰਚੇ ਟਰੱਸਟ ਦੇ ਸਿੱਖਿਆ ਨਿਰਦੇਸ਼ਕ ਇੰਦਰਜੀਤ ਕੌਰ ਗਿੱਲ ਦਾ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਵੱਲੋਂ ਸਵਾਗਤ ਕੀਤਾ ਗਿਆ। ਇਸ ਉਪਰੰਤ ਮੈਡਮ ਗਿੱਲ ਨੇ ਟਰੱਸਟੀ ਸ੍ਰੀ ਐਸ.ਪੀ. ਓਬਰਾਏ ਦੁਆਰਾ ਕੀਤੇ ਜਾ ਰਹੇ ਲੋਕ ਭਲਾਈ ਦੇ ਨੇਕ ਉਪਰਾਲਿਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਕਾਲਜ ਦੇ ਵਾਈਸ ਪ੍ਰਿੰਸੀਪਲ ਤੇ ਬਰਸਰ ਡਾ. ਹਰਕੀਰਤਨ ਕੌਰ ਨੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਰੂਪ ਵਿੱਚ ਮਿਲੀ ਆਰਥਿਕ ਸਹਾਇਤਾ ਰਾਹੀਂ ਪੂਰੀ ਲਗਨ ਨਾਲ਼ ਆਪਣੀ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਟਰੱਸਟ ਦਾ ਸਮੁੱਚੀ ਕਾਲਜ ਮੈਨੇਜਮੈਂਟ ਸੋਸਾਇਟੀ ਵੱਲੋਂ ਧੰਨਵਾਦ ਕੀਤਾ ਅਤੇ ਟਰੱਸਟ ਦੇ ਸਿੱਖਿਆ ਨਿਰਦੇਸ਼ਕ ਮੈਡਮ ਗਿੱਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਮੂਹ ਲੋੜਵੰਦ ਵਿਦਿਆਰਥੀਆਂ ਨੇ ਵੀ ਆਰਥਿਕ ਮਦਦ ਲਈ ਟਰੱਸਟ ਦਾ ਧੰਨਵਾਦ ਕੀਤਾ। ਇਸ ਮੌਕੇ ਵਜ਼ੀਫ਼ਾ ਸੈੱਲ ਦੇ ਇੰਚਾਰਜ ਪ੍ਰੋ. ਰੁਪਿੰਦਰ ਕੌਰ, ਕੰਪਿਊਟਰ ਵਿਭਾਗ, ਪ੍ਰੋ. ਰੁਪਿੰਦਰ ਕੌਰ, ਸਾਇੰਸ ਵਿਭਾਗ, ਡਾ. ਇਕਬਾਲ ਸਿੰਘ ਅਤੇ ਟਰੱਸਟ ਦੇ ਮੈਂਬਰ ਹਾਜ਼ਰ ਸਨ।

## ਪਿੰਡ ਘੜਾਮਾ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ



ਘਨੌਰ, 15 ਜਨਵਰੀ (ਰਾਜਿੰਦਰ ਸਿੰਘ ਕੰਬੋਜ): ਹਲਕਾ ਘਨੌਰ ਵਿੱਚ ਪੈਂਦੇ ਪਿੰਡ ਘੜਾਮਾ ਵਿਚ ਸਰਪੰਚ ਜੋਧਵੀਰ ਸਿੰਘ ਅਤੇ ਨਿਸ਼ਾਨ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਯੂਥ ਆਪ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ। ਇਸ ਜਾਗਰੂਕਤਾ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਤੇਜ਼ ਕਰਦੇ ਹੋਏ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਦਾ ਦੂਜਾ ਪੜਾਅ ਸ਼ੁਰੂ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਨਸ਼ਿਆਂ ਤਸਕਰਾਂ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਯੂਥ ਪ੍ਰਧਾਨ ਅਤੇ ਸਰਪੰਚ ਨੇ ਕਿਹਾ ਕਿ ਉਸ ਮੁਹਿਮ ਦੀ ਸ਼ੁਰੂਆਤ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਲੁਧਿਆਣਾ ਵਿਖੇ ਕਰ ਦਿੱਤੀ ਗਈ ਹੈ ਜਿਸ ਤਹਿਤ ਸੂਬੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਨਸ਼ਿਆਂ ਖਿਲਾਫ ਪੈਦਲ ਜਾਗਰੂਕਤਾ ਰੈਲੀਆਂ ਕੱਢੀਆਂ ਜਾਣਗੀਆਂ ਤਾਂ ਜੋ ਲੋਕਾਂ ਨੂੰ ਨਸ਼ਿਆਂ ਵਿਰੁੱਧ ਇੱਕ ਕੀਤਾ ਜਾ ਸਕੇ। ਇਸ ਮੌਕੇ ਵਰਿਆਮ ਸਿੰਘ ਵੜੈਚ, ਨਿਸ਼ਾਨ ਸਿੰਘ ਸੰਧੂ ,ਜੋਗਿੰਦਰ ਸਿੰਘ ਸੰਧੂ ,ਸੋਹਣ ਸਿੰਘ, ਮੇਜਰ ਸਿੰਘ, ਸੋਹਣ ਸਿੰਘ, ਸਾਬਕਾ ਸਰਪੰਚ ਰਣਜੀਤ ਸਿੰਘ, ਕਰਨੈਲ ਸਿੰਘ, ਭੁਪਿੰਦਰ ਸਿੰਘ, ਹਰਬੰਸ ਸਿੰਘ, ਮਲਕੀਤ ਸਿੰਘ, ਅਵਤਾਰ ਸਿੰਘ, ਅੰਗਰੇਜ ਸਿੰਘ, ਗੁਰਸੇਵਕ ਸਿੰਘ, ਪੰਚਾਇਤ ਮੈਂਬਰ ਰਿੰਕੂ ਤੋਂ ਇਲਾਵਾ ਹੋਰ ਨਗਰ ਨਿਵਾਸੀ ਹਾਜ਼ਰ ਸਨ।

## ਸਕੂਟਰੀ ਚੋਰੀ, ਮਾਮਲਾ ਦਰਜ

ਪਟਿਆਲਾ, 15 ਜਨਵਰੀ (ਵਿਨੋਦ ਸ਼ਰਮਾ): ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਖੁਸ਼ਬੂ ਪੁੱਤਰੀ ਨਵਲ ਸਿੰਘ ਵਾਸੀ ਜਗਦੀਸ਼ ਕਲੋਨੀ ਨੇੜੇ ਤੇਜਬਾਗ ਕਲੋਨੀ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣੀ ਸਕੂਟਰੀ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਪਣੇ ਡਿਪਾਰਮੈਂਟ ਦੇ ਬਾਹਰ ਖੜ੍ਹੀ ਕੀਤੀ ਸੀ, ਜਦੋਂ ਪੇਪਰ ਦੇ ਕੇ ਵਾਪਿਸ ਆਈ ਤਾ ਦੇਖਿਆ ਕਿ ਸਕੂਟਰੀ ਗਾਇਬ ਸੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਕਰ ਲਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਮੀਟਿੰਗ

### ਲੋਕ ਵਿਰੋਧੀ ਕਾਨੂੰਨ ਰੱਦ ਕਰਾਉਣ ਲਈ ਧਰਨਾ ਅੱਜ




ਪਟਿਆਲਾ, 15 ਜਨਵਰੀ (ਰੁਪਾਣਾ): ਲੋਕ ਵਿਰੋਧੀ ਬੀਜੇਪੀ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਕਾਲੇ ਕਾਨੂੰਨ ਜਿਵੇਂ ਕਿ ਆਮ ਲੋਕਾਂ ਦੀ ਜ਼ਿੰਦਗੀ 'ਚ ਹਨੇਰਾ ਲਿਆਉਣ ਵਾਲਾ ਬਿਜਲੀ ਬਿੱਲ-2025, ਖੇਤੀ ਵਿਰੋਧੀ ਬੀਜ ਬਿੱਲ-2025 ਨੂੰ ਵਾਪਿਸ ਕਰਵਾਉਣ, ਮਨਰੇਗਾ ਸਕੀਮ ਉੱਪਰ ਬੁਲਡੋਜ਼ਰ ਫੇਰਨ ਵਿਰੁੱਧ, ਮਜ਼ਦੂਰਾਂ ਖਿਲਾਫ ਚਾਰ ਕੋਡਾਂ ਨੂੰ ਰੱਦ ਕਰਾਉਣ ਅਤੇ ਆਰ. ਐਸ.ਐਸ. - ਬੀਜੇਪੀ ਦੀ ਮੋਦੀ ਸਰਕਾਰ ਦੇ ਲੋਕ ਵਿਰੋਧੀ ਫਿਰਕੂ-ਫਾਸ਼ੀਵਾਦੀ ਏਜੰਡੇ ਨੂੰ ਭਾਜ਼ ਦੇਣ ਵਾਸਤੇ ਲੋਕ ਲਹਿਰ ਪ੍ਰਚੰਡ ਕਰਨ ਹਿੱਤ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਜਿਲਾ ਪਟਿਆਲਾ ਦੀ ਮੀਟਿੰਗ ਹਰੀ ਸਿੰਘ ਦੌਣ ਕਲਾਂ, ਦਰਸ਼ਨ ਬੇਲੂ ਮਾਜਰਾ, ਸੁਖਪਾਲ ਸਿੰਘ ਕਾਦਰਾਬਾਦ ਅਤੇ ਪ੍ਰਲਾਦ ਸਿੰਘ ਨਿਆਲ ਦੀ ਅਗਵਾਈ ਹੇਠ ਹੋਈ ਜਿਸ ਵਿੱਚ 16 ਜਨਵਰੀ ਦੇ ਧਰਨੇ ਚ, ਵਹੀਰਾਂ ਘੱਤ ਕੇ ਸਾਮਿਲ ਹੋਣ ਦਾ ਫੈਸਲਾ ਕੀਤਾ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਆਗੂ ਮਲਕੀਤ ਸਿੰਘ ਨਿਆਲ, ਹਰਦੇਵ ਸਿੰਘ ਸਮਾਨਾ, ਸੁਰੇਸ਼ ਕੁਮਾਰ ਤੇ ਕੁਲਦੀਪ ਸਿੰਘ ਘੱਗਾ ਨੇ ਦੱਸਿਆ ਕਿ ਜੇਕਰ ਅਜਿਹੇ ਕਾਲੇ ਬਿੱਲ ਕਨੂੰਨ ਬਣ ਜਾਂਦੇ ਹਨ, ਤਾਂ ਸਾਨੂੰ ਫਿਰ ਤੇਲ ਵਾਲੇ ਦੀਵੇ ਜਗਾਉਣ ਪੈਣਗੇ ਕਿਉਂਕਿ ਬਿਜਲੀ ਬਹੁਤ ਮਹਿੰਗੀ ਹੋ ਜਾਵੇਗੀ, ਬੀਜ ਬਿੱਲ ਪਾਸ ਹੋਣ ਨਾਲ ਸਾਡੀ ਸਮੁੱਚੀ ਖੇਤੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਵੇਗੀ। ਇਹਨਾਂ ਆਗੂਆਂ ਨੇ ਅੱਗੇ ਦੱਸਿਆ ਕਿ ਪਿੰਡਾਂ ਵਿਚ ਪਹਿਲਾਂ ਹੀ ਰੁਜ਼ਗਾਰ ਦੇ ਕੋਈ ਸਾਧਨ ਨਹੀਂ ਹਨ ਜਿਹੜਾ ਮਾੜਾ ਮੋਟਾ ਟੁੱਟਵੇਂ ਰੂਪ 'ਚ ਮਨਰੇਗਾ ਤੋਂ ਮਿਲਦਾ ਸੀ ਉਹ ਵੀ ਜਾਂਦਾ ਰਹੇਗਾ, ਮਜ਼ਦੂਰਾਂ ਵੱਲੋਂ ਜਿਹੜੇ ਸਾਲਾਂ ਦੇ ਘੋਲ ਨਾਲ ਮਜ਼ਦੂਰ ਪੱਖੀ 44 ਕਨੂੰਨ ਬਣਾਏ ਸਨ ਉਹ ਮੋਦੀ ਸਰਕਾਰ ਵੱਲੋਂ ਖਤਮ ਕਰਨ ਨਾਲ ਤੇ ਮਜ਼ਦੂਰਾਂ ਵਿਰੋਧੀ ਚਾਰ ਲੇਬਰ ਕੋਡਾਂ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਦਿਹਾੜੀ 12 ਘੰਟੇ ਹੋ ਜਾਵੇਗੀ। ਅਜਿਹਾ ਵਾਪਰਨ ਨਾਲ ਮਜ਼ਦੂਰਾਂ ਦੀ ਜ਼ਿੰਦਗੀ ਤਬਾਹ ਹੋ ਜਾਵੇਗੀ! ਉਹਨਾਂ ਹੋਕਾ ਦਿੱਤਾ ਕਿ ਕੇਂਦਰ ਸਰਕਾਰ ਦੇ ਇਹਨਾਂ ਹਮਲਿਆਂ ਖਿਲਾਫ ਮੈਦਾਨ ਵਿੱਚ ਨਿੱਤਰੋ। ਇਹਨਾਂ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁੱਚਾ ਸਿੰਘ ਕੌਲ,ਬਲਵਿੰਦਰ ਸਿੰਘ ਸਮਾਨਾ, ਅਮਰਜੀਤ ਘਨੌਰ ਤੇ ਚਮਕੌਰ ਸਿੰਘ ਖੱਤਰੀ ਵਾਲਾ , ਸੁਖਦੇਵ ਸਿੰਘ ਨਿਆਲ, ਰਾਜ ਕਰਿਸਨ, ਮਨਜੀਤ ਕੌਰ -ਬਲਵਿੰਦਰ ਕੌਰ, ਲਖਵਿੰਦਰ ਖਾਨਪੁਰ, ਜਸਵਿੰਦਰ ਸੋਜਾਂ, ਨਾਥ ਸਿੰਘ ਬੁਜਰਕ, ਗੀਤ ਕਕਰਾਲਾ,ਧਰਮ ਪਾਲ ਲੌਟ, ਜਸਵੀਰ ਖੋਖਰ, ਦੀਪਕ ਕੁਮਾਰ,ਪ੍ਰਗਟ ਸਿੰਘ, ਰਣਧੀਰ ਸਿੰਘ ਕਾਦਰਾਬਾਦ ਆਦਿ ਨੇ ਵੀ ਹਿੱਸਾ ਲਿਆ।

## ਬਾਲ ਵਿਆਹ ਤੇ ਇਸਤਰੀ ਸ਼ੋਸ਼ਣ ਵਿਰੋਧੀ ਜਾਗਰੂਕਤਾ ਸੈਮੀਨਾਰ



ਭੁਨਰਹੇੜੀ, 15 ਜਨਵਰੀ (ਗੁਰਜੀਤ ਸਿੰਘ ਢੋਟ): ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸ਼ਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਲ ਵਿਆਹ ਅਤੇ ਇਸਤਰੀ ਸ਼ੋਸ਼ਣ ਵਿਰੁੱਧ ਜਾਗਰੂਕਤਾ ਸੈਮੀਨਾਰ ਸਰਕਾਰੀ ਹਾਈ ਸਕੂਲ ਫੈਕਟਰੀ ਏਰੀਆ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸ਼ਨਲ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ,ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ,ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ, ਟੋਲ ਫ੍ਰੀ ਨੰਬਰ 15100 ਅਤੇ ਨੈਸ਼ਨਲ ਲੋਕ ਅਦਾਲਤ ਤੇ ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ। ਸਕੂਲ ਦੀ ਮੁੱਖ ਅਧਿਆਪਕਾ ਮੈਡਮ ਮਾਲਵਿੰਦਰ ਕੌਰ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਬਾਲ ਵਿਆਹ ਤੇ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਵੀ ਕੀਤੀ।

## ਲੋੜਵੰਦਾਂ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਾਦਸ਼ਾਹਪੁਰ ਨੇ ਰਜਾਈਆਂ ਤੇ ਗਰਮ ਸ਼ਾਲ ਵੰਡੇ



ਬਾਦਸ਼ਾਹਪੁਰ, 15 ਜਨਵਰੀ (ਰਿਸ਼ੀਪਾਲ ਗੁਪਤਾ): ਮਾਘੀ 'ਤੇ ਪਵਿੱਤਰ ਦਿਹਾੜੇ 'ਤੇ ਬਹੁਤ ਸਾਰੇ ਧਾਰਮਿਕ ਲੋਕਾਂ ਵੱਲੋਂ ਲੰਗਰ ਲਾਏ ਜਾਂਦੇ ਹਨ ਪਰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬੁੱਟਰ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਕੌਰ ਧੂਹੜੀਆਂ ਦੀ ਅਗਵਾਈ 'ਚ ਲੋਕ ਸਹਾਇ ਟਰੱਸਟ ਵੱਲੋਂ ਇੱਕ ਨਵੇਕਲੀ ਪਹਿਲਕਦਮੀ ਕਰਦਿਆਂ ਠੰਡ ਤੋਂ ਬਚਣ ਲਈ ਬਾਦਸ਼ਾਹਪੁਰ ਇਲਾਕੇ ਦੇ ਲੋੜਵੰਦ ਲੋਕਾਂ ਨੂੰ ਰਜ਼ਾਈਆਂ ਅਤੇ ਗਰਮ ਸ਼ਾਲ ਵੰਡੇ ਗਏ। ਇਹ ਸਮਾਨ ਮਿਲਣ ਮਗਰੋਂ ਬਹੁਤ ਸਾਰੇ ਲੋਕਾਂ ਵੱਲੋਂ ਟਰਸੱਟ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬੁੱਟਰ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਕੌਰ ਧੂਹੜੀਆਂ ਨੇ ਕਿਹਾ ਕਿ ਇਸ ਵਰ੍ਹੇ ਬੀਤੇ ਸਾਲ ਨਾਲੋਂ ਬਹੁਤ ਜ਼ਿਆਦਾ ਠੰਡ ਪੈ ਰਹੀ ਹੈ ਆਮ ਲੋਕਾਂ ਕੋਲ ਭਾਵੇਂ ਠੰਡ ਤੋਂ ਬਚਣ ਲਈ ਗਰਮ ਕੱਪੜੇ ਅਤੇ ਹੋਰ ਬਹੁਤ ਸਾਧਨ ਹਨ ਪਰ ਬਹੁਤ ਸਾਰੇ ਅਜਿਹੇ ਲੋਕ ਹਨ ਜਿਨ੍ਹਾਂ ਕੋਲ ਠੰਢ ਤੋਂ ਬਚਣ ਲਈ ਗਰਮ ਕੱਪੜੇ ਨਾ ਹੋਣ ਕਾਰਨ ਉਨ੍ਹਾਂ ਨੂੰ ਇਸ ਕੜਾਕੇ ਦੀ ਠੰਢ ਵਿੱਚ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ। ਅਜਿਹੇ 45 ਲੋੜਵੰਦ ਮਰਦਾਂ ਨੂੰ ਰਜ਼ਾਈਆਂ ਅਤੇ ਔਰਤਾਂ ਨੂੰ ਰਜ਼ਾਈਆਂ ਦੇ ਨਾਲ ਗਰਮ ਸ਼ਾਲ ਵੀ ਦਿੱਤੇ ਗਏ ਹਨ।ਇਸ ਮੌਕੇ ਹਰਦੇਵ ਸਿੰਘ ਹਰਚੰਦ ਪੁਰਾ, ਜਰਨੈਲ ਸਿੰਘ ਬਕਰਾਹਾ, ਨਰਵੈਰ ਸਿੰਘ ਕਲਵਾਣੂੰ, ਜਰਨੈਲ ਸਿੰਘ ਕਲਵਾਣੂੰ, ਸਤਪਾਲ ਸਿੰਘ ਹਰਚੰਦਪੁਰਾ, ਜਸਪਾਲ ਸਿੰਘ ਨਾਗਰੀ, ਜਸਵੰਤ ਸਿੰਘ ਨਾਗਰੀ, ਰਣਜੀਤ ਸਿੰਘ ਹਰਚੰਦਪੁਰਾ, ਗੁਰਜੀਤ ਸਿੰਘ ਧੂੜੀਆਂ, ਅਮਰ ਸਿੰਘ ਫੌਜੀ, ਸਾਹਿਬ ਸਿੰਘ ਸਿਉਨਾ, ਤੇਗਾ ਸਿੰਘ ਸਿਉਨਾ, ਬਲਵੰਤ ਸਿੰਘ ਸਿਉਨਾ ਆਦਿ ਮੌਜੂਦ ਸਨ।

## ਰੰਗਮੰਚ, ਭਾਸ਼ਾ ਅਤੇ ਕਲਾ ਦੀ ਸੰਭਾਲ ਹਰ ਸ਼ਹਿਰੀ ਦੀ ਜ਼ਿੰਮੇਵਾਰੀ: ਪ੍ਰਾਣ ਸੱਭਰਵਾਲ

### ਨ੍ਰਿਤ ਅਕਾਦਮੀ 'ਸਵਧਾ' ਦੇ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ



ਪਟਿਆਲਾ, 15 ਜਨਵਰੀ (ਚ.ਨ.ਸ.): ਪਦਮਸ਼੍ਰੀ ਅਵਾਰਡੀ ਪ੍ਰਾਣ ਸੱਭਰਵਾਲ ਡਾਇਰੈਕਟਰ ਨਟਾਸ ਨੇ ਕਿਹਾ ਕਿ ਰੰਗਮੰਚ, ਭਾਸ਼ਾ ਅਤੇ ਕਲਾ ਦੀ ਸੰਭਾਲ ਹਰ ਨਾਗਰਿਕ ਦੀ ਜਿੰਮੇਵਾਰੀ ਹੈ, ਕਿਉਂ ਜੋ ਇਹਨਾਂ ਤੋਂ ਵਿਅਸਤ ਰਹਿਨ ਦੀ ਪ੍ਰੇਰਣਾ ਮਿਲਦੀ ਹੈ. ਉਪਰੋਕਤ ਵਿਚਾਰ ਸ਼੍ਰੀ ਸੱਭਰਵਾਲ ਨੇ ਮੰਚ, ਕਲਾਵਾਂ ਦੀ ਸੰਸਥਾ 'ਸਵਧਾ' ਦੇ ਸਾਲਾਨਾ ਸੰਗੀਤ-ਨ੍ਰਿਤ ਅਤੇ ਇਨਾਮ ਵੰਡ ਸਮਾਗਮ ਦਾ ਉਦਘਾਟਨ ਕਰਦਿਆਂ ਪ੍ਰਗਟ ਕੀਤੀ. ਸੰਸਥਾ 'ਸਵਧਾ' ਦੀ ਡਾਇਰੈਕਟਰ ਡਾ: ਮਾਨਸੀ ਸਕਸੈਨਾ, ਮੈਂਬਰਾਂ ਜਿਓਤੀ ਜਰੋਵਰ, ਜਿਓਤੀ ਬਾਲਾ, ਬਬਿਤਾ, ਸ਼ਵੇਤਾ ਸਿੰਘ ਅਤੇ ਸਿਮੋਨੇ ਵੱਲੋਂ ਕੁਸ਼ਲ ਆਯੋਜਿਤ ਅਤੇ ਸੰਸਕਾਰ ਭਾਰਤੀ ਦੀ ਪਰਸਿੱਧ ਸ਼ਖਸੀਅਤ ਸ੍ਰੀ ਮੁਕੇਸ਼ ਪੂਰੀ ਵੱਲੋਂ ਸੰਚਾਲਿਤ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਮਿਲਿਆ। ਸ਼੍ਰੀ ਸੱਭਰਵਾਲ ਨੇ ਰਾਜ ਅਤੇ ਕੇਂਦਰ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਡਾ. ਮਾਨਸੀ ਸਕਸੈਨਾ ਦੀਆਂ ਦੇਸ਼ ਪ੍ਰਦੇਸ਼ ਵਿਚ ਪੇਸ਼ ਨ੍ਰਿਤ ਪੇਸ਼ਕਾਰੀਆਂ ਅਤੇ ਟ੍ਰੇਨਿੰਗ ਦੇ ਮੱਦੇ ਨਜਰ ਇਹਨਾਂ ਨੂੰ ਕੋਈ ਉਚਤਮ ਅਵਾਰਡ-ਸਨਮਾਨ ਭੇਂਟ ਕਰਨ।

## ਵਿਧਾਇਕ ਅਮਰਗੜ੍ਹ ਪਿੰਡ ਰਾਣਵਾਂ ਦੇ ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ ਰਾਣੂ ਦੇ ਖੇਤਾਂ 'ਚ ਪੁੱਜੇ

### ➢ਅਜਿਹੇ ਤਜਰਬੇਕਾਰ ਕਿਸਾਨ ਹੋਰਾਂ ਲਈ ਬਣ ਰਹੇ ਨੇ ਪ੍ਰੇਰਨਾਸ੍ਰੋਤ: ਪ੍ਰੋ. ਗੱਜਣਮਾਜਰਾ



ਮਲੇਰਕੋਟਲਾ, 15 ਜਨਵਰੀ (ਚ.ਨ.ਸ.): ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਅੱਜ ਪਿੰਡ ਰਾਣਵਾਂ ਦੇ ਅਗਾਂਹਵਧੂ ਅਤੇ ਪ੍ਰਗਤੀਸ਼ੀਲ ਕਿਸਾਨ ਹੁਸ਼ਿਆਰ ਸਿੰਘ ਰਾਣੂ ਦੇ ਖੇਤਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਸਾਨ ਵੱਲੋਂ ਫਸਲ ਵਿਭਿੰਨਤਾ ਅਪਣਾ ਕੇ ਉਗਾਈਆਂ ਗਈਆਂ ਵੱਖ-ਵੱਖ ਕਿਸਮਾਂ ਦੀਆਂ ਫਸਲਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਅਤੇ ਖੇਤੀ ਦੇ ਨਵੇਂ ਤਰੀਕਿਆਂ ਦੀ ਭਰਪੂਰ ਸਰਾਹਨਾ ਕੀਤੀ। ਵਿਧਾਇਕ ਨੇ ਕਿਸਾਨ ਹੁਸ਼ਿਆਰ ਸਿੰਘ ਰਾਣੂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਤਜਰਬੇਕਾਰ ਅਤੇ ਨਵੀਨ ਸੋਚ ਵਾਲੇ ਕਿਸਾਨ ਅੱਜ ਦੇ ਸਮੇਂ ਵਿੱਚ ਹੋਰ ਕਿਸਾਨਾਂ ਲਈ ਪ੍ਰੇਰਨਾਸਰੋਤ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਕਿਸਾਨ ਆਪਣੀ ਜ਼ਮੀਨ ਦੇ ਕੁਝ ਹਿੱਸੇ 'ਤੇ ਫਸਲੀ ਵਿਭਿੰਨਤਾ ਅਪਣਾ ਕੇ ਅਜਿਹੇ ਤਜਰਬੇ ਕਰੇ ਅਤੇ ਹੌਲੀ-ਹੌਲੀ ਇਸ ਖੇਤਰਫਲ ਨੂੰ ਵਧਾਏ, ਤਾਂ ਜੋ ਖੇਤੀ ਨੂੰ ਹੋਰ ਲਾਭਕਾਰੀ ਅਤੇ ਟਿਕਾਊ ਬਣਾਇਆ ਜਾ ਸਕੇ। ਪ੍ਰੋ. ਗੱਜਣਮਾਜਰਾ ਨੇ ਦੱਸਿਆ ਕਿ ਫਸਲ ਵਿਭਿੰਨਤਾ ਨਾਲ ਜਿੱਥੇ ਪਾਣੀ ਦੀ ਖਪਤ ਵਿੱਚ ਕਾਫ਼ੀ ਕਮੀ ਆਉਂਦੀ ਹੈ, ਉੱਥੇ ਹੀ ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ 'ਤੇ ਆਉਣ ਵਾਲਾ ਖਰਚ ਵੀ ਲਗਭਗ ਮੁਕ ਜਾਂਦਾ ਹੈ, ਜਿਸ ਨਾਲ ਕਿਸਾਨ ਦੀ ਲਾਗਤ ਘੱਟ ਅਤੇ ਆਮਦਨ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਡਲ ਖੇਤੀ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਦੇ ਨਾਲ-ਨਾਲ ਵਾਤਾਵਰਨ ਸੰਭਾਲ ਵਿੱਚ ਵੀ ਅਹਿਮ ਯੋਗਦਾਨ ਪਾਉਂਦੀ ਹੈ। ਉਨ੍ਹਾਂ ਕਿਹਾ ਕਿ ਫਸਲੀ ਵਿਭਿੰਨਤਾ ਰਾਹੀਂ ਤਿਆਰ ਹੋਈ ਫਸਲ ਦੀ ਰਹਿੰਦ-ਖੁਹੰਦ ਨੂੰ ਖੇਤਾਂ ਵਿੱਚ ਹੀ ਮਿਲਾ ਦਿੱਤਾ ਜਾਂਦਾ ਹੈ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਜਦਕਿ ਰਵਾਇਤੀ ਤਰੀਕਿਆਂ ਨਾਲ ਰਹਿੰਦ-ਖੂੰਹਦ ਸਾੜਨ ਕਾਰਨ ਪ੍ਰਦੂਸ਼ਨ ਵਧਦਾ ਹੈ ਅਤੇ ਧਰਤੀ ਦੇ ਪੌਸ਼ਟਿਕ ਤੱਤ ਨਸ਼ਟ ਹੁੰਦੇ ਹਨ। ਵਿਧਾਇਕ ਨੇ ਜ਼ੋਰ ਦੇ ਕੇ ਕਿਹਾ ਕਿ ਹਰੇਕ ਇਨਸਾਨ ਪੌਸ਼ਟਿਕ ਤੱਤਾਂ ਨਾਲ ਭਰਪੂਰ ਅਤੇ ਸ਼ੁੱਧ ਖੁਰਾਕ ਦਾ ਹੱਕਦਾਰ ਹੈ ਅਤੇ ਇਸ ਲਈ ਜੈਵਿਕ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜੇ ਅਸੀਂ ਅੱਜ ਆਪਣੀ ਖੇਤੀ ਨੂੰ ਸਹੀ ਦਿਸ਼ਾ ਦੇਵਾਂਗੇ ਤਾਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਿਹਤਮੰਦ ਪੰਜਾਬ ਦੇ ਸਕਾਂਗੇ। ਇਸ ਮੌਕੇ ਵਿਧਾਇਕ ਅਮਰਗੜ੍ਹ ਨੇ ਪਿੰਡ ਰਾਣਵਾਂ ਦੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਪਿੰਡ ਵਿੱਚ ਨਹਿਰੀ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ, ਤਾਂ ਜੋ ਕਿਸਾਨਾਂ ਨੂੰ ਸਿੰਚਾਈ ਲਈ ਕੋਈ ਮੁਸ਼ਕਲ ਨਾ ਆਵੇ ਅਤੇ ਖੇਤੀ ਹੋਰ ਵੀ ਲਾਭਕਾਰੀ ਬਣ ਸਕੇ।

## ਘੜਾਮ ਵਿਖੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਮੀਟਿੰਗ



ਦੇਵੀਗੜ੍ਹ, 15 ਜਨਵਰੀ (ਗੁਰਜੀਤ ਸਿੰਘ ਢੋਟ): ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੀ ਇੱਕ ਭਰਵੀਂ ਮੀਟਿੰਗ ਗੁਰਦੁਆਰਾ ਬੰਦਾ ਸਿੰਘ ਬਹਾਦਰ ਘੜਾਮ ਵਿਖੇ ਸਰਦਾਰ ਬਲਕਾਰ ਸਿੰਘ, ਮੁਖਤਿਆਰ ਸਿੰਘ ਅਤੇ ਕਰਮਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਦੇ ਵਿੱਚ ਐਸਕੇਐਮ ਦੇ ਆਗੂ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਉਹਨਾਂ ਕਿਹਾ ਕਿ 16 ਜਨਵਰੀ ਨੂੰ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ ਤੇ 2020 ਵਾਂਗ ਬਿੱਲ ਦੇ ਖਿਲਾਫ, ਮਨਰੇਗਾ ਦੇ ਖਿਲਾਫ ਚਾਰ ਲੇਬਰ ਕੋਡ ਜਿਹੜੇ ਉਹਨਾਂ ਦੇ ਖਿਲਾਫ ਡੱਟ ਕੇ ਲੜਾਈ ਲੜਨ ਵਾਸਤੇ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਨਗਰ ਨਿਵਾਸੀਆਂ ਵੱਲੋਂ ਵੀ ਬਹੁਤ ਖੁੱਲ੍ਹ ਕੇ ਵਿਚਾਰਾਂ ਹੋਈਆਂ। ਸਾਰੇ ਲੋਕ ਚਾਹੇ ਚਿੱਪ ਵਾਲੇ ਮੀਟਰ ਬਹੁਤ ਖਿਲਾਫ ਹਨ ਇੱਕ ਮਹੀਨੇ ਦਾ 14-14 ਹਜ਼ਾਰ ਰੁਪੈ ਬਿੱਲ ਆ ਰਿਹਾ ਹੈ ਤੇ ਤਾਰ ਲਾਉਣ ਦੇ ਬਾਵਜੂਦ ਵੀ ਉਹ ਮੀਟਰ ਚੱਲ ਰਹੇ ਹਨ। ਲੋਕਾਂ ਦਾ ਕਹਿਣਾ ਹੈ ਇਸ ਕਰਕੇ ਉਹ ਮੀਟਰ ਬਿਲਕੁਲ ਵੀ ਪਿੰਡਾਂ ਵਿੱਚ ਨਹੀਂ ਲੱਗਣ ਦਿੱਤੇ ਜਾਣਗੇ। ਜਿੱਥੇ ਲੱਗ ਚੁੱਕੇ ਨੇ ਉਹ ਵੀ ਉਤਾਰ ਕੇ ਸਰਕਾਰ ਦੇ ਸਬ ਡਿਵੀਜ਼ਨਾਂ ਵਿੱਚ ਜਮ੍ਹਾਂ ਕਰਵਾਏ ਜਾਣਗੇ। ਇਸ ਮੌਕੇ 'ਤੇ ਸ਼ਾਦੀਪੁਰ ਨੇ ਬੋਲਦਿਆਂ ਕਿਹਾ ਕਿ 2014 ਦੇ ਵਿੱਚ ਵੀ ਮੋਦੀ ਸਰਕਾਰ ਵੱਲੋਂ ਵਾਇਦਾ ਕੀਤਾ ਗਿਆ ਜੋ ਅਜੇ ਤੱਕ ਕਰਜ਼ਾ ਮੁਆਫੀ ਨਹੀਂ ਹੋ ਸਕੀ। ਉਹਨਾਂ ਕਿਹਾ ਕਿ ਕਰਜ਼ਾ ਮਾਫੀ ਦੇ ਖਿਲਾਫ ਵੀ ਸਾਨੂੰ ਡੱਟ ਕੇ ਲੜਾਈ ਲੜਨੀ ਪਵੇਗੀ। ਮੀਟਿੰਗ ਦੌਰਾਨ ਸਾਰੇ ਹੀ ਨਗਰ ਨਿਵਾਸੀਆਂ ਵੱਲੋਂ ਵਿਸ਼ਵਾਸ ਦਵਾਇਆ ਗਿਆ ਭਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਨਾਲ ਡੱਟ ਕੇ ਚੱਲਾਂਗੇ ਜੋ ਲੜਾਈ ਲੜਨ ਦਾ ਸੱਦਾ ਯੂਨੀਅਨ ਵੱਲੋਂ ਆਵੇਗਾ ਚਾਹੇ ਕਰਜ਼ਾ ਮੁਆਫੀ ਵਾਲੀ ਗੱਲ ਹੋਵੇ ਖੱਸ-ਖੱਸ ਦੀ ਖੇਤੀ ਦੀ ਗੱਲ ਹੋਵੇ ਪੰਜਾਬ ਦੇ ਵਿੱਚ ਸੰਥੈਟਿਕ ਨਸ਼ਿਆਂ ਨੇ ਜਵਾਨੀ ਬਰਬਾਦ ਕਰ ਦਿੱਤੀ ਹੈ। ਇਸ ਕਰਕੇ ਖੱਸ-ਖੱਸ ਦੇ ਖੇਤੀ ਪੰਜਾਬ ਦੇ ਵਿੱਚ ਹੋਣੀ ਬਹੁਤ ਜਰੂਰੀ ਹੈ,ਜਿਹਦੇ ਉੱਤੇ ਵੱਡੇ ਪੱਧਰ ਤੇ ਲੜਾਈ ਲੜਨੀ ਪਵੇਗੀ ਤੇ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਪਵੇਗਾ।ਬੂਟਾ ਸਿੰਘ ਸ਼ਾਦੀਪੁਰ ਨੇ ਨਗਰ ਨਿਵਾਸੀਆਂ ਵੱਲੋਂ ਮਿਲੇ ਸਹਿਯੋਗ ਦਾ ਤਹਿਦਿਲੋਂ ਧੰਨਵਾਦ ਕੀਤਾ।ਇਸ ਮੌਕੇ ਤੇ ਕਸ਼ਮੀਰ ਸਿੰਘ ਨੰਦਗੜ੍ਹ, ਪ੍ਰਗਟ ਸਿੰਘ ਘੜਾਮ, ਨਿਰਮਲ ਸਿੰਘ ਪ੍ਰਧਾਨ,ਕਰਨਜੀਤ ਸਿੰਘ ਲਾਡੀ, ਅਮਰੀਕ ਸਿੰਘ ਬੱਲ, ਮੁਖਤਿਆਰ ਸਿੰਘ, ਨਿਰਮਲ ਬੱਗਾ, ਡਾਕਟਰ ਜਤਿੰਦਰ ਸਿੰਘ ਬਾਜਵਾ, ਹਰ ਰਾਏ ਸਿੰਘ, ਭੁਪਿੰਦਰ ਸਿੰਘ ਘੜਾਮ, ਬਲਕਾਰ ਸਿੰਘ ਪ੍ਰਧਾਨ ਘੜਾਮ, ਗੁਰਲਾਲ ਸਿੰਘ ਸੰਧੂ, ਕਰਤਾਰ ਸਿੰਘ ਹੈਪੀ ਕੁੱਪੀਆਂ, ਦਿਲਬਾਗ ਚੀਮਾ, ਸ਼ਬੇਗ ਸਿੰਘ, ਕਾਲਾ ਜੁਲਾਹਖੇੜੀ, ਅਮਨ, ਹਰਜੀਤ, ਦਲਜੀਤ ਭੈਣੀ ਅਤੇ ਹੋਰ ਬਹੁਤ ਸਾਰੇ ਸਾਥੀ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਘਨੌਰ ਪੁਲਿਸ ਨੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ

**➢ਕਤਲ ਪਿੱਛੇ ਪ੍ਰੇਮ ਸਬੰਧਾਂ ਦਾ ਸ਼ੱਕ**

**ਦੋਸ਼ੀਆਂ ਦਾ ਪੰਜ ਦਿਨਾਂ ਦਾ ਪੁਲਿਸ ਰਿਮਾਂਡ**

ਘਨੌਰ, 15 ਜਨਵਰੀ: (ਮਦਨ ਲਾਲ/ਰਜਿੰਦਰ ਸਿੰਘ) : ਪਟਿਆਲਾ ਪੁਲਿਸ ਨੇ ਘਨੌਰ ਦੇ ਨੌਜਵਾਨ ਅਵਿਕਰਮ ਸਿੰਘ ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐਸ.ਪੀ. ਘਨੌਰ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਪੁਲਿਸ ਨੇ ਮੁੱਖ ਦੋਸ਼ੀ ਵਿਕਰਮਜੀਤ ਸਿੰਘ ਉਰਫ਼ ਵਿੱਕੀ ਅਤੇ ਉਸ ਦੀ ਮਦਦ ਕਰਨ ਵਾਲੇ ਉਸਦੇ ਚਾਚੇ ਸਤਨਾਮ ਸਿੰਘ ਨੂੰ ਬਿਹਾਰ ਦੇ ਪਟਨਾ ਤੋਂ ਕਾਬੂ ਕੀਤਾ ਹੈ। ਡੀ.ਐਸ.ਪੀ. ਚੀਮਾ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਕਤਲ ਪ੍ਰੇਮ ਪ੍ਰਸੰਗ ਦੇ ਚਲਦਿਆਂ ਕੀਤਾ ਗਿਆ ਸੀ। ਮ੍ਰਿਤਕ ਅਵਿਕਰਮ ਸਿੰਘ ਅਤੇ ਦੋਸ਼ੀ ਵਿਕਰਮਜੀਤ ਸਿੰਘ ਇੱਕੋ ਲੜਕੀ ਨੂੰ ਪਸੰਦ ਕਰਦੇ ਸਨ, ਜਿਸ ਕਾਰਨ ਵਿਕਰਮਜੀਤ ਨੇ ਰੰਜਿਸ਼ ਰੱਖਣੀ ਸ਼ੁਰੂ ਕਰ ਦਿੱਤੀ ਸੀ। 26 ਦਸੰਬਰ ਨੂੰ ਵਿਕਰਮਜੀਤ ਨੇ ਅਵਿਕਰਮ ਨੂੰ ਪਟਿਆਲਾ ਬੁਲਾਇਆ ਅਤੇ ਉੱਥੋਂ ਉਸਨੂੰ ਡੀਲਵਾਲ ਨੇੜੇ ਇੱਕ ਖੰਡਰ ਮਕਾਨ ਵਿੱਚ ਲੈ ਗਿਆ, ਜਿੱਥੇ ਉਸਦੇ ਸਿਰ ਵਿੱਚ ਇੱਟਾਂ ਮਾਰ ਕੇ ਉਸਦਾ ਕਤਲ ਕਰ ਦਿੱਤਾ ਗਿਆ।



ਡੀ.ਐਸ.ਪੀ. ਹਰਮਨਪ੍ਰੀਤ ਸਿੰਘ ਚੀਮਾ ਅਨੁਸਾਰ, ਵਾਰਦਾਤ ਤੋਂ ਬਾਅਦ ਦੋਸ਼ੀ ਵਿਕਰਮਜੀਤ ਸਿੰਘ ਲੜਕੀ ਨੂੰ ਨਾਲ ਲੈ ਕੇ ਫ਼ਰਾਰ ਹੋ ਗਿਆ ਸੀ। ਪਟਿਆਲਾ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਨੇ ਤਕਨੀਕੀ ਮਦਦ ਅਤੇ ਸੂਝ-ਬੂਝ ਨਾਲ ਤਕਰੀਬਨ 4000 ਕਿਲੋਮੀਟਰ ਦਾ ਪਿੱਛਾ ਕਰਦਿਆਂ ਦੋਸ਼ੀਆਂ ਨੂੰ ਪਟਨਾ (ਬਿਹਾਰ) ਦੇ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਦੋਸ਼ੀਆਂ ਪਾਸੋਂ ਮ੍ਰਿਤਕ ਦਾ ਆਈਫ਼ੋਨ-14, ਚਾਂਦੀ ਦਾ ਕੜਾ, ਚੈਨੀ ਅਤੇ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ। ਡੀ.ਐਸ.ਪੀ. ਨੇ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੂਜੇ ਮੁਲਜ਼ਮ ਸਤਨਾਮ ਸਿੰਘ ਦਾ ਅਪਰਾਧਿਕ ਪਿਛੋਕੜ ਹੈ, ਜਿਸ 'ਤੇ ਪਹਿਲਾਂ ਵੀ ਕਤਲ ਅਤੇ ਨਸ਼ਾ ਤਸਕਰੀ (NDPS) ਦੇ ਸੰਗੀਨ ਮਾਮਲੇ ਦਰਜ ਹਨ। ਮਾਣਯੋਗ ਅਦਾਲਤ ਵੱਲੋਂ ਦੋਸ਼ੀਆਂ ਦਾ 5 ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਦੌਰਾਨ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

## ਨਵੇਂ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦਾ ਸੈਂਟਰਲ ਲਾਇਬ੍ਰੇਰੀ ਵਿਖੇ ਬੁੱਤ ਸਥਾਪਿਤ

**➢ਗਿ: ਗੁਰਮੁਖ ਸਿੰਘ ਮੁਸਾਫ਼ਿਰ ਇਕੋ ਸਮੇਂ ਸਾਹਿਤਕਾਰ, ਸਿਆਸਤਦਾਨ, ਦੇਸ਼ ਭਗਤ ਅਤੇ ਧਾਰਮਿਕ ਸ਼ਖਸੀਅਤ ਸਨ : ਜਸਵੰਤ ਸਿੰਘ ਜ਼ਫ਼ਰ**

**➢ਪੰਜਾਬ ਦੇ ਮੁੱਖ ਮੰਤਰੀਆਂ ਦੀ ਯਾਦਗਾਰ ਸਥਾਪਿਤ ਹੋਣੀ ਚਾਹੀਦੀ ਹੈ : ਤਰਲੋਚਨ ਸਿੰਘ ਸਾਬਕਾ ਐਮ.ਪੀ.**

ਪਟਿਆਲਾ, 15 ਜਨਵਰੀ (ਰੁਪਾਣਾ/ਅਮਰਜੀਤ ਸਿੰਘ) : ਨਵੇਂ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦਾ ਅੱਜ ਇੱਥੇ ਮੁਸਾਫ਼ਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ 127ਵੇਂ ਜਨਮ ਦਿਨ ਮੌਕੇ ਉਨ੍ਹਾਂ ਦੇ ਪਰਿਵਾਰ ਦੇ ਯਤਨਾਂ ਸਦਕਾ ਬੁੱਤ ਸਥਾਪਿਤ ਕੀਤਾ ਗਿਆ। ਸ. ਮੁਸਾਫ਼ਿਰ ਦੀ ਸਪੁੱਤਰੀ ਸ਼੍ਰੀਮਤੀ ਜੋਗਿੰਦਰ ਕੌਰ ਸੰਤ ਅਤੇ ਉੱਘੇ ਨਾਟਕਕਾਰ ਡਾ. ਆਤਮਜੀਤ ਸਿੰਘ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਕੀਤੀ ਅਤੇ ਸਾਬਕਾ ਰਾਜ ਸਭਾ ਮੈਂਬਰ ਸ. ਤਰਲੋਚਨ ਸਿੰਘ (ਪਦਮ ਭੂਸ਼ਣ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਨ੍ਹਾਂ ਦੋਹਾਂ ਸ਼ਖਸੀਅਤਾਂ ਨੇ ਸ. ਮੁਸਾਫ਼ਿਰ ਦੇ ਬੁੱਤ ਤੋਂ ਪਰਦਾ ਉਠਾਇਆ। ਸੈਂਟਰਲ ਲਾਇਬ੍ਰੇਰੀ ਦੀ ਮੁਖੀ ਸ਼੍ਰੀਮਤੀ ਚਰਨਜੀਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਲਾਇਬ੍ਰੇਰੀ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਇਸ ਮੌਕੇ ਬੋਲਦਿਆਂ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਇਕੋ ਸਮੇਂ ਸਾਹਿਤਕਾਰ, ਸਿਆਸਤਦਾਨ ਤੇ ਧਾਰਮਿਕ ਸ਼ਖਸੀਅਤ ਸਨ। ਉਨ੍ਹਾਂ ਕਿਹਾ ਕਿ ਉਹ ਸ਼੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਰਹੇ ਅਤੇ ਸਾਹਿਤ ਦੇ ਖੇਤਰ ਵਿਚ ਉਹ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸਾਹਿਤਕਾਰ ਸਨ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿਚ ਅਜਿਹੀਆਂ ਸ਼ਖਸੀਅਤਾਂ ਦੀ ਪੰਜਾਬ ਨੂੰ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿਚ ਅਸੀਂ ਪਹਿਰਾਵੇ, ਭਾਸ਼ਾ ਤੇ ਹੋਰਨਾਂ ਬੇਲੋੜੇ ਪੱਖਾਂ ਨੂੰ ਲੈ ਕੇ ਸਮਾਜ ਵਿਚ ਵੰਡੀਆਂ ਪਾ ਰਹੇ ਹਾਂ, ਜਦੋਂਕਿ ਲੋੜ ਹੈ ਮੁਸਾਫ਼ਿਰ ਸਾਹਿਬ ਵਰਗੀਆਂ ਸ਼ਖਸੀਅਤਾਂ ਤੋਂ ਪ੍ਰੇਰਨਾ ਲੈ ਕੇ ਭਾਈਚਾਰਕ ਸਾਂਝ ਮਜ਼ਬੂਤ ਕਰੀਏ। ਸ. ਜ਼ਫ਼ਰ ਨੇ ਕਿਹਾ ਕਿ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪਹਿਲਾਂ ਵੀ ਮੁਸਾਫ਼ਿਰ ਸਾਹਿਬ ਦੀਆਂ ਰਚਨਾਵਾਂ ਨੂੰ ਵੱਖ-ਵੱਖ ਰੂਪਾਂ; ਵਿਚ ਸੰਭਾਲਿਆਂ ਗਿਆ ਹੈ ਅਤੇ ਜਲਦੀ ਹੀ ਵਿਭਾਗੀ ਰਸਾਲੇ ਦਾ ਵਿਸ਼ੇਸ਼ ਅੰਕ ਉਨ੍ਹਾਂ ਦੇ ਜੀਵਨ, ਯਾਦਾਂ ਤੇ ਸਾਹਿਤ ਉਤੇ ਆਧਾਰਿਤ ਤਿਆਰ ਕੀਤਾ ਜਾਵੇਗਾ। ਇਸ ਮੌਕੇ ਸ. ਤਰਲੋਚਨ ਸਿੰਘ ਨੇ ਮੁਸਾਫ਼ਿਰ ਸਾਹਿਬ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।ਉਨ੍ਹਾਂ ਕਿਹਾ ਕਿ ਦੇਸ਼ ਦੇ ਅਜਿਹੇ ਮਹਾਨ ਆਗੂਆਂ ਤੋਂ ਪ੍ਰੇਰਨਾ ਲੈਣ ਲਈ ਇਨ੍ਹਾਂ ਦੀਆਂ ਯਾਦਗਾਰਾਂ ਸਥਾਪਿਤ ਹੋਣੀਆਂ ਚਾਹੀਦੀਆਂ ਹਨ। ਪੰਜਾਬ ਦੇ ਸਾਰੇ ਮੁੱਖ ਮੰਤਰੀਆਂ ਦੀ ਯਾਦਗਾਰ ਅਜਾਇਬ ਘਰ ਦੇ ਰੂਪ ਵਿਚ ਸਥਾਪਿਤ ਕੀਤੀ ਜਾਵੇ। ਸ. ਮੁਸਾਫ਼ਿਰ ਦੀ ਸਪੁੱਤਰੀ ਸ਼੍ਰੀਮਤੀ ਜੋਗਿੰਦਰ ਕੌਰ ਸੰਤ ਨੇ ਉਨ੍ਹਾਂ ਦੀਆਂ ਦੇਸ਼ਭਗਤੀ ਨਾਲ ਸਬੰਧਤ ਯਾਦਾਂ ਤਾਜ਼ੀਆਂ ਕੀਤੀਆਂ। ਬੁੱਤ ਸਾਜ਼ ਸ. ਜਸਪਾਲ ਸਿੰਘ ਦੁੱਗਲ ਨੇ ਸ. ਮੁਸਾਫ਼ਿਰ ਦਾ ਬੁੱਤ ਤਿਆਰ ਕਰਨ ਦੇ ਸਫ਼ਰ ਬਾਰੇ ਜਾਣਕਾਰੀ ਦਿੱਤੀ। ਡਾ. ਆਤਮਜੀਤ ਸਿੰਘ ਨੇ ਮੁਸਾਫ਼ਿਰ ਸਾਹਿਬ ਦੀਆਂ ਚੋਣਵੀਆਂ ਕਹਾਣੀਆਂ ਅਤੇ ਕਵਿਤਾਵਾਂ ਦੇ ਅੰਸ਼ ਪੇਸ਼ ਕਰਕੇ ਉਨ੍ਹਾਂ ਦੇ ਸਾਹਿਤਕ ਸਫ਼ਰ ਤੇ ਬਰੀਕੀ ਨਾਲ ਚਾਨਣਾ ਪਾਇਆ। ਮੰਚ ਸੰਚਾਲਨ ਦਾ ਕਾਰਜ ਡਾ. ਸਤੀਸ਼ ਵਰਮਾ ਨੇ ਬਾਖ਼ੂਬੀ ਨਿਭਾਇਆ। ਮੁਸਾਫ਼ਿਰ ਸਾਹਿਬ ਦੇ ਪਰਿਵਾਰਿਕ ਮੈਂਬਰਾਂ ਇੰਦਰਦੇਵ ਸਿੰਘ, ਕਾਜਲ, ਗੁਰਮੀਤ ਸਿੰਘ, ਹਰਵਿੰਦਰ ਸਿੰਘ, ਅਨੀਤਾ, ਸੰਗੀਤਾ, ਸੁਰਿੰਦਰਜੀਤ ਸਿੰਘ ਅਤੇ ਹੋਰਨਾਂ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਅਤੇ ਪੁਸਤਕਾਂ ਭੇਟ ਕਰਕੇ ਸਤਿਕਾਰ ਦਿੱਤਾ। ਇਸ ਮੌਕੇ ਡਾ. ਹਰਜਿੰਦਰ ਸਿੰਘ ਵਾਲੀਆ, ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਸ. ਉਜਾਗਰ ਸਿੰਘ, ਇੰਦਰਪਾਲ ਸਿੰਘ ਚੱਢਾ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਸੁਖਦਰਸ਼ਨ ਸਿੰਘ ਚਹਿਲ, ਹਰਪ੍ਰੀਤ ਸਿੰਘ ਕਾਹੁਟਾਪੁਰੀਆ, ਅੰਮ੍ਰਿਤਪਾਲ ਸਿੰਘ ਸ਼ੈਦਾ ਅਤੇ ਵੱਡੀ ਗਿਣਤੀ ਵਿਚ ਸਾਹਿਤ ਪ੍ਰੇਮੀ ਮੌਜੂਦ ਸਨ।



## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਾਲ ਵਿਆਹ ਤੇ ਪੋਕਸੋ ਐਕਟ ਸਬੰਧੀ ਜਾਗਰੂਕਤਾ ਸੈਮੀਨਾਰ



ਪਟਿਆਲਾ, 15 ਜਨਵਰੀ (ਚ.ਨ.ਸ.) : ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਚੀਫ਼ ਜੁਡੀਸੀਅਲ ਮੈਜਿਸਟਰੇਟ ਕਮ ਸਕੱਤਰ ਮੈਡਮ ਅਮਨਦੀਪ ਕੰਬੋਜ ਜੀ ਦੀ ਸਰਪ੍ਰਸਤੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਾਦਰਗੜ੍ਹ ਵਿੱਚ ਬਾਲ ਵਿਆਹ ਅਤੇ ਪੋਕਸੋ ਐਕਟ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਇਕ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ਼, ਪੀਐਲਵੀ ਗੁਰਕੀਰਤ ਸਿੰਘ,ਪੀਐਲਵੀ ਰਜੇਸ਼ ਮਿੱਤਲ,ਪੀਐਲਵੀਅਮਨਿੰਦਰ ਸਿੰਘ,ਪੀਐਲਵੀ ਕੁਲਵੰਤ ਧੀਮਾਨ ਵੱਲੋਂ ਸਹਿਯੋਗ ਦਿੱਤਾ ਗਿਆ। ਪੀਐਲਵੀ ਪਰਮਜੀਤ ਸਿੰਘ ਨੇ ਕਿਹਾ ਕਿ ਸੈਮੀਨਾਰ ਦਾ ਮੁੱਖ ਲਕੜ ਬੱਚਿਆਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦੇਣਾ ਤੇ ਸਮਾਜ ਵਿੱਚ ਅਗਿਆਨਤਾ ਨੂੰ ਘਟਾਉਣਾ ਹੈ।ਸੈਮੀਨਾਰ ਦੌਰਾਨ ਬਾਲ ਵਿਆਹ ਦੇ ਨੁਕਸਾਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸਮਝਾਇਆ ਕਿ ਬਾਲ ਵਿਆਹ ਕਾਨੂੰਨ ਦੇ ਅਧੀਨ ਗੈਰਕਾਨੂੰਨੀ ਹੈ ਅਤੇ ਇਸਦੇ ਸਖ਼ਤ ਨਤੀਜੇ ਹੁੰਦੇ ਹਨ। ਇਸਦੇ ਨਾਲ ਹੀ ਪੋਕਸੋ ਐਕਟ ਤਹਿਤ ਬੱਚਿਆਂ ਨਾਲ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਣੇ ਕਾਨੂੰਨੀ ਪ੍ਰਾਵਧਾਨਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਸ ਸੈਮੀਨਾਰ ਵਿੱਚ ਭਾਗ ਲਿਆ।ਪੀਐਲਵੀ ਪਰਮਜੀਤ ਸਿੰਘ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਮਾਪਿਆਂ ਅਤੇ ਸਮਾਜ ਦੇ ਹਰ ਵਰਗ ਨੂੰ ਬਾਲ ਵਿਆਹ ਵਰਗੀ ਗੈਰਕਾਨੂੰਨੀ ਰਵੱਈਏ ਕੋਲੋਂ ਦੂਰ ਰਹਿਣ ਅਤੇ ਕੋਈ ਵੀ ਅਪਰਾਧਕ ਘਟਨਾ ਦੇਖਣ 'ਤੇ ਤੁਰੰਤ ਸੰਬੰਧਿਤ ਅਧਿਕਾਰੀਆਂ ਨੂੰ ਸੂਚਿਤ ਕਰਨ ਦੀ ਅਪੀਲ ਕੀਤੀ।ਸੈਮੀਨਾਰ ਦੇ ਅੰਤ ਵਿੱਚ ਕਾਨੂੰਨੀ ਸਹਾਇਤਾ ਸਕੀਮਾਂ ਬਾਰੇ ਵੀ ਜਾਣੂ ਕਰਵਾਇਆ ਗਿਆ ਅਤੇ ਜਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਕਾਨੂੰਨੀ ਮਦਦ ਪ੍ਰਦਾਨ ਕਰਨ ਬਾਰੇ ਜਾਣਕਾਰੀ ਦਿੱਤੀ ਗਈ।

## ਪਟਿਆਲਾ 'ਚ ਚਾਈਨਾ ਡੋਰ ਦੀ ਵਿਕਰੀ 'ਤੇ ਸਖ਼ਤੀ, ਅਚਾਰ ਬਜ਼ਾਰ 'ਚ ਅਚਾਨਕ ਚੈਕਿੰਗ

ਪਟਿਆਲਾ, 15 ਜਨਵਰੀ (ਰੁਪਾਣਾ/ਵਿਨੋਦ ਸ਼ਰਮਾ) : ਪਟਿਆਲਾ ਦੇ ਐਸ.ਡੀ.ਐਮ. ਹਰਜੋਤ ਕੌਰ ਵੱਲੋਂ ਅੱਜ ਪੁਲਿਸ ਪ੍ਰਸ਼ਾਸਨ ਨਾਲ ਮਿਲ ਕੇ ਪਟਿਆਲਾ ਸ਼ਹਿਰ ਦੇ ਅਚਾਰ ਬਜ਼ਾਰ ਵਿੱਚ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ ਸਬੰਧੀ ਵਿਸ਼ੇਸ਼ ਜਾਂਚ ਕੀਤੀ ਗਈ। ਇਸ ਜਾਂਚ ਦਾ ਮੁੱਖ ਉਦੇਸ਼ ਜਨਤਾ ਦੀ ਸੁਰੱਖਿਆ ਯਕੀਨੀ ਬਣਾਉਣਾ ਅਤੇ ਪਾਬੰਦੀਸ਼ੁਦਾ ਚਾਈਨਾ ਡੋਰ ਕਾਰਨ ਹੋ ਰਹੀਆਂ ਹਾਦਸਿਆਂ ਨੂੰ ਰੋਕਣਾ ਸੀ।ਜਾਂਚ ਦੌਰਾਨ ਦੁਕਾਨਾਂ ਦੀ ਗਹਿਰਾਈ ਨਾਲ ਤਲਾਸ਼ੀ ਲੈ ਕੇ ਚਾਈਨਾ ਡੋਰ ਦੀ ਗੈਰਕਾਨੂੰਨੀ ਵਿਕਰੀ 'ਤੇ ਨਜ਼ਰ ਰੱਖੀ ਗਈ। ਸੰਬੰਧਤ ਦੁਕਾਨਦਾਰਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਗਿਆ ਕਿ ਚਾਈਨਾ ਡੋਰ ਦੀ ਖਰੀਦ-ਫ਼ਰੋਖ਼ਤ ਜਾਂ ਸਟਾਕ ਰੱਖਣਾ ਕਾਨੂੰਨ ਅਨੁਸਾਰ ਅਪਰਾਧ ਹੈ ਅਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਬਰਦਾਸ਼ਤ



ਨਹੀਂ ਕੀਤੀ ਜਾਵੇਗੀ। ਐਸ.ਡੀ.ਐਮ. ਪਟਿਆਲਾ ਨੇ ਦੱਸਿਆ ਕਿ ਚਾਈਨਾ ਡੋਰ ਨਾਲ ਮਨੁੱਖੀ ਜਾਨ ਨੂੰ ਭਾਰੀ ਖ਼ਤਰਾ ਹੁੰਦਾ ਹੈ ਅਤੇ ਪਹਿਲਾਂ ਵੀ ਇਸ ਨਾਲ ਜੁੜੇ ਕਈ ਹਾਦਸੇ ਵਾਪਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੀਆਂ ਜਾਂਚਾਂ ਨਿਯਮਿਤ ਤੌਰ 'ਤੇ ਜਾਰੀ ਰਹਿਣਗੀਆਂ ਅਤੇ ਜੇਕਰ ਕਿਤੇ ਵੀ ਚਾਈਨਾ ਡੋਰ ਮਿਲੀ ਤਾਂ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡੀ.ਐਸ.ਪੀ. ਸਿਟੀ-1 ਵੱਲੋਂ ਪੁਲਿਸ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਕਿ ਸ਼ਹਿਰ ਵਿੱਚ ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਯਕੀਨੀ ਬਣਾਈ ਜਾਵੇ।ਪ੍ਰਸ਼ਾਸਨ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਚਾਈਨਾ ਡੋਰ ਦੀ ਵਰਤੋਂ ਤੋਂ ਪਰਹੇਜ਼ ਕਰਨ ਅਤੇ ਜੇਕਰ ਕਿਸੇ ਥਾਂ ਇਸਦੀ ਗੈਰਕਾਨੂੰਨੀ ਵਿਕਰੀ ਜਾਂ ਸਟਾਕਿੰਗ ਦੀ ਜਾਣਕਾਰੀ ਮਿਲੇ ਤਾਂ ਤੁਰੰਤ ਪ੍ਰਸ਼ਾਸਨ ਜਾਂ ਪੁਲਿਸ ਨੂੰ ਸੂਚਿਤ ਕੀਤਾ ਜਾਵੇ।



**ਐਸ.ਐਸ.ਪੀ. ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ.ਐਸ.ਪੀ. ਘਨੌਰ ਦੀ ਅਗਵਾਈ ਹੇਠ ਥਾਣਾ ਖੇੜੀ ਗੰਡਿਆਂ ਦੇ ਇੰਚਾਰਜ ਸਬ-ਇੰਸਪੈਕਟਰ ਜੈਦੀਪ ਸ਼ਰਮਾ 26 ਜਨਵਰੀ ਦੇ ਸਬੰਧ 'ਚ ਵਾਹਨਾਂ ਦੀ ਰਾਤ ਸਮੇਂ ਚੈਕਿੰਗ ਕਰਦੇ ਹੋਏ।**
**(ਫੋਟੋ ਤੇ ਵੇਰਵਾ : ਚੜ੍ਹਦੀਕਲਾ ਬਿਊਰੋ)**

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 15 ਜਨਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਯੋਗੇਸ਼ ਵਾਸੀ ਤ੍ਰਿਵੈੜੀ ਚੌਂਕ ਨੇੜੇ ਸਾਹਰਵਾਲ ਸਟਰੀਟ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਗੁਰਪ੍ਰੀਤ ਸਿੰਘ ਸਮੇਤ ਪੁਲਿਸ ਪਾਰਟੀ ਬਾਰਾ ਕੂਆ ਰੋਡ ਪਰ ਮੌਜੂਦ ਸੀ, ਜੋ ਬਿਜਲੀ ਬੋਰਡ ਦੀ ਵਰਕਸ਼ਾਪ ਦੇ ਪਿੱਛੇ ਉਕਤ ਕਥਿਤ ਦੋਸ਼ੀ ਨਸ਼ਾ ਦਾ ਸੇਵਨ ਕਰਦਾ ਦਿਖਾਈ ਦਿੱਤਾ, ਜੋ ਦੋਸ਼ੀ ਨੂੰ ਕਾਬੂ ਕਰਕੇ 1 ਲਾਇਟਰ, 1 ਸਿਲਵਰ ਪੰਨੀ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ।

## ਅਗਰਵਾਲ ਸਮਾਜ ਸਭਾ ਨੇ ਧੀਆਂ ਦੀ ਲੋਹੜੀ ਮਨਾਈ

**➢5 ਸਾਲਾ ਲੜਕੀ ਭੂਮਿਕਾ ਨੂੰ ਸਹਾਇਤਾ ਲਈ 6,000 ਦਾ ਚੈੱਕ ਦਿੱਤਾ**

ਪਟਿਆਲਾ, 15 ਜਨਵਰੀ (ਰੁਪਾਣਾ) : ਹਰ ਸਾਲ ਦੀ ਤਰ੍ਹਾਂ ਅਗਰਵਾਲ ਸਮਾਜ ਸਭਾ ਪਟਿਆਲਾ ਨੇ ਪ੍ਰਧਾਨ ਪਵਨ ਗੋਇਲ ਅਤੇ ਸਕੱਤਰ ਸੋਹਿੰਦਰ ਕਾਂਸਲ ਦੀ ਅਗਵਾਈ ਹੇਠ, ਸੂਲਰ ਦੇ 'ਮਾਤਾ ਖੀਵੀ ਬਿਰਧ ਆਸ਼ਰਮ' ਵਿਖੇ ਬਜ਼ੁਰਗਾਂ ਨਾਲ ਲੋਹੜੀ ਮਨਾਈ। ਇਸ ਮੌਕੇ ਪ੍ਰਧਾਨ ਪਵਨ ਗੋਇਲ ਨੇ ਦੱਸਿਆ ਕਿ ਇਸ ਬਿਰਧ ਆਸ਼ਰਮ ਵਿੱਚ 33 ਬਜ਼ੁਰਗ ਰਹਿੰਦੇ ਹਨ, ਜਿਨ੍ਹਾਂ ਨੂੰ ਅਗਰਵਾਲ ਸਮਾਜ ਸਭਾ ਪਟਿਆਲਾ ਨੇ ਰੇਵੜੀ, ਗਜਕ, ਮੂੰਗਫਲੀ ਅਤੇ ਮਠਿਆਈਆਂ ਵੰਡੀਆਂ। ਅਗਰਵਾਲ ਸਮਾਜ ਸਭਾ ਪਟਿਆਲਾ ਦੇ ਐਮਪੀ ਅਗਰਵਾਲ ਮੈਂਬਰ ਨੇ ਹਰੇਕ ਬਜ਼ੁਰਗ ਨੂੰ ਜਰਸੀ ਭੇਟ ਕੀਤੀ। ਸਕੱਤਰ ਸੋਹਿੰਦਰ ਕਾਂਸਲ ਨੇ ਦੱਸਿਆ ਕਿ ਪਹਿਲਾਂ ਲੋਹੜੀ ਦੀ ਪੂਜਾ ਕੀਤੀ, ਅਤੇ ਸਾਰਿਆਂ ਨੇ ਇਕੱਠੇ ਮਿਲ ਕੇ 'ਸੁੰਦਰ ਮੁੰਦਰੀਆ ਤੇਰਾ ਕੌਣ ਵਿਚਾਰ' ਗਾਇਆ। ਸੋਹਿੰਦਰ ਕਾਂਸਲ ਵੱਲੋਂ ਇੱਕ 5 ਸਾਲਾ ਲੜਕੀ ਭੂਮਿਕਾ ਨੂੰ ਸਹਾਇਤਾ ਲਈ 6,000 ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਿਜੇ ਕੁਮਾਰ ਕੂਕਾ, ਭਾਰਤੀ ਜਨਤਾ ਪਾਰਟੀ (ਸ਼ਹਿਰੀ) ਦੇ ਪ੍ਰਧਾਨ ਅਤੇ ਸ਼ਹਿਰ ਦੇ ਇੱਕ ਪ੍ਰਮੁੱਖ ਹਿੰਦੂ ਨੇਤਾ, ਨੂੰ ਅਗਰਵਾਲ ਸਮਾਜ ਸਭਾ, ਪਟਿਆਲਾ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਇੱਕ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਪਟਿਆਲਾ ਨੂੰ ਅਗਰਵਾਲਾਂ ਦੇ ਪੰਜਵੇਂ ਨਿਵਾਸ ਸਥਾਨ ਅਗਰੋਹਾ ਨਾਲ ਸਮਾਨਾ, ਪਾਤੜਾਂ ਅਤੇ ਜਾਖਲ ਰਾਹੀਂ ਰੇਲ ਰਾਹੀਂ ਜੋੜਿਆ ਜਾਵੇ। ਪਟਿਆਲਾ ਤੋਂ ਜਾਖਲ ਤੱਕ ਕਈ ਵਾਰ ਸਰਵੇਖਣ ਕੀਤੇ ਗਏ ਹਨ, ਪਰ ਫੰਡ ਜਾਰੀ ਨਹੀਂ ਕੀਤੇ ਗਏ ਹਨ। ਉਨ੍ਹਾਂ ਅਪੀਲ ਕੀਤੀ ਕਿ ਫੰਡ ਜਾਰੀ ਕੀਤੇ ਜਾਣ ਅਤੇ ਭੂਨਾ ਤੋਂ ਅਗਰੋਹਾ ਤੱਕ ਲਾਈਨ ਵਧਾਈ ਜਾਵੇ, ਤਾਂ ਜੋ ਅਗਰਵਾਲ ਅਤੇ ਉਨ੍ਹਾਂ ਦੇ ਪਰਿਵਾਰ ਮਹਾਰਾਜਾ ਅਗਰਸੇਨ ਅਤੇ ਦੇਵੀ ਲਕਸ਼ਮੀ ਦੇ ਧਾਰਮਿਕ ਸਥਾਨਾਂ ਦੇ ਆਸਾਨੀ ਨਾਲ ਦਰਸ਼ਨ ਕਰ ਸਕਣ। ਵਿਜੇ ਕੂਕਾ ਨੇ ਇਸ ਮੰਗ ਪੱਤਰ ਨੂੰ ਕੇਂਦਰ ਸਰਕਾਰ ਨੂੰ ਭੇਜਣ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਹਰ ਸੰਭਵ ਯਤਨ ਕਰਨ ਦਾ ਵਾਅਦਾ ਕੀਤਾ। ਮਾਤਾ ਖੀਵੀ ਬਿਰਧ ਘਰ ਦੇ ਇੰਚਾਰਜ ਗੁਰਬਖਸ਼ ਸਿੰਘ ਸਾਹਨੀ ਨੇ ਦੱਸਿਆ ਕਿ ਕੰਬਲ, ਬਿਸਤਰੇ ਅਤੇ ਅਲਮਾਰੀਆਂ ਸਮੇਤ ਕੁਝ ਚੀਜ਼ਾਂ ਦੀ ਜ਼ਰੂਰਤ ਸੀ। ਉਨ੍ਹਾਂ ਐਲਾਨ ਕੀਤਾ ਕਿ ਬਿਸਤਰੇ, ਕੰਬਲ ਅਤੇ ਅਲਮਾਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਵਰੁਣ ਜਿੰਦਲ, ਸਮਾਜ ਸੇਵਕ ਸੌਰਵ ਜੈਨ, ਸਮਾਜ ਸੇਵਕ ਸੁੰਦਰ ਲਾਲ ਸਿੰਗਲਾ, ਹਰਮੇਸ਼ ਸਿੰਗਲਾ, ਪ੍ਰਦੀਪ ਗਰਗ, ਪੁਨੀਤ ਗਰਗ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਕੇ.ਕੇ. ਬਾਂਸਲ, ਕੈਸ਼ੀਅਰ, ਵਿਨੋਦ ਗਰਗ, ਸੀਨੀਅਰ ਉਪ ਪ੍ਰਧਾਨ, ਮੁਕੇਸ਼ ਸਿੰਗਲਾ, ਤ੍ਰਿਭੁਵਨ ਗੁਪਤਾ, ਸੁਰੇਸ਼ ਗਰਗ, ਤਰਸੇਮ ਬਾਂਸਲ, ਡਾਕਟਰ ਮੁਨੀਸ਼ ਬਾਂਸਲ, ਸ਼ਾਮ ਲਾਲ ਜਿੰਦਲ, ਸਤ ਪਾਲ ਗੋਇਲ, ਧਰਮਪਾਲ ਗਰਗ, ਪ੍ਰਮੋਦ ਕੁਮਾਰ, ਚਮਨ ਲਾਲ ਗਰਗ, ਧਰਮਪਾਲ ਗੋਇਲ, ਦਿਵਵਾਸ ਗਰਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।



## ਡਾਇਰੈਕਟਰ ਭਾਸ਼ਾਵਾਂ ਵੱਲੋਂ ਉੱਘੇ ਗਲਪਕਾਰ ਤੇ ਸ਼ਾਇਰ ਅਸ਼ਵਨੀ ਸ਼ੋਖ਼ ਦੇ ਸ਼ਬਦ-ਚਿੱਤਰ-ਸੰਗ੍ਰਿਹ 'ਬੋਲਦੇ ਚਿਰਾਗ਼' ਦਾ ਲੋਕਅਰਪਣ

ਪਟਿਆਲਾ, 15 ਜਨਵਰੀ (ਰੁਪਾਣਾ) : ਸਾਹਿਤ ਸਮਾਜ ਨੂੰ ਅਨੁਸ਼ਾਸਿਤ, ਸਭਿਅਕ, ਸਾਖਰ ਅਤੇ ਸੂਝਵਾਨ ਬਣਾਉਣ ਵਿਚ ਠੋਸ ਰੋਲ ਅਦਾ ਕਰਦਾ ਹੈ। ਸਮਾਜ ਅਤੇ ਸਮੇਂ ਦੇ ਹਾਣ ਦੀਆਂ ਅਜਿਹੀਆਂ ਪੁਸਤਕਾਂ ਦਾ ਨਿੱਘਾ ਸਵਾਗਤ ਕਰਨਾ ਬਣਦਾ ਹੈ।' ਅੱਜ ਮੁਸਾਫ਼ਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਉੱਘੇ ਗਲਪਕਾਰ ਤੇ ਸ਼ਾਇਰ ਅਸ਼ਵਨੀ ਸ਼ੋਖ਼ ਰਾਜਪੁਰਾ ਦੇ ਸ਼ਬਦ-ਚਿੱਤਰ-ਸੰਗ੍ਰਿਹ 'ਬੋਲਦੇ ਚਿਰਾਗ਼' ਦੇ ਦੂਜੇ ਐਡੀਸ਼ਨ ਦੇ ਲੋਕ-ਅਰਪਣ ਸਮੇਂ ਮਾਣਯੋਗ ਜਸਵੰਤ ਸਿੰਘ ਜ਼ਫ਼ਰ, ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਨੇ ਕਹੇ। ਇਸ ਤੋਂ ਪਹਿਲਾਂ ਉੱਘੇ ਸ਼ਾਇਰ ਅੰਮ੍ਰਿਤਪਾਲ ਸਿੰਘ ਸ਼ੈਦਾ ਨੇ ਅਸ਼ਵਨੀ ਸ਼ੋਖ਼ ਹੁਰਾਂ ਦੀ ਜਾਣ ਪਛਾਣ ਕਰਾਉਂਦਿਆਂ ਕਿਹਾ ਸ਼ੋਖ਼ ਸਾਹਿਬ ਬੀਤੇ ਸਾਢੇ ਤਿੰਨ ਦਹਾਕਿਆਂ ਤੋਂ ਸਮਾਜਿਕ ਤੇ ਅਧਿਆਤਮਿਕ ਖੇਤਰ ਦੀ ਸਾਹਿਤ ਸਿਰਜਣਾ ਵਿਚ ਬਹੁਤ ਮਹੱਤਵਪੂਰਨ ਕਾਰਜ ਕਰਦੇ ਆ ਰਹੇ ਹਨ। ਆਮ ਆਦਮੀ ਦੇ ਜੀਵਨ ਨੂੰ ਸਮਰਪਿਤ ਇਨ੍ਹਾਂ ਦੀ ਸਾਹਿਤ ਰਚਨਾ ਚਿਰਸਥਾਈ ਪ੍ਰਭਾਵ ਰੱਖਦੀ ਹੈ। ਇੰਜੀਨੀਅਰ ਅਸ਼ਵਨੀ ਕੁਮਾਰ ਪਟਿਆਲਾ ਨੇ ਅਸ਼ਵਨੀ ਸ਼ੋਖ਼ ਨੂੰ ਸਾਹਿਤ ਦਾ ਬੇਹੱਦ ਚੇਤੰਨ, ਜਾਗ੍ਰਿਤ ਅਤੇ ਸਿਰੜੀ ਲੇਖਕ ਆਖਿਆ। ਅਸ਼ਵਨੀ ਸ਼ੋਖ਼ ਰਾਜਪੁਰਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਮੈਂ ਬੀਤੇ 35 ਸਾਲਾਂ ਤੋਂ ਬਹੁਤ ਸਿਰੜ, ਸੰਤੋਖ ਅਤੇ ਸਮਰਪਣ ਭਾਵਨਾ ਨਾਲ ਆਪਣੀ ਸਿਰਜਣਾ ਕਰਦਾ ਆ ਰਿਹਾ ਹਾਂ ਤਾਂ ਜੋ ਮੈਂ ਵੀ ਸਿਹਤਮੰਦ ਸਮਾਜ ਦੀ ਉਸਾਰੀ ਵਿਚ ਆਪਣਾ ਹਿੱਸਾ ਪਾ ਸਕਾਂ। ਉਨ੍ਹਾਂ ਨੇ ਡਾਇਰੈਕਟਰ ਭਾਸ਼ਾਵਾਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਖੋਜ ਅਫਸਰ ਸੁਖਦਰਸ਼ਨ ਸਿੰਘ ਚਹਿਲ; ਸ੍ਰੀਮਤੀ ਨੀਨਾ ਰਤਨ, ਡਾਕਟਰ ਸੋਹਮ ਅੱਤਰੀ, ਕੁਲਦੀਪ ਕੁਮਾਰ ਵਰਮਾ , ਬਲਵਿੰਦਰ ਸਿੰਘ ਰਾਜਪੁਰਾ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।



## ਬਿਕਰਮ ਸਿੰਘ ਮਜੀਠੀਆ ਨੂੰ ਨਾਭਾ ਜੇਲ 'ਚ ਮਿਲਣ ਪਹੁੰਚੇ ਗਨੀਵ ਕੌਰ ਮਜੀਠੀਆ

ਨਾਭਾ, 15 ਜਨਵਰੀ (ਬਲਜਿੰਦਰ ਮਾਨ) : ਨਾਭਾ ਜੇਲ੍ਹ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਪਹੁੰਚੇ ਗਨੀਵ ਕੌਰ ਮਜੀਠੀਆ। ਇਸ ਮੌਕੇ ਉਨ੍ਹਾਂ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਮੈਂ ਛੇ ਮਹੀਨੇ ਬਾਅਦ ਅੱਜ ਫਿਰ ਮਿਲਣ ਆਈ ਹਾਂ, ਉਹਨਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਏ ਦੇ ਮਾਮਲੇ 'ਚ ਸਰਕਾਰ ਪੂਰਾ ਧੱਕਾ ਕਰ ਰਹੀ ਹੈ। ਉਹਨਾਂ ਕਿਹਾ ਕਿ ਉਹਨਾਂ ਦੀ ਮਾਤਾ ਜੀ ਨੂੰ ਬੜੀ ਫਿਕਰ ਹੈ ਅਤੇ ਘਰ ਵਿੱਚ ਦੋ ਛੋਟੇ ਬੱਚੇ ਹਨ, ਅਗਰ ਕੁਝ ਹੋ ਜਾਂਦਾ ਇਸ ਦਾ ਕੌਣ ਜ਼ਿੰਮੇਵਾਰ ਹੈ ਪਰ ਸਾਨੂੰ ਪਤਾ ਕਿ ਪ੍ਰਸ਼ਾਸਨ ਨੇ ਕੁਝ ਨਹੀਂ ਕਰਨਾ ਜਿੰਨਾ ਇਹਨਾਂ ਨੇ ਧੱਕਾ ਕੀਤਾ ਹੈ ਉਹ ਸਾਰਿਆਂ ਦੇ ਸਾਹਮਣੇ ਹੈ ਜਿਹੜੀ ਧਮਕੀ ਮਿਲੀ ਹੈ ਉਹ ਵੀ ਸਭ ਨੂੰ ਪਤਾ ਹੈ, ਉਹਨਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਰਕਾਰ ਨੇ ਸੀਰੀਅਸ ਨਹੀਂ ਲੈਣਾ ਤੇ ਸਰਕਾਰ ਦੀ ਜਿਹੜੀ ਮਨਸ਼ਾ ਹੈ ਸਭ ਦੇ ਸਾਹਮਣੇ ਹੈ।



## ਭਾਰਤ ਵਿਕਾਸ ਪ੍ਰੀਸ਼ਦ ਨੇ ਮਕਰ ਸੰਕ੍ਰਾਂਤੀ ਮੌਕੇ ਗਊਆਂ ਨੂੰ ਗੁੜ ਖਵਾ ਕੇ ਕੀਤੀ ਸੇਵਾ

ਸਮਾਣਾ, 15 ਜਨਵਰੀ (ਵਿਜੇ ਕੁਮਾਰ) : ਭਾਰਤ ਵਿਕਾਸ਼ ਪ੍ਰੀਸ਼ਦ ਨੇ ਮਕਰ ਸੰਕ੍ਰਾਂਤੀ ਸਰਕਾਰੀ ਗਊਸ਼ਾਲਾ ਪਿੰਡ ਗਾਜੀਪੁਰ 'ਚ ਗਊਆਂ ਨੂੰ ਗੁੜ ਪਾ ਕੇ ਮਨਾਈ। ਇਸ ਮੌਕੇ ਸੰਸਥਾ ਪ੍ਰਧਾਨ ਰਾਜਿੰਦਰ ਪ੍ਰਸ਼ਾਦ ਨੇ ਦੱਸਿਆ ਕਿ ਅੱਜ ਦੇ ਮਕਰ ਸੰਕ੍ਰਾਂਤੀ ਦੇ ਸ਼ੁਭ ਦਿਹਾੜੇ 'ਤੇ ਪ੍ਰੀਸ਼ਦ ਵੱਲੋਂ ਇਕ ਕੁਇੰਟਲ ਗੁੜ ਆਪਣੇ ਹੱਥੀ ਗਊਵੰਸ਼ ਨੂੰ ਪਾਇਆ ਅਤੇ ਨਾਲ ਹੀ 5100 ਰੁਪਏ ਦੀ ਨਗਦ ਰਾਸ਼ੀ ਗਊਆਂ ਦੇ ਦੇਖ-ਰੇਖ ਲਈ ਗਊਸ਼ਾਲਾ ਦੇ ਪ੍ਰਬੰਧਕਾਂ ਨੂੰ ਭੇਟ ਕੀਤੀ। ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਗਊ ਮਾਤਾ 'ਚ 33 ਕਰੋੜ ਦੇਵੀ-ਦੇਵਤਿਆਂ ਦਾ ਵਾਸ ਹੈ। ਇਸ ਦਾ ਦੁੱਧ, ਗੋਬਰ, ਮੂਤਰ ਆਦਿ ਕੰਮ ਆਉਂਦੇ ਹਨ। ਇਸ ਮੌਕੇ ਬ੍ਰਿਸ਼ਭਾਨ ਕਾਂਸਲ, ਸੰਜੇ ਸੇਠੀ, ਯਸ਼ਪਾਲ ਗਰਗ,ਮਨੀਸ਼ ਸਿੰਗਲਾ, ਆਨੰਦ ਗਰਗ, ਸੰਜੇ ਅਰੋੜਾ, ਯਤਿੰਦਰ ਸ਼ਰਮਾ ਆਦਿ ਵੀ ਮੌਜੂਦ ਸਨ।



## ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕਰਨ ਦੀ ਹਦਾਇਤ

**➢ਸਰਕਾਰੀ ਸੇਵਾਵਾਂ ਦੀ ਡਿਲੀਵਰੀ ਸਮਾਂਬੱਧ ਕਰਨ 'ਤੇ ਜ਼ੋਰ: ਵੀ.ਕੇ. ਜੰਜੂਆ**

ਪਟਿਆਲਾ, 15 ਜਨਵਰੀ (ਰੁਪਾਣਾ) : ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਸ੍ਰੀ ਵੀ.ਕੇ. ਜੰਜੂਆ ਨੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਕੀਤੀ। ਇਹ ਸਿਖਲਾਈ ਡੀ.ਸੀ. ਦਫ਼ਤਰ ਪਟਿਆਲਾ, ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਅਤੇ ਸੁਸ਼ਾਸਨ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਸਮੇਂ ਸਿਰ ਮੁਹੱਈਆ ਕਰਵਾਉਣਾ ਸਰਕਾਰੀ ਕਰਮਚਾਰੀਆਂ ਦੀ ਡਿਊਟੀ ਹੈ ਅਤੇ ਇਸ ਵਿਚ ਕੋਈ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਮੌਕੇ ਉਹਨਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਅਤੇ ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ ਵੀ ਮੌਜੂਦ ਸਨ। ਵੀ ਕੇ ਜੰਜੂਆ ਨੇ ਸਮੂਹ ਅਧਿਕਾਰੀਆਂ ਨੂੰ ਆਪਣਾ ਕੰਮ ਸਮਾਂਬੱਧ ਅਤੇ ਜ਼ਿੰਮੇਵਾਰੀ ਨਾਲ ਕਰਨ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਦੱਸਿਆ ਗਿਆ ਕਿ ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਵੱਲੋਂ ਜ਼ਿਲ੍ਹੇ ਦੇ ਸਾਰੇ ਵਿਭਾਗਾਂ ਤੋਂ ਡਾਟਾ ਇਕੱਠਾ ਕਰਕੇ ਕਮਿਸ਼ਨ ਨੂੰ ਭੇਜਿਆ ਜਾਵੇਗਾ, ਜਿਸ ਵਿੱਚ ਡਰਾਈਵਿੰਗ ਲਾਇਸੰਸ, ਨਕਸ਼ੇ, ਅਤੇ ਹੋਰ ਨਾਗਰਿਕ ਸੇਵਾਵਾਂ ਸ਼ਾਮਲ ਹਨ। ਏਡੀਸੀ (ਜਨਰਲ) ਵੱਲੋਂ ਡਾਟੇ ਦੀ ਵਿਸਥਾਰ ਨਾਲ ਵਿਸ਼ਲੇਸ਼ਣ ਕਰਨ ਉਪਰੰਤ ਹੀ ਰਿਪੋਰਟ ਭੇਜਣ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਵਿੱਚ ਨਗਰ ਪੰਚਾਇਤਾਂ , ਨਗਰ ਕੌਂਸਲਾਂ ਅਤੇ ਸਮੂਹ ਵਿਭਾਗਾਂ ਦੇ ਨਾਮਜ਼ਦ ਕੀਤੇ ਅਫ਼ਸਰਾਂ ਅਤੇ ਐਪੀਲੇਟ ਅਥਾਰਿਟੀਆਂ ਦੀ ਭੂਮਿਕਾ 'ਤੇ ਵੀ ਚਰਚਾ ਕੀਤੀ ਗਈ। ਪ੍ਰੋਗਰਾਮ ਦੌਰਾਨ ਜੰਜੂਆ ਨੇ ਦੱਸਿਆ ਕਿ 'ਆਟੋ-ਅਪੀਲ' ਮਾਡਿਊਲ 19 ਜਨਵਰੀ ਨੂੰ ਲਾਈਵ ਕਰ ਦਿੱਤਾ ਜਾਵੇਗਾ। ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਵੀ. ਕੇ. ਜੰਜੂਆ ਨੇ ਕਿਹਾ ਕਿ 'ਕਨੈਕਟ ਪੰਜਾਬ' ਵੈਬਸਾਈਟ 'ਤੇ ਉਪਲੱਬਧ ਅਪੀਲ ਮਾਡਿਊਲ ਰਾਹੀਂ ਨਾਗਰਿਕ ਉਨ੍ਹਾਂ ਮਾਮਲਿਆਂ ਵਿੱਚ ਅਪੀਲ ਦਾਇਰ ਕਰ ਸਕਦੇ ਹਨ, ਜਿੱਥੇ ਸੇਵਾਵਾਂ ਨਿਰਧਾਰਤ ਸਮੇਂ ਦੇ ਅੰਦਰ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ। ਉਨ੍ਹਾਂ ਅੱਗੇ ਦੱਸਿਆ ਕਿ ਕਮਿਸ਼ਨ ਆਪਣੀ ਵੈੱਬਸਾਈਟ ਵਿਕਸਿਤ ਕਰਨ ਦੀ ਪ੍ਰਕਿਰਿਆ ਵਿੱਚ ਹੈ, ਜਿਸ ਨਾਲ ਨਾਗਰਿਕ ਸੇਵਾਵਾਂ ਲਈ ਅਪਲਾਈ ਕਰ ਸਕਣਗੇ ਅਤੇ ਸ਼ਿਕਾਇਤਾਂ ਦੇ ਨਿਵਾਰਣ ਲਈ ਸਿੱਧੇ ਤੌਰ 'ਤੇ ਕਮਿਸ਼ਨ ਨਾਲ ਜੁੜ ਸਕਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਕਮਿਸ਼ਨ, ਸੁਸ਼ਾਸਨ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ, ਸੇਵਾਵਾਂ ਦੀ ਸਪੁਰਦਗੀ ਲਈ ਇੱਕ ਕੇਂਦਰੀ ਡਿਜੀਟਲ ਪੋਰਟਲ ਵਿਕਸਤ ਕਰ ਰਿਹਾ ਹੈ। ਪਹਿਲੇ ਪੜਾਅ ਵਿੱਚ, ਫਰਵਰੀ 2026 ਤੱਕ 50 ਸੇਵਾਵਾਂ ਆਨਲਾਈਨ ਮੁਹੱਈਆ ਕਰਵਾਉਣ ਦੀ ਤਜਵੀਜ਼ ਹੈ।ਓਹਨਾਂ ਇਹ ਵੀ ਦਸਿਆ ਕਿ 850 ਸੇਵਾਵਾਂ 32 ਵਿਭਾਗਾਂ ਵਿਚ ਭੇਜੀਆਂ ਜਾ ਚੁੱਕੀਆਂ ਹਨ।ਇਸ ਦੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ ਅਜਿਹੀ ਪ੍ਰਥਾ 'ਪੰਜਾਬ ਟ੍ਰਾਂਸਪੇਰੈਂਸੀ ਐਂਡ ਅਕਾਊਂਟੇਬਿਲਟੀ ਇਨ ਡਿਲੀਵਰੀ ਆਫ਼ ਪਬਲਿਕ ਸਰਵਿਸਿਜ਼ ਐਕਟ, 2018' ਦੀ ਧਾਰਾ 6(1) ਅਤੇ 6(2) ਦੇ ਸਿੱਧੇ ਤੌਰ 'ਤੇ ਉਲਟ ਹੈ, ਜਿਸ ਅਨੁਸਾਰ ਹਰ ਪੱਖੋਂ ਪੂਰੀ ਅਰਜ਼ੀ ਨੂੰ ਨਿਰਧਾਰਤ ਸਮੇਂ ਦੇ ਅੰਦਰ ਨਿਪਟਾਇਆ ਜਾਣਾ ਲਾਜ਼ਮੀ ਹੈ ਜਾਂ ਫਿਰ ਵਾਜਬ ਕਾਰਨਾਂ ਸਮੇਤ ਰੱਦ ਕੀਤਾ ਜਾਣਾ ਚਾਹੀਦਾ ਹੈ। ਕਮਿਸ਼ਨ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਐਪਿਲੇਟ ਅਥਾਰਟੀ ਕੋਲ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਕਰਨ ਦਾ ਅਧਿਕਾਰ ਹੈ।ਓਹਨਾਂ ਕਿਹਾ ਕਿ ਅਜਿਹੇ ਮਾਮਲਿਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਵੇਗੀ ਅਤੇ ਜਿੱਥੇ ਬਿਨਾਂ ਉਚਿਤ ਕਾਰਨ ਇਤਰਾਜ਼ ਪਾਏ ਗਏ, ਉੱਥੇ ਐਕਟ ਦੀ ਧਾਰਾ 16(3) ਦੇ ਤਹਿਤ ਪ੍ਰਤੀ ਕੇਸ ਦਸ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ। ਮੁੱਖ ਕਮਿਸ਼ਨਰ ਨੇ ਹੁਕਮ ਦਿੱਤੇ ਕਿ ਸੇਵਾ ਕੇਂਦਰਾਂ 'ਤੇ ਜਾਣਕਾਰੀ ਬੋਰਡ ਲਗਾਏ ਜਾਣ, ਤਾਂ ਜੋ ਲੋਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਮਿਲ ਸਕੇ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਇਮਾਨਦਾਰੀ ਨਾਲ ਕੰਮ ਕਰਨ ਲਈ ਜਾਗਰੂਕ ਕੀਤਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਲੋਕਾਂ ਨੂੰ ਤੰਗ ਕਰਨ, ਕੰਮ ਨਾ ਕਰਨ ਜਾਂ ਮੈਲਾਫਾਈਡ ਇਰਾਦੇ ਨਾਲ ਦੇਰੀ ਕਰਨ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਨਾਲ ਹੀ ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਜਸ਼ਨਪ੍ਰੀਤ ਕੌਰ ਗਿੱਲ, ਆਰ ਟੀ ਓ ਬਬਨਦੀਪ ਸਿੰਘ ਵਾਲੀਆ, ਐਸ ਡੀ ਐਮ , ਅਸ਼ੋਕ ਕੁਮਾਰ , ਨਮਨ ਮਰਕਨ , ਸਹਾਇਕ ਕਮਿਸ਼ਨਰ ਨਗਰ ਨਿਗਮ ਦੀਪਜੋਤ ਕੌਰ, ਸਲਾਹਕਾਰ ਮਗਸੀਪਾ ਮਿਸ ਇਮਰੋਜ਼ ਟਿਵਾਣਾ ਤੋਂ ਇਲਾਵਾ ਵੱਖ - ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।




## ਕੁੱਕਸ ਟ੍ਰੇਨਿੰਗ-ਕਮ-ਕੰਪੀਟੀਸ਼ਨ ਪ੍ਰੋਗਰਾਮ



ਭਾਦਸੋਂ, 15 ਜਨਵਰੀ (ਭਰਪੂਰ ਸਿੰਘ ਮੱਟਰਾਂ ): ਸਿੱਖਿਆ ਵਿਭਾਗ ਦੀਆਂ ਹਦਾਇਤਾਂ ਤਹਿਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਭਾਦਸੋਂ -2 ਜਗਜੀਤ ਸਿੰਘ ਨੌਹਰਾ ਦੀ ਅਗਵਾਈ ਵਿੱਚ ਸੈਂਟਰ ਮਟੋਰੜਾ ਦੇ ਅਧੀਨ ਆਉਂਦੇ ਪ੍ਰਾਇਮਰੀ ਅਤੇ ਅਪਰ-ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੀਆਂ ਕੁੱਕ ਬੀਬੀਆਂ ਦੇ 'ਕੁੱਕਸ ਟ੍ਰੇਨਿੰਗ -ਕਮ -ਕੰਪੀਟੀਸ਼ਨ' ਪ੍ਰੋਗਰਾਮ ਅਧੀਨ ਮੁਕਾਬਲੇ ਕਰਵਾਏ ਗਏ। ਜੱਜਾਂ ਦੀ ਭੂਮਿਕਾ ਅਮਿਤ ਕੁਮਾਰ, ਜੀਵਨ ਚੰਦ ਤੇ ਹੈੱਡ ਟੀਚਰ ਸੀਮਾ ਸ਼ਰਮਾ ਵੱਲੋਂ ਨਿਭਾਈ ਗਈ। ਪਹਿਲਾਂ ਸਥਾਨ ਮਿਡ ਡੇ ਮੀਲ ਕੁੱਕ ਚਰਨਜੀਤ ਕੌਰ ਵਰ੍ਹੇ ਅਤੇ ਦੂਸਰਾ ਸਥਾਨ ਕਰਮਜੀਤ ਕੌਰ ਕਨਸੂਹਾ ਕਲਾਂ ਵੱਲੋਂ ਪ੍ਰਾਪਤ ਕੀਤਾ ਗਿਆ। ਜਿਨ੍ਹਾਂ ਨੂੰ ਇਨਾਮ ਤਕਸੀਮ ਦੀ ਰਸਮ ਬੀਪੀਈਓ ਜਗਜੀਤ ਸਿੰਘ ਨੌਹਰਾ ਵੱਲੋਂ ਨਿਭਾਈ ਗਈ ਤੇ ਮੁਬਾਰਕਬਾਦ ਦਿੱਤੀ। ਇਹਨਾਂ ਮੁਕਾਬਲਿਆਂ ਵਿੱਚ ਪਹੁੰਚੇ ਸਮੂਹ ਅਧਿਆਪਕਾਂ ਅਤੇ ਕੁੱਕ ਬੀਬੀਆਂ ਦਾ ਮੈਡਮ ਸੁਰਿੰਦਰ ਕੌਰ ਵੱਲੋਂ ਧੰਨਵਾਦ ਕੀਤਾ ਗਿਆ ।ਇਸ ਸਮੇਂ ਗੁਰਪ੍ਰੀਤ ਸਿੰਘ ਸੁੱਧੇਵਾਲ, ਗੁਰਮੀਤ ਸਿੰਘ÷ਨਿਰਮਾਣ÷ ਸਟੇਟ ਐਵਾਰਡੀ,ਨਵਨੀਤ ਕੌਰ ਮਟੋਰੜਾ ,ਰਾਜਵੀਰ ਕੌਰ ਮਟੋਰੜਾ,ਨਿਸ਼ੂ ਕੌਸ਼ਲ ਨਾਨੋਵਾਲ,ਹਰਪ੍ਰੀਤ ਕੌਰ ਚਾਸਵਾਲ, ਦੀਪਕ ਰਾਜਪੁਰਾ, ਗੁਰਜਿੰਦਰ ਸਿੰਘ ਵਰ੍ਹੇ ਆਦਿ ਹਾਜ਼ਰ ਸਨ।

## ਜੈਤੇਗ ਸਿੰਘ ਅਨੰਤ ਦਾ ਸ਼ਰਧਾਜ਼ਲੀ ਸਮਾਗਮ ਅੱਜ

ਪਟਿਆਲਾ, 15 ਜਨਵਰੀ (ਚ.ਨ.ਸ.) : ਪ੍ਰਸਿੱਧ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਦੀ ਯਾਦ ਵਿੱਚ ਸ਼ਰਧਾਂਜ਼ਲੀ ਸਮਾਗਮ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ, ਪੰਜਾਬੀ ਸਾਹਿਤ ਸਭਾ ਪਟਿਆਲਾ, ਗਲੋਬਲ ਪੰਜਾਬੀ ਫਾਉਂਡੇਸ਼ਨ ਅਤੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਅਨ ਚੈਪਟਰ ਵੱਲੋਂ ਸਾਂਝੇ ਤੌਰ 'ਤੇ 16 ਜਨਵਰੀ ਨੂੰ ਦੁਪਹਿਰ 12 ਵਜੇ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਤ ਕੀਤਾ ਜਾ ਰਿਹਾ ਹੈ। ਇਸਦਾ ਪ੍ਰਗਟਾਵਾ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਆ ਚੈਪਟਰ ਦੇ ਇੰਚਾਰਜ ਉਜਾਗਰ ਸਿੰਘ ਤੇ ਜੋਤਿੰਦਰ ਸਿੰਘ ਨੇ ਕਰਦਿਆਂ ਕਿਹਾ ਕਿ ਜੈਤੇਗ ਸਿੰਘ ਅਨੰਤ ਦੇ ਯੋਗਦਾਨ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ।

